

ਸਿੱਖ ਇਤਿਹਾਸ ਦਾ ਖ਼ੂਨੀ ਪੰਨਾ : ਛੋਟਾ ਘੱਲੂਘਾਰਾ
ਵਿਸ਼ੇਸ਼ ਲੇਖ ਅੰਦਰ ਦੇਖੋ


13ਵਾਂ ਸਾਲ

ਹਫਤਾਵਾਰੀ

# ਦੇਸ਼ ਦੁਆਬਾ

VOL -13 ISSUE - 6
May 15, 2024

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com




ਸ੍ਰੀ ਗੁਰੂ ਅਮਰਦਾਸ ਜੀ ਦੇ ਅਵਤਾਰ ਪੁਰਬ 'ਤੇ
ਵਿਸ਼ੇਸ਼ ਲੇਖ ਅੰਦਰ ਦੇਖੋ


ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ


## ਪੰਜਾਬ 'ਚ ਨਾਮਜ਼ਦਗੀਆਂ ਦਾ ਕੰਮ ਮੁਕੰਮਲ ਹੋਇਆ

### ਇਸ ਵਾਰ 226 ਉਮੀਦਵਾਰ ਮੈਦਾਨ ਵਿਚ ਡਟੇ

**ਚੰਡੀਗੜ੍ਹ (ਬਿਊਰੋ)–** ਪੰਜਾਬ 'ਚ ਲੋਕ ਸਭਾ ਚੋਣਾਂ ਲਈ 13 ਸੀਟਾਂ 'ਤੇ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਦਾ ਕੰਮ ਮੁਕੰਮਲ ਹੋ ਗਿਆ ਹੈ। ਹੁਣ ਪੰਜਾਬ ਵਿਚ ਚੋਣ ਪ੍ਰਚਾਰ ਵੀ ਜੋਰ ਪਕੜਨ ਲੱਗਿਆ ਹੈ। ਅੱਜ ਬੁੱਧਵਾਰ ਨੂੰ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਆਰੰਭ ਹੋ ਗਈ। ਲੋਕ ਸਭਾ ਚੋਣਾਂ ਲਈ ਨਾਮਜ਼ਦਗੀਆਂ ਭਰਨ ਦੇ ਆਖ਼ਰੀ





ਦਿਨ 13 ਸੀਟਾਂ ਲਈ 226 ਨਾਮਜ਼ਦਗੀ ਪੱਤਰ ਦਾਖਲ ਕੀਤੇ ਗਏ ਹਨ। ਕਾਗਜ਼ ਦਾਖ਼ਲ ਕਰਨ ਦਾ ਕੰਮ 7 ਮਈ ਤੋਂ ਸ਼ੁਰੂ ਹੋਇਆ ਸੀ ਅਤੇ ਅੱਜ ਤੱਕ ਸੂਬੇ ਵਿਚ ਕੁੱਲ 598 ਨਾਮਜ਼ਦਗੀ ਪੱਤਰ ਦਾਖਲ ਹੋਏ ਹਨ। ਅਖੀਰਲੇ ਦਿਨ ਅੱਜ 226 ਨਾਮਜ਼ਦਗੀਆਂ ਹੋਈਆਂ ਹਨ। ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ। ਨੇ ਦੱਸਿਆ ਹੈ ਕਿ ਨਾਮਜ਼ਦਗੀ ਪੱਤਰਾਂ ਦੀ ਪੜਤਾਲ 15 ਮਈ ਨੂੰ ਹੋਵੇਗੀ ਜਦੋਂ ਕਿ 17 ਮਈ ਤੱਕ ਕਾਗ਼ਜ਼ ਵਾਪਸ ਲਏ ਜਾ ਸਕਣਗੇ। ਅਖੀਰਲੇ ਦਿਨ ਕਾਗ਼ਜ਼ ਦਾਖਲ ਕਰਨ ਵਾਲਿਆਂ ਵਿਚ ਬਹੁਗਿਣਤੀ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਉਮੀਦਵਾਰਾਂ ਅਤੇ ਆਜ਼ਾਦ ਉਮੀਦਵਾਰਾਂ ਦੀ ਹੈ। ਪੰਜਾਬ ਵਿਚ ਸਭ ਤੋਂ ਜ਼ਿਆਦਾ ਲੁਧਿਆਣਾ ਤੋਂ ਕਰੀਬ ਕੁੱਲ 70 ਨਾਮਜ਼ਦਗੀਆਂ ਹੋਈਆਂ ਹਨ ਜਦੋਂ ਕਿ ਦੂਜੇ ਨੰਬਰ 'ਤੇ ਗੁਰਦਾਸਪੁਰ ਤੋਂ ਕਰੀਬ ਕੁੱਲ 60 ਨਾਮਜ਼ਦਗੀਆਂ ਹੋਈਆਂ ਹਨ। ਸਭ ਤੋਂ ਘੱਟ ਨਾਮਜ਼ਦਗੀਆਂ ਹੁਸ਼ਿਆਰਪੁਰ ਸੀਟ ਤੋਂ 27 ਹੋਈਆਂ ਹਨ।

ਇਸੇ ਤਰ੍ਹਾਂ ਪਟਿਆਲਾ ਤੋਂ ਕੁੱਲ 49, ਆਨੰਦਪੁਰ ਸਾਹਿਬ ਤੋਂ 56, ਅੰਮ੍ਰਿਤਸਰ ਕਰੀਬ 53, ਸੰਗਰੂਰ 37, ਬਠਿੰਡਾ 40, ਫ਼ਿਰੋਜ਼ਪੁਰ 48, ਫ਼ਰੀਦਕੋਟ 41, ਜਲੰਧਰ 35, ਖਡੂਰ ਸਾਹਿਬ 43 ਅਤੇ ਫ਼ਤਿਹਗੜ੍ਹ ਸਾਹਿਬ ਤੋਂ ਕੁੱਲ 33 ਨਾਮਜ਼ਦਗੀਆਂ ਹੋਈਆਂ ਹਨ। ਕਾਗਜ਼ ਦਾਖਲ ਕਰਨ ਵਾਲੇ ਉਮੀਦਵਾਰਾਂ ਵਿਚ ਫ਼ਰੀਦਕੋਟ ਹਲਕੇ ਤੋਂ 'ਆਪ' ਉਮੀਦਵਾਰ ਕਰਮਜੀਤ ਅਨਮੋਲ ਨੇ ਰੋਡ ਸ਼ੋਅ ਕੱਢਣ ਮਗਰੋਂ ਜ਼ਿਲ੍ਹਾ ਚੋਣ ਅਫ਼ਸਰ ਕੋਲ ਨਾਮਜ਼ਦਗੀ ਪੱਤਰ ਦਾਖਲ ਕੀਤੇ। ਉਨ੍ਹਾਂ ਨਾਲ ਗਿੱਪੀ ਗਰੇਵਾਲ, ਬੀਨੂੰ ਢਿੱਲੋਂ, ਮਲਕੀਤ ਰੌਣੀ ਤੋਂ ਇਲਾਵਾ 'ਆਪ' ਵਿਧਾਇਕ ਵੀ ਸਨ। ਫ਼ਤਿਹਗੜ੍ਹ ਸਾਹਿਬ ਤੋਂ ਕਾਂਗਰਸ ਦੇ ਉਮੀਦਵਾਰ ਡਾ। ਅਮਰ ਸਿੰਘ ਅਤੇ ਭਾਜਪਾ ਦੇ ਗੇਜਾ ਰਾਮ ਨੇ ਕਾਗ਼ਜ਼ ਦਾਖਲ ਕੀਤੇ ਜਦੋਂ ਕਿ ਅਨੰਦਪੁਰ ਸਾਹਿਬ ਤੋਂ ਭਾਜਪਾ ਦੇ ਉਮੀਦਵਾਰ ਸੁਭਾਸ਼ ਸ਼ਰਮਾ ਨੇ ਕਾਗ਼ਜ਼ ਦਾਖਲ ਕੀਤੇ। ਅੰਮ੍ਰਿਤਸਰ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਉਮੀਦਵਾਰ ਇਮਾਨ ਸਿੰਘ ਮਾਨ ਜੋ ਕਿ ਸਿਮਰਨਜੀਤ ਸਿੰਘ ਮਾਨ ਦੇ ਪੁੱਤਰ ਹਨ, ਨੇ ਕਾਗ਼ਜ਼ ਦਾਖਲ ਕੀਤੇ।

ਨਾਮਜ਼ਦਗੀ ਪੱਤਰਾਂ ਦਾ ਕੰਮ ਮੁਕੰਮਲ ਹੋਣ ਦੇ ਨਾਲ ਚੋਣ ਪ੍ਰਚਾਰ ਤੇਜ਼ ਹੋਵੇਗਾ। ਗੁਰਦਾਸਪੁਰ ਤੋਂ ਅੱਜ 15 ਨਾਮਜ਼ਦਗੀ ਪੱਤਰ ਦਾਖਲ ਕੀਤੇ ਗਏ ਹਨ, ਜਿਨ੍ਹਾਂ ਵਿੱਚ ਜ਼ਿਆਦਾ ਆਜ਼ਾਦ ਹਨ ਅਤੇ ਅੰਮ੍ਰਿਤਸਰ ਤੋਂ 18 ਨਾਮਜ਼ਦਗੀ ਪੱਤਰ ਦਾਖਲ ਕੀਤੇ ਗਏ ਹਨ। ਖਡੂਰ ਸਾਹਿਬ ਤੋਂ 15 ਨਾਮਜ਼ਦਗੀ ਪੱਤਰ ਦਾਖਲ ਕੀਤੇ ਗਏ ਹਨ, ਜਿਨ੍ਹਾਂ ਵਿੱਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਹਰਪਾਲ ਸਿੰਘ ਦਾ ਨਾਂ ਸ਼ਾਮਲ ਹੈ। ਜਲੰਧਰ ਤੋਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਸਰਬਜੀਤ ਸਿੰਘ ਸਮੇਤ ਅੱਜ 18 ਨਾਮਜ਼ਦਗੀ ਪੱਤਰ ਦਾਖਲ ਹੋਏ ਹਨ। ਹੁਸ਼ਿਆਰਪੁਰ ਤੋਂ ਅੱਜ 10 ਨਾਮਜ਼ਦਗੀ ਪੱਤਰ ਦਾਖਲ ਕੀਤੇ ਹਨ। ਇਨ੍ਹਾਂ ਵਿੱਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਤੋਂ ਜਸਵੰਤ ਸਿੰਘ ਦਾ ਨਾਂ ਸ਼ਾਮਲ ਹੈ। ਆਨੰਦਪੁਰ ਸਾਹਿਬ ਤੋਂ ਅੱਜ 23, ਲੁਧਿਆਣਾ 31, ਫ਼ਤਿਹਗੜ੍ਹ ਸਾਹਿਬ 17, ਫ਼ਰੀਦਕੋਟ 16, ਫ਼ਿਰੋਜ਼ਪੁਰ 19, ਬਠਿੰਡਾ 17, ਸੰਗਰੂਰ 15 ਅਤੇ ਪਟਿਆਲਾ ਤੋਂ 12 ਨਾਮਜ਼ਦਗੀ ਪੱਤਰ ਦਾਖਲ ਕੀਤੇ ਗਏ ਹਨ।

ਪਿਛਲੀ ਲੋਕ ਸਭਾ ਚੋਣ 'ਤੇ ਨਜ਼ਰ ਮਾਰੀਏ ਤਾਂ 2019 ਵਿਚ ਕੁੱਲ 363 ਉਮੀਦਵਾਰਾਂ ਨੇ ਕਾਗ਼ਜ਼ ਦਾਖਲ ਕੀਤੇ ਸਨ ਜਿਨ੍ਹਾਂ 'ਚੋਂ 315 ਪੁਰਸ਼ ਅਤੇ 48 ਔਰਤਾਂ ਸਨ। ਇਸੇ ਤਰ੍ਹਾਂ 2014 ਲੋਕ ਸਭਾ ਚੋਣਾਂ 'ਚ ਕੁੱਲ 364 ਉਮੀਦਵਾਰਾਂ ਨੇ ਨਾਮਜ਼ਦਗੀ ਪੱਤਰ ਭਰੇ ਸਨ, ਜਿਨ੍ਹਾਂ 'ਚੋਂ 325 ਪੁਰਸ਼ ਅਤੇ 39 ਔਰਤਾਂ ਸਨ। ਉਸ ਤੋਂ ਪਹਿਲਾਂ ਸਾਲ 2009 ਦੀਆਂ ਚੋਣਾਂ ਮੌਕੇ ਕੁੱਲ 321 ਉਮੀਦਵਾਰਾਂ ਨੇ ਨਾਮਜ਼ਦਗੀ ਪੱਤਰ ਦਾਖਲ ਕੀਤੇ ਸਨ ਜਿਨ੍ਹਾਂ ਚੋਂ 285 ਪੁਰਸ਼ ਅਤੇ 36 ਔਰਤਾਂ ਸਨ।

## ਡਾ. ਬੀ. ਆਰ. ਅੰਬੇਡਕਰ ਐਜੂਕੇਸ਼ਨਲ ਐਡ ਸੁਸਾਇਟੀ ਫਰੀਮਾਂਟ ਨੇ ਮਨਾਇਆ ਡਾ. ਅੰਬੇਡਕਰ ਜੀ ਦਾ 133ਵਾਂ ਜਨਮ ਦਿਨ






(ਰਿਪੋਰਟ ਦੇਖੋ ਸਫਾ 3 ਅਤੇ ਤਸਵੀਰਾਂ ਦੇਖੋ ਸਫਾ 33, 34, 35 'ਤੇ


## ਪਦਮਸ੍ਰੀ ਡਾ. ਸੁਰਜੀਤ ਪਾਤਰ ਨੂੰ ਸਰਕਾਰੀ ਸਨਮਾਨਾਂ ਨਾਲ ਦਿੱਤੀ ਅੰਤਿਮ ਵਿਦਾਇਗੀ


ਰਿਪੋਰਟ ਦੇਖੋ ਸਫਾ 7 'ਤੇ







**Amrik Chand (CPA)**
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for
Professional & reliable
services at reasonable rates.
959 Corporate Way, Fremont, CA. 94539





**DR. TAKHAR'S FAMILY MEDICINE & URGENT CARE CLINIC**
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC



**SAROAY INVESTMENT REALTY**
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983



**MAJESTIC HOMES**
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

**SKY TRANSPORT SOLUTIONS**
ਟਰੱਕਾਂ ਵਾਲਿਆਂ ਵੀਰਾਂ ਦੇ
ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

**BAGGA JEWELERS**
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



Sandeep Jony Bagga
6930 65TH STREET # 115 SACRAMENTO CA 95823

ਸੋਹੰ

# SRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

ਜਉ ਤੁਮ ਗਿਰਿਵਰ ਤਉ ਹਮ ਮੋਰਾ ॥ ਜਉ ਤੁਮ ਚੰਦ ਤਉ ਹਮ ਭਏ ਹੈਂ ਚਕੋਰਾ ॥1॥
ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ ॥ ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ॥1॥ਰਹਾਉ॥

**ਗੁਰੂ ਪਿਆਰੀ ਸਾਧ ਸੰਗਤ ਜੀ**







ਸ਼ਰਧਾਲੂ ਪਰਿਵਾਰਾਂ ਨੂੰ ਸਮੁੱਚੀ ਸੰਗਤ ਨੂੰ ਹੇਠ ਲਿਖੇ ਸਮਾਗਮਾਂ ਵਿੱਚ ਹਾਜ਼ਰੀ ਭਰਨ ਦੀ ਬੇਨਤੀ ਕੀਤੀ ਜਾਂਦੀ ਹੈ:

## ਜੂਨ 28-29-30, 2024 ਪਿਟਸਬਰਗ ਗੁਰੂਘਰ ਦੀ 39ਵੀਂ ਵਰ੍ਹੇਗੰਢ

ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੀ 39ਵੀਂ ਬਰਸੀ 30 ਜੂਨ, 2024 ਨੂੰ ਮਨਾਈ ਜਾਵੇਗੀ। ਅਖੰਡ ਪਾਠ ਸ਼ੁੱਕਰਵਾਰ 28 ਜੂਨ 2024 ਨੂੰ ਸਵੇਰੇ 10:00 ਵਜੇ ਆਰੰਭ ਹੋਵੇਗਾ ਅਤੇ 06/30/2024 ਦਿਨ ਐਤਵਾਰ ਨੂੰ ਭੋਗ ਸਮਾਗਮ ਨਾਲ ਸਮਾਪਤ ਹੋਵੇਗਾ। ਗੁਰੂਘਰ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਪਾਠ ਅਤੇ ਲੰਗਰ ਦੀ ਸੇਵਾ ਕੀਤੀ ਜਾਵੇਗੀ। ਇਸ ਮੌਕੇ ਗਿਆਨੀ ਬਲਵਿੰਦਰ ਸਿੰਘ ਜੀ ਦਾ ਰਾਗੀ ਜਥਾ ਸੰਗਤਾਂ ਨੂੰ ਨਿਹਾਲ ਕਰੇਗਾ।

**"ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ"**

**Sangat Sewadars** www.sriguru♦ravidasstemple.com



Chairman
Ramesh Suman



President
Vinod Kumar



Secretary
Dilbag Singh



Treasurer
Sunita K. Singh

# ਡਾ. ਬੀ. ਆਰ. ਅੰਬੇਡਕਰ ਐਜੂਕੇਸ਼ਨਲ ਏਡ ਸੁਸਾਇਟੀ ਫਰੀਮਾਂਟ ਨੇ ਮਨਾਇਆ ਡਾ. ਅੰਬੇਡਕਰ ਜੀ ਦਾ 133ਵਾਂ ਜਨਮ ਦਿਨ

## ਹਮ ਕਿਸੀ ਸੇ ਕਮ ਨਹੀਂ- ਚੇਅਰਮੈਨ ਰਾਮ ਮੂਰਤੀ ਸਰੋਏ



ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)





**ਫਰੀਮਾਂਟ (ਡੀਡੀਬੀ)** ਭਾਰਤੀ ਸੰਵਿਧਾਨ ਦੇ ਮੁੱਖ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਰਾਮਜੀ ਅੰਬੇਡਕਰ ਜੀ ਦਾ 133ਵਾਂ ਜਨਮ ਦਿਨ 4 ਮਈ ਨੂੰ ਚਾਂਦਨੀ ਰੈਸਟੋਰੈਂਟ (ਨਿਓਅਰਕ) ਵਿਖੇ ਬਹੁਤ ਉਤਸ਼ਾਹ ਨਾਲ ਮਨਾਇਆ, ਜਿਸ ਦੀ ਮਹਿਮਾਨ ਨਿਵਾਜ਼ੀ ਸੇਵਾ ਮੁਕਤ ਆਈ. ਏ. ਐਸ. ਅਧਿਕਾਰੀ ਅਤੇ ਉਤਰ ਪ੍ਰਦੇਸ਼ ਦੀ ਰਹਿ ਚੁੱਕੀ ਮੁੱਖ ਮੰਤਰੀ ਭੈਣ ਮਾਇਆਵਤੀ ਦੇ ਸਾਬਕਾ ਪ੍ਰਿੰਸੀਪਲ ਸਕੱਤਰ ਰਹਿ ਚੁੱਕੇ ਡਾ. ਜੇ. ਐਨ. ਚੈਂਬਰ ਨੇ ਕੀਤੀ ਅਤੇ ਵਿਸ਼ੇਸ਼ ਮਹਿਮਾਨਾਂ ਵਜੋਂ ਸਾਨਫਰਾਂਸਿਸਕੋ ਵਿਖੇ ਕਾਂਸਲੇਟ ਜਨਰਲ ਆਫ ਇੰਡੀਆ ਦੇ ਕਾਂਸਲੇਟ ਜਨਰਲ ਡਾ. ਕੇ. ਸਿਰੀਕਰ ਰੈਡੀ ਅਤੇ ਇਸੇ ਦਫਤਰ ਤੋਂ ਐਚ. ਓ. ਸੀ. ਅਤੇ ਕੌਂਸਲ ਸ੍ਰੀ ਜਸਵੰਤ ਸਿੰਘ ਜੀ ਨੇ ਵਿਸ਼ੇਸ਼ ਮਹਿਮਾਨ ਨਿਵਾਜ਼ੀ ਕੀਤੀ। ਇਹਨਾਂ ਤਿੰਨਾਂ ਵਿਸ਼ੇਸ਼ ਸ਼ਖਸੀਅਤਾਂ ਨੇ ਜਿੱਥੇ ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਡਕਰ ਦੇ 133ਵੇਂ ਜਨਮ ਦਿਨ ਦੀਆਂ ਦਿਲੀ ਹਾਰਦਿਕ ਵਧਾਈਆਂ ਦਿੱਤੀਆਂ, ਉਥੇ ਉਹਨਾਂ ਡਾ. ਅੰਬੇਡਕਰ ਜੀ ਦੇ ਜੀਵਨ ਅਤੇ ਉਹਨਾਂ ਦੀ ਭਾਰਤ ਨੂੰ ਦਿੱਤੀ ਦੇਣ ਅਤੇ ਸੇਧ ਦਾ ਜ਼ਿਕਰ ਕਰਦਿਆਂ ਸੰਵਿਧਾਨ ਤਿਆਰ ਕਰਨ ਅਤੇ ਉਸ ਰਾਹੀਂ ਸਦੀਆਂ ਤੋਂ ਮਨੁੱਖੀ ਹੱਕਾਂ ਤੋਂ ਵਾਂਝੇ ਲੋਕਾਂ ਅਤੇ ਸਮੂਹ ਔਰਤ ਵਰਗ ਲਈ ਬਰਾਬਰ ਦੇ ਹੱਕ ਦਿਵਾਉਣਾ, ਬਹੁਤ ਵੱਡਾ ਪਰਉਪਕਾਰ ਦੱਸਿਆ। ਇਹ ਸੰਵਿਧਾਨ ਹੀ ਹੈ, ਜਿਸ ਕਰਕੇ ਭਾਰਤ ਅੱਜ ਦੁਨੀਆਂ ਦਾ ਸਭ ਤੋਂ ਵੱਡੇ ਲੋਕਤੰਤਰੀ ਦੇਸ਼ ਹੈ। ਬਾਬਾ ਸਾਹਿਬ ਦਾ ਦਿੱਤਾ ਵਿਸ਼ੇਸ਼ ਨਾਅਰਾ ਸਿੱਖਿਅਤ ਹੋਵੋ, ਸੰਘਰਸ਼ ਕਰੋ ਅਤੇ ਸੰਗਠਿਤ ਹੋਵੋ, ਬਹੁਤ ਹੀ ਸ਼ਲਾਘਾਯੋਗ ਹੈ। ਖਾਸ ਕਰਕੇ ਸਿੱਖਿਅਤ ਹੋਵੋ ਬਹੁਤ ਹੀ ਜਬਰਦਸਤ ਨਾਅਰਾ ਹੀ ਨਹੀਂ ਬਲਕਿ ਹਰ ਨਾਗਰਿਕ ਲਈ ਜ਼ਰੂਰੀ ਹੈ ਕਿ ਉਹ ਸਿੱਖਿਅਤ ਹੋਵੇ ਤਾਂ ਕਿ ਉਹ ਸੰਵਿਧਾਨ ਰਾਹੀਂ ਮਿਲੇ ਇਨਸਾਨੀ ਹੱਕਾਂ ਪ੍ਰਤੀ ਜਾਣੂ ਹੋ ਸਕੇ ਅਤੇ ਪ੍ਰਾਪਤ ਕਰਨ ਵਿਚ ਪਿੱਛੇ ਨਾ ਰਹੇ।

ਡਾ. ਬੀ. ਆਰ. ਅੰਬੇਡਕਰ ਐਜੂਕੇਸ਼ਨਲ ਏਡ ਸੁਸਾਇਟੀ ਦੇ ਚੇਅਰਮੈਨ ਸ੍ਰੀ ਰਾਮ ਮੂਰਤੀ ਸਰੋਏ ਜੀ ਨੇ ਸਮੂਹ ਹਾਜ਼ਰੀਨ ਲੋਕਾਂ ਨੂੰ ਜੀ ਆਇਆਂ ਆਖਦਿਆਂ ਉਹਨਾਂ ਦਾ ਧੰਨਵਾਦ ਕੀਤਾ ਅਤੇ ਮੁੱਖ ਮਹਿਮਾਨ ਅਤੇ ਵਿਸ਼ੇਸ਼ ਮਹਿਮਾਨਾਂ ਦਾ ਵਰਣਨ ਕਰਦਿਆਂ ਆਪ ਨੇ ਬਾਬਾ ਸਾਹਿਬ ਦੇ 133ਵੇਂ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ ਅਤੇ ਉਨ੍ਹਾਂ ਦੇ ਮਿਸ਼ਨ ਤੇ ਚੱਲਣ ਲਈ ਪ੍ਰੇਰਿਆ। ਸ੍ਰੀ ਸਰੋਏ ਜੀ ਨੇ ਆਪਣੇ ਸੰਬੋਧਨ ਦੌਰਾਨ ਸਭ ਨੂੰ ਇਕ ਨਵਾਂ ਨਾਅਰਾ ਦਿੱਤਾ ਕਿ 'ਆਪਣੇ ਆਪ ਨੂੰ ਨੀਵਾਂ ਨਾ ਸਮਝੀਏ ਬਲਕਿ ਆਪਣੇ ਅੰਦਰ ਸਵੈਮਾਣ ਭਰੀਏ' ਯਾਨਿ ਕਿ 'ਹਮ ਕਿਸੇ ਸੇ ਕਮ ਨਹੀਂ'। ਜਿਸ ਦੀ ਮੁੱਖ ਮਹਿਮਾਨ ਸ੍ਰੀ ਜੇ. ਐਨ. ਚੈਂਬਰ ਅਤੇ ਵਿਸ਼ੇਸ਼ ਮਹਿਮਾਨ ਡਾ. ਰੈਡੀ ਅਤੇ ਸ੍ਰੀ ਜਸਵੰਤ ਸਿੰਘ ਜੀ ਨੇ ਵੀ ਜ਼ਿਕਰ ਕਰਦਿਆਂ ਸਲਾਹਿਆ।

ਇਸ ਉਪਰੰਤ ਸ੍ਰੀ ਅਮਰੀਕ ਚੰਦ ਲਾਖਾ ਜੀ ਨੇ ਮੁੱਖ ਮਹਿਮਾਨ ਸ੍ਰੀ ਜੇ. ਐਨ. ਚੈਂਬਰ ਦੀ ਸ਼ਖਸੀਅਤ ਪ੍ਰਤੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਯਾਦ ਰਹੇ ਸ੍ਰੀ ਲਾਖਾ ਅਤੇ ਸ੍ਰੀ ਚੈਂਬਰ ਇਕੱਠੇ ਹੀ ਪੜ੍ਹੇ। ਇਨ੍ਹਾਂ ਤੋਂ ਇਲਾਵਾ ਹੋਰ ਵੀ ਬੁਲਾਰਿਆਂ ਨੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਪ੍ਰਤੀ ਆਪਣੇ ਵਿਚਾਰ ਸਾਂਝੇ ਕੀਤੇ, ਜਿਹਨਾਂ ਵਿਚ ਵਿਸ਼ੇਸ਼ ਤੌਰ 'ਤੇ ਥਿਨਮੋਜ਼ੀ ਸੰਦਰਾਰਾਜਨ, ਸ੍ਰੀ ਪ੍ਰੇਮ ਪ੍ਰਿਆਰ, ਮਿਸਿਜ਼ ਡਾ. ਨਿਰਮਲ ਸਿੰਘ, ਡਾ. ਭਗਵਾਨ ਦਾਸ, ਐਡਵੋਕੇਟ ਸ਼ਸ਼ੀਪਾਲ, ਮੱਖਣ ਲੁਹਾਰ, ਕਰਨੈਲ ਬੰਗੜ ਆਦਿ ਤੋਂ ਇਲਾਵਾ ਨਾਮਵਰ ਗਾਇਕ ਸੱਤੀ ਪਾਬਲਾ ਨੇ ਇਕ ਗੀਤ ਨਾਲ ਆਪਣੀ ਹਾਜ਼ਰੀ ਲਗਾਈ। ਹੋਰ ਬਹੁਤ ਸਾਰੀਆਂ ਸ਼ਖਸੀਅਤਾਂ ਨੇ ਬਾਬਾ ਸਾਹਿਬ ਨੂੰ ਸ਼ਰਧਾ ਦੇ ਫੁੱਲ ਅਰਪਿਤ ਕੀਤੇ, ਜਿਹਨਾਂ ਵਿਚ ਸ੍ਰੀ ਪ੍ਰੇਮ ਕੁਮਾਰ ਚੁੰਬਰ, ਰਾਮ ਸਰਨ, ਬਲਵੀਰ ਸ਼ੀਂਹਮਾਰ, ਧਰਮਪਾਲ ਝੰਮਟ, ਸੁੱਚਾ ਰਾਮ ਭਾਰਟਾ, ਪ੍ਰਮਜੀਤ ਭੁੱਟਾ, ਰਾਜ ਕੁਮਾਰ ਸੂਦ, ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਦੇ ਚੇਅਰਮੈਨ ਸ੍ਰੀ ਰਮੇਸ਼ ਸੁੰਮਨ ਅਤੇ ਪ੍ਰਧਾਨ ਸ੍ਰੀ ਵਿਨੋਦ ਕੁਮਾਰ ਅਤੇ ਅਨੇਕਾਂ ਸ਼ਖਸੀਅਤਾਂ ਨੇ ਆਪਣੇ ਪਰਿਵਾਰਾਂ ਨਾਲ ਆਪਣੇ ਰਹਿਬਰ ਨੂੰ ਯਾਦ ਕਰਦਿਆਂ ਆਪਣੀ ਸ਼ਰਧਾ ਦੇ ਫੁੱਲ ਅਰਪਿਤ ਕੀਤੇ। ਪੂਰੇ ਸਮਾਗਮ ਦਾ ਸਟੇਜ ਸੰਚਾਲਨ ਸਭਾ ਦੇ ਜਨਰਲ ਸਕੱਤਰ ਸ੍ਰੀ ਬਲਵੀਰ ਥਿੰਦ ਨੇ ਬਾਖੂਬੀ ਨਾਲ ਨਿਭਾਇਆ ਤੇ ਸਭਨਾਂ ਦਾ ਕੋਟਿਨ-ਕੋਟਿ ਧੰਨਵਾਦ ਕੀਤਾ, ਜਿਹਨਾਂ ਆਪਣੇ ਕੀਮਤੀ ਸਮੇਂ 'ਚੋਂ ਸਮਾਂ ਕੱਢਿਆ।

ਮੀਡੀਏ ਦੀ ਸੇਵਾ ਸ੍ਰੀ ਪ੍ਰੇਮ ਕੁਮਾਰ ਚੁੰਬਰ ਨੇ ਬਾਖੂਬੀ ਨਿਭਾਈ ਅਤੇ ਉਸ ਉਪਰੰਤ ਪ੍ਰੀਤੀ ਭੋਜਨ ਸਭ ਨੂੰ ਛਕਾਇਆ ਗਿਆ ਪਰ ਉਸ ਤੋਂ ਪਹਿਲਾਂ ਬਹੁਤ ਸਾਰੀਆਂ ਸ਼ਖਸੀਅਤਾਂ ਦਾ ਸੁਸਾਇਟੀ ਵੱਲੋਂ ਸਨਮਾਨ ਕੀਤਾ ਗਿਆ ਅਤੇ ਮੁੱਖ ਸ੍ਰੀ ਜੇ. ਐਨ. ਚੈਂਬਰ, ਵਿਸ਼ੇਸ਼ ਮਹਿਮਾਨ ਡਾ. ਰੈਡੀ ਕੌਂਸਲ ਜਨਰਲ, ਸ੍ਰੀ ਜਸਵੰਤ ਸਿੰਘ ਕਾਂਸਲ, ਥਿਨਮੋਜ਼ੀ ਸੁੰਦਰਾਰਾਜਨ ਆਦਿ ਵਿਸ਼ੇਸ਼ ਪਲੈਕ ਨਾਲ ਸਨਮਾਨ ਕੀਤਾ ਗਿਆ।

**(ਹੋਰ ਤਸਵੀਰਾਂ ਦੇਖੋ ਸਫਾ 33, 34, 35 'ਤੇ)**


SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਯੂਨੀਵਰਸਿਟੀ ਵਿਚ ਮਾਸਟਰ ਡਿਗਰੀ ਕਰ ਰਿਹਾ ਭਾਰਤੀ ਵਿਦਿਆਰਥੀ ਹੋਇਆ ਲਾਪਤਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਇਲੀਨੋਇਸ ਰਾਜ ਵਿਚ ਇਕ ਭਾਰਤੀ ਵਿਦਿਆਰਥੀ ਦੇ ਲਾਪਤਾ ਹੋਣ ਦੀ ਖਬਰ ਹੈ। ਵਿਦਿਆਰਥੀ ਦਾ ਸਬੰਧ ਭਾਰਤ ਦੇ ਤੇਲੰਗਾਨਾ ਰਾਜ ਨਾਲ ਹੈ। ਸ਼ਿਕਾਗੋ ਵਿਚਲੇ ਕੌਂਸਲੇਟ ਜਨਰਲ ਨੇ ਸੋਸ਼ਲ ਮੀਡਆ ਉਪਰ ਪਾਈ ਇਕ ਪੋਸਟ ਵਿਚ ਕਿਹਾ ਹੈ ਕਿ ਉਸ ਨੂੰ ਇਹ ਜਾਣ ਕੇ ਬਹੁਤ ਚਿੰਤਾ ਹੋਈ ਹੈ ਕਿ ਰੁਪੇਸ਼ ਚੰਦਰਾ ਚਿੰਤਕਿੰਡੀ ਨਾਮੀ ਵਿਦਿਆਰਥੀ 2 ਮਈ ਤੋਂ ਲਾਪਤਾ ਹੈ ਤੇ ਉਸ ਨਾਲ ਕੋਈ ਸੰਪਰਕ ਨਹੀਂ ਹੋ ਰਿਹਾ। ਕੌਂਸਲੇਟ ਜਨਰਲ ਅਨੁਸਾਰ ਉਹ ਵਿਦਿਆਰਥੀ ਨੂੰ ਲੱਭਣ ਲਈ ਪੁਲਿਸ ਤੇ ਭਾਰਤੀ ਭਾਈਚਾਰੇ ਦੇ ਸੰਪਰਕ ਵਿਚ ਹੈ। ਸ਼ਿਕਾਗੋ ਪੁਲਿਸ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਜੇਕਰ ਕਿਸੇ ਨੂੰ ਵੀ ਵਿਦਿਆਰਥੀ ਬਾਰੇ ਕੋਈ ਜਾਣਕਾਰੀ ਮਿਲੇ ਤਾਂ ਉਹ ਇਹ ਜਾਣਕਾਰੀ ਪੁਲਿਸ ਨਾਲ ਸਾਂਝੀ ਕਰੇ। ਚਿੰਤਕਿੰਡੀ ਪਿਛਲੇ ਸਾਲ ਦਸੰਬਰ ਵਿਚ



ਅਮਰੀਕਾ ਆਇਆ ਸੀ ਤੇ ਉਹ ਕੋਨਕੋਰਡੀਆ ਯੂਨੀਵਰਸਿਟੀ ਵਿਚ ਮਾਸਟਰ ਡਿਗਰੀ ਕਰ ਰਿਹਾ ਹੈ। ਉਹ ਤੇਲੰਗਾਨਾ ਦੇ ਵਾਰੰਗਲ ਜਿਲੇ ਦਾ ਵਾਸੀ ਹੈ। ਪਰਿਵਾਰ ਅਨੁਸਾਰ 2 ਮਈ ਨੂੰ ਉਸ ਦੇ ਪਿਤਾ ਸਦਾਨੰਦਮ ਨੇ ਚਿੰਤਕਿੰਡੀ ਨੂੰ ਵਟਸਐਪ ਕਾਲ ਕੀਤੀ ਸੀ ਜਿਸ ਦੌਰਾਨ ਉਸ ਨੇ ਕਿਹਾ ਸੀ ਕਿ ਉਹ ਕਿਸੇ ਕੰਮ ਵਿਚ ਰੁਝਿਆ ਹੋਇਆ ਹੈ। ਇਸ ਤੋਂ ਬਾਅਦ ਸਦਾਨੰਦਮ ਨੇ ਉਸ ਨਾਲ ਸੰਪਰਕ ਕਰਨ ਦੀ ਕਈ ਵਾਰ ਕੋਸ਼ਿਸ਼ ਕੀਤੀ ਪਰ ਉਸ ਦਾ ਫੋਨ ਬੰਦ ਆ ਰਿਹਾ ਹੈ। ਇਸ ਦੇ ਦੋ ਦਿਨਾਂ ਬਾਅਦ ਉਨਾਂ ਨੇ ਚਿੰਤਕਿੰਡੀ ਦੇ ਕਮਰੇ ਵਿਚਲੇ ਸਾਥੀਆਂ ਨਾਲ ਸੰਪਰਕ ਕੀਤਾ ਤਾਂ ਉਨਾਂ ਦਸਿਆ ਕਿ ਉਹ 30 ਅਪ੍ਰੈਲ ਨੂੰ ਇਹ ਕਹਿ ਕੇ ਗਿਆ ਸੀ ਕਿ ਉਹ ਟੈਕਸਾਸ ਤੋਂ ਆਏ ਕਿਸੇ ਵਿਅਕਤੀ ਨੂੰ ਮਿਲਣ ਜਾ ਰਿਹਾ ਹੈ। ਚਿੰਤਕਿੰਡੀ ਨੇ ਕਿਹਾ ਸੀ ਕਿ ਉਹ ਦੋ ਦਿਨਾਂ ਬਾਅਦ ਵਾਪਿਸ ਆ ਜਾਵੇਗਾ ਪਰੰਤੂ ਉਹ ਵਾਪਿਸ ਨਹੀਂ ਆਇਆ। ਇਸ ਉਪਰੰਤ ਪਰਿਵਾਰ ਵੱਲੋਂ ਬੇਨਤੀ ਕਰਨ 'ਤੇ ਉਸ ਦੇ ਸਾਥੀਆਂ ਨੇ ਸ਼ਿਕਾਗੋ ਪੁਲਿਸ ਕੋਲ ਉਸ ਦੀ ਗੁੰਮਸ਼ੁੱਦਗੀ ਬਾਰੇ ਰਿਪੋਰਟ ਲਿਖਵਾਈ।

# ਫਰੀਦਕੋਟ ਤੋਂ 'ਆਪ' ਉਮੀਦਵਾਰ ਕਰਮਜੀਤ ਅਨਮੋਲ ਅਨੁਸੂਚਿਤ ਜਾਤੀ ਨਾਲ ਸੰਬੰਧਤ ਨਹੀਂ, ਚੋਣ ਕਮਿਸ਼ਨ ਕੋਲ ਪੁੱਜੀ ਸ਼ਿਕਾਇਤ



**ਫਰਦੀਕੋਟ–** ਲੋਕ ਸਭਾ ਹਲਕਾ ਫਰੀਦਕੋਟ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਕਰਮਜੀਤ ਅਨਮੋਲ ਦੇ ਅਨੁਸੂਚਿਤ ਜਾਤੀ ਨਾਲ ਸਬੰਧਤ ਨਾ ਹੋਣ ਸਬੰਧੀ ਚੋਣ ਕਮਿਸ਼ਨ ਤੇ ਰਿਟਰਨਿੰਗ ਅਫਸਰ ਨੂੰ ਸ਼ਿਕਾਇਤ ਦਿੱਤੀ ਗਈ ਹੈ। ਰਾਖਵਾਂਕਰਨ ਚੋਰ ਪਕੜੋ ਮੋਰਚਾ ਤੇ ਫਰੀਦਕੋਟ ਲੋਕ ਸਭਾ ਹਲਕੇ ਤੋਂ ਆਜ਼ਾਦ ਉਮੀਦਵਾਰ ਅਵਤਾਰ ਸਿੰਘ ਸਹੋਤਾ ਨੇ ਸ਼ਿਕਾਇਤ ਕੀਤੀ। ਉਨ੍ਹਾਂ ਕਿਹਾ ਕਿ ਅਨਮੋਲ ਮਰਾਸੀ ਜਾਤੀ ਨਾਲ ਸਬੰਧਤ ਹੈ ਤੇ ਇਹ ਜਾਤ ਗਜ਼ਟ ਅਨੁਸਾਰ ਬੀਸੀ ਸ਼੍ਰੇਣੀ 'ਚ ਆਉਂਦੀ ਹੈ।

# ਅਰਦਾਸ ਵਿਚੋਂ "ਜਿਨਾਂ ਪੁੱਠੀਆਂ ਖੱਲਾਂ ਲੁਹਾਈਆਂ" ਪੰਕਤੀਆਂ ਕੱਟਣ ਤੇ ਸਿੱਖ ਸੰਗਤਾਂ ਨੂੰ ਪੁੱਜੀ ਠੇਸ

## ਕੌਮ ਦੇ ਮਹਾਨ ਸ਼ਹੀਦ ਬਾਬਾ ਜੈ ਸਿੰਘ ਖਲਕਟ ਨੇ ਪੁੱਠੀ ਖੱਲ ਲੁਹਾ ਕੇ ਪਾਈ ਸੀ ਸ਼ਹੀਦੀ

**ਲੁਧਿਆਣਾ (ਸਤਨਾਮ ਸਿੰਘ ਸਹੂੰਗੜਾ)–** ਸਿੱਖ ਕੌਮ ਦੇ ਮਹਾਨ ਸ਼ਹੀਦ ਬਾਬਾ ਜੈ ਸਿੰਘ ਖਲਕਟ ਜਿਨਾਂ ਨੇ ਸਿੱਖੀ ਦੀਆਂ ਕਦਰਾਂ ਕੀਮਤਾਂ ਨੂੰ ਬਚਾਉਣ ਲਈ ਆਪਣੀ ਪੁੱਠੀ ਖੱਲ ਲੁਹਾ ਕੇ ਸ਼ਹੀਦੀ ਦਿੱਤੀ ਅਤੇ ਆਪਣਾ ਸਾਰਾ ਪਰਿਵਾਰ ਸਿੱਖ ਕੌਮ ਤੋਂ ਕੁਰਬਾਨ ਕੀਤਾ। ਅੱਜ ਉਨਾਂ ਦੀਆਂ ਅਰਦਾਸ ਵਿਚੋਂ "ਜਿਨਾਂ ਪੁੱਠੀਆਂ ਖੱਲਾਂ ਲੁਹਾਈਆਂ" ਪੰਗਤੀਆਂ ਕੱਟਣ ਨਾਲ ਸਿੱਖ ਕੌਮ ਦੇ ਹਿਰਦਿਆਂ ਨੂੰ ਠੇਸ ਪੁੱਜੀ ਹੈ। ਇਹ ਵਿਚਾਰ ਇਸ ਮੌਕੇ ਸ੍ਰੀ ਗੁਰੂ ਰਵਿਦਾਸ ਫੈਡਰੇਸ਼ਨ ਪੰਜਾਬ ਮਾਈ ਭਾਗੋ ਐਜੂਕੇਸ਼ਨਲ ਵੈਲਫੇਅਰ ਸੋਸਾਇਟੀ ਸ੍ਰੀ ਗੁਰੂ ਰਵਿਦਾਸ ਯੂਥ ਕਲੱਬ ਇਆਲੀ ਖੁਰਦ, ਡਾਕਟਰ ਅੰਬੇਦਕਰ ਇੰਟਰਨੈਸ਼ਨਲ ਸੰਗਠਨ, ਭਾਈ ਘਨੱਈਆ ਜਲ ਬਚਾਓ ਜਲ ਪੂਰਤੀ ਸੰਗਠਨ, ਸ਼ਹੀਦ ਬਾਬਾ ਜੈ ਸਿੰਘ ਜੀ ਖਲਕਟ ਐਜੂਕੇਸ਼ਨ ਐਂਡ ਵੈਲਫੇਅਰ ਇੰਟਰਨੈਸ਼ਨਲ ਸੁਸਾਇਟੀ ਦੇ ਕੌਮੀ ਪ੍ਰਧਾਨ ਹਰਦੇਵ ਸਿੰਘ ਬੋਪਰਾਏ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਰਾਹੀ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਨੂੰ ਇਕ ਲਿਖਤੀ ਪੱਤਰ ਲਿਖ ਕੇ ਪੰਕਤੀਆਂ ਨੂੰ ਮੁੜ ਅਰਦਾਸ ਵਿਚ ਸ਼ਾਮਿਲ ਕਰਨ ਦੀ ਬੇਨਤੀ ਕੀਤੀ। ਉਨਾਂ ਕਿਹਾ ਕਿ ਸਿੱਖ ਕੌਮ ਦੇ ਮਹਾਨ



ਸ਼ਹੀਦ ਦਾ ਜ਼ਿਕਰ ਅਰਦਾਸ ਵਿਚ ਪਹਿਲਾਂ ਤੋਂ ਹੁੰਦਾ ਆਇਆ ਹੈ। ਪਰ ਬੜੇ ਦੁੱਖ ਦੀ ਗੱਲ ਹੈ ਕਿ ਕੌਮ ਦੀ ਸ਼੍ਰੋਮਣੀ ਸੰਸਥਾ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਵੱਲੋਂ ਛਪਵਾਏ ਗਏ ਨਵੇਂ ਗੁਟਕਾ ਸਾਹਿਬ ਵਿਚੋਂ ਭਾਈ ਸਾਹਿਬ ਸ਼ਹੀਦ ਬਾਬਾ ਜੈ ਸਿੰਘ ਖਲਕਟ ਨਾਲ ਸੰਬੰਧਿਤ ਪੰਕਤੀਆਂ ਨੂੰ ਹਟਾ ਦਿੱਤਾ ਗਿਆ ਹੈ। ਉਨਾਂ ਕਿਹਾ ਕਿ ਮਹਾਨ ਸ਼ਹੀਦ ਬਾਬਾ ਜੈ ਸਿੰਘ ਖਲਕਟ ਦੀ ਕੁਰਬਾਨੀ ਤਾਂ ਰਹਿੰਦੀ ਦੁਨੀਆਂ ਤੱਕ ਸਿੱਖ ਕੌਮ ਦੇ ਮੁਖਾਰਬਿੰਦ ਤੇ ਚੜ੍ਹੀ ਰਹਿਣੀ ਚਾਹੀਦੀ ਹੈ, ਕਿਉਂਕਿ ਉਨਾਂ ਦੀ ਇਸ ਲਾਸਾਨੀ ਕੁਰਬਾਨੀ ਨੂੰ ਬਹੁਤ ਜਲਦੀ ਭੁੱਲ ਜਾਣਾ ਸਾਡੇ ਲਈ ਬਹੁਤ ਵੱਡੀ ਗਲਤੀ ਹੋਵੇਗੀ।

ਉਨਾਂ ਕਿਹਾ ਕਿ "ਜਿਨ੍ਹਾਂ ਨੇ ਪੁੱਠੀਆਂ ਖੱਲਾਂ ਲੁਹਾਈਆਂ" ਅਰਦਾਸ ਵਿਚੋਂ ਪੰਕਤੀਆਂ ਕੱਟਣ ਨਾਲ ਸਮੂਹ ਸਿੱਖ ਸੰਗਤਾਂ ਦੇ ਮਨਾ ਨੂੰ ਗਹਿਰੀ ਠੇਸ ਪੁੱਜੀ ਹੈ, ਸੋ ਅਰਦਾਸ ਵਿਚ ਇਸ ਪੰਕਤੀ ਨੂੰ ਦੁਆਰਾ ਜੋੜ ਕੇ ਮਹਾਨ ਸ਼ਹੀਦ ਬਾਬਾ ਜੈ ਸਿੰਘ ਖਲਕਟ ਨੂੰ ਅਰਦਾਸ ਵਿਚ ਬਣਦੀ ਜਗ੍ਹਾ ਦੇ ਕੇ ਨਿਵਾਜਿਆ ਜਾਵੇ। ਇਸ ਸਮੇਂ ਹੋਰਨਾਂ ਤੋਂ ਇਲਾਵਾ ਸ੍ਰੀ ਗੁਰੂ ਰਵਿਦਾਸ ਫੈਡਰੇਸ਼ਨ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਸਰਦਾਰ ਰਜਿੰਦਰ ਸਿੰਘ ਜੋਧਾ ਸਾਬਕਾ ਸਰਪੰਚ, ਡਾਕਟਰ ਰੁਪਿੰਦਰ ਸਿੰਘ ਸੁਧਾਰ, ਕੋਰ ਕਮੇਟੀ ਮੈਂਬਰ ਸੁਖਰਾਜ ਸਿੰਘ ਥਰੀਕੇ, ਗੁਲਜਾਰਜੀਤ ਸਿੰਘ ਲਵਲੀ, ਮਾਸਟਰ ਸੁਰਿੰਦਰ ਸਿੰਘ ਪ੍ਰਤਾਪ ਸਿੰਘ ਵਾਲਾ ਆਦਿ ਹਾਜ਼ਰ ਸਨ।


Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ




Call : Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

# ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਵਿਰੁੱਧ ਗੁਪਤ ਦਸਤਾਵੇਜ਼ਾਂ ਸਬੰਧੀ ਮਾਮਲੇ ਦੀ ਸੁਣਵਾਈ ਜੱਜ ਨੇ ਅਣਮਿੱਥੇ ਸਮੇ ਲਈ ਅੱਗੇ ਪਾਈ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਫਲੋਰਿਡਾ ਰਾਜ ਵਿਚ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਵਿਰੁੱਧ ਗੁਪਤ ਦਸਤਾਵੇਜ਼ਾਂ, ਜਿਨਾਂ ਨੂੰ ਉਹ 2021 ਵਿਚ ਚੋਣਾਂ ਹਾਰਨ ਤੋਂ ਬਾਅਦ ਵਾਈਟ ਹਾਊਸ ਵਿਚਲਾ ਆਪਣਾ ਦਫਤਰ ਛੱਡਣ ਸਮੇ ਆਪਣੇ ਨਾਲ ਲੈ ਗਏ ਸਨ, ਸਬੰਧੀ ਚੱਲ ਰਹੇ ਮਾਮਲੇ ਦੀ ਸੁਣਵਾਈ ਜੱਜ ਨੇ ਅਣਮਿੱਥੇ ਸਮੇ ਲਈ ਅੱਗੇ ਪਾ ਦਿੱਤੀ ਹੈ। ਜੱਜ ਆਈਲੀਨ ਕੈਨਨ ਨੇ ਮਾਮਲੇ ਦੀ ਸੁਣਵਾਈ ਅੱਗੇ ਪਾਉਂਦਿਆਂ ਕਿਹਾ ਕਿ ਗੁਪਤ ਦਸਤਾਵੇਜਾਂ ਸਬੰਧੀ ਸਬੂਤਾਂ ਨੂੰ ਲੈ ਕੇ ਅਹਿਮ ਮੁੱਦਿਆਂ ਦਾ ਨਿਪਟਾਰਾ ਹੋਣਾ ਬਾਕੀ ਹੈ। ਜੱਜ ਨੇ ਕਿਹਾ ਕਿ ਇਸ ਉੱਚ ਪੱਧਰ ਦੇ ਮਾਮਲੇ ਦੀ ਬਕਾਇਦਾ ਸੁਣਵਾਈ ਸ਼ੁਰੂ ਕਰਨ ਤੋਂ ਪਹਿਲਾਂ ਸਬੂਤਾਂ ਨਾਲ ਸਬੰਧਤ ਮੁੱਦਿਆਂ ਤੇ ਕਲਾਸੀਫਾਈਡ ਇਨਫਰਮੇਸ਼ਨ ਪ੍ਰੋਸੀਜ਼ਰ ਐਕਟ ਸਬੰਧੀ ਨਿਰਨਾ ਲੈਣ ਦੀ ਲੋੜ ਹੈ। ਜੱਜ ਨੇ ਕਿਹਾ ਕਿ ਮਾਮਲਾ ਜਿਊਰੀ ਦੇ ਹਵਾਲੇ ਕਰਨ ਤੋਂ ਪਹਿਲਾਂ ਇਸ ਸਬੰਧੀ ਕੰਮ ਮੁਕੰਮਲ ਕੀਤਾ ਜਾਵੇਗਾ। ਆਪਣੇ ਆਦੇਸ਼ ਵਿਚ ਜੱਜ ਨੇ



ਸੁਣਵਾਈ ਲਈ ਤੈਅ ਤਰੀਕ 20 ਮਈ ਨੂੰ ਰੱਦ ਕਰ ਦਿੱਤਾ ਹੈ ਤੇ ਅਜੇ ਨਵੀਂ ਤਰੀਕ ਨਹੀਂ ਮਿੱਥੀ ਹੈ। ਸਾਬਕਾ ਰਾਸ਼ਟਰਪਤੀ ਨੂੰ ਸੈਂਕੜੇ ਗੁਪਤ ਦਸਤਾਵੇਜ਼ਾਂ ਸਬੰਧੀ ਵੱਖ ਵੱਖ 40 ਸੰਘੀ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜੋ ਦਸਤਾਵੇਜ਼ ਉਹ ਨਵੰਬਰ 2021 ਵਿਚ ਆਪਣਾ ਕਾਰਜਕਾਲ ਪੂਰਾ ਹੋਣ 'ਤੇ ਵਾਈਟ ਹਾਊਸ ਤੋਂ ਆਪਣੀ ਮਾਰ-ਏ- ਲਾਗੋ ਸਥਿੱਤ ਨਿੱਜੀ ਰਿਹਾਇਸ਼ ਤੇ ਫਲੋਰਿਡਾ ਸਥਿੱਤ ਆਪਣੀ ਕਲੱਬ ਵਿਚ ਲੈ ਗਏ ਸਨ ਜਦ ਕਿ ਉਹ ਅਜਿਹਾ ਨਹੀਂ ਕਰ ਸਕਦੇ ਸਨ। ਟਰੰਪ ਉਪਰ ਇਹ ਵੀ ਦੋਸ਼ ਹੈ ਕਿ ਇਨਾਂ ਦਸਤਾਵੇਜ਼ਾਂ ਨੂੰ ਸਰਕਾਰ ਵੱਲੋਂ ਵਾਪਿਸ ਲਿਆਉਣ ਦੀਆਂ ਕੋਸ਼ਿਸ਼ਾਂ ਵਿਚ ਵੀ ਉਸ ਨੇ ਅੜਿਕਾ ਪਾਉਣ ਦੀ ਸਾਜਿਸ਼ ਰਚੀ। ਟਰੰਪ ਕਹਿ ਚੁੱਕੇ ਹਨ ਉਹ ਨਿਰਦੋਸ਼ ਹਨ ਤੇ ਉਨਾਂ ਨੂੰ ਸੋਚ ਸਮਝ ਕੇ ਫਸਾਇਆ ਜਾ ਰਿਹਾ ਹੈ। ਇਥੇ ਜਿਕਰਯੋਗ ਹੈ ਕਿ ਯੂ ਐਸ ਡਿਸਟ੍ਰਿਕਟ ਜੱਜ ਆਈਲੀਨ ਕੈਨਨ ਨੂੰ 2020 ਵਿਚ ਟਰੰਪ ਦੁਆਰਾ ਫੈਡਰਲ ਬੈਂਚ ਵਿਚ ਨਿਯੁਕਤ ਕੀਤਾ ਗਿਆ ਸੀ। ਤਕਰੀਬਨ ਪਿਛਲੇ 10 ਮਹੀਨਿਆਂ ਤੋਂ ਉਹ ਮਾਮਲੇ ਦੇ ਸਾਰੇ ਪੱਖਾਂ ਨੂੰ ਆਪਣੇ ਨਜਰੀਏ ਤੋਂ ਵੇਖ ਰਹੇ ਹਨ ਤੇ ਆਪਣਾ ਆਦੇਸ਼ ਜਾਰੀ ਕਰਨ ਵਿੱਚ ਦੇਰੀ ਕਰ ਰਹੇ ਹਨ। ਕਾਨੂੰਨੀ ਮਾਹਿਰਾਂ ਦਾ ਇਸ ਸਬੰਧ ਵਿੱਚ ਕਹਿਣਾ ਹੈ ਕਿ ਜੱਜ ਵੱਲੋਂ ਉਠਾਏ ਮੁੱਦੇ ਕਾਨੂੰਨੀ ਸਵਾਲ ਹਨ ਜਿਨਾਂ ਨੂੰ ਮੁਕੱਦਮਾ ਸ਼ੁਰੂ ਕਰਨ ਤੋਂ ਪਹਿਲਾਂ ਹੱਲ ਕੀਤਾ ਜਾਣਾ ਜਰੂਰੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਜੱਜ ਇਨਾਂ ਮੁੱਦਿਆਂ ਬਾਰੇ ਨਿਰਨਾ ਲੈਣ ਲਈ ਜਿੰਨਾ ਜਿਆਦਾ ਸਮਾਂ ਲਵੇਗੀ, ਓਨੀ ਹੀ ਇਸ ਗੱਲ ਦੀ ਸੰਭਾਵਨਾ ਹੈ ਕਿ ਮਾਮਲੇ ਦੀ ਸੁਣਵਾਈ ਇਸ ਸਾਲ ਨਵੰਬਰ ਵਿਚ ਹੋ ਰਹੀਆਂ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਨਹੀਂ ਸ਼ੁਰੂ ਹੋਵੇਗੀ।

## ਐਫ ਬੀ ਆਈ ਸੈਕਰਾਮੈਂਟੋ ਨੇ ਫਿਰੌਤੀ ਮੰਗਣ ਦੇ ਮਾਮਲਿਆਂ ਵਿੱਚ ਭਾਰਤੀਆਂ ਸਮੇਤ ਆਮ ਲੋਕਾਂ ਨੂੰ ਅੱਗੇ ਆ ਕੇ ਰਿਪੋਰਟ ਲਿਖਵਾਉਣ ਦੀ ਕੀਤੀ ਅਪੀਲ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ (ਐਫ ਬੀ ਆਈ) ਦੇ ਸੈਕਰਾਮੈਂਟੋ ਖੇਤਰੀ ਦਫਤਰ ਨੇ ਇਕ ਜਨਤਿਕ ਬਿਆਨ ਵਿਚ ਫਿਰੌਤੀ ਮਾਮਲੇ ਜੋ ਪਰਿਵਾਰਕ ਮੈਂਬਰਾਂ ਜਾਂ ਭਾਰਤੀ ਕਾਰੋਬਾਰੀਆਂ ਨੂੰ ਪ੍ਰਭਾਵਿਤ ਕਰ ਰਹੇ ਹਨ, ਬਾਰੇ ਚਿਤਾਵਨੀ ਜਾਰੀ ਕੀਤੀ ਹੈ। ਬਿਆਨ ਵਿਚ ਕਿਹਾ ਹੈ ਕਿ ਐਫ ਬੀ ਆਈ ਦਾ ਖੇਤਰੀ ਦਫਤਰ ਆਪਣੇ ਸਮੁੱਚੇ 34-ਕਾਊਂਟੀ ਖੇਤਰ ਵਿਚ ਅਨੇਕਾਂ ਮਾਮਲਿਆਂ 'ਤੇ ਨਜਰ ਰਖ ਰਿਹਾ ਹੈ, ਜਿਨਾਂ ਮਾਮਲਿਆਂ ਵਿਚ ਲੋਕਾਂ ਨੂੰ ਫਿਰੌਤੀ ਲਈ ਨਿਸ਼ਾਨਾ ਬਣਾਇਆ ਗਿਆ ਹੈ ਤੇ ਅਜਿਹਾ ਨਾ ਕਰਨ ਦੀ ਹਾਲਤ ਵਿਚ ਹਿੰਸਾ ਦੀਆਂ ਧਮਕੀਆਂ ਦਿੱਤੀਆਂ ਗਈਆਂ ਹਨ।

ਸਮਝਿਆ ਜਾਂਦਾ ਹੈ ਕਿ ਇਨਾਂ ਅਪਰਾਧਕ ਕਾਰਵਾਈਆਂ ਬਾਰੇ ਪੁਲਿਸ ਕੋਲ ਕੋਈ ਰਿਪੋਰਟ ਨਹੀਂ ਕੀਤੀ ਗਈ। ਬਿਆਨ ਵਿਚ ਕਿਹਾ ਗਿਆ ਹੈ ਕਿ ਐਫ ਬੀ ਆਈ ਤੇ ਇਸ ਦੇ ਲਾਅ ਇਨਫੋਰਸਮੈਂਟ ਭਾਈਵਾਲ ਲੋਕਾਂ ਨੂੰ ਬੇਨਤੀ ਕਰਦੇ ਹਨ ਕਿ ਉਹ ਅੱਗੇ ਆਉਣ ਤੇ ਰਿਪੋਰਟ ਦਰਜ ਕਰਵ-ਾਉਣ ਤਾਂ ਕਿ ਉਹ ਲੋਕ ਜੋ ਇਹ ਕਥਿੱਤ ਅਪਰਾਧ ਕਰ ਰਹੇ ਹਨ, ਉਨਾਂ ਨੂੰ ਕਟਹਿਰੇ ਵਿਚ ਖੜਾ ਕੀਤਾ ਜਾ ਸਕੇ। ਐਫ ਬੀ ਆਈ ਸੈਕਰਾਮੈਂਟੋ ਖੇਤਰੀ ਦਫਤਰ ਦੇ ਪ੍ਰਮੁੱਖ ਕਾਰਜਕਾਰੀ ਵਿਸ਼ੇਸ਼ ਏਜੰਟ ਮਾਰਕ ਰੇਮਿਲੀ ਨੇ ਕਿਹਾ ਹੈ ਕਿ ਅਸੀਂ ਆਪਣੇ ਭਾਰਤੀ ਮੂਲ ਦੇ ਵਿਅਕਤੀਆਂ ਜਿਨਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ, ਦੀ ਸੁਰੱਖਿਆ ਤੇ ਆਰਥਕ ਸੁਰੱਖਿਆ ਨੂੰ ਲੈ ਕੇ ਬੇਹੱਦ ਚਿੰਤਤ ਹਾਂ। ਅਪਰਾਧੀ ਮਿਹਨਤੀ ਤੇ ਕਾਨੂੰਨ ਦੀ ਪਾਲਣਾ ਕਰਨ ਵਾਲੇ ਕਾਰੋਬਾਰੀਆਂ ਨੂੰ ਨਿਸ਼ਾਨਾ ਬਣਾ ਰਹੇ ਹਨ ਤੇ ਉਨਾਂ ਕੋਲੋਂ ਫਿਰੌਤੀ ਵਸੂਲਣ ਲਈ ਠੱਗ ਕਿਸਮ ਦੇ ਢੰਗ ਤਰੀਕੇ ਅਪਣਾ ਰਹੇ ਹਨ ਜੋ ਕਿ ਕਾਨੂੰਨ ਦੀ ਸਪੱਸ਼ਟ ਉਲੰਘਣਾ ਹੈ। ਅਜਿਹੇ ਮਾਮਲਿਆਂ ਦੀ ਸਮੇ ਸਿਰ ਰਿਪੋਰਟ ਕਰਨ ਨਾਲ ਇਨਫੋਰਮੈਂਟ ਏਜੰਸੀਆਂ ਦੀ ਮੱਦਦ ਹੋਵੇਗੀ ਜੋ ਏਜੰਸੀਆਂ ਸਮੇ ਸਿਰ ਕਾਰਵਾਈ ਕਰਕੇ ਕਾਰੋਬਾਰੀ ਭਾਈਚਾਰੇ ਦੀ ਸੁਰੱਖਿਆ ਯਕੀਨੀ ਕਰ ਸਕਦੀਆਂ ਹਨ। ਐਫ ਬੀ ਆਈ ਨੇ ਹੋਰ ਕਿਹਾ ਹੈ ਕਿ ਹਾਲ ਹੀ ਵਿਚ ਫਿਰੌਤੀ ਲੈਣ ਦੀਆਂ ਕੋਸ਼ਿਸ਼ਾਂ ਹੋਈਆਂ ਹਨ। ਇਨਾਂ ਮਾਮਲਿਆਂ ਵਿਚ ਵੱਡੀ ਰਕਮ ਮੰਗੀ ਗਈ ਹੈ ਤੇ ਅਜਿਹਾ ਨਾ ਕਰਨ 'ਤੇ ਜਾਨੋ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਹਨ। ਬਿਆਨ ਵਿਚ ਕਿਹਾ ਹੈ ਕਿ ਜੇਕਰ ਕਿਸੇ ਨੂੰ ਫੌਰੀ ਖਤਰਾ ਹੋਵੇ ਤਾਂ ਉਹ ਤੁਰੰਤ ਐਫ ਬੀ ਆਈ ਨਾਲ ਸੰਪਰਕ ਕਰੇ ਜਾਂ 911 'ਤੇ ਫੋਨ ਕਰੇ।

## ਹੋਸਟਨ ਪੁਲਿਸ ਮੁਖੀ ਨੇ ਅਚਾਨਕ ਰਿਟਾਇਰ ਹੋਣ ਦਾ ਕੀਤਾ ਐਲਾਨ



**ਸੈਕਰਾਮੈਂਟੋ, ਕੈਲੀਫੋਰ-ਨੀਆ (ਹੁਸਨ ਲੜੋਆ ਬੰਗਾ)–** ਹੋਸਟਨ ਦੇ ਪੁਲਿਸ ਮੁਖੀ ਟੋਰਾਏ ਫਿਨਰ ਨੇ ਵਿਭਾਗ ਦੀ ਨੀਤੀ ਜਿਸ ਤਹਿਤ ਸਰੀਰਕ ਸ਼ੋਸ਼ਣ ਸਮੇਤ ਅਨੇਕਾਂ ਮਾਮਲਿਆਂ ਨੂੰ ਮੁਲਤਵੀ ਕੀਤਾ ਜਾਣਾ ਹੈ, ਬਾਰੇ ਉਠਾਏ ਜਾ ਰਹੇ ਸਵਾਲਾਂ ਦੇ ਦਰਮਿਆਨ ਆਪਣੀ ਸੇਵਾ ਮੁਕਤੀ ਦਾ ਐਲਾਨ ਕਰ ਦਿੱਤਾ ਹੈ। ਇਹ ਜਾਣਕਾਰੀ ਮੇਅਰ ਦਫਤਰ ਨੇ ਦਿੱਤੀ ਹੈ। ਟੋਰਾਏ ਫਿਨਰ 2021 ਤੋਂ ਹੋਸਟਨ ਪੁਲਿਸ ਵਿਭਾਗ ਦੇ ਮੁਖੀ ਵਜੋਂ ਸੇਵਾਵਾਂ ਨਿਭਾਅ ਰਹੇ ਹਨ। ਹੋਸਟਨ ਦੇ ਮੇਅਰ ਜੌਹਨ ਵਿਟਮਾਈਰ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਮੈ ਟੋਰਾਏ ਫਿਨਰ ਨੂੰ ਇਕ ਮਿੱਤਰ ਸਮਝਦਾ ਹਾਂ। ਉਸ ਦੀ ਸੇਵਾ ਮੁਕਤੀ ਨੂੰ ਪ੍ਰਵਾਨ ਕਰਨਾ ਬਹੁਤ ਮੁਸ਼ਕਿਲ ਹੈ ਪਰੰਤੂ ਅਜਿਹਾ ਕਰਨਾ ਹੋਸਟਨ ਵਾਸੀਆਂ ਦੇ ਹਿੱਤ ਵਿਚ ਹੋਵੇਗਾ।

## ਧੀ ਦੀ ਹੱਤਿਆ ਦੇ ਮਾਮਲੇ ਵਿਚ ਪਿਤਾ ਨੂੰ ਹੋਈ 56 ਸਾਲ ਦੀ ਜੇਲ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਨਿਊ ਹੈਂਪਸ਼ਾਇਰ ਰਾਜ ਦੇ ਇਕ ਵਿਅਕਤੀ ਨੂੰ ਆਪਣੀ 5 ਸਾਲਾਂ ਦੀ ਧੀ ਹਾਰਮਨੀ ਮੌਂਟਗੋਮਰੀ ਦੀ ਹੱਤਿਆ ਸਮੇਤ ਵੱਖ ਵੱਖ ਦੋਸ਼ਾਂ ਤਹਿਤ ਅਦਾਲਤ ਨੇ 56 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਐਡਮ ਮੌਂਟਗੋਮਰੀ ਨਾਮੀ ਵਿਅਕਤੀ ਨੂੰ ਇਸ ਸਾਲ ਫਰਵਰੀ ਵਿਚ 2019 ਵਿਚ ਉਸ ਦੀ ਧੀ ਹਾਰਮਨੀ ਮੌਂਟਗੋਮਰੀ ਦੀ ਹੋਈ ਮੌਤ ਦੇ ਮਾਮਲੇ ਵਿਚ ਦੂਸਰਾ ਦਰਜਾ ਹੱਤਿਆ ਦੇ ਦੋਸ਼ਾਂ ਤਹਿਤ ਦੋਸ਼ੀ ਕਰਾਰ ਦਿੱਤਾ ਗਿਆ ਸੀ। ਹਾਰਮਨੀ ਦੀ ਗੁਮਸ਼ੁੱਦਗੀ ਬਾਰੇ ਰਿਪੋਰਟ 2021 ਵਿਚ ਲਿਖਾਈ ਗਈ ਸੀ। ਅਦਾਲਤ ਨੇ ਐਡਮ ਮੌਂਟਗੁਮਰੀ ਨੂੰ ਹੱਤਿਆ ਲਈ 45 ਸਾਲ ਤੋਂ ਜੀਵਨ ਭਰ ਲਈ ਕੈਦ, ਹਮਲਾ ਕਰਨ ਲਈ 4 ਤੋਂ 8 ਸਾਲ, ਸਬੂਤਾਂ ਨਾਲ ਛੇੜਛਾੜ ਕਰਨ ਲਈ 3.5 ਸਾਲ ਤੋਂ 7 ਸਾਲ ਤੇ ਝੂਠੇ ਸਬੂਤ ਪੇਸ਼ ਕਰਨ ਲਈ 3.5 ਤੋਂ 7 ਸਾਲ ਕੈਦ ਦੀ ਸਜ਼ਾ ਸੁਣਾਈ। ਇਸ ਦਾ ਮਤਲਬ ਹੈ ਕਿ ਉਸ ਨੂੰ ਘੱਟੋ ਘੱਟ 56 ਸਾਲ ਜੇਲ ਵਿਚ ਕੱਟਣੇ ਪੈਣਗੇ। ਹਾਰਮਨੀ ਦੀ ਮਾਂ ਨੇ ਆਖਰੀ ਵਾਰ ਉਸ ਨਾਲ ਗਰਮ ਰੁੱਤ ਦੌਰਾਨ 2019 ਵਿਚ ਗੱਲਬਾਤ ਕੀਤੀ ਸੀ ਇਸ ਤੋਂ ਬਾਅਦ ਉਹ ਉਸ ਨਾਲ ਸੰਪਰਕ ਕਾਇਮ ਕਰਨ ਵਿੱਚ ਨਾਕਾਮ ਰਹੀ। ਇਸਤਗਾਸਾ ਪੱਖ ਅਨੁਸਾਰ ਮੌਂਟਗੁਮਰੀ ਵੱਲੋਂ ਕੁੱਟਮਾਰ ਕਰਨ ਕਾਰਨ 7 ਦਸੰਬਰ 2019 ਨੂੰ ਹਾਰਮਨੀ ਦੀ ਮੌਤ ਹੋ ਗਈ ਸੀ। ਇਸ ਤੋਂ ਬਾਅਦ ਉਹ 2 ਸਾਲ ਤੋਂ ਵਧ ਸਮਾਂ ਹਾਰਮਨੀ ਦੇ ਥਹੁਪਤੇ ਬਾਰੇ ਝੂਠ ਬੋਲਦਾ ਰਿਹਾ।

CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Used Tires American Brand $99 + Labor
Recap Truck Tire $ 249 + Labor
Recap Trailar Tires and Kind $ 199 + Labor

NEW & USED TIRES
WASH, LUBE, BRAKES

Call: 530-824-5134

LUCAS OIL LUCAS INJECTOR CLEANER $28.99

Call: 650-642-0697

3525 Highway 99, West Corning, CA 96021
Across the Street from TA Truck Stop


ਦੇਸ਼ ਦੁਆਬਾ

## ਮਹਿਮਾਨ ਸੰਪਾਦਕੀ

# ਅਲਵਿਦਾ ਡਾ. ਪਾਤਰ !

**ਡਾ. ਜੀ. ਸੀ. ਕੌਲ**

ਪੰਜਾਬੀ ਸਾਹਿਤ ਦਾ ਸਿਰਮੌਰ ਸ਼ਾਇਰ, ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਨਾਮਵਰ ਹਸਤਾਖਰ, ਮਾਨਵ ਵਿਰੋਧੀ ਸ਼ਕਤੀਆਂ ਦੇ ਚੱਕਰਵਿਊ ਵਿਚ ਫਸੇ ਸੰਘਰਸ਼-ਰੱਤ ਮਨੁੱਖੀ ਕਿਰਦਾਰ ਦੀ ਬੁਲੰਦ ਆਵਾਜ਼ ਡਾ. ਸੁਰਜੀਤ ਪਾਤਰ ਅਚਨਚੇਤੀ ਚੁੱਪ ਚਪੀਤਾ ਤੁਰ ਗਿਆ। 'ਚੁੱਪ ਰਿਹਾ ਤਾਂ ਸ਼ਮਾਦਾਨ ਕੀ ਕਹਿਣਗੇ' ਲਿਖਣ ਵਾਲਾ ਸਦੀਵੀ ਵਿਛੋੜਾ ਦੇ ਗਿਆ, ਹਮੇਸ਼ਾ ਲਈ ਚੁੱਪ ਹੋ ਗਿਆ, ਪਰ ਉਸ ਦੀਆਂ ਕਾਵਿ-ਰਚਨਾਵਾਂ ਵਿਚ ਉਲੀਕੇ ਨਵੇਂ ਰਾਹਾਂ 'ਤੇ ਉੱਕਰੀ ਉਸਦੀ ਬੁਲੰਦ ਤੇ ਸੁਰੀਲੀ ਆਵਾਜ਼, 'ਮੈਂ ਤਾਂ ਨਹੀਂ ਰਹਾਂਗਾ ਮੇਰੇ ਗੀਤ ਰਹਿਣਗੇ' ਹਮੇਸ਼ਾ ਲਈ ਰਾਹ ਦਸੇਰਾ ਬਣ ਕੇ, ਉਸ ਦੇ ਲੱਖਾਂ ਪਾਠਕਾਂ ਦੀ ਰਹਿਨੁਮਾਈ ਕਰਦੀ



ਰਹੇਗੀ। ਸਾਹਿਤ ਵਿਚ ਪਾਤਰ ਵਰਗੀਆਂ ਕਲਮਾਂ ਕਦੀ-ਕਦੀ ਹੀ ਪੈਦਾ ਹੁੰਦੀਆਂ ਹਨ। ਉਸਨੇ ਪੂੰਜੀਪਤੀ ਨਿਜ਼ਾਮ ਅਧੀਨ ਪੀੜਾਂ ਭੋਗ ਰਹੇ ਕਾਮੇ, ਕਿਰਤੀ, ਕਿਸਾਨਾਂ, ਬੇਰੁਜ਼ਗਾਰਾਂ, ਔਰਤਾਂ, ਦਸਤਕਾਰਾਂ ਅਤੇ ਸਮੇਂ ਸਿਰ ਨਿਆਂ-ਪ੍ਰਾਪਤੀ ਨਾ ਕਰ ਸਕਣ ਵਾਲੇ ਬੇਦੋਸ਼ੇ ਮਜ਼ਲੂਮਾਂ ਦੇ ਹੱਕ ਵਿਚ ਜ਼ੋਰਦਾਰ ਹਾਅ ਦਾ ਨਾਅਰਾ ਮਾਰਿਆ।

ਡਾ. ਪਾਤਰ ਦੀ ਕਵਿਤਾ ਚੜ੍ਹਦੀ ਕਲਾ ਦੀ ਪ੍ਰਤੀਕ ਹੈ, ਮਾਨਵ ਵਿਰੋਧੀ, ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਬੇਇਨਸਾਫ਼ੀਆਂ ਦੀ ਦਲਦਲ ਵਿਚ ਫਸੇ ਸੰਘਰਸ਼ਸ਼ੀਲ ਮਨੁੱਖੀ ਕਿਰਦਾਰ ਦੀ ਪੀੜਾ ਦੀ ਸੰਜੀਦਾ ਆਵਾਜ਼ ਹੈ। ਪਤਝੜ 'ਚੋਂ ਵੀ ਪੰਜੇਬਾਂ ਦੀ ਟੁਣਕਾਰ ਸੁਣਨ ਵਾਲਾ ਪਾਤਰ 'ਹਵਾ ਵਿਚ ਲਿਖੇ ਹਰਫ਼', 'ਹਨੇਰੇ ਵਿਚ ਸੁਲਗਦੀ ਵਰਣਮਾਲਾ' ਦੁਆਰਾ 'ਚੰਨ ਸੂਰਜ ਦੀ ਵਹਿੰਗੀ' ਬਣਾ ਕੇ 'ਲਫਜ਼ਾਂ ਦੀ ਦਰਗਾਹ' ਵਿਚ ਪਹੁੰਚ ਕੇ 'ਸੁਰਜ਼ਮੀਨੇ' ਵਰਗੇ ਕਾਵਿ-ਸੰਗ੍ਰਹਾਂ ਦੀ ਸਿਰਜਣਾ ਕਰਕੇ ਆਪਹੁਦਰੇ ਹਾਕਮਾਂ ਨੂੰ ਵੰਗਾਰਦਿਆਂ ਹੋਇਆਂ ਲਿਖਦਾ ਹੈ 'ਲੱਗੀ ਜੇਕਰ ਤੇਰੇ ਕਲੇਜੇ ਛੁਰੀ ਨਹੀਂ। ਨਾ ਸਮਝੀਂ ਸੰਸਾਰ ਦੀ ਹਾਲਤ ਬੁਰੀ ਨਹੀਂ।'

ਸੁਰਜੀਤ ਪਾਤਰ ਸ਼ਬਦਾਂ ਦਾ ਜਾਦੂਗਰ, ਸੰਜੀਦਾ ਸ਼ਾਇਰ ਸੀ। ਉਸਦੀ ਕਵਿਤਾ ਦਾ ਵਿਸ਼ੇਸ਼ ਗੁਣ ਹੈ ਕਿ ਉਸਨੇ ਆਪਣੀ ਗਜ਼ਲ ਦੀ ਹਰ ਸਤਰ, ਹਰ ਸ਼ਬਦ ਅਤੇ ਵਰਣਾਂ ਦੀ ਮਾਲਾ ਨੂੰ ਗੂੜ੍ਹੇ, ਕਾਲੇ ਹਨੇਰਿਆਂ ਵਿਚ ਵੀ ਸੁਲਗਾਇਆ ਅਤੇ ਜੁਗਨੂੰਆਂ ਵਾਂਗ ਟਿਮਟਿਮਾਉਂਦੀ ਹੋਈ ਰੋਸ਼ਨੀ ਪ੍ਰਦਾਨ ਕੀਤੀ ਹੈ। ਉਹ ਨਿਰਾਸ਼ਾ ਤੇ ਉਪਰਾਮਤਾ ਦੇ ਡੂੰਘੇ ਪਾਣੀਆਂ ਵਿਚ ਗੋਤੇ ਖਾਂਦੇ, ਸਹਿਕਦੇ ਮਨੁੱਖੀ ਮਨਾਂ ਅੰਦਰ ਜ਼ਿੰਦਗੀ ਦੀ ਲੋਅ ਦਾ ਆਸ਼ਾਵਾਦੀ ਦੀਪਕ ਪ੍ਰਜਵਲਿਤ ਕਰਦਾ ਹੈ। ਇਸ ਸੰਦਰਭ ਵਿਚ ਪਾਤਰ ਵੱਲੋਂ ਆਪਣੇ ਦੇਹਾਂਤ ਤੋਂ ਕੁਝ ਘੰਟੇ ਪਹਿਲਾਂ ਪੰਜਾਬੀ ਸਾਹਿਤ ਸਭਾ ਬਰਨਾਲਾ ਦੇ ਮੰਚ 'ਤੇ ਉਸ ਵੱਲੋਂ ਗਾਈ ਗਜ਼ਲ ਵਿਚਾਰਨ ਯੋਗ ਹੈ:

ਉਠ ਜਗਾ ਦੇ ਮੋਮਬਤੀਆਂ
ਤੂੰ ਜਗਾ ਦੇ ਮੋਮਬਤੀਆਂ।
ਹਨੇਰ ਨਾ ਸਮਝੇ ਕਿ ਚਾਨਣ ਡਰ ਗਿਆ ਹੈ
ਰਾਤ ਨਾ ਸਮਝੇ ਕਿ ਸੂਰਜ ਮਰ ਗਿਆ ਹੈ
ਬਾਲ ਜੋਤਾਂ ਆਸ ਭਰੀਆਂ ਮਾਣ ਮੱਤੀਆਂ।

ਡਾ. ਪਾਤਰ ਦੀ ਅਚਾਨਕ ਹੋਈ ਮੌਤ ਨੇ ਪੂਰੇ ਵਿਸ਼ਵ ਵਿਚ ਵਸਦੇ ਉਸਦੇ ਲੱਖਾਂ ਸਨੇਹੀ ਪਾਠਕਾਂ ਨੂੰ ਝੰਜੋੜਿਆ ਹੈ। ਉਹ ਹਰ ਦਿਲ-ਅਜ਼ੀਜ਼ ਸ਼ਾਇਰ ਸੀ, ਇਹੀ ਕਾਰਨ ਹੈ ਕਿ ਹਰ ਕੋਈ ਉਸਦੇ ਸਦੀਵੀ ਵਿਛੋੜੇ ਨੂੰ ਨਿੱਜੀ ਘਾਟੇ ਵਜੋਂ ਮਹਿਸੂਸ ਕਰ ਰਿਹਾ ਹੈ। ਭਾਰਤ ਤੋਂ ਇਲਾਵਾ ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਯੂਰਪ ਦੀਆਂ ਪੰਜਾਬੀ ਸਾਹਿਤ ਸਭਾਵਾਂ ਨੇ ਉਸਦੇ ਦੇਹਾਂਤ ਉਪਰ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਸਦੀਆਂ ਇਹ ਕਾਵਿ-ਸਤਰਾਂ:

ਜੇ ਆਈ ਪਤਝੜ ਤਾਂ ਫਿਰ ਕੀ ਏ,
ਤੂੰ ਅਗਲੀ ਰੁੱਤ 'ਚ ਯਕੀਨ ਰੱਖੀਂ।
ਮੈਂ ਲਭ ਕੇ ਕਿਤਿਉਂ ਲਿਆਉਨਾ ਕਲਮਾਂ,
ਤੂੰ ਫੁੱਲਾਂ ਜੋਗੀ ਜ਼ਮੀਨ ਰੱਖੀਂ।

ਪਾਠਕਾਂ ਨੂੰ ਜ਼ਿੰਦਗੀ ਦੇ ਉਦਾਸ ਤੇ ਗਮਗੀਨ ਪਲਾਂ ਵਿਚ ਬਹਾਰ ਦੇ ਖੂਬਸੂਰਤ ਤੇ ਸੁਗੰਧੀ ਭਰੇ ਫੁੱਲਾਂ ਦੀ ਆਸ ਭਰੀ ਉਡੀਕ ਲਈ ਉਤਸ਼ਾਹਿਤ ਕਰਦੀਆਂ ਤੇ ਹਮੇਸ਼ਾ ਟੁੰਬਦੀਆਂ ਰਹਿਣਗੀਆਂ।

ਡਾ. ਪਾਤਰ ਸੰਵੇਦਨਸ਼ੀਲ ਕਵੀ ਤੋਂ ਇਲਾਵਾ ਇਕ ਬਹੁਤ ਪਿਆਰਾ, ਸੱਚਾ-ਸੁੱਚਾ ਸੁਹਿਰਦ ਇਨਸਾਨ ਸੀ। ਉਸ ਨਾਲ ਬਿਤਾਏ ਯਾਦਗਾਰੀ ਪਲਾਂ ਨੂੰ ਭੁਲਾਇਆ ਨਹੀਂ ਜਾ ਸਕਦਾ। ਅਦਾਰਾ 'ਦੇਸ਼ ਦੁਆਬਾ' ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹੋਇਆ ਉਹਨਾਂ ਦੇ ਪਰਿਵਾਰ ਪ੍ਰਤੀ ਸੰਵੇਦਨਾ ਦਾ ਇਜ਼ਹਾਰ ਕਰਦਾ ਹੈ।

### ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼

# ਗੁਰੂ ਨਾਨਕ ਦੀ ਸੋਚ ਦਾ ਵਾਰਸ ਗੁਰੂ ਅਮਰਦਾਸ ਜੀ



ਗੁਰੂ ਅਮਰਦਾਸ ਜੀ ਦਾ ਜਨਮ ਪੰਜ ਮਈ 1479 ਈ। ਨੂੰ ਪਿੰਡ ਬਾਸਰਕੇ (ਅੰਮ੍ਰਿਤਸਰ) ਵਿੱਚ ਤੇਜ ਭਾਨ ਅਤੇ ਮਾਤਾ ਸੁਲੱਖਣੀ ਦੇ ਘਰ ਹੋਇਆ। ਉਨ੍ਹਾਂ ਦਾ ਵਿਆਹ ਸਿਆਲਕੋਟ ਜ਼ਿਲ੍ਹੇ ਵਿਚਲੇ ਪਿੰਡ ਸਨਖੜਾ ਦੇ ਵਸਨੀਕ ਦੇਵੀ ਚੰਦ ਦੀ ਪੁੱਤਰੀ ਬੀਬੀ ਮਨਸ਼ਾ ਦੇਵੀ ਨਾਲ ਹੋਈ। ਗੁਰੂ ਅੰਗਦ ਦੇਵ ਜੀ ਦੇ ਮਿਲਾਪ ਤੋਂ ਪਹਿਲਾਂ ਗੁਰੂ ਅਮਰਦਾਸ ਜੀ ਹਰ ਛਿਮਾਹੀ ਗੰਗਾ ਇਸ਼ਨਾਨ ਕਰਨ ਲਈ ਪੈਦਲ ਜਾਇਆ ਕਰਦੇ ਸਨ। ਗਰਮੀ ਦੇ ਮੌਸਮ ਵਿੱਚ ਚੇਤ ਨੂੰ ਚੱਲ ਪੈਂਦੇ ਅਤੇ ਵਿਸਾਖੀ ਵਾਲੇ ਦਿਨ ਵਾਪਸੀ ਪਾਉਂਦੇ। ਸਿਆਲ ਦੀ ਰੁੱਤ ਵਿੱਚ ਅੱਸੂ ਦੇ ਮਹੀਨੇ ਰਵਾਨਾ ਹੁੰਦੇ ਅਤੇ ਕੱਤਕ ਦੀ ਪੂਰਨਮਾਸ਼ੀ ਮੋੜਾ ਪਾ ਦਿੰਦੇ। ਤੀਰਥ ਇਸ਼ਨਾਨ ਅਤੇ ਪੁੰਨ ਦਾਨ ਦੇ ਬਾਵਜੂਦ ਵੀ ਮਨ ਦੀ ਅਵਸਥਾ ਟਿਕਾਅ ਵਾਲੀ ਨਹੀਂ ਸੀ ਬਣ ਰਹੀ।

ਰਮੇਸ਼ ਬੱਗਾ ਚੋਹਲਾ
91-94631-32719

ਸੰਮਤ 1597 ਵਿਚ ਯਾਤਰਾ ਤੋਂ ਵਾਪਸ ਆਉਂਦੇ ਸਮੇਂ ਗੁਰੂ ਅਮਰਦਾਸ ਜੀ ਇੱਕ ਬ੍ਰਹਮਚਾਰੀ ਸਾਧੂ ਨਾਲ ਮਿਲੇ। ਦੋਵਾਂ ਵਿਚ ਪਿਆਰ ਪੈ ਗਿਆ। ਜਦੋਂ ਦੋਵੇਂ ਪਿੰਡ ਬਾਸਰਕੇ ਪਹੁੰਚੇ ਤਾਂ ਉਹ ਸਾਧੂ ਉਨ੍ਹਾਂ ਕੋਲ ਹੀ ਠਹਿਰ ਗਿਆ। ਪਹਿਲਾਂ ਤਾਂ ਉਹ ਸਾਧੂ ਆਪ ਪ੍ਰਸ਼ਾਦਾ ਤਿਆਰ ਕਰਦਾ ਅਤੇ ਛੱਕਦਾ ਸੀ ਪਰ ਬਾਅਦ ਵਿਚ ਉਹ ਗੁਰੂ ਅਮਰਦਾਸ ਜੀ ਦੇ ਘਰ ਦਾ ਪ੍ਰਸ਼ਾਦਾ ਵੀ ਖਾਣ ਲੱਗ ਪਿਆ। ਇੱਕ ਦਿਨ ਉਸ ਨੇ ਉਨ੍ਹਾਂ ਨੂੰ ਪੁੱਛ ਲਿਆ ਕਿ ਤੁਹਾਡਾ ਗੁਰੂ ਕੌਣ ਹੈ? ਜਵਾਬ ਵਿੱਚ ਉਨ੍ਹਾਂ ਕਿਹਾ ਕਿ ਮੈਂ ਤਾਂ ਅਜੇ ਤੱਕ ਕੋਈ ਗੁਰੂ ਧਾਰਿਆ ਹੀ ਨਹੀਂ। ਜਵਾਬ ਸੁਣਦਿਆਂ ਸਾਰ ਸਾਧੂ ਗੁੱਸੇ ਵਿਚ ਆ ਗਿਆ ਅਤੇ ਕਹਿਣ ਲੱਗਾ, "ਅਰੇ ਇਹ ਕੀ ਹੋ ਗਿਆ। ਨਿਗੁਰੇ ਦਾ ਤਾਂ ਦਰਸ਼ਨ ਹੀ ਬੁਰਾ ਹੁੰਦਾ ਹੈ, ਮੈਂ ਤਾਂ ਮਹੀਨੇ ਤੋਂ ਵਧ ਨਿਗੁਰੇ ਦਾ ਸੰਗ ਕੀਤਾ ਹੈ। ਨਿਗੁਰੇ ਦਾ ਧਾਨ ਵਰਤਿਆ ਅਤੇ ਰਿੱਧਾ-ਪੱਕਾ ਖਾਂਦਾ ਪੀਂਦਾ ਰਿਹਾ ਹਾਂ। ਮੰਦੇ ਭਾਗ ! ਮੇਰਾ ਤਾਂ ਜਨਮ ਹੀ ਗਿਆ।'

ਬੋਲ-ਕਬੋਲ ਬੋਲਦਾ ਬ੍ਰਹਮਚਾਰੀ ਸਾਧੂ ਤਾਂ ਚਾਲੇ ਪਾ ਗਿਆ ਪਰ ਗੁਰੂ ਅਮਰਦਾਸ ਜੀ ਨੂੰ ਉਦਾਸੀ ਦਾ ਆਲਮ ਬਖ਼ਸ਼ ਗਿਆ। ਹੁਣ ਹਰ ਪਲ ਇਸ ਆਲਮ ਵਿਚ ਹੀ ਬਤੀਤ ਹੋਣ ਲੱਗਾ। ਦਿਲ ਵਿੱਚ ਸਾਈਂ ਦੇ ਮਿਲਾਪ ਦੀ ਤੜਪ ਜ਼ੋਰ ਪਾਉਣ ਲੱਗੀ । ਇਸ ਤੜਪ ਨੂੰ ਘਟਾਉਣ ਅਤੇ ਮੰਜ਼ਿਲ ਨੂੰ ਨੇੜੇ ਲਿਆਉਣ ਵਿੱਚ ਉਨ੍ਹਾਂ ਦੀ ਭਤੀਜ ਨੂੰਹ ਬੀਬੀ ਅਮਰੋ ਨੇ ਅਹਿਮ ਰੋਲ ਅਦਾ ਕੀਤਾ। ਅੰਮ੍ਰਿਤ ਵੇਲੇ ਜਦੋਂ ਬੀਬੀ ਅਮਰੋ ਜੀ ਆਪਣੇ ਮੁਖਾਰਬਿੰਦ 'ਚੋਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਪੜ੍ਹਦੇ ਤਾਂ ਗੁਰੂ ਅਮਰਦਾਸ ਜੀ ਕੰਧ ਨਾਲ ਲੱਗ ਕੇ ਦਿਨ ਚੜ੍ਹਦੇ ਤੱਕ ਸੁਣਦੇ ਰਹਿੰਦੇ। ਇੱਕ ਦਿਨ ਬੀਬੀ ਜੀ ਕਿਸੇ ਜ਼ਰੂਰੀ ਕੰਮ ਆਪਣੇ ਪੇਕੇ (ਖਡੂਰ ਸਾਹਿਬ) ਚਲੇ ਗਏ। ਉਸ ਦਿਨ ਗੁਰੂ ਅਮਰਦਾਸ ਜੀ ਨੂੰ ਇੰਜ ਲੱਗਿਆ ਜਿਵੇਂ ਉਨ੍ਹਾਂ ਦੀ ਰੂਹ ਪਿਆਸੀ ਹੀ ਰਹਿ ਗਈ ਹੋਵੇ। ਜਦੋਂ ਉਨ੍ਹਾਂ ਦੀ ਪਿਆਸ ਵਧੀ ਤਾਂ ਉਨ੍ਹਾਂ ਨੇ ਇਸ ਦਾ ਜ਼ਿਕਰ ਆਪਣੀ ਭਾਬੀ ਭਾਗੋ ਜੀ ਨਾਲ ਕੀਤਾ।

ਭਾਬੀ ਭਾਗੋ ਨੇ ਕਿਹਾ ਕਿ ਜੇ ਤੁਹਾਨੂੰ ਬਾਣੀ ਸੁਣਨ ਦੀ ਚਾਹ ਹੈ ਤਾਂ ਉਨ੍ਹਾਂ ਦੇ ਪਿਤਾ ਗੁਰੂ ਅੰਗਦ ਦੇਵ ਜੀ ਕੋਲ ਹੀ ਕਿਉਂ ਨਹੀਂ ਚਲੇ ਜਾਂਦੇ। ਪੇਕਿਆਂ ਤੋਂ ਵਾਪਸ ਆ ਕੇ ਜਦੋਂ ਬੀਬੀ ਅਮਰੋ ਨੇ ਆਪਣੇ ਅੰਮ੍ਰਿਤ ਵੇਲੇ ਦੇ ਨਿੱਤਨੇਮ ਵਿੱਚ ਗੁਰੂ ਨਾਨਕ ਦੇਵ ਜੀ ਦਾ ਸ਼ਬਦ 'ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ' ਪੜ੍ਹਿਆ ਤਾਂ ਉਸ ਸ਼ਬਦ ਵਿਚਲੀ ਦਸ਼ਾ ਗੁਰੂ ਅਮਰਦਾਸ ਜੀ ਦੀ ਵੀ ਸੀ। ਉਨ੍ਹਾਂ ਨੇ ਇਹ ਸ਼ਬਦ ਬੜੇ ਧਿਆਨ ਨਾਲ ਸੁਣਿਆ। ਸੁਣ ਕੇ ਇੰਜ ਲੱਗਾ ਜਿਵੇਂ ਚਾਤ੍ਰਿਕ ਨਾਮੀ ਸੁਆਂਤ ਬੂੰਦ ਮਿਲ ਗਈ ਹੋਵੇ। ਮਨ ਇਸ ਕਦਰ ਪਿਘਲ ਗਿਆ ਕਿ ਬੀਬੀ ਅਮਰੋ ਨੂੰ ਨਾਲ ਲੈ ਕੇ ਖਡੂਰ ਸਾਹਿਬ ਪਹੁੰਚ ਗਏ। ਕੁੜਮਾਚਾਰੀ ਦੇ ਸਤਿਕਾਰ ਵਜੋਂ ਗੁਰੂ ਅੰਗਦ ਦੇਵ ਜੀ ਨੇ ਆਪਣੇ ਗਲੇ ਲਗਾਉਣਾ ਚਾਹਿਆ ਪਰ ਗਲੇ ਮਿਲਣ ਦੀ ਬਜਾਏ ਗੁਰੂ ਅਮਰਦਾਸ ਜੀ ਨੇ ਆਪਣਾ ਸਿਰ ਗੁਰੂ ਅੰਗਦ ਦੇਵ ਜੀ ਦੇ ਚਰਨਾਂ ਉੱਪਰ ਰੱਖ ਦਿੱਤਾ ਅਤੇ ਕਿਹਾ, "ਮੈਨੂੰ ਆਪਣਾ ਦਾਸ ਹੀ ਸਮਝੋ"। ਉਨ੍ਹਾਂ ਕਿਹਾ ਕਿ ਗੰਗਾ ਇਸ਼ਨਾਨ ਦਾ ਫਲ ਅੱਜ ਉਨ੍ਹਾਂ ਨੂੰ ਪ੍ਰਾਪਤ ਹੋ ਗਿਆ ਹੈ। ਮਿਲਾਪ ਦੇ ਇਸ ਪੜਾਅ 'ਤੇ ਗੁਰੂ ਅਮਰਦਾਸ ਦੀ ਉਮਰ 60 ਨੂੰ ਪਾਰ ਕਰ ਚੁੱਕੀ ਸੀ।

ਗੁਰੂ ਅਮਰਦਾਸ ਜੀ ਨੇ ਲਗਪਗ 12 ਸਾਲ ਗੁਰੂ ਅੰਗਦ ਦੇਵ ਜੀ ਦੀ ਸੇਵਾ ਕੀਤੀ। ਸੇਵਾ ਕਰਦਿਆਂ, ਪਾਣੀ ਢੋਂਦਿਆਂ ਹੱਥ ਫੁੱਟ ਗਏ ਪਰ ਗੁਰੂ ਅਮਰਦਾਸ ਜੀ ਧੀਰਜ ਦੀ ਮੂਰਤੀ ਬਣ ਗਏ। ਉਨ੍ਹਾਂ ਨਿੱਤ ਦੀ ਸੇਵਾ ਨਹੀਂ ਬਦਲੀ। ਅੰਮ੍ਰਿਤ ਵੇਲੇ ਉੱਠਣਾ, ਦਰਿਆ ਬਿਆਸ ਤੋਂ ਪਾਣੀ ਦੀ ਗਾਗਰ ਭਰ ਲਿਆਉਣੀ, ਗੁਰੂ ਅੰਗਦ ਦੇਵ ਜੀ ਦਾ ਇਸ਼ਨਾਨ ਕਰਵਾਉਣਾ, ਲੰਗਰ ਲਈ ਬਾਲਣ ਲਿਆਉਣਾ ਅਤੇ ਜੂਠੇ ਭਾਂਡੇ ਮਾਂਜਣਾ ਆਦਿ ਨਿਰੰਤਰ ਚੱਲਦਾ ਰਿਹਾ। ਇੱਕ ਦਿਨ ਗਾਗਰ ਵਿੱਚ ਜਲ ਭਰਦੇ ਸਮੇਂ ਗੁਰੂ ਅਮਰਦਾਸ ਜੀ ਦੇ ਮਨ ਵਿੱਚ ਇੱਕ ਵਿਚਾਰ ਆਇਆ, "ਮੈਂ ਬਿਨਾਂ ਇਸ਼ਨਾਨ ਹੀ ਗਾਗਰ ਭਰ ਕੇ ਲਿਜਾਂਦਾ ਰਿਹਾ ਹਾਂ। ਇਸ ਤਰ੍ਹਾਂ ਕਰਕੇ ਗੁਰੂ ਅੰਗਦ ਦੇਵ ਜੀ ਦੀ ਬੇਅਦਬੀ ਹੁੰਦੀ ਰਹੀ ਹੈ।" ਪਸ਼ਚਾਤਾਪ ਦੇ ਸੇਕ ਨੂੰ ਘੱਟ ਕਰਨ ਲਈ ਉਨ੍ਹਾਂ ਨੇ ਇਸ਼ਨਾਨ ਕਰ ਕੇ ਗਾਗਰ ਕੈ ਲੇ ਜਾਣੀ ਆਰੰਭ ਕਰ ਦਿੱਤੀ ਪਰ ਇਸ ਤਰ੍ਹਾਂ ਕਰਨ ਨਾਲ ਵੀ ਉਨ੍ਹਾਂ ਦੀ ਤਸੱਲੀ ਨਾ ਹੋ ਸਕੀ। ਬਿਰਧ ਸਰੀਰ ਹੋਣ ਦੇ ਬਾਵਜੂਦ ਦੋਚਿੱਤੀ 'ਚੋਂ ਨਿਕਲਣ ਦਾ ਇਹ ਫ਼ੈਸਲਾ ਕੀਤਾ ਗਿਆ ਕਿ ਗਾਗਰ ਸਿਰ 'ਤੇ ਧਰ ਕੇ ਹੀ ਦਰਿਆ ਵਿੱਚ ਪ੍ਰਵੇਸ਼ ਕੀਤਾ ਜਾਵੇ ਅਤੇ ਜਲ ਭਰਿਆ ਜਾਵੇ। ਇਸ ਤਰ੍ਹਾਂ ਨਾਲੇ ਇਸ਼ਨਾਨ ਹੋ ਜਾਵੇਗੀ ਅਤੇ ਨਾਲੇ ਗਾਗਰ ਭਰ ਲਈ ਜਾਵੇ।

ਪਾਣੀ ਦੀ ਸੇਵਾ ਕਰਦਿਆਂ ਇੱਕ ਦਿਨ ਕਾਫੀ ਤੇਜ਼ ਮੀਂਹ ਪੈਣ ਲੱਗਾ। ਮੀਂਹ ਰੁਕਣ 'ਤੇ ਜਦੋਂ ਗੁਰੂ ਅਮਰਦਾਸ ਨੇ ਖਡੂਰ ਸਾਹਿਬ ਵੱਲ ਚਾਲੇ ਪਾਏ ਤਾਂ ਰਸਤੇ ਵਿੱਚ ਜੁਲਾਹੇ ਦੀ ਕਿੱਲੀ ਨਾਲ ਠੇਡਾ ਖਾ ਕੇ ਡਿੱਗ ਪਏ ਪਰ ਗਾਗਰ ਨੂੰ ਸੰਭਾਲ ਲਿਆ। ਰਾਤ ਸਮੇਂ ਖੜਾਕ ਸੁਣ ਕੇ ਜੁਲਾਹੇ ਨੇ ਕਿਹਾ, "ਕੌਣ ਹੈ ਬਈ?" ਜੁਲਾਹੀ, ਜੋ ਆਵਾਜ਼ ਸੁਣ ਰਹੀ ਸੀ, ਜੁਲਾਹੇ ਨੂੰ ਸੰਬੋਧਨ ਹੁੰਦਿਆਂ ਕਹਿਣ ਲੱਗੀ, "ਚੁੱਪ ਕਰ ਕੇ ਸੁੱਤਾ ਰਹਿ, ਕਿਉਂ ਆਪਣੀ ਨੀਂਦ ਖਰਾਬ ਕਰ ਰਿਹਾ ਹੈਂ। ਇਹ ਉਹੀ ਅਮਰੂ ਨਿਥਾਵਾਂ ਹੈ, ਜੋ ਕੁੜਮਾਂ ਦੇ ਟੁੱਕੜੇ ਖਾਣ ਲਈ ਰਾਤ-ਦਿਨ ਇੱਕ ਕਰੀ ਫਿਰਦਾ ਹੈ।" ਜੁਲਾਹੀ ਦੇ ਬੋਲਾਂ ਦਾ ਜਵਾਬ ਗੁਰੂ ਅਮਰਦਾਸ ਜੀ ਨੇ ਬੜੇ ਨਿਮਰ ਸ਼ਬਦਾਂ ਨਾਲ ਦਿੰਦਿਆਂ ਕਿਹਾ, "ਕਮਲੀਏ ! ਮੈਂ ਨਿਥਾਵਾਂ ਨਹੀਂ ਰਿਹਾ। ਮੇਰੀ ਥਾਂ ਤਾਂ ਉਸ ਦੇ ਚਰਨਾਂ ਵਿੱਚ ਹੈ, ਜੋ ਦੀਨ ਦੁਨੀ ਦਾ ਮਾਲਕ ਹੈ।"

ਗੁਰੂ ਅੰਗਦ ਦੇਵ ਜੀ ਨੂੰ ਜਦੋਂ ਇਸ ਘਟਨਾਕ੍ਰਮ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਆਪਣੀ ਮਿਹਰ ਦੇ ਦਰਵਾਜ਼ੇ ਖੋਲ੍ਹ ਦਿੱਤੇ। ਵਜਦ ਵਿੱਚ ਆ ਕੇ ਕਹਿਣ ਲੱਗੇ, "ਪੁਰਖਾ ਤੂੰ ਸਾਡਾ ਹੀ ਰੂਪ ਹੈਂ। ਜਿਵੇਂ ਸੋਨੇ ਦੇ ਦੋ ਗਹਿਣਿਆਂ ਨੂੰ ਭੱਠੀ ਵਿੱਚ ਪਾ ਕੇ ਇੱਕ ਕਰ ਲਈਦਾ ਹੈ ਤਿਵੇਂ ਤੂੰ ਵੀ ਆਪਣੇ ਆਪ ਨੂੰ ਢਾਲ ਲਿਆ ਹੈ।"

ਸੰਨ 1552 ਦੇ ਮਾਰਚ ਮਹੀਨੇ ਗੁਰੂ ਅੰਗਦ ਦੇਵ ਜੀ ਨੇ ਅੰਮ੍ਰਿਤ ਵੇਲੇ ਦੇ ਦੀਵਾਨ ਵਿੱਚ ਬਚਨ ਕੀਤਾ, "ਤਜਹਿ ਸਰੀਰ ਅਬਹਿ ਚਿਤ ਆਈ॥" ਬਚਨ ਸੁਣ ਕੇ ਗੁਰੂ ਅਮਰਦਾਸ ਜੀ ਕੁੱਝ ਉਦਾਸ ਜਿਹੇ ਹੋ ਗਏ। ਗੁਰੂ ਅੰਗਦ ਦੇਵ ਜੀ ਨੇ ਉਨ੍ਹਾਂ ਨੂੰ ਆਪਣੇ ਕੋਲ ਬੁਲਾ ਕੇ ਗੁਰੂਗੱਦੀ ਸੌਂਪ ਦਿੱਤੀ। ਪਹਿਲਾਂ ਤਾਂ ਗੁਰੂ ਜੀ ਨੇ ਆਪ ਨਮਸਕਾਰ ਕੀਤੀ ਅਤੇ ਫਿਰ ਹਾਜ਼ਰ ਸੰਗਤ ਨੂੰ ਵੀ ਗੁਰੂ ਅਮਰਦਾਸ ਜੀ ਨੂੰ ਪ੍ਰਣਾਮ ਕਰਨ ਲਈ ਕਿਹਾ। ਗੁਰੂ ਨਾਨਕ ਦੀ ਸੋਚ ਦਾ ਵਾਰਸ ਬਣਨ ਤੋਂ ਬਾਅਦ ਗੁਰੂ ਅਮਰਦਾਸ ਜੀ ਨੇ 22 ਸਾਲ ਮਨੁੱਖੀ ਭਾਈਚਾਰੇ ਦੀ ਬਰਾਬਰੀ ਅਤੇ ਬਿਹਤਰੀ ਲਈ ਗੁਜ਼ਾਰੇ।

ਉਨ੍ਹਾਂ ਨੇ ਸਤੀ ਪ੍ਰਥਾ ਅਤੇ ਪਰਦੇ ਦੀ ਰਸਮ ਸਮਾਪਤ ਕਰਨ ਵਿੱਚ ਅਹਿਮ ਯੋਗਦਾਨ ਪਾਇਆ। ਜਾਤ-ਪਾਤ ਦਾ ਬੰਧਨ ਤੋੜਿਆ ਅਤੇ ਵਿਧਵਾ-ਵਿਆਹ ਦੀ ਆਰੰਭਤਾ ਕੀਤੀ। ਊਚ-ਨੀਚ ਤੇ ਛੂਤ-ਛਾਤ ਦੇ ਭਰਮ ਨੂੰ ਮਿਟਾਉਣ ਲਈ ਗੁਰੂ ਕੇ ਲੰਗਰ 'ਚੋਂ ਰਾਣਾ ਤੇ ਰੰਕ ਨੂੰ ਇੱਕ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਛੱਕਣ ਦਾ ਹੁਕਮ ਦਿੱਤਾ। ਉਨ੍ਹਾਂ ਬਾਉਲੀ ਸਾਹਿਬ ਨੂੰ ਸਿੱਖੀ ਦਾ ਤੀਰਥ ਬਣਾਇਆ ਅਤੇ ਵਿਸਾਖੀ ਦਾ ਮੇਲਾ ਆਰੰਭ ਕੀਤਾ। ਸਿੱਖੀ ਦੇ ਪ੍ਰਚਾਰ ਤੇ ਪਸਾਰ ਲਈ 22 ਮੰਜੀਆਂ ਦੀ ਸਥਾਪਨਾ ਕੀਤੀ। ਭਾਦੋਂ ਸੁਦੀ 15 ਸੰਮਤ 1631 ਅਰਥਾਤ ਪਹਿਲੀ ਸਤੰਬਰ 1574 ਈ ਨੂੰ ਉਹ (ਗੁਰੂ) ਰਾਮਦਾਸ ਜੀ ਨੂੰ ਗੁਰੂ ਨਾਨਕ ਦੇਵ ਜੀ ਦੇ ਘਰ ਦਾ ਚੌਥਾ ਵਾਰਸ ਥਾਪ ਕੇ ਜੋਤੀ-ਜੋਤ ਸਮਾ ਗਏ।

# ਦੱਖਣੀ ਜਾਰਜੀਆ ਵਿਚ ਕੁੱਤਿਆਂ ਦੇ ਝੁੰਡ ਦੇ ਹਮਲੇ ਵਿਚ ਇਕ ਔਰਤ ਦੀ ਮੌਤ ਤੇ 3 ਬੱਚੇ ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਅਮਰੀਕਾ ਦੇ ਦੱਖਣੀ ਜਾਰਜੀਆ ਰਾਜ ਦੇ ਇਕ ਸ਼ਹਿਰ ਵਿਚ ਕੁੱਤਿਆਂ ਦੇ ਝੁੰਡ ਵੱਲੋਂ ਕੀਤੇ ਹਮਲੇ ਵਿਚ ਇਕ ਔਰਤ ਦੀ ਮੌਤ ਹੋਣ ਤੇ ਉਸ ਦੇ 3 ਬੱਚਿਆਂ ਦੇ ਜ਼ਖਮੀ ਹੋਣ ਦੀ ਖਬਰ ਹੈ। ਬੱਚਿਆਂ ਨੂੰ ਜ਼ਖਮੀ ਹਾਲਤ ਵਿਚ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਬਰੁਕਸ ਕਾਊਂਟੀ ਸ਼ੈਰਿਫ ਦਫਤਰ ਦੇ ਪੁਲਿਸ ਅਫਸਰਾਂ ਅਨੁਸਾਰ ਫਲੋਰਿਡਾ- ਜਾਰਜੀਆ ਰਾਜ ਨੇੜੇ ਇਕ ਛੋਟੇ ਜਿਹੇ ਸ਼ਹਿਰ ਕੁਇਟਮੈਨ ਵਿਖੇ ਇਕ ਘਰ ਦੇ ਵੇਹੜੇ ਵਿਚ ਕੁੱਤਿਆਂ ਵੱਲੋਂ ਕੀਤੇ ਹਮਲੇ ਵਿਚ 35 ਸਾਲਾ ਔਰਤ ਕਰਟਨੀ ਵਿਲੀਅਮਜ ਦੀ ਮੌਤ ਹੋ ਗਈ। ਜਾਰਜੀਆ ਜਾਂਚ ਬਿਊਰੋ (ਜੀ ਬੀ ਆਈ) ਅਨੁਸਾਰ ਪੁਲਿਸ ਅਫਸਰਾਂ ਨੇ ਇਹ ਨਹੀਂ ਦਸਿਆ ਕਿ ਹਮਲਾ ਕਿਸ ਨਸਲ ਦੇ ਕੁੱਤਿਆਂ ਨੇ ਕੀਤਾ ਹੈ।

ਜੀ ਬੀ ਆਈ ਵੱਲੋਂ ਦਿੱਤੀ ਮੁੱਢਲੀ ਜਾਣਕਾਰੀ ਅਨੁਸਾਰ ਬੱਚਿਆਂ ਉਪਰ ਕੁੱਤਿਆਂ ਵੱਲੋਂ ਹਮਲਾ ਕਰ ਦੇਣ ਦੀ ਸੂਚਨਾ ਮਿਲਣ 'ਤੇ ਜਦੋਂ ਪੁਲਿਸ ਅਫਸਰ ਮੌਕੇ ਉਪਰ ਪੁੱਜੇ ਤਾਂ ਉਨਾਂ ਦਾ ਸਾਹਮਣਾ ਉਥੇ ਮੌਜੂਦ ਬਹੁਤ ਸਾਰੇ ਖਤਰਨਾਕ ਕੁੱਤਿਆਂ ਨਾਲ ਹੋਇਆ। ਓਦੋਂ ਤੱਕ ਕੋਈ ਵਿਅਕਤੀ ਬੱਚਿਆਂ ਨੂੰ ਹਸਪਤਾਲ ਲਿਜਾ ਚੁੱਕਾ ਸੀ। ਪੁਲਿਸ ਅਫਸਰਾਂ ਨੂੰ ਘਰ ਦੇ ਵੇਹੜੇ ਵਿਚੋਂ ਵਿਲੀਅਮਜ ਦੀ ਲਾਸ਼ ਬਰਾਮਦ ਹੋਈ ਜਿਸ ਨੂੰ ਕੁੱਤਿਆਂ ਨੇ ਬੁਰੀ ਤਰਾਂ ਨੋਚਿਆ ਹੋਇਆ ਸੀ। ਪੁਲਿਸ ਨੇ ਜ਼ਖਮੀ ਹੋਏ ਬੱਚਿਆਂ ਦੀ ਉਮਰ ਜਾਂ ਉਨਾਂ ਦੇ ਜ਼ਖਮਾਂ ਸਬੰਧੀ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਹੈ।

ਮ੍ਰਿਤਕ ਔਰਤ ਦੀ ਨਨਾਣ ਕ੍ਰਿਸਟਲ ਕਾਕਸ ਨੇ ਦੱਸਿਆ ਕਿ ਕੁੱਤੇ ਗਵਾਂਢੀ ਦੇ ਹਨ ਜੋ ਵਿਲੀਅਮਜ ਦੇ ਘਰ ਦੇ ਪਿੱਛੇ ਰਹਿੰਦਾ ਹੈ। ਵਿਲੀਅਮਜ ਆਪਣੇ 3 ਬੱਚਿਆਂ ਤੇ ਪਤੀ ਨਾਲ ਘਰ ਵਿਚ ਰਹਿੰਦੀ ਸੀ।

ਕਾਕਸ ਨੇ ਦੱਸਿਆ ਕਿ ਜਦੋਂ ਬੱਚੇ ਜਿਨਾਂ ਵਿਚ ਇਕ 10 ਸਾਲ ਦੀ ਲੜਕੀ, 12 ਸਾਲ ਦਾ ਲੜਕਾ ਤੇ ਇਕ 14 ਸਾਲ ਦਾ ਲੜਕਾ ਸ਼ਾਮਿਲ ਹੈ, ਸਕੂਲ ਬੱਸ ਵਿਚੋਂ ਉਤਰੇ ਤਾਂ ਦਰਜਨ ਦੇ ਕਰੀਬ ਕੁੱਤਿਆਂ ਨੇ ਉਨਾਂ ਉਪਰ ਹਮਲਾ ਕਰ ਦਿੱਤਾ। ਬੱਚਿਆਂ ਦੀ ਮਾਂ ਉਨਾਂ ਦੀ ਮੱਦਦ ਲਈ ਦੌੜੀ ਪਰੰਤੂ ਉਹ ਖੁਦ ਹੀ ਕੁੱਤਿਆਂ ਦਾ ਸ਼ਿਕਾਰ ਹੋ ਗਈ। ਘਟਨਾ ਦੀ ਰਾਜ ਤੇ ਸਥਾਨਕ ਪੱਧਰ ਦੇ ਅਧਿਕਾਰੀ ਜਾਂਚ ਕਰ ਰਹੇ ਹਨ। ਜਾਂਚ ਉਪਰੰਤ ਹੀ ਪੁਲਿਸ ਵੱਲੋਂ ਅਗਲੀ ਕਾਰਵਾਈ ਕੀਤੇ ਜਾਣ ਦੀ ਸੰਭਾਵਨਾ ਹੈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਭਾਜਪਾ ਨੂੰ ਦੇਸ਼ ਦਾ ਸੰਵਿਧਾਨ ਬਦਲਣ ਦੇ ਮਨਸੂਬੇ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ- ਚਰਨਜੀਤ ਸਿੰਘ ਚੰਨੀ

## ਨਾਮਜ਼ਦਗੀ ਪੱਤਰ ਦਾਖ਼ਲ ਕਰਨ ਤੋਂ ਪਹਿਲਾਂ ਹੋਈ ਰੈਲੀ ਤੇ ਰੋਡ ਸ਼ੋਅ ਵਿੱਚ ਹਜ਼ਾਰਾਂ ਲੋਕ ਚੰਨੀ ਦੇ ਹੱਕ ਵਿੱਚ ਨਿੱਤਰੇ ਤੇ ਵੱਡੀ ਲੀਡ ਨਾਲ ਜਿੱਤ ਦਾ ਦਿੱਤਾ ਸੰਕੇਤ

**ਜਲੰਧਰ (ਜੱਸੀ)–** ਜਲੰਧਰ ਲੋਕ ਸਭਾ ਹਲਕੇ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਨਾਮਜ਼ਦਗੀ ਪੱਤਰ ਦਾਖ਼ਲ ਕੀਤੇ ਗਏ। ਇਸ ਤੋਂ ਪਹਿਲਾ ਪੁੱਡਾ ਗਰਾਂਊਂਡ ਵਿੱਚ ਕਾਂਗਰਸ ਪਾਰਟੀ ਵੱਲੋਂ ਇੱਕ ਵੱਡੀ ਰੈਲੀ ਕੀਤੀ ਗਈ ਜਿਸ ਦੌਰਾਨ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਇਕੱਠੇ ਹੋਏ ਤੇ ਇਨ੍ਹਾਂ ਠਾਂਠਾ ਮਾਰਦੇ ਹਜ਼ਾਰਾਂ ਲੋਕਾਂ ਦੇ ਇਕੱਠ ਨੇ ਚਰਨਜੀਤ ਸਿੰਘ ਚੰਨੀ ਦੀ ਵੱਡੀ ਲੀਡ ਨਾਲ ਜਿੱਤ ਦੇ ਸੰਕੇਤ ਦੇ ਦਿੱਤੇ। ਇਸ ਤੋਂ ਪਹਿਲਾ ਚਰਨਜੀਤ ਸਿੰਘ ਚੰਨੀ ਭਗਵਾਨ ਪਰਸ਼ੂਰਾਮ ਜੀ ਦੇ ਮੰਦਿਰ ਅਤੇ ਗੁਰਦੁਆਰਾ ਸਾਹਿਬ ਮਾਡਲ ਟਾਊਨ ਵਿਖੇ ਨਤਮਸਤਕ ਹੋਏ। ਇਸ ਦੌਰਾਨ ਪੰਜਾਬ ਵਿਧਾਨ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਤੇ ਪੰਜਾਬ ਕਾਂਗਰਸ ਦੇ ਪ੍ਰਭਾਰੀ ਹਰੀਸ਼ ਚੌਧਰੀ ਵੀ ਵਿਸ਼ੇਸ਼ ਤੌਰ ਤੇ ਪਹੁੰਚੇ। ਜਦ ਕਿ ਵਿਧਾਇਕ ਰਾਣਾ ਗੁਰਜੀਤ ਸਿੰਘ, ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ, ਪ੍ਰਗਟ ਸਿੰਘ, ਸੁਖਵਿੰਦਰ ਸਿੰਘ ਕੋਟਲੀ, ਬਾਵਾ ਹੈਨਰੀ, ਸਾਬਕਾ ਮੰਤਰੀ ਅਵਤਾਰ ਹੈਨਰੀ, ਸਾਬਕਾ ਵਿਧਾਇਕ ਰਜਿੰਦਰ ਸਿੰਘ ਬੇਰੀ, ਡਾ. ਨਵਜੋਤ ਦਾਹੀਆ ਅਤੇ ਸੇਵਾ ਮੁਕਤ ਐਸ.ਐਸ.ਪੀ. ਰਜਿੰਦਰ ਸਿੰਘ ਵੱਡੇ ਕਾਫ਼ਲਿਆਂ ਦੇ ਨਾਲ ਇਸ ਰੈਲੀ ਵਿੱਚ ਪੁੱਜੇ। ਇਸ ਤੋਂ ਬਾਅਦ ਲੋਕਾਂ ਦੇ ਇੱਕ ਵੱਡੇ ਕਾਫ਼ਲੇ ਦੇ ਨਾਲ ਚਰਨਜੀਤ ਸਿੰਘ ਚੰਨੀ ਨਾਮਜ਼ਦਗੀ ਪੱਤਰ ਦਾਖਲ ਕਰਨ ਦੇ ਪੁੱਜੇ।ਕਾਂਗਰਸ ਪਾਰਟੀ ਵੱਲੋਂ ਕੀਤੀ ਗਈ ਰੈਲੀ ਦੌਰਾਨ ਲੋਕਾਂ ਨੂੰ ਸੰਬੋਧਨ ਕਰਦਿਆਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਸਟੇਜ ਤੋਂ ਦੇਸ਼ ਦੇ ਸੰਵਿਧਾਨ ਨੂੰ ਬਚਾਉਣ ਦਾ ਹੋਕਾ ਦਿੱਤਾ। ਸ।ਚੰਨੀ ਨੇ ਕਿਹਾ ਕਿ ਅੱਜ ਦੇਸ਼ ਦੇ ਸੰਵਿਧਾਨ ਅਤੇ ਪੰਜਾਬ ਦੀ ਹੋਂਦ ਨੂੰ ਭਾਜਪਾ ਤੋਂ ਖ਼ਤਰਾ ਹੈ 'ਤੇ ਸਾਡਾ ਸੰਵਿਧਾਨ ਬਦਲਣ ਦੀਆਂ ਕੋਝੀਆਂ ਸਾਜਿਸ਼ਾਂ ਚੱਲ ਰਹੀਆ ਹਨ। ਉਨਾਂ ਕਿਹਾ ਕਿ ਜੇਕਰ ਭਾਜਪਾ ਦੁਬਾਰਾ ਸੱਤਾ ਤੇ ਕਾਬਜ਼ ਹੁੰਦੀ ਹੈ ਤਾਂ ਇਹ ਸੰਵਿਧਾਨ ਨੂੰ ਬਦਲੇਗੀ ਤੇ ਭਾਜਪਾ ਸੰਵਿਧਾਨ ਬਦਲਕੇ ਬਾਬਾ ਭੀਮ ਰਾਓ ਅੰਬੇਡਕਰ ਜੀ ਦੇ ਨਾਮ ਅਤੇ ਉਨਾਂ ਦੀ ਸੋਚ ਖ਼ਤਮ ਕਰਨਾ ਚਾਹੁੰਦੀ ਹੈ ਪਰ ਅਸੀਂ ਇਹ ਹੋਣ ਨਹੀਂ ਦੇਣਾ ਜਿਸ ਕਰਕੇ ਭਾਜਪਾ ਨੂੰ ਕੇਂਦਰ ਵਿੱਚ ਸੱਤਾ ਤੇ ਕਾਬਜ਼ ਹੋਣ ਤੋਂ ਰੋਕਣਾ ਬਹੁਤ ਜ਼ਰੂਰੀ 'ਤੇ ਇਨ੍ਹਾਂ ਦੇ ਮਨਸੂਬੇ ਕਾਮਯਾਬ ਨਹੀਂ ਹੋਣ ਦਿੱਤੇ ਜਾਣਗੇ। ਉਹਨਾਂ ਕਿਹਾ ਕਿ ਭਾਜਪਾ ਨੂੰ ਵੋਟ ਪਾਉਣਾ ਆਪਣੇ ਬੱਚਿਆਂ ਨੂੰ ਜ਼ਹਿਰ ਦੇਣ ਦੇ ਬਰਾਬਰ ਹੈ। ਚੰਨੀ ਨੇ ਕਿਹਾ ਕਿ ਅੱਜ ਜਲੰਧਰ ਵਿੱਚ ਅਮਨ ਕਾਨੂੰਨ ਦੀ ਸਥਿਤੀ ਦਾ ਬੁਰਾ ਹਾਲ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਨੇ ਰਿੰਕੂ ਨੂੰ ਵਿਕਾਸ ਦਾ ਪਾਸਵਰਡ ਦਿੱਤਾ ਸੀ ਪਰ 10 ਮਹੀਨੇ ਵਿੱਚ ਰਿੰਕੂ ਨੇ ਜਲੰਧਰ ਦਾ ਕੁੱਝ ਸਵਾਰਿਆ ਤਾਂ ਨਹੀਂ ਉਲਟਾ ਭਗਵੰਤ ਮਾਨ ਦਾ ਪਾਸਵਰਡ ਲੈ ਕੇ ਭਾਜਪਾ ਵਿੱਚ ਸ਼ਾਮਲ ਹੋ ਗਿਆ। ਉਹਨਾਂ ਕਿਹਾ ਕਿ ਇਨ੍ਹਾਂ ਦਲ ਬਦਲੂ ਲੀਡਰਾਂ ਦਾ ਕੋਈ ਸਟੈਂਡ ਨਹੀਂ ਹੈ। ਚੰਨੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਜੂਠਾ ਪਾਣੀ ਪੱਗ ਤੇ ਪਾ ਕੇ ਪੱਗ ਦੀ ਬੇਅਦਬੀ ਕੀਤੀ ਹੈ। ਸ. ਚੰਨੀ ਨੇ ਕਿਹਾ ਕਿ ਐਨ।ਆਰ।ਆਈ ਭਰਾਵਾਂ ਨੇ ਦੁਆਬੇ ਦੀ ਤਰੱਕੀ



ਵਿੱਚ ਵਡਮੁੱਲਾ ਯੋਗਦਾਨ ਪਾਇਆ ਹੈ ਤੇ ਉਨ੍ਹਾਂ ਨੂੰ ਪੰਜਾਬ ਵਿੱਚ ਰੈਡ ਕਾਰਪੇਟ ਮਿਲੇਗਾ ਜਦ ਕਿ ਉਨਾਂ ਨਾਲ ਕਿਸੇ ਕਿਸਮ ਦਾ ਧੋਖਾ ਨਹੀਂ ਹੋਣ ਦਿੱਤਾ ਜਾਵੇਗਾ। ਉਹਨਾਂ ਕਿਹਾ ਕਿ ਅੱਜ ਹਰ ਮੁਲਾਜ਼ਮ ਕਾਂਗਰਸ ਦੇ ਹੱਕ ਵਿੱਚ ਵੋਟ ਪਾਉਣ ਲਈ ਤਿਆਰ ਬੈਠਾ ਹੈ। ਸ। ਚੰਨੀ ਨੇ ਕਿਹਾ ਕਿ ਇਥੋਂ ਦੇ ਲੀਡਰ ਦੜਾ ਸੱਟਾ ਤੇ ਲਾਟਰੀ ਕਾਰੋਬਾਰ ਚਲਾ ਰਹੇ ਹਨ ਤੇ ਨਸ਼ੇ ਦੀ ਸਪਲਾਈ ਵਿੱਚ ਵੀ ਇਨ੍ਹਾਂ ਦੀ ਹੀ ਸਰਪ੍ਰਸਤੀ ਹੈ। ਉਨ੍ਹਾਂ ਕਿਹਾ ਕਿ ਜਦੋਂ ਉਨ੍ਹਾਂ ਜਲੰਧਰ ਵਿੱਚ ਆ ਕੇ ਨਸ਼ੇ ਦਾ ਰੌਲਾ ਪਾਇਆ ਤਾਂ ਉਸ ਤੋਂ ਬਾਅਦ ਪੁਲਿਸ ਨੇ ਨਸ਼ੇ ਦੇ ਤਸਕਰਾਂ ਨੂੰ ਪਕੜਨਾ ਸ਼ੁਰੂ ਕੀਤਾ 'ਤੇ ਸੱਚ ਸਾਹਮਣੇ ਆਇਆ ਕਿ ਫੜੇ ਗਏ ਤਸਕਰਾਂ ਦੇ ਸਬੰਧ ਆਮ ਆਦਮੀ ਪਾਰਟੀ ਤੇ ਭਾਜਪਾ ਦੇ ਇਹਨਾਂ ਲੀਡਰਾਂ ਨਾਲ ਹਨ। ਉਨ੍ਹਾਂ ਕਿਹਾ ਕਿ ਸ਼ੀਤਲ ਅੰਗੁਰਾਲ ਦੇ ਨਾਲ ਇਨ੍ਹਾਂ ਤਸਕਰਾਂ ਦੇ ਸਬੰਧ ਹਨ। ਉਨ੍ਹਾਂ ਭਾਜਪਾ ਤੇ ਆਮ ਆਦਮੀ ਪਾਰਟੀ ਵਾਲੇ ਨੌਜਵਾਨਾਂ ਨੂੰ ਨਸ਼ੇ ਵਿੱਚ ਗ੍ਰਸਤ ਕਰਕੇ ਇਨ੍ਹਾਂ ਦੀਆਂ ਜ਼ਿੰਦਗੀਆਂ ਨਾਲ ਖੇਡ ਰਹੇ ਹਨ। ਸ. ਚੰਨੀ ਨੇ ਕਿਹਾ ਕਿ ਤਾਂ ਇਨ੍ਹਾਂ ਲੋਕਾਂ ਨੂੰ ਨਾ ਜਲੰਧਰ ਦੇ ਲੋਕ ਬਖਸ਼ਣਗੇ 'ਤੇ ਹੀ ਉਹ ਬਖਸ਼ਣਗੇ ਤੇ ਉਹ ਉਦੋਂ ਤੱਕ ਚੁੱਪ ਨਹੀਂ ਬੈਠਣਗੇ ਜਦੋਂ ਤੱਕ ਨਸ਼ਾ ਖ਼ਤਮ ਨਹੀਂ ਹੋ ਜਾਂਦਾ। ਉਨ੍ਹਾਂ ਕਿਹਾ ਕਿ ਗੈਰ ਕਾਨੂੰਨੀ ਕੰਮ ਕਰਨ ਵਾਲੇ ਰਿੰਕੂ ਨੂੰ ਸੋਨੇ ਦੀਆਂ ਚੈਨਾਂ ਪਾਉਂਦੇ ਹਨ। ਉਨ੍ਹਾਂ ਕਿਹਾ ਕਿ ਜਦੋਂ ਤੱਕ ਇਹ ਆਮ ਆਦਮੀ ਵਿੱਚ ਉਦੋਂ ਤੱਕ ਕਿਸੇ ਨੇ ਇਨ੍ਹਾਂ ਨੂੰ ਤੰਗ ਨਹੀਂ ਕੀਤਾ ਤੇ ਅੱਜ ਭਾਜਪਾ ਇਨ੍ਹਾਂ ਡਰਾ ਕੇ ਆਪਣੇ ਨਾਲ ਲੈ ਗਈ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਦੇ ਸਮੇਂ ਜੀ।ਓ।ਜੀ ਭਰਤੀ ਕੀਤੇ ਗਏ ਸਾਬਕਾ ਫੌਜੀਆਂ ਨੂੰ ਇਸ ਸਰਕਾਰ ਨੇ ਕੱਢ ਦਿੱਤਾ। ਉਨ੍ਹਾਂ ਕਿਹਾ ਕਿ ਪਿਛਲੇ ਦੋ ਸਾਲਾਂ ਤੋਂ ਜਲੰਧਰ ਹਲਕੇ ਦੇ ਲੋਕਾਂ ਨੇ ਸੜਕ ਬਣਾਉਣ ਵਾਲੇ ਰੋਡ ਰੋਲਰ



ਸੜਕਾਂ ਤੇ ਚਲਦੇ ਨਹੀਂ ਦੇਖੇ ਤੇ ਇਥੋਂ ਦੀਆਂ ਸੜਕਾਂ ਦਾ ਹਾਲ ਇਸ ਕਦਰ ਮਾੜਾ ਹੈ ਕਿ ਇਹ ਸੜਕਾਂ ਹਾਦਸਿਆਂ ਦਾ ਕਾਰਨ ਬਣ ਰਹੀਆ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਦੋ ਸਾਲਾਂ ਵਿੱਚ ਕਿਸੇ ਨਗਰ ਕੌਂਸਲ, ਕਾਰਪੋਰੇਸ਼ਨ ਜਾਂ ਪੰਚਾਇਤ ਨੂੰ ਕੋਈ ਪੈਸਾ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਝਾੜੂ ਨੂੰ ਜਿਤਾ ਕੇ ਲੋਕਾਂ ਨੇ ਪੰਜਾਬ ਚ ਕਲੇਸ਼ ਖੜਾ ਲਿਆ ਹੈ ਤੇ ਹੁਣ ਲੋਕ ਝਾੜੂ ਨੂੰ ਲੰਬਾ ਪਾਉਣ ਦੀ ਤਿਆਰੀ ਵਿੱਚ ਹਨ ਤਾਂ ਜੋ ਪੰਜਾਬ ਵਿੱਚ ਅਮਨ ਸ਼ਾਂਤੀ ਤੇ ਖੁਸ਼ਹਾਲੀ ਆ ਸਕੇ। ਸ।ਚੰਨੀ ਨੇ ਕਿਹਾ ਕਿ ਭਾਜਪਾ ਵੱਲੋਂ ਕੀਤੇ ਗਏ ਰੋਡ ਸ਼ੋਅ ਵਿੱਚ ਦਿਹਾੜੀ ਤੇ ਲੋਕ ਲਿਆਂਦੇ ਗਏ ਕਿਉਂਕਿ ਲੋਕ ਅੱਜ ਭਾਜਪਾ ਨੂੰ ਭਜਾ ਰਹੇ ਹਨ। ਉਨ੍ਹਾਂ ਕਿਹਾ ਕਿ ਜੋ ਨੁਕਸਾਨ ਭਾਜਪਾ ਅਤੇ ਪੰਜਾਬ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਦੋ ਸਾਲ 'ਚ ਕੀਤਾ ਗਿਆ ਹੈ ਇਹ ਦਿਨ ਪੰਜਾਬ ਦੇ ਇਤਿਹਾਸ ਵਿੱਚ ਕਾਲੇ ਅੱਖਰਾਂ ਨਾਲ ਲਿਖੇ ਜਾਣਗੇ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਇਨ੍ਹਾਂ ਸਰਕਾਰ ਨੇ ਕੁੱਟਿਆ ਤੇ ਮਾਰਿਆ ਹੈ ਜਦ ਕਿ ਪੰਜਾਬ ਦੀ ਸਰਹੱਦ ਵਿੱਚ ਮਾਰੇ ਗਏ ਕਿਸਾਨ ਦੇ ਮਾਮਲੇ ਵਿੱਚ ਕੋਈ ਕਾਰਵਾਈ ਤੱਕ ਨਹੀਂ ਕੀਤੀ ਗਈ। ਸ. ਚੰਨੀ ਨੇ ਕਿਹਾ ਕਿ ਕਿਸਾਨਾਂ ਦਾ ਪੁੱਤ ਬਣਕੇ ਮੁੱਖ ਮੰਤਰੀ ਕਿਸਾਨਾਂ ਨਾਲ ਧ੍ਰੋਹ ਕਮਾ ਰਿਹਾ ਹੈ। ਉਨ੍ਹਾਂ ਕਿਹਾ ਕਿ ਡੇਰਾ ਸੱਚਖੰਡ ਬੱਲਾਂ ਵਿਖੇ ਸ਼੍ਰੀ ਗੁਰੂ ਰਵਿਦਾਸ ਅੰਮ੍ਰਿਤ ਬਾਣੀ ਅਧਿਐਨ ਸੈਂਟਰ ਖੋਲ੍ਹਣ ਲਈ ਉਨ੍ਹਾਂ ਨੇ 25 ਕਰੋੜ ਰੁਪਏ ਦਿੱਤੇ ਸਨ ਪਰ ਅੱਜ ਤੱਕ ਮੌਜੂਦਾ ਸਰਕਾਰ ਨੇ ਇੱਕ ਰੁਪਇਆ ਵੀ ਇਥੇ ਲੱਗਣ ਨਹੀਂ ਦਿੱਤਾ।ਉਨਾਂ ਕਿਹਾ ਕਿ ਅੰਮ੍ਰਿਤਸਰ ਵਿੱਚ ਵਾਲਮੀਕਿ ਤੀਰਥ ਦੇ ਲਈ 28 ਕਰੋੜ ਰੁਪਏ ਦਿੱਤੇ ਪਰ ਅੱਜ ਤੱਕ ਇਸ ਮੌਜੂਦਾ ਪੰਜਾਬ ਸਰਕਾਰ ਨੇ ਇੱਕ ਰੁਪਏ ਦਾ ਕੰਮ ਸ਼ੁਰੂ ਨਹੀਂ ਹੋਣ ਦਿੱਤਾ। ਜਦ ਕਿ ਭਾਈ ਜੈਤਾ ਜੀ ਦੀ ਸਥਾਪਤ ਕੀਤੀ ਗਈ ਚੇਅਰ ਦਾ ਕੰਮ ਵੀ ਅੱਗੇ ਵੱਧਣ ਨਹੀਂ ਦਿੱਤਾ। ਸ।ਚੰਨੀ ਨੇ ਕਿਹਾ ਕਿ ਉਨ੍ਹਾਂ ਦੇ ਮਨ ਨੂੰ ਅੱਜ ਬਹੁਤ ਤਸੱਲੀ ਹੋਈ ਜਦੋਂ ਮੁੱਖ ਮੰਤਰੀ ਰਹਿੰਦਿਆਂ ਭਗਵਾਨ ਪਰਸ਼ੂ ਰਾਮ ਜੀ ਦੇ ਮੰਦਿਰ ਖਾਟੀ ਫਗਵਾੜਾ ਲਈ 10 ਕਰੋੜ ਰੁਪਏ ਦਿੱਤੇ ਤੇ ਅੱਜ ਭਗਵਾਨ ਪਰਸ਼ੂ ਰਾਮ ਜੀ ਦੀ ਜੈਅੰਤੀ ਮੌਕੇ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਦੋ ਕਰੋੜ ਰੁਪਏ ਭਗਵਾਨ ਵਿਸ਼ਵਕਰਮਾ ਜੀ ਦੇ ਮੰਦਿਰ ਲਈ ਦਿੱਤੇ ਜਦ ਕਿ ਭਗਵਾਨ ਕਬੀਰ ਜੀ ਗੁਰੂ ਰਵਿਦਾਸ ਧਾਮ ਨੂੰ ਫੰਡ ਦਿੱਤੇ। ਉਨ੍ਹਾਂ ਕਿਹਾ ਕਿ ਬਿਜਲੀ ਅਤੇ ਪਾਣੀ ਦੇ ਬਕਾਏ ਬਿੱਲ ਉਨ੍ਹਾਂ ਦੀ ਸਰਕਾਰ ਵੱਲੋਂ ਮਾਫ਼ ਕੀਤੇ ਗਏ ਜਦ ਕਿ ਮੁਲਾਜ਼ਮਾਂ ਤਨਖਾਹਾਂ ਵਧਾਈਆਂ ਗਈਆਂ ਸਨ।ਉਨਾਂ ਕਿਹਾ ਕਿ ਅੱਜ ਜਲੰਧਰ ਦੇ ਲੋਕ ਇੱਕ ਤਰਫ਼ਾ ਹੋ ਕੇ ਉਨਾਂ ਦੇ ਨਾਲ ਜੁੜ ਰਹੇ ਹਨ। ਇਸ ਦੌਰਾਨ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ,ਪੰਜਾਬ ਕਾਂਗਰਸ ਦੇ ਪ੍ਰਭਾਰੀ ਹਰੀਸ਼ ਚੋਧਰੀ, ਵਿਧਾਇਕ ਰਾਣਾ ਗੁਰਜੀਤ ਸਿੰਘ,ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ, ਪ੍ਰਗਟ ਸਿੰਘ, ਸੁਖਵਿੰਦਰ ਸਿੰਘ ਕੋਟਲੀ, ਬਾਵਾ ਹੈਨਰੀ, ਸਾਬਕਾ ਮੰਤਰੀ ਅਵਤਾਰ ਹੈਨਰੀ, ਸਾਬਕਾ ਵਿਧਾਇਕ ਰਜਿੰਦਰ ਸਿੰਘ ਬੇਰੀ, ਡਾ।ਨਵਜੋਤ ਦਾਹੀਆ ਅਤੇ ਸੇਵਾ ਮੁਕਤ ਐਸ.ਐਸ.ਪੀ. ਰਜਿੰਦਰ ਸਿੰਘ ਨੇ ਵੀ ਲੋਕਾਂ ਨੂੰ ਕਾਂਗਰਸ ਪਾਰਟੀ ਉਮੀਦਵਾਰ ਚਰਨਜੀਤ ਸਿੰਘ ਚੰਨੀ ਨੂੰ ਜਿਤਾਉਣ ਦੀ ਅਪੀਲ ਕਰਦਿਆ ਕਿਹਾ ਕਿ ਕਾਂਗਰਸ ਨੇ ਇੱਕ ਚੰਗੀ ਤੇ ਦੂਰਅੰਦੇਸ਼ੀ ਸੋਚ ਰੱਖਣ ਵਾਲਾ ਲੀਡਰ ਸਾਨੂੰ ਦਿੱਤਾ ਹੈ ਤੇ ਹੁਣ ਅਸੀ ਇਸ ਦੀ ਕਦਰ ਪਾ ਕੇ ਵੱਡੀ ਲੀਡ ਨੂੰ ਜਿਤਾ ਕੇ ਲੋਕ ਸਭਾ ਭੇਜੀਏ ਤਾਂ ਜੋ ਦੁਆਬੇ ਦੇ ਮਸਲੇ ਦੇਸ਼ ਦੀ ਲੋਕ ਵਿੱਚ ਹੱਲ ਹੋ ਸਕਣ। ਇਸ ਮੌਕੇ ਸ. ਚਰਨਜੀਤ ਸਿੰਘ ਚੰਨੀ ਦਾ ਪਰਿਵਾਰ ਅਤੇ ਸਾਬਕਾ ਮੰਤਰੀ ਅਵਤਾਰ ਹੈਨਰੀ, ਸਾਬਕਾ ਵਿਧਾਇਕ ਚੌਧਰੀ ਸੁਰਿੰਦਰ ਸਿੰਘ, ਅੰਮ੍ਰਿਤਪਾਲ ਭੌਂਸਲੇ ਫਿਲੌਰ, ਡਾ. ਸੁਖਬੀਰ ਸਿੰਘ ਸਲਾਰਪੁਰ ਤੋਂ ਇਲਾਵਾ ਕੌਂਸਲਰ, ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਬਲਾਕ ਸੰਮਤੀ ਮੈਂਬਰ, ਸਰਪੰਚ ਅਤੇ ਇਲਾਕੇ ਭਰ ਦੇ ਸੀਨੀਅਰ ਕਾਂਗਰਸੀ ਆਗੂ ਅਤੇ ਵਰਕਰ ਮੌਜੂਦ ਸਨ।

# ਕਾਂਗਰਸ ਵਿਧਾਇਕ ਸੁਖਵਿੰਦਰ ਕੋਟਲੀ ਨੇ ਪੰਜਾਬ ਅਤੇ ਕੇਂਦਰ ਸਰਕਾਰਾਂ ਤੋਂ ਜਵਾਬਦੇਹੀ ਮੰਗੀ, ਮੁੱਖ ਮੰਤਰੀ ਭਗਵੰਤ ਮਾਨ ਨੂੰ ਖੁੱਲ੍ਹੀ ਚੁਣੌਤੀ

**ਫਿਲੌਰ (ਜੱਸੀ)–**ਅੱਜ ਇੱਕ ਪ੍ਰੈਸ ਕਾਨਫਰੈਂਸ ਵਿੱਚ, ਕਾਂਗਰਸ ਵਿਧਾਇਕ ਸੁਖਵਿੰਦਰ ਕੋਟਲੀ ਨੇ ਪੰਜਾਬ ਅਤੇ ਕੇਂਦਰ ਸਰਕਾਰਾਂ ਨੂੰ ਉਨ੍ਹਾਂ ਦੇ ਵਾਅਦਿਆਂ ਨੂੰ ਪੂਰਾ ਕਰਨ ਅਤੇ ਉਨ੍ਹਾਂ ਪ੍ਰਤੀ ਜਵਾਬਦੇਹ ਰਹਿਣ ਦੀ ਅਪੀਲ ਕੀਤੀ। ਕਾਂਗਰਸ ਪਾਰਟੀ ਵਲੋਂ ਬੋਲਦੇ ਹੋਏ, ਉਨ੍ਹਾਂ ਨੇ ਪੰਜਾਬ ਸਰਕਾਰ ਵਲੋਂ ਕੀਤੇ ਗਏ 11 ਮਹੱਤਵਪੂਰਨ ਮੁੱਦਿਆਂ ਅਤੇ ਵਾਅਦਿਆਂ ਅਤੇ ਭਾਰਤ ਦੇ ਲੋਕਾਂ ਨਾਲ ਕੀਤੇ ਕੇਂਦਰ ਸਰਕਾਰ ਦੇ ਪੰਜ ਮਹੱਤਵਪੂਰਨ ਵਾਅਦਿਆਂ ਨੂੰ ਉਠਾਇਆ।

**ਪੰਜਾਬ ਸਰਕਾਰ ਦੇ ਵਾਅਦਿਆਂ ਨੂੰ ਸਮਰਪਿਤ:**

ਵਿਧਾਇਕ ਸੁਖਵਿੰਦਰ ਕੋਟਲੀ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਦਲਿਤ ਨੂੰ ਉਪ ਮੁੱਖ ਮੰਤਰੀ ਨਿਯੁਕਤ ਕਰਨ ਦੇ ਅਧੂਰੇ ਵਾਅਦੇ ਬਾਰੇ ਸਵਾਲ ਕੀਤਾ। ਉਨ੍ਹਾਂ ਨੇ ਵਿਧਾਨ ਸਭਾ ਵਿੱਚ ਇਸ ਮੁੱਦੇ ਨੂੰ ਉਠਾਉਣ 'ਤੇ ਕੀਤੇ ਗਏ ਅਪਮਾਨ ਦਾ ਜ਼ਿਕਰ ਕੀਤਾ ਅਤੇ ਸਾਰਵਜਨਿਕ ਅਪਮਾਨ ਦਾ ਬਦਲਾ ਲੈਣ ਦੀ ਕਸਮ ਖਾਈ। ਉਨ੍ਹਾਂ ਨੇ ਦੱਸਿਆ ਕਿ ਸੂਬੇ ਦੇ ਇੱਕ ਵੀ ਦਲਿਤ ਆਗੂ ਨੂੰ ਰਾਜ ਸਭਾ ਨਹੀਂ ਭੇਜਿਆ ਜਿਹੜਾ ਕਿ ਸੂਬੇ ਦੇ ਦਲਿਤਾਂ ਨਾਲ ਪੱਖ ਪਾਤ ਦਿਖਾਉਂਦਾ ਹੈ। ਇਸ ਤੋਂ ਇਲਾਵਾ, ਪੰਜਾਬ ਐਸਸੀ ਕਮਿਸ਼ਨ ਦੇ ਮੈਂਬਰਾਂ ਦੀ ਗਿਣਤੀ 10 ਤੋਂ ਘਟਾ ਕੇ 5 ਕਰ ਦਿੱਤੀ ਗਈ ਹੈ, ਅਤੇ ਉਨ੍ਹਾਂ ਦੀ ਮਿਆਦ 6 ਸਾਲ ਤੋਂ ਘਟਾ ਕੇ 3 ਸਾਲ ਕਰ ਦਿੱਤੀ ਗਈ ਹੈ, ਜਿਸ ਕਾਰਨ ਪੰਜਾਬ ਵਿੱਚ ਦਲਿਤਾਂ ਨਾਲ ਹੋ ਰਹੇ ਬੁਰੇ ਸਲੂਕ 'ਤੇ ਚਿੰਤਾ ਜਤਾਈ ਗਈ। ਸ਼ਗਨ ਯੋਜਨਾ ਬਾਰੇ ਉਨ੍ਹਾਂ ਨੇ ਦੱਸਿਆ ਕਿ ਕਾਂਗਰਸ ਨੇ 31,000 ਪ੍ਰਦਾਨ ਕੀਤੇ ਸਨ, ਜਦ ਕਿ ਆਪ ਸਰਕਾਰ ਨੇ 51,000 ਦਾ ਵਾਅਦਾ ਕੀਤਾ ਸੀ ਪਰ ਅਜੇ ਤੱਕ ਪੂਰਾ ਨਹੀਂ ਕੀਤਾ। ਇਸੇ ਤਰ੍ਹਾਂ, ਉਨ੍ਹਾਂ ਨੇ ਵਿਧਵਾ ਅਤੇ ਬੁਜ਼ੁਰਗਾਂ ਲਈ ਐਲਾਨ ਕੀਤੀ 2,500 ਪੈਨਸ਼ਨ ਦੇ ਬਾਰੇ ਜਵਾਬ ਮੰਗਿਆ, ਜੋ ਅਜੇ ਤੱਕ ਨਹੀਂ ਮਿਲੀ ਹੈ। ਉਨ੍ਹਾਂ ਨੇ ਕਾਂਗਰਸ ਦੇ ਰਿਕਾਰਡ ਨਾ.ਲ ਤੁਲਨਾ ਕਰਦਿਆਂ ਦੱਸਿਆ ਕਿ ਕਾਂਗਰਸ ਨੇ ਪੈਨਸ਼ਨ ਨੂੰ 750 ਤੋਂ ਵਧਾ ਕੇ 1,500 ਕੀਤਾ ਸੀ।



ਉਨ੍ਹਾਂ ਨੇ ਚਿਰ ਤੋਂ ਰੋਕੀ 16,000 ਕਰੋੜ ਪੋਸਟ ਮੈਟ੍ਰਿਕ ਸਕਾਲਰਸ਼ਿਪ ਦੇ ਮੁੱਦੇ ਨੂੰ ਵੀ ਉਠਾਇਆ, ਸਰਕਾਰ ਦੀ ਇਸ ਲਾਪਰਵਾਹੀ ਦੀ ਆਲੋਚਨਾ ਕੀਤੀ, ਬਾਵਜੂਦ ਇਸਦੇ ਕਿ ਵਿਦਿਆਰਥੀ ਵਿਰੋਧ ਕਰ ਰਹੇ ਹਨ ਅਤੇ ਗਿਰਫ਼ਤਾਰ ਕੀਤੇ ਜਾ ਰਹੇ ਹਨ। ਇਸ ਤੋਂ ਇਲਾਵਾ, ਉਨ੍ਹਾਂ ਨੇ 18 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਲਈ ਐਲਾਨੀ 1,000 ਮਹੀਨਾਵਾਰ ਭੱਤਾ ਦੇ ਬਾਰੇ ਸਪਸ਼ਟਤਾ ਦੀ ਮੰਗ ਕੀਤੀ, ਜੋ ਅਜੇ ਤੱਕ ਵੰਡਿਆ ਨਹੀਂ ਗਿਆ। ਉਨ੍ਹਾਂ ਨੇ ਸਫਾਈ ਕਰਮਚਾਰੀਆਂ ਨਾਲ ਇੱਕਜੁੱਟਤਾ ਪ੍ਰਗਟਾਈ, ਜਿਨ੍ਹਾਂ ਨੂੰ ਸਥਾਈ ਨੌਕਰੀ ਦਾ ਵਾਅਦਾ ਕੀਤਾ ਗਿਆ ਸੀ ਪਰ ਕੋਈ ਤਰੱਕੀ ਨਹੀਂ ਹੋਈ। ਉਨ੍ਹਾਂ ਨੇ 8 ਘੰਟਿਆਂ ਤੋਂ 12 ਘੰਟਿਆਂ ਤੱਕ ਮਜ਼ਦੂਰਾਂ ਦੇ ਕੰਮ ਦੇ ਘੰਟਿਆਂ ਵਿੱਚ ਵਾਧੇ ਦੀ ਨਿੰਦਾ ਕੀਤੀ, ਇਸਨੂੰ ਅਨਿਆ ਦੱਸਿਆ ਅਤੇ ਇਸਦੇ ਕਾਨੂੰਨੀ ਆਧਾਰ 'ਤੇ ਸਵਾਲ ਉਠਾਇਆ। ਸੁਖਵਿੰਦਰ ਕੋਟਲੀ ਨੇ ਮੁੱਖ ਮੰਤਰੀ ਤੋਂ ਪੰਜ ਮਰਲਾ ਜ਼ਮੀਨ 'ਤੇ ਗਰੀਬਾਂ ਲਈ ਘਰ ਬਨਾਉਣ ਦੀ ਸਥਿਤੀ ਬਾਰੇ ਸਪਸ਼ਟੀਕਰਨ ਮੰਗਿਆ ।

**ਕੇਂਦਰ ਸਰਕਾਰ ਦੇ ਵਾਅਦਿਆਂ 'ਤੇ ਸਵਾਲ ਉਠਾਉਂਦੇ ਹੋਏ:**

ਕੇਂਦਰ ਸਰਕਾਰ ਵੱਲ ਸਖ਼ਤ ਰੁਖ ਕਰਦੇ ਹੋਏ, ਵਿਧਾਇਕ ਸੁਖਵਿੰਦਰ ਕੋਟਲੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਇੱਕ ਦਹਾਕਾ ਪਹਿਲਾਂ ਕੀਤੇ ਅਧੂਰੇ ਵਾਅਦਿਆਂ ਬਾਰੇ ਜਵਾਬ ਮੰਗਿਆ। ਉਨ੍ਹਾਂ ਨੇ ਗਰੀਬਾਂ ਦੇ ਖਾਤਿਆਂ ਵਿੱਚ 15 ਲੱਖ ਅਤੇ ਵਿਦੇਸ਼ੀ ਮੁਲਕਾਂ ਤੋਂ ਕਾਲੇ ਧਨ ਦੀ ਵਾਪਸੀ ਬਾਰੇ ਸਵਾਲ ਕੀਤਾ। ਉਨ੍ਹਾਂ ਨੇ ਹਰ ਸਾਲ 2 ਕਰੋੜ ਨੌਕਰੀਆਂ ਦਾ ਵਾਅਦਾ ਪੂਰਾ ਨਾ ਹੋਣ ਅਤੇ ਹਵਾਈ ਅੱਡਿਆਂ, ਤੇਲ ਕੰਪਨੀਆਂ ਅਤੇ ਲਾਲ ਕਿਲੇ ਦੀ ਵਿਕਰੀ ਸਮੇਤ ਸਰਕਾਰ ਦੇ ਨਿੱਜੀਕਰਨ ਯਤਨਾਂ ਦੀ ਨਿੰਦਾ ਕੀਤੀ।

ਉਨ੍ਹਾਂ ਨੇ ਆਪਣੇ ਚੋਣ ਖੇਤਰ ਆਦਮਪੁਰ ਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਕਾਂਗਰਸ ਪਾਰਟੀ ਸੱਤਾ ਵਿੱਚ ਆਉਣ ਤੋਂ ਬਾਅਦ ਸਥਾਨਕ ਹਵਾਈ ਅੱਡੇ ਦਾ ਨਾਮ ਸ਼੍ਰੀ ਗੁਰੂ ਰਵਿਦਾਸ ਹਵਾਈ ਅੱਡਾ ਕਰੇਗੀ, ਜਿਸਨੂੰ ਪਹਿਲਾਂ ਪੰਜਾਬ ਵਿਧਾਨ ਸਭਾ ਵਿੱਚ ਪਾਸ ਕੀਤਾ ਗਿਆ ਸੀ। ਉਨ੍ਹਾਂ ਨੇ ਕੇਂਦਰ ਸਰਕਾਰ 'ਤੇ ਓਬੀਸੀ ਰਿਜ਼ਰਵੇਸ਼ਨ ਨਾ ਦੇਣ ਦਾ ਵੀ ਦੋਸ਼ ਲਾਇਆ ਅਤੇ ਮੋਦੀ ਅਤੇ ਅਮਿਤ ਸ਼ਾਹ ਤੋਂ ਜਵਾਬ ਮੰਗਿਆ।

**ਮੁੱਖ ਮੰਤਰੀ ਭਗਵੰਤ ਮਾਨ ਨੂੰ ਖੁੱਲ੍ਹੀ ਚੁਣੌਤੀ:**

ਅਖੀਰ ਵਿੱਚ, ਵਿਧਾਇਕ ਸੁਖਵਿੰਦਰ ਕੋਟਲੀ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਖੁੱਲ੍ਹੀ ਚੁਣੌਤੀ ਦਿੱਤੀ, ਉਨ੍ਹਾਂ ਤੋਂ ਪੁੱਛਿਆ ਕਿ ਉਹ ਲੋਕ ਸਭਾ ਚੋਣਾਂ ਵਿੱਚ ਕਿਹੜੀ ਸੀਟ ਤੋਂ ਚੋਣ ਲੜਨਗੇ ਅਤੇ ਇੱਕ ਮਜ਼ਬੂਤ ਜਵਾਬ ਦੇਣ ਦਾ ਵਾਅਦਾ ਕੀਤਾ। ਉਨ੍ਹਾਂ ਨੇ ਮੁੱਖ ਮੰਤਰੀ ਨੂੰ ਵਿਧਾਨ ਸਭਾ ਵਿੱਚ ਆਪਣੇ ਨਾਲ ਕੀਤੇ ਬੁਰੇ ਸਲੂਕ ਦੀ ਯਾਦ ਦਿਵਾਈ ਅਤੇ ਆਦਮਪੁਰ ਅਤੇ ਜਲੰਧਰ ਵਿੱਚ ਉਸੇ ਤਰ੍ਹਾਂ ਦੇ ਸਵਾਗਤ ਦੀ ਚੇਤਾਵਨੀ ਦਿੱਤੀ।

ਕਾਂਗਰਸ ਪਾਰਟੀ ਪੰਜਾਬ ਅਤੇ ਭਾਰਤ ਦੇ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਲਈ ਪੰਜਾਬ ਅਤੇ ਕੇਂਦਰ ਸਰਕਾਰਾਂ ਤੋਂ ਜਵਾਬਦੇਹੀ ਅਤੇ ਪਾਰਦਰਸ਼ਿਤਾ ਦੀ ਮੰਗ ਕਰਦੀ ਹੈ।

# ਪਦਮਸ੍ਰੀ ਡਾ. ਸੁਰਜੀਤ ਪਾਤਰ ਨੂੰ ਸਰਕਾਰੀ ਸਨਮਾਨਾਂ ਨਾਲ ਦਿੱਤੀ ਅੰਤਿਮ ਵਿਦਾਇਗੀ

## ਭਗਵੰਤ ਮਾਨ ਸਣੇ ਸਾਹਿਤਕ, ਰਾਜਨੀਤਿਕ ਤੇ ਸਨਅਤੀ ਖੇਤਰ ਦੀਆਂ ਹਸਤੀਆਂ ਵੱਲੋਂ ਸ਼ਰਧਾਂਜਲੀ

**ਲੁਧਿਆਣਾ–** ਉੱਘੇ ਪੰਜਾਬੀ ਸ਼ਾਇਰ ਤੇ ਕਵੀ ਪਦਮਸ੍ਰੀ ਡਾ. ਸੁਰਜੀਤ ਪਾਤਰ ਨੂੰ ਅੱਜ ਇੱਥੋਂ ਦੇ ਮਾਡਲ ਟਾਊਨ ਐਕਸਟੈਨਸ਼ਨ ਸਮਸ਼ਾਨਘਾਟ ਵਿੱਚ ਸਰਕਾਰੀ ਸਨਮਾਨਾਂ ਨਾਲ ਅੰਤਿਮ ਵਿਦਾਇਗੀ ਦਿੱਤੀ ਗਈ। ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਸਮੇਤ ਉੱਘੀਆਂ ਸਾਹਿਤਕ, ਰਾਜਨੀਤਿਕ ਅਤੇ ਉਦਯੋਗ ਜਗਤ ਦੀਆਂ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ। ਚਿਖਾ ਨੂੰ ਅਗਨੀ ਦੇਣ ਮੌਕੇ ਡਾ. ਪਾਤਰ ਦੀ ਪਤਨੀ ਭੁਪਿੰਦਰ ਕੌਰ, ਪੁੱਤਰ ਅੰਕੁਰ ਸਿੰਘ ਪਾਤਰ ਤੇ ਮਨਰਾਜ ਸਿੰਘ ਪਾਤਰ ਅਤੇ ਡਾ। ਪਾਤਰ ਦੇ



ਭਰਾ ਉਪਕਾਰ ਸਿੰਘ ਪਾਤਰ ਵੀ ਮੌਜੂਦ ਸਨ। ਡਾ. ਸੁਰਜੀਤ ਪਾਤਰ ਨਮਿਤ 18 ਮਈ ਨੂੰ ਅਖੰਡ ਪਾਠ ਰੱਖਿਆ ਜਾਵੇਗਾ ਜਦਕਿ ਅੰਤਿਮ ਅਰਦਾਸ 20 ਮਈ ਨੂੰ ਆਸ਼ਾ ਪੁਰੀ ਦੇ ਗੁਰਦੁਆਰਾ ਮਾਈ ਬਿਸ਼ਨ ਕੌਰ ਵਿਖੇ ਹੋਵੇਗੀ। ਪੰਜਾਬ ਦੇ ਸਿਰਮੌਰ ਸ਼ਾਇਰ ਦਾ 11 ਮਈ ਨੂੰ ਦੇਹਾਂਤ ਹੋ ਗਿਆ ਸੀ। ਡਾ। ਪਾਤਰ ਦੀ ਮ੍ਰਿਤਕ ਦੇਹ ਨੂੰ ਅੱਜ ਫੁੱਲਾਂ ਨਾਲ ਸਜਾਈ ਗੱਡੀ ਵਿੱਚ ਰੱਖ ਕੇ ਮਾਡਲ ਟਾਊਨ ਦੇ ਸਮਸ਼ਾਨਘਾਟ ਵਿੱਚ ਲਿਆਂਦਾ ਗਿਆ। ਮੁੱਖ ਮੰਤਰੀ ਭਗਵੰਤ ਮਾਨ ਤੇ ਹੋਰਨਾਂ ਵੱਲੋਂ ਡਾ। ਪਾਤਰ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਏਡੀਸੀ (ਜਨਰਲ) ਮੇਜਰ ਅਮਿਤ ਸਰੀਨ, ਸੈਰ-ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਡਾਇਰੈਕਟਰ ਨੀਰੂ ਕਤਿਆਲ ਨੇ ਵੀ ਫੁੱਲ ਮਾਲਾਵਾਂ ਭੇਟ ਕੀਤੀਆਂ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਆਨੰਦਪੁਰ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਭਾਈ ਮਨਜੀਤ ਸਿੰਘ ਵੱਲੋਂ ਅੰਤਿਮ ਅਰਦਾਸ ਕੀਤੀ ਗਈ। ਪੁਲਿਸ ਦੀ ਟੁੱਕੜੀ ਨੇ ਉਨ੍ਹਾਂ ਨੂੰ ਸਲਾਮੀ ਦਿੱਤੀ ਅਤੇ ਸੋਗ ਧੁਨਾਂ ਵਜਾਈਆਂ। ਮਾਹੌਲ ਇੰਨਾ ਸੋਗਮਈ ਸੀ ਕਿ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਉੱਥੇ ਪਹੁੰਚੇ ਹਰ ਵਿਅਕਤੀ ਦੀਆਂ ਅੱਖਾਂ ਨਮ ਸਨ। ਮੁੱਖ ਮੰਤਰੀ ਸ੍ਰੀ ਮਾਨ ਨੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਦੱਸਿਆ ਕਿ ਸਰਕਾਰ ਵੱਲੋਂ ਡਾ। ਪਾਤਰ ਦੇ ਨਾਮ ’ਤੇ ਐਵਾਰਡ ਸ਼ੁਰੂ ਕੀਤਾ ਜਾ ਰਿਹਾ ਹੈ ਜੋ ਹਰ ਸਾਲ ਕਿਸੇ ਨੌਜਵਾਨ ਲੇਖਕ ਨੂੰ ਦਿੱਤਾ ਜਾਵੇਗਾ।

# ਐਡਵੋਕੇਟ ਰਣਜੀਤ ਕੁਮਾਰ ਲੋਕ ਸਭਾ ਹੁਸ਼ਿਆਰਪੁਰ ਤੋਂ ਬਸਪਾ ਉਮੀਦਵਾਰ ਐਲਾਨੇ

**ਕਨੇਡਾ/ ਵੈਨਕੂਵਰ /ਹੁਸ਼ਿਆਰਪੁਰ (ਕੁਲਦੀਪ ਚੁੰਬਰ)** ਬਹੁਜਨ ਸਮਾਜ ਪਾਰਟੀ ਨੇ ਲੋਕ ਸਭਾ ਹੁਸ਼ਿਆਰਪੁਰ ਤੋਂ ਐਡਵੋਕੇਟ ਰਣਜੀਤ ਕੁਮਾਰ ਪ੍ਰਧਾਨ ਬਾਰ ਐਸੋਸ਼ੀਏਸ਼ਨ ਹੁਸ਼ਿਆਰਪੁਰ ਨੂੰ ਪਾਰਟੀ ਉਮੀਦਵਾਰ ਐਲਾਨ ਕੀਤਾ ਹੈ। ਪੰਜਾਬ ਮਾਮਲਿਆਂ ਦੇ ਇੰਨਚਾਰਜ ਰਣਧੀਰ ਸਿੰਘ ਬੈਨੀਪਾਲ ਅਤੇ ਵਿਪਲ ਕੁਮਾਰ,



ਪੰਜਾਬ ਪ੍ਰਧਾਨ ਜਸਵੀਰ ਸਿੰਘ ਗੜੀ ਨੇ ਬਸਪਾ ਸੁਪਰੀਮੋ ਭੈਣ ਕੁਮਾਰੀ ਮਾਇਆਵਤੀ ਦੇ ਦਿਸ਼ਾ ਨਿ-ਰਦੇਸ਼ਾਂ ਅਨੁਸਾਰ ਐਡਵੋਕੇਟ ਰਣਜੀਤ ਕੁਮਾਰ ਨੂੰ ਲੋਕ ਸਭਾ ਹੁਸ਼ਿਆਰਪੁਰ ਦਾ ਉਮੀਦਵਾਰ ਐਲਾਨ ਕੀਤਾ ਅਤੇ ਪਾਰਟੀ ਟਿਕਟ ਪ੍ਰਦਾਨ ਕੀਤੀ। ਇਸ ਮੌਕੇ ਜਨਰਲ ਸਕੱਤਰ ਪੰਜਾਬ ਇੰਨਚਾਰਜ ਲੋਕ ਸਭਾ ਹੁਸ਼ਿਆਰਪੁਰ ਗੁਰਲਾਲ ਸੈਲਾ, ਜਨਰਲ ਸਕੱਤਰ ਪੰਜਾਬ ਚੌਧਰੀ ਗੁਰਨਾਮ ਸਿੰਘ, ਜਨਰਲ ਸਕੱਤਰ ਪੰਜਾਬ ਠੇਕੇਦਾਰ ਰਜਿੰਦਰ ਸਿੰਘ, ਸਕੱਤਰ ਪੰਜਾਬ ਮਨਿੰਦਰ ਸਿੰਘ, ਦਲਜੀਤ ਰਾਏ ਜ਼ਿਲਾ ਪ੍ਰਧਾਨ ਵੀ ਹਾਜਰ ਸਨ। ਇਸ ਮੌਕੇ ਐਡਵੋਕੇਟ ਰਣਜੀਤ ਕੁਮਾਰ ਨੇ ਬਸਪਾ ਸੁਪਰੀਮੋ ਭੈਣ ਜੀ ਮਾਇਆਵਤੀ, ਪੰਜਾਬ ਕੋਆਰਡੀਨੇਟਰ ਰਣਧੀਰ ਸਿੰਘ ਬੈਨੀਪਾਲ, ਵਿਪਲ ਕੁਮਾਰ, ਪੰਜਾਬ ਪ੍ਰਧਾਨ ਜਸਵੀਰ ਸਿੰਘ ਗੜੀ ਅਤੇ ਸਮੁੱਚੀ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਜੋ ਵਿਸ਼ਵਾਸ ਪਾਰਟੀ ਨੇ ਓਨਾਂ ਤੇ ਵਿਅਸਤ ਕੀਤਾ ਹੈ ਉਹ ਉਸਤੇ ਪੂਰਾ ਉਤਰਨਗੇ ਅਤੇ ਲੋਕ ਸਭਾ ਹੁਸ਼ਿਆਰਪੁਰ ਦੀ ਸੀਟ ਜਿੱਤ ਕੇ ਭੈਣ ਮਾਇਆਵਤੀ ਦੀ ਝੋਲੀ ਪਾਉਣਗੇ।

# ਅਰਵਿੰਦ ਕੇਜਰੀਵਾਲ ਦੀ ਰਿਹਾਈ ਨੂੰ ਮੀਤ ਹੇਅਰ ਤੇ ਅਮਨ ਅਰੋੜਾ ਨੇ ਸੱਚ ਦੀ ਜਿੱਤ ਦੱਸਿਆ

**ਸੁਨਾਮ ਊਧਮ ਸਿੰਘ ਵਾਲਾ, (ਦਲਜੀਤ ਕੌਰ)** ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਤੇ ਦਿੱਲੀ ਦੀ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਰਿਹਾਈ ਨੂੰ ਕੈਬਨਿਟ ਮੰਤਰੀਆਂ ਗੁਰਮੀਤ ਸਿੰਘ ਮੀਤ ਹੇਅਰ ਤੇ ਅਮਨ ਅਰੋੜਾ ਨੇ ਸੱਚ ਦੀ ਜਿੱਤ ਦੱਸਿਆ



ਹੈ। ਮੀਤ ਹੇਅਰ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਨੇ ਆਮ ਆਦਮੀ ਪਾਰਟੀ ਨੂੰ ਲੋਕਾਂ ਤੋਂ ਮਿਲ ਰਹੇ ਭਰਵੇਂ ਹੁੰਗਾਰੇ ਤੋਂ ਘਬਰਾ ਕੇ ਦਿੱਲੀ ਦੇ ਮੁੱਖ ਮੰਤਰੀ ਸ੍ਰੀ ਕੇਜਰੀਵਾਲ ਨੂੰ ਚੋਣ ਪ੍ਰਚਾਰ ਤੋਂ ਰੋਕਣ ਲਈ ਆਪਣਾ ਹਰ ਹੀਲਾ ਵਰਤਿਆ। ਮਾਣਯੋਗ ਅਦਾਲਤ ਦਾ ਨਤੀਜਾ ਅੱਜ ਆ ਗਿਆ। ਹੁਣ 4 ਜੂਨ ਨੂੰ ਕੇਂਦਰ ਦੀਆਂ ਵਧੀਕੀਆਂ ਖ਼ਿਲਾਫ਼ ਜਨਤਾ ਦਾ ਫ਼ਤਵਾ ਆਵੇਗਾ ਅਤੇ ਭਾਜਪਾ ਦੇ ਤਾਨਾਸ਼ਾਹ ਸਾਸ਼ਨ ਦਾ ਅੰਤ ਹੋਵੇਗਾ। ਅੱਜ ਮੀਤ ਹੇਅਰ ਤੇ ਅਮਨ ਅਰੋੜਾ ਨੇ ਸੁਨਾਮ ਹਲਕੇ ਦੇ ਪਿੰਡਾਂ ਲੋਹਾਖੇੜਾ, ਬੁੱਗਰ, ਮੰਡੇਰ ਖੁਰਦ, ਸ਼ਾਹੋਕੇ, ਢੱਡਰੀਆ, ਰੱਤੋਕੇ, ਤਕੀਪੁਰ, ਮੰਡੇਰ ਕਲਾਂ, ਤੋਗਾਵਾਲ, ਦਿਆਲਗੜ੍ਹ ਤੇ ਝਾੜੋ ਵਿਖੇ ਚੋਣ ਜਲਸਿਆਂ ਨੂੰ ਸੰਬੋਧਨ ਕੀਤਾ। ਅਰਵਿੰਦ ਕੇਜਰੀਵਾਲ ਦੀ ਰਿਹਾਈ ਨਾਲ ਪਾਰਟੀ ਕਾਡਰ ਬਹੁਤ ਉਤਸ਼ਾਹਤ ਨਜ਼ਰ ਆਇਆ। ਦੋਵੇਂ ਆਗੂਆਂ ਨੇ ਕਿਹਾ ਕਿ ਸਾਡੀ ਪਾਰਟੀ ਦੀ ਸਰਕਾਰ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹਰ ਪਿੰਡ ਤੇ ਸ਼ਹਿਰ ਵਾਸੀ ਨੂੰ ਸੂਬੇ ਨੂੰ ਚਲਾਉਣ ਵਾਲੇ ਪ੍ਰੋ-ਗਰਾਮਾਂ ਦਾ ਭਾਈਵਾਲ ਬਣਾਉਣਾ ਚਾਹੁੰਦੀ ਹੈ।

# ਹੁਸ਼ਿਆਰਪੁਰ ਲੋਕ ਸਭਾ ਹਲਕੇ ਲਈ ਹੁਣ ਤੱਕ 5 ਉਮੀਦਵਾਰਾਂ ਨੇ ਨਾਮਜ਼ਦਗੀ ਕਾਗਜ਼ ਭਰੇ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਆਗਾਮੀ ਲੋਕ ਸਭਾ ਚੋਣਾਂ ਲਈ ਲੋਕ ਸਭਾ ਹਲਕਾ ਹੁਸ਼ਿਆਰਪੁਰ ਤੋਂ ਨਾਮਜ਼ਦਗੀਆਂ ਭਰਨ ਦੇ ਅੱਜ ਚੌਥੇ ਦਿਨ 3 ਉ-



ਮੀਦਵਾਰਾਂ ਵੱਲੋਂ ਨਾਮਜ਼ਦਗੀ ਪੱਤਰ ਦਾਖ਼ਲ ਕੀਤੇ ਗਏ। ਇਹ ਜਾਣਕਾਰੀ ਦਿੰਦਿਆਂ ਰਿਟਰਨਿੰਗ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਕੋਮਲ ਮਿੱਤਲ ਨੇ ਦੱਸਿਆ ਕਿ ਅੱਜ ਇੰਡੀਅਨ ਨੈਸ਼ਨਲ ਕਾਂਗਰਸ ਦੇ ਉਮੀਦਵਾਰ ਯਾਮਿਨੀ ਗੋਮਰ, ਆਮ ਆਦਮੀ ਪਾਰਟੀ ਦੇ ਰਾਜ ਕੁਮਾਰ ਅਤੇ ਬਹੁਜਨ ਦ੍ਰਾਵਿੜਾ ਪਾਰਟੀ ਦੇ ਜੀਵਨ ਕੁਮਾਰ ਨੇ ਨਾਮਜ਼ਦਗੀ ਕਾਗਜ਼ ਦਾਖ਼ਲ ਕਰਵਾਏ। ਉਨ੍ਹਾਂ ਦੱਸਿਆ ਕਿ ਸੁਖਵਿੰਦਰ ਕੁਮਾਰ ਵੱਲੋਂ ਇੰਡੀਅਨ ਨੈਸ਼ਨਲ ਕਾਂਗਰਸ ਦੇ ਉਮੀਦਵਾਰ ਯਾਮਿਨੀ ਗੋਮਰ ਦੇ ਕਵਰਿੰਗ ਉਮੀਦਵਾਰ ਵਜੋਂ ਕਾਗਜ਼ ਦਾਖ਼ਲ ਕਰਵਾਏ ਗਏ ਹਨ। ਇਸੇ ਤਰ੍ਹਾਂ ਸੋਨੀਆ ਵੱਲੋਂ ਆਮ ਆਦਮੀ ਪਾਰਟੀ ਦੇ ਰਾਜ ਕੁਮਾਰ ਦੇ ਕਵਰਿੰਗ ਉਮੀਦਵਾਰ ਵਜੋਂ ਕਾਗਜ਼ ਦਾਖ਼ਲ ਕੀਤੇ ਗਏ ਅਤੇ ਇਨ੍ਹਾਂ ਦੋਵਾਂ ਵੱਲੋਂ ਨਾਮਜ਼ਦਗੀ ਕਾਗਜ਼ਾਂ ਦੇ ਦੋ-ਦੋ ਸੈੱਟ ਦਾਖ਼ਲ ਕੀਤੇ ਗਏ। ਇਸ ਤਰ੍ਹਾਂ ਅੱਜ ਤਿੰਨ ਉਮੀਦਵਾਰਾਂ ਵੱਲੋਂ 7 ਨਾਮਜ਼ਦਗੀਆਂ ਦਾਖ਼ਲ ਕਰਵਾਈਆਂ ਗਈਆਂ। ਉਨ੍ਹਾਂ ਦੱਸਿਆ ਕਿ ਇਸ ਤਰ੍ਹਾਂ ਹੁਸ਼ਿਆਰਪੁਰ ਲੋਕ ਸਭਾ ਹਲਕੇ ਲਈ ਹੁਣ ਤੱਕ ਕੁੱਲ 5 ਉਮੀਦਵਾਰਾਂ ਵੱਲੋਂ 9 ਨਾਮਜ਼ਦਗੀਆਂ ਦਾਖ਼ਲ ਕਰਵਾਈਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ 14 ਮਈ ਤੱਕ ਨਾਮਜ਼ਦਗੀਆਂ ਭਰੀਆਂ ਜਾ ਸਕਦੀਆਂ ਹਨ। ਉਨ੍ਹਾਂ ਕਿਹਾ ਕਿ 11 ਮਈ ਨੂੰ ਦੂਜੇ ਸ਼ਨੀਵਾਰ ਅਤੇ 12 ਮਈ ਨੂੰ ਐਤਵਾਰ ਦੀ ਛੁੱਟੀ ਹੋਣ ਕਾਰਨ ਨਾਮਜ਼ਦਗੀ ਪੱਤਰ ਦਾਖ਼ਲ ਨਹੀਂ ਕਰਵਾਏ ਜਾ ਸਕਦੇ, ਪਰੰਤੂ 13 ਅਤੇ 14 ਮਈ ਨੂੰ ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਤੱਕ ਨਾਮਜ਼ਦਗੀਆਂ ਦਾਖ਼ਲ ਕੀਤੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ 15 ਮਈ ਨੂੰ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਕੀਤੀ ਜਾਵੇਗੀ ਅਤੇ ਉਮੀਦਵਾਰ 17 ਮਈ ਤੱਕ ਆਪਣੇ ਨਾਮਜ਼ਦਗੀ ਪੱਤਰ ਵਾਪਸ ਲੈ ਸਕਣਗੇ। ਉਨ੍ਹਾਂ ਦੱਸਿਆ ਕਿ 1 ਜੂਨ ਨੂੰ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਵੋਟਾਂ ਪੈਣਗੀਆਂ ਅਤੇ 4 ਜੂਨ ਨੂੰ ਵੋਟਾਂ ਦੀ ਗਿਣਤੀ ਹੋਵੇਗੀ। ਉਨ੍ਹਾਂ ਕਿਹਾ ਕਿ 6 ਜੂਨ 2024 ਨੂੰ ਚੋਣ ਪ੍ਰਕਿਰਿਆ ਮੁਕੰਮਲ ਹੋ ਜਾਵੇਗੀ।

‘ਦੇਸ਼ ਦੁਆਬਾ’
‘ਅੰਬੇਦਕਰ ਟਾਈਮਜ਼’
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

SUNSHINE AUTO CARE INC.
WE REPAIR ALL MAKES & MODELS. AUTO, DIESEL TRUCK & TRAILERS
✓ DPF Filter Cleaning
✓ Clutch
✓ Transmission
✓ New/Used Tires
✓ Oil Changes
✓ Wheel Balancing
✓ Truck & Trailer Repair
✓ All Major & Minor Repairs
✓ We Do Aluminum Welding
✓ Computer Check
✓ Differential
✓ Inspections
✓ Van/Reefer Work
WE PROVIDE SHUTLE SERVICE FOR ALL CUSTOMERS
hablamos español
We Speak English, Spanish & Punjabi
We Provide Towing & 24/7 Mobile Road Services For All Autos, Trucks & Trailers
Open Monday to Saturday
Com-Check
T-Check
EFS Check
ACCEPTED HERE
VISA MasterCard AMERICAN EXPRESS DISCOVER NETWORK





209-239-1551
1003 MOFFAT BLVD., MANTECA, CA 95336
3575 S ELDORADO ST., STOCTON, CA 95206

# ਅਮਰੀਕਾ ਦੇ ਝੀਲਾਂ ਵਾਲੇ ਸ਼ਹਿਰ ਸਿਆਟਲ ਵਿੱਚ, ਮਈ ਮਹੀਨੇ, ਪੰਜਾਬੀ ਲਿਖਾਰੀ ਸਭਾ (ਰਜਿ.) ਸਿਆਟਲ ਨੇ ਕਾਵਿ ਅਤੇ ਸੰਗੀਤ ਮਹਿਫ਼ਲ ਰੂਪੀ ਸਾਹਿਤਕ ਪ੍ਰੋਗਰਾਮ ਵਿੱਚ ਰੰਗ ਬੰਨਿਆ





**ਸਿਆਟਲ–** ਮਾਂ ਬੋਲੀ ਪੰਜਾਬੀ ਦੇ ਸਰਵਪੱਖੀ ਵਿਕਾਸ ਲਈ ਆਪਣੀ ਪਿਰਤ ਨੂੰ ਕਾਇਮ ਰੱਖਦਿਆਂ ਪੰਜਾਬੀ ਲਿਖਾਰੀ ਸਭਾ ਸਿਆਟਲ (ਰਜਿ.) ਵੱਲੋਂ ਕੈਂਟ ਈਵੈਂਟ ਸੈਂਟਰ, 10120, SE, 260th ST KENT,WA 98038 ਸਿਆਟਲ ਵਿਖੇ ਗੀਤਾਂ ਕਵਿਤਾਵਾਂ ਅਤੇ ਸੰਗੀਤ ਦਾ, ਪੰਜਾਬੀਅਤ ਨੂੰ ਸਮਰਪਿਤ ਇਕ ਸਾਹਿਤਕ ਪ੍ਰੋਗਰਾਮ ਕਰਵਾਇਆ ਗਿਆ। ਅਟੱਲ ਸਚਾਈਆਂ ਅਤੇ ਜ਼ਿੰਦਗੀ ਨੂੰ ਖੁਸ਼ੀਆਂ ਭਰਪੂਰ ਬਣਾਉਣ ਦੇ ਵਿਦਵਾਨਾਂ ਵੱਲੋਂ ਪੇਸ਼ ਵਿਚਾਰਾਂ ਨੂੰ ਸਾਂਝੇ ਕਰਦਿਆਂ ਸਭਾ ਦੇ ਸਕੱਤਰ ਪ੍ਰਿਤਪਾਲ ਸਿੰਘ ਟਿਵਾਣਾ ਨੇ ਪੰਜਾਬੀ ਨੂੰ ਪਿਆਰ ਕਰਨ ਵਾਲੇ ਸੱਜਣਾਂ ਦੇ ਆਗਮਨ ਤੇ ਅਦਬੀ-ਸਤਿਕਾਰ ਕਰਦਿਆਂ ਪ੍ਰੋਗਰਾਮ ਦਾ ਆਗ਼ਾਜ਼ ਗੀਤਾਂ ਵਰਗੇ ਸ਼ਬਦਾਂ ਨਾਲ ਕੀਤਾ। ਸਭਾ ਦੇ ਪ੍ਰਧਾਨ ਬਲਿਹਾਰ ਲੇਹਲ ਨੇ ਆਏ ਹੋਏ ਮਹਿਮਾਨਾਂ ਨੂੰ 'ਜੀ ਆਇਆਂ' ਕਿਹਾ। ਪ੍ਰੋਗਰਾਮ ਦੀ ਸ਼ੁਰੂਆਤ ਛੋਟੀ ਜਿਹੀ ਬੱਚੀ ਬਿਸਮਨ ਕੌਰ ਟਿਵਾਣਾ ਨੇ ਪਰਿਵਾਰਿਕ ਪੰਜਾਬੀ ਬੋਲੀ ਪਾ ਕੇ ਕੀਤੀ। ਹਾਜ਼ਰ ਕਵੀਆਂ ਅਤੇ ਗਾਇਕਾਂ ਵੱਲੋਂ ਵੱਖ ਵੱਖ ਵਿਸ਼ਿਆਂ ਨਾਲ ਸੰਬੰਧਿਤ ਰਚਨਾਵਾਂ ਵਿੱਚ ਕਾਵਿ ਦੀ ਹਰ ਇਕ ਵੰਨਗੀ ਕਵਿਤਾ, ਗੀਤ, ਗ਼ਜ਼ਲ ਆਦਿ ਦਾ ਰੰਗ ਹਾਜ਼ਰ ਸੀ ਸੋਨੇ ਤੇ ਸੁਹਾਗਾ ਇਹ ਸੀ ਕਿ ਅੱਜ ਦੇ ਸਮਾਗਮ ਵਿੱਚ ਉਰਦੂ ਦੀ ਮਿਠਾਸ ਵੀ ਹਾਜ਼ਰ ਸੀ। ਸਭਾ ਦੇ ਸਰਪ੍ਰਸਤ ਸ਼ਿੰਗਾਰ ਸਿੰਘ ਸਿੱਧੂ ਵੱਲੋਂ ਗੀਤ 'ਉਹੀਓ ਗੱਲ ਕਰੋ ਜਿਹੜੀ ਚੰਗੀ ਲੱਗੇ'ਰਾਹੀਂ ਪਰਿਵਾਰਿਕ ਰਿਸ਼ਤਿਆਂ ਦੀ ਗੱਲ ਕੀਤੀ ਗਈ, ਸਰਪ੍ਰਸਤ ਡਾ।ਪ੍ਰੇਮ ਕੁਮਾਰ ਨੇ ਆਪਣੀ ਚਰਚਿਤ ਕਵਿਤਾ 'ਇਕ ਕੁੜੀ ਸੀ ਲਕੀਰ ਜਿਹੀ', ਸਹਾਇਕ ਸਕੱਤਰ ਸਾਧੂ ਸਿੰਘ ਝੱਜ ਦੀ ਕਲਮ ਸਿਰਜਣਾ 'ਫਕੀਰਾਂ ਦਾ ਕੋਈ ਧਰਮ ਨਹੀਂ ਹੁੰਦਾ, ਆਪਣੀ ਮੌਜ ਵਿੱਚ ਰਹਿੰਦੇ ਨੇ' ਗੀਤ, ਸਭਾ ਦੇ ਬਾਨੀ ਮੈਂਬਰਾਂ ਵਿੱਚੋਂ ਇਕ ਅਵਤਾਰ ਸਿੰਘ ਆਦਮਪੁਰੀ ਨੇ ਇਨਸਾਨ ਨੂੰ ਨਸੀਹਤ ਦਿੰਦਾ ਗੀਤ 'ਚਤੁਰਾਈਆਂ ਕਰਨੀਆਂ ਛੱਡ ਮਨਾਂ', ਪ੍ਰਸਿੱਧ ਗਾਇਕ ਅਤੇ ਗੀਤਕਾਰ ਬਲਬੀਰ ਲਹਿਰਾ ਦੀ ਆਵਾਜ਼ 'ਚੋਂ ਕਿਰਦੇ ਸੰਗੀਤਕ ਸ਼ਬਦਾਂ 'ਕਿਹੜੇ ਸ਼ਬਦਾਂ ਨਾਲ ਬਿਆਨ ਕਰਾਂ-ਤੈਨੂੰ ਭਗਤ ਸੂਰਮੇ ਦਾਨੀ ਨੂੰ,' ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਦੇ ਚਰਨਾਂ ਵਿੱਚ ਸੱਭ ਦਾ ਸਿਰ ਝੁਕਾ ਦਿੱਤਾ। ਪੰਜਾਬੀ ਗੀਤਕਾਰੀ ਵਿੱਚ ਇਲਾਕੇ ਦੀ ਸ਼ਾਨ ਹਰਦਿਆਲ ਸਿੰਘ ਚੀਮਾ ਵਹਿਣੀਵਾਲ ਵੱਲੋਂ ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ ਲਈ ਯਤਨਾਂ ਦੀ ਵਕਾਲਤ ਕੀਤੀ ਗਈ ਤੇ ਗੀਤ ਦੇ ਬੋਲ ਸਨ 'ਜੇ ਸਾਨੂੰ ਨਿਆਉਣਾ ਆ ਜਾਵੇ'। ਹਰਪਾਲ ਸਿੰਘ ਸਿੱਧੂ ਸਾਬਕਾ ਪ੍ਰਧਾਨ ਨੇ ਰੁੱਖਾਂ ਦੀ ਮਹਾਨਤਾ ਨੂੰ ਦਰਸਾਉਂਦੇ ਗੀਤ ਰਾਹੀਂ ਮਨੁੱਖ ਵਨਸਪਤੀ ਦੇ ਰਿਸ਼ਤਿਆਂ ਨੂੰ ਉਭ-ਾਰਿਆ। ਸਭਾ ਦੇ ਨਵੇਂ ਬਣੇ ਮੈਂਬਰ ਬਲਜਿੰਦਰ ਸਿੰਘ ਨੇ ਆਪਣੀ ਕਵਿਤਾ ਨਾਲ ਆਪਣੀ ਜਾਣ ਪਹਿਚਾਣ ਕਰਵਾਈ।ਜਿੱਥੇ ਸਿਆਟਲ ਵਿੱਚ ਵੱਸਦੇ ਉਰਦੂ ਦੇ ਨਾਮਵਰ ਨਗਮਾਨਿਗਾਰ ਸ਼ਾਹ ਨਿਵਾਜ਼ ਨੇ ਆਪਣੀ ਹਾਜ਼ਰੀ ਉਰਦੂ ਦੇ ਇਕ ਸ਼ੇਅਰ ਨਾਲ ਲਵਾਈ ਉਥੇ ਅਸ਼ੀਸ਼ ਯਾਦਵ ਦਿੱਲੀ ਨੇ ' ਯੇ ਕਤਰਾ ਕਤਰਾ ਜ਼ਿੰਦਗੀ, ਤਰ੍ਹਾਂ ਤਰ੍ਹਾਂ ਦੀ ਯੂਸਤਜੂ' ਵਰਗੇ ਖ਼ੂਬਸੂਰਤ ਸ਼ਬਦਾਂ *ਚ ਲਿਖੀ ਗ਼ਜ਼ਲ ਸਾਂਝੀ ਕੀਤੀ। ਦਵਿੰਦਰ ਸਿੰਘ ਹੀਰਾ ਵੱਲੋਂ 'ਖਾਲਸੇ ਦੇ ਗੁਣਾਂ' ਨੂੰ ਗੀਤ ਵਿੱਚ ਲੈਅਬੱਧ ਕੀਤਾ ਗਿਆ। ਜਗੀਰ ਸਿੰਘ ਨੇ ਆਪਣੇ ਗੀਤ ਦੇ ਬੋਲਾਂ, 'ਮੈਂ ਆਸ਼ਿਕ ਪੰਜਾਬੀ ਬੋਲੀ ਦਾ' ਦੇ ਰਾਹੀਂ ਪੰਜਾਬੀ ਦੀ ਮਹੱਤਤਾ ਦਾ ਵਰਨਣ ਕੀਤਾ ਅਜਿਹਾ ਹੀ ਭਾਵ ਕਵਿੱਤਰੀ ਨਵਦੀਪ ਕੌਰ ਭੰਦੋਲ ਦੀ ਕਵਿਤਾ 'ਬੋਲੀ ਵੀ ਮੇਰੀ ਪੰਜਾਬੀ, ਚਾਲ ਵੀ ਮੇਰੀ ਪੰਜਾਬੀ' ਦਾ ਪ੍ਰਗਟ ਹੋ ਰਿਹਾ ਸੀ। ਦਲਜੀਤ ਕੌਰ ਚੀਮਾ ਨੇ ਹਰਦਿਆਲ ਸਿੰਘ ਚੀਮਾ ਜੀ ਦੇ ਲਿਖੇ ਸ਼ਬਦਾਂ ਨੂੰ ਆਵਾਜ਼ ਦਿੱਤੀ। ਵਿਅੰਗਕਾਰ ਮੰਗਤ ਕੁਲਜਿੰਦ ਨੇ ਭਵਿੱਖ ਵਿੱਚ, ਆਵਾਜ਼-ਕ੍ਰਾਂਤੀ ਦੇ ਆਉਣ ਵਾਲੇ ਦੁਸ਼ਪ੍ਰਭਾਵਾਂ ਨੂੰ ਮਿੰਨੀ ਕਹਾਣੀ 'ਆਵਾਜ਼' ਰਾਹੀਂ ਸਰੋਤਿਆਂ ਦੇ ਸਨਮੁੱਖ ਰੱਖਿਆ। ਐਗਰੀਕੱਲਚਰ ਵਿਭਾਗ ਵਿੱਚੋਂ ਡਿਪਟੀ ਡਾਇਰੈਕਟਰ ਦੇ ਅਹੁੱਦੇ ਤੋਂ ਸੇਵਾਮੁੱਕਤ ਹੋਏ ਬਠਿੰਡਾ ਵਾਸੀ ਕੰਵਲ ਕੁਮਾਰ ਜਿੰਦਲ ਨੇ ਅਮਰੀਕਾ ਆਉਣ ਦੇ ਆਪਣੇ ਤਜਰਬੇ ਸਾਂਝੇ ਕੀਤੇ।ਲੋਕ-ਸੇਵਾ ਦੀਆਂ ਵੱਖ ਵੱਖ ਸੰਸਥਾਵਾਂ ਨਾਲ ਜੁੜੀਆਂ ਸਤਿਕਾਰਿਤ ਸ਼ਖਸ਼ੀਅਤਾਂ ਸ. ਹਰਸ਼ਿੰਦਰ ਸਿੰਘ ਸੰਧੂ (ਸੱਚਾ ਮਾਰਗ ਗੁਰਦੁਆਰਾ ਅਬਰਨ), ਸ. ਬਲਵੰਤ ਸਿੰਘ ਸੋਹਲ (ਯੂਨਾਈਟਡ ਸਿੱਖ ਸੰਸਥਾ) ਪ੍ਰਬੰਧਕੀ ਢਾਂਚੇ ਨੂੰ ਲੋਕ-ਮੁਸੀਬਤਾਂ ਤੋਂ ਜਾਣੂੰ ਕਰਵਾਉਣ ਵਾਲੇ ਹਰਜਿੰਦਰ ਸਿੰਘ ਸੰਧਾਵਾਲੀਆ, ਜਸਵਿੰਦਰ ਸਿੰਘ ਢਿਲੋਂ ਹਰਵਿੰਦਰ ਸਿੰਘ ਮੱਟੂ, ਸੰਤੋਖ ਸਿੰਘ ਮੰਡੇਰ ਅਤੇ ਰੂਬੀ ਸੰਧੂ ਜੀ ਨੇ ਆਪਣੇ ਆਪਣੇ ਵਿਚਾਰ ਪੇਸ਼ ਕੀਤੇ। ਸਿਆਟਲ ਇਲਾਕੇ ਵਿੱਚ ਲੋਕਾਂ ਨੂੰ ਡਾਕਟਰੀ ਸੇਵਾਵਾਂ ਦੇ ਰਹੀ ਡਾ. ਮਨਜੋਤ ਕੌਰ ਵੱਲੋਂ ਲੋਕ ਸੇਵਾ ਦੇ ਕੰਮਾਂ 'ਚ ਵੀ ਵੱਧ ਚੜ੍ਹ ਕੇ ਭਾਗ ਲਿਆ ਜਾ ਰਿਹਾ ਹੈ। ਪੰਜਾਬੀ ਦੇ ਸਰਵਪੱਖੀ ਵਿਕਾਸ ਲਈ ਪੰਜਾਬੀ ਲਿਖਾਰੀ ਸਭਾ ਦੇ ਉੱਦਮ ਦੀ ਸ਼ਲਾਘਾ ਕਰਦਿਆਂ ਉਹਨਾਂ ਰਲਕੇ ਕੰਮ ਕਰਨ ਦਾ ਸੰਨੇਹਾ ਦਿੱਤਾ। ਨਵੀਨ ਰਾਏ, ਵਲੋਂ ਸਾਰੇ ਸਮਾਗਮ ਨੂੰ ਕੈਮਰੇ ਦੀ ਅੱਖ ਵਿੱਚ ਕੈਦ ਕਰਨ ਅਤੇ ਸੋਸ਼ਲ ਮੀਡੀਏ ਦੇ ਵਿਹੜੇ ਲੈ ਜਾਣ ਦੇ ਯਤਨ ਜਾਰੀ ਰਹੇ। ਸਿਆਟਲ ਦੀਆਂ ਜਾਣੀਆ ਪਹਿਚਾਣੀਆਂ ਹਸਤੀਆਂ ਜਿਹਨਾਂ ਵਿੱਚ ਸਾਡੀਆਂ ਭੈਣਾਂ ਅਤੇ ਬੱਚੇ ਵੀ ਸ਼ਾਮਿਲ ਸਨ, ਲਾਲੀ ਸੰਧੂ, ਬਲਬੀਰ ਸਿੰਘ ਨਿੱਜਰ, ਪਰਮਿੰਦਰ ਸਿੰਘ ਰੰਧਾਵਾ, ਮਿੱਤਰਪਾਲ ਸਿੰਘ, ਹਰਮਨਦੀਪ ਸਿੰਘ, ਸੋਨੂੰ ਸੰਧੂ, ਗੁਰਦਿਆਲ ਸਿੰਘ ਭੰਡਾਲ, ਜਸਵੀਰ ਸਿੰਘ ਸਹੋਤਾ, ਰਣਜੀਤ ਸਿੰਘ ਮੱਲ੍ਹੀ, ਗੁਰਪ੍ਰੀਤ ਕੌਰ ਟੀਵਾਣਾ, ਰਮਿੰਦਰ ਕੌਰ, ਜਸਵਿੰਦਰ ਕੌਰ ਲੇਹਲ, ਪਰਮਜੀਤ ਕੌਰ, ਅਰਸ਼ਪ੍ਰੀਤ ਕੌਰ ਭੰਦੋਲ, ਜਗਮਾਨ ਸਿੰਘ ਭੰਦੋਲ ਆਦਿ ਸਮਾਗਮ ਦੀ ਸ਼ੋਭਾ ਵਧਾ ਰਹੇ ਸਨ।

ਸਿਆਟਲ ਦੇ ਇਲਾਕੇ ਵਿੱਚ, ਪੰਜਾਬੀ ਟੀ।ਵੀ। ਰਾਹੀਂ ਅਤੇ ਪੰਜਾਬੀ ਅਖਬਾਰ 'ਪੰਜਾਬੀ ਪਹਿਚਾਣ', ਰਾਹੀਂ ਗੁਰਪਰੀਤ ਸਿੰਘ ਧੰਜੂ ਅੱਜ ਦੇ ਸਮਾਗਮ ਨੂੰ ਚਾਰ ਚੰਨ ਲਾ ਰਹੇ ਸਨ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਪ੍ਰਫੁਲਤਾ ਲਈ ਬਚਨਬੱਧ ਹਫਤਾਵਰੀ ਪੰਜਾਬੀ ਅਖਬਾਰ 'ਪੰਜਾਬੀ ਪਹਿਚਾਣ' ਨੂੰ ਅੱਜ ਸਭਾ ਵੱਲੋਂ ਲੋਕ-ਅਰਪਣ ਕੀਤਾ ਗਿਆ। ਬਠਿੰਡਾ (ਪੰਜਾਬ) ਤੋਂ ਨਿਕਲਦੇ ਹਾਸ ਵਿਅੰਗ ਦੇ ਤਿਮਾਹੀ ਮੈਗਜ਼ੀਨ 'ਸ਼ਬਦ ਤ੍ਰਿੰਜਣ' ਦੇ ਨਵੇਂ ਅੰਕ ਨੂੰ ਵੀ ਸਭਾ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਵੱਲੋਂ ਰੀਲੀਜ਼ ਕੀਤਾ ਗਿਆ। ਸਟੇਜ ਸੰਚਾਲਨ ਕਰਿਦਆਂ ਪ੍ਰਿਤਪਾਲ ਸਿੰਘ ਟਿਵਾਣਾ ਨੇ ਰੌਚਕਤਾ ਬਣਾਈ ਰੱਖੀ।ਅੰਤ ਵਿੱਚ ਸਭਾ ਦੇ ਪ੍ਰਧਾਨ ਬਲਿਹਾਰ ਸਿੰਘ ਲੇਹਲ ਨੇ ਸਭਾ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਸਭਾ ਨੂੰ ਸਿਖਰ ਤੇ ਪਹੁੰਚਾਉਣ ਦੀ ਆਪਣੀ ਪ੍ਰਤੀਬੱਧਤਾ ਨੂੰ ਦੁਹਰਾਇਆ। ਆਪਣੀਆਂ ਰਚਨਾਵਾਂ ਨਾਲ ਸਰੋਤਿਆਂ ਦੀ ਸਾਂਝ ਪਵਾਉਂਦਿਆਂ ਉਹਨਾਂ ਆਏ ਹੋਏ ਪਤਵੰਤਿਆਂ ਦਾ ਧੰਨਵਾਦ ਖ਼ੂਬਸੂਰਤ ਸ਼ਬਦਾਂ ਵਿੱਚ ਕੀਤਾ। ਕੈਂਟ ਈਵੈਂਟ ਸੈਂਟਰ ਦੇ ਪ੍ਰਬੰਧਕਾਂ ਵੱਲੋਂ ਸਮਾਗਮ ਨੂੰ ਕਾਮਯਾਬ ਬਣਾਉਣ ਲਈ ਕੀਤੇ ਗਏ ਸਹਿਯੋਗ ਅਤੇ ਉਹਨਾਂ ਵੱਲੋਂ ਦਿੱਤੀਆਂ ਗਈਆਂ ਚਾਹ-ਪਾਣੀ ਦੀਆਂ ਵੱਡਮੁੱਲੀਆਂ ਸੇਵਾਵਾਂ ਲਈ 'ਪੰਜਾਬੀ ਲਿਖਾਰੀ ਸਭਾ ਸਿਆਟਲ (ਰਜਿ.)' ਵੱਲੋਂ ਵਿਸ਼ੇਸ਼ ਧੰਨਵਾਦ ਕੀਤਾ ਗਿਆ ।

**ਬਲਿਹਾਰ ਸਿੰਘ ਲ੍ਹੇਲ ਪ੍ਰਧਾਨ +1 206 244 4663**
**ਪ੍ਰਿਤਪਾਲ ਸਿੰਘ ਟਿਵਾਣਾ ਸਕੱਤਰ+1 206 765 9069**
**ਮੰਗਤ ਕੁਲਜਿੰਦ ਪ੍ਰੈ।ਸਕੱਤਰ +1 425 286 0163**




KB USED AUTO SALES



8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

K&K AUTO REPAIR
and Car Wash
63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# ਲੋਕ ਸਭਾ ਚੋਣਾਂ ਮੌਕੇ ਉਮੀਦਵਾਰਾਂ ਨੂੰ ਸਵਾਲ ਕਰਨਾ ਬੁਨਿਆਦੀ ਅਧਿਕਾਰ: ਇਨਕਲਾਬੀ ਕੇਂਦਰ ਪੰਜਾਬ

**ਬਰਨਾਲਾ, (ਦਲਜੀਤ ਕੌਰ)** ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਨ ਸੀ ਨੇ ਕਿਸਾਨ ਜਥੇਬੰਦੀਆਂ ਨੂੰ 1 ਜੂਨ ਨੂੰ ਹੋਣ ਵਾਲੀਆਂ ਲੋਕ ਸਭਾ ਚੋਣਾਂ ਲਈ ਚੋਣ ਪ੍ਰਚਾਰ ਵਿੱਚ ਵਿਘਨ ਪਾਉਣ ਤੋਂ ਗੁਰੇਜ ਕਰਨ ਵਾਲੇ ਬਿਆਨ ਦੀ ਇਨਕਲਾਬੀ ਕੇਂਦਰ ਵੱਲੋਂ ਸਖ਼ਤ ਸਬਦਾਂ ਵਿੱਚ ਨਿਖੇਧੀ ਕੀਤੀ ਹੈ। ਇਨਕਲਾਬੀ ਕੇਂਦਰ, ਪੰਜਾਬ ਦੇ ਆਗੂਆਂ ਨਰਾਇਣ ਦੱਤ, ਕੰਵਲਜੀਤ ਖੰਨਾ, ਮੁਖਤਿਆਰ ਸਿੰਘ ਪੂਹਲਾ ਅਤੇ ਜਗਜੀਤ ਸਿੰਘ ਲਹਿਰਾ ਨੇ ਕਿਹਾ ਵੱਖ ਵੱਖ ਪਾਰਟੀਆਂ ਵੱਲੋਂ ਚੋਣਾਂ ਸਮੇਂ ਵਾਅਦੇ ਪੂਰੇ ਨਾਂ ਕਰਨ ਤੇ ਸਵਾਲ ਪੁੱਛੇ ਜਾ ਰਹੇ ਹਨ। ਆਗੂਆਂ ਨੇ ਕਿਹਾ ਕਿ ਹੁਣ ਵੋਟਰ ਜਾਗਰੂਕ ਹੋ ਚੁੱਕੇ ਹਨ ਅਤੇ ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਚੋਣ ਪ੍ਰਚਾਰ ਸਮੇਂ ਸਵਾਲ ਕਰ ਰਹੇ ਹਨ। ਇਨ੍ਹਾਂ ਲੋਕਾਂ ਦੀ ਜਮਾਤੀ ਸੋਝੀ ਲਈ ਉਸਾਰੂ ਅਤੇ ਸ਼ੁਭ ਕਦਮ ਹੈ। ਆਗੂਆਂ ਨੇ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਨੂੰ ਤਿੱਖੇ ਸਬਦਾਂ ਵਿੱਚ ਕਿਹਾ ਕਿ ਜੋ ਸਿਆਸੀ ਪਾਰਟੀਆਂ ਚੋਣਾਂ ਸਮੇ ਭੋਲੇ ਭਾਲੇ ਲੋਕਾਂ ਨਾਲ ਝੂਠੇ ਵਾਅਦੇ ਕਰਕੇ, ਵੋਟਾਂ ਨਾਲ ਜਿੱਤ ਕੇ ਪਾਰਲੀਮੈਂਟ ਵਿੱਚ ਮੈਂਬਰ ਬਣ ਜਾਂਦੇ ਹਨ। ਅਜਿਹੀ ਧੋਖੇ ਭਰੀ ਖੇਡ ਸਾਰੀਆਂ ਹੀ ਪਾਰਲੀਮਾਨੀ ਪਾਰਟੀਆਂ 73-74 ਸਾਲ ਤੋਂ ਕਰ ਰਹੀਆਂ ਹਨ। ਲੋਕਾਂ ਕੋਲ ਤਾਂ ਇਹ ਮਹੀਨਾ ਭਰ ਹੀ ਆਉਂਦੇ ਹਨ, ਸਤਾ ਦੀ ਕੁਰਸੀ ਸੰਭਾਲਣ ਤੋਂ ਬਾਅਦ ਤਾਂ ਇਹ ਕਾਰਪੋਰੇਟ ਘਰਾਣਿਆਂ ਦੀ ਸੇਵਾ ਵਿੱਚ ਲੱਗ ਜਾਂਦੇ ਹਨ। ਮੋਦੀ ਹਕੂਮਤ ਵੱਲੋਂ ਐਮਐਸਪੀ, ਸੀ-2+50% ਮੁਨਾਫ਼ਾ ਜੋੜਕੇ ਫ਼ਸਲਾਂ ਦੇ ਭਾਅ ਮੁਕੱਰਰ ਕਰਨ, ਹਰ ਹਾਲ ਦੋ ਕਰੋੜ ਨੌਕਰੀਆਂ ਦੇਣ, ਕਾਲਾ ਧਨ ਬਾਹਰੋਂ ਲਿਆ ਕੇ ਹਰ ਭਾਰਤੀ ਦੇ ਖਾਤੇ ਵਿੱਚ 15 ਲੱਖ ਜਮ੍ਹਾਂ ਕਰਨ, ਕਿਸਾਨਾਂ-ਮਜਦੂਰਾਂ ਦਾ ਕਰਜ਼ਾ, ਮਹਿੰਗਾਈ ਨੂੰ ਨੱਥ ਪਾਉਣ, ਗ਼ਰੀਬ -ਅਮੀਰ ਦਾ ਪਾੜਾ ਖ਼ਤਮ ਕਰਨ, ਘੱਟ ਗਿਣਤੀ ਮੁਸਲਿਮ ਭਾਈਚਾਰੇ ਨੂੰ ਨਿਸ਼ਾਨਾ ਬਨਾਉਣ, ਸੰਘਰਸ਼ਸ਼ੀਲ ਤਬਕਿਆਂ ਜਬਰ ਦਾ ਨਿਸ਼ਾਨਾ ਬਨਾਉਣ, ਆਦਿ ਬੁਨਿਆਦੀ ਮਸਲਿਆਂ ਸਵਾਲ ਕਰਨਾ ਹਰ ਇਨਸਾਫ਼ ਪਸੰਦ ਵਿਅਕਤੀ/ਜਥੇਬੰਦੀ ਦਾ ਜਮਹੂਰੀ ਹੱਕ ਹੈ।

ਸਿਆਸੀ ਪਾਰਟੀਆਂ ਵੱਲੋਂ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਨਾ ਕਰਨ ਤੇ ਮੁੱਖ ਚੋਣ ਅਧਿਕਾਰੀਆਂ ਵੱਲੋਂ ਪਾਰ-ਲੀਮੈਂਟ ਮੈਂਬਰ ਦੀ ਮੈਂਬਰਸ਼ਿਪ ਖ਼ਤਮ ਕਰਨੀ ਚਾਹੀਦੀ ਹੈ ਤਾਂ ਜੋ ਅੱਗੇ ਤੋਂ ਕੋਈ ਵੀ ਸਿਆਸੀ ਪਾਰਟੀਆਂ ਝੂਠੇ ਵਾਅਦੇ ਨਾਂ ਕਰੇ ਕਿਉਂਕਿ ਝੂਠਾ ਚੋਣ ਪ੍ਰਚਾਰ ਨਾਂ ਸੰਵਿਧਾਨਕ ਹੈ ਅਤੇ ਨਾਂ ਕੋਈ ਕਾਨੂੰਨੀ ਅਧਿਕਾਰ ਹੈ। ਆਗੂਆਂ ਨੇ ਕਿਹਾ ਕਿ ਸਿਆਸੀ ਪਾਰਟੀਆਂ ਵੱਲੋਂ ਲੋਕਾਂ ਵਿੱਚ ਚੋਣ ਮਨੋਰਥ ਪੇਸ਼ ਕਰਨ ਦਾ ਜਮਹੂਰੀ ਹੱਕ ਹੈ ਤਾਂ ਲੋਕਾਂ ਦਾ ਵੀ ਸੁਆਲ ਕਰਨਾ ਜਮਹੂਰੀ ਹੱਕ ਹੈ। ਪਾਰਟੀਆਂ ਵੱਲੋਂ ਚੋਣਾਂ ਸਮੇਂ ਕੀਤੇ ਵਾਅਦੇ ਪੂਰੇ ਨਾਂ ਕਰਨਾ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਦੇ ਵਿਰੁੱਧ ਹਨ। ਆਗੂਆਂ ਨੇ ਮਿਹਨਤਕਸ਼ ਲੋਕਾਈ ਨੂੰ ਕਿਹਾ ਕਿ ਉਹ ਪੂਰੇ ਧੜੱਲੇ ਨਾਲ ਲੋਕ ਸਭਾ ਚੋਣਾਂ ਦੇ ਉਮੀਦਵਾਰਾਂ ਤੋਂ ਸਵਾਲ ਕਰਨ, ਜਵਾਬ ਦੇਹ ਬਨਾਉਣ, ਪਰਦਾਚਾਕ ਕਰਨ ਤੋਂ ਅੱਗੇ ਚੋਣਾਂ ਦੀ ਧੋਖੇ ਭਰੀ ਖੇਡ ਤੋਂ ਝਾਕ ਛੱਡਦਿਆਂ ਸੰਘਰਸ਼ਾਂ ਦਾ ਸੂਹਾ ਪਰਚਮ ਬੁਲੰਦ ਰੱਖਣ ਲਈ ਅੱਗੇ ਆਉਣ।

# ਚੰਡੀਗੜ੍ਹ ਸਮੇਤ ਪੰਜਾਬ ਦੀਆਂ ਸਾਰੀਆਂ ਲੋਕ ਸਭਾ ਸੀਟਾਂ ਤੋਂ ਕਾਂਗਰਸ (ਆਈ) ਦੇ ਉਮੀਦਵਾਰਾਂ ਦੇ ਹੱਕ ਵਿਚ ਨਿੱਤਰੀ ਆਰ.ਐਮ.ਪੀ.ਆਈ.

**ਜਲੰਧਰ, (ਦਲਜੀਤ ਕੌਰ)** ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਵਲੋਂ ਸੂਬੇ ਦੇ ਸੰਗਰੂਰ, ਬਠਿੰਡਾ, ਫਿਰੋਜ਼ਪੁਰ ਅਤੇ ਫਰੀਦਕੋਟ ਲੋਕ ਸਭਾ ਹਲਕਿਆਂ ਤੋਂ 'ਇੰਡੀਆ' ਗਠਜੋੜ ਦੀ ਪ੍ਰਮੁੱਖ ਭਾਈਵਾਲ ਪਾਰਟੀ, ਕਾਂਗਰਸ (ਆਈ) ਦੇ ਉਮੀਦਵਾਰਾਂ ਸੁਖਪਾਲ ਸਿੰਘ ਖਹਿਰਾ, ਜੀਤ ਮਹਿੰਦਰ ਸਿੰਘ ਸਿੱਧੂ, ਸ਼ੇਰ ਸਿੰਘ ਘੁਬਾਇਆ ਅਤੇ ਬੀਬੀ ਅਮਰਜੀਤ ਕੌਰ ਸਾਹੋਕੇ ਦੀ ਡਟਵੀਂ ਇਮਦਾਦ ਕੀਤੀ ਜਾਵੇਗੀ। ਇਹ ਜਾਣਕਾਰੀ ਅੱਜ ਇੱਥੋਂ ਜਾਰੀ ਇਕ ਸਾਂਝੇ ਬਿਆਨ ਰਾਹੀਂ ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਅਤੇ ਪੰਜਾਬ ਰਾਜ ਕਮੇਟੀ ਦੇ ਪ੍ਰਧਾਨ ਤੇ ਸਕੱਤਰ ਕਾਮਰੇਡ ਰਤਨ ਸਿੰਘ ਰੰਧਾਵਾ ਤੇ ਪਰਗਟ ਸਿੰਘ ਜਾਮਾਰਾਏ ਨੇ ਦਿੱਤੀ ਹੈ। ਵਰਨਣਯੋਗ ਹੈ ਕਿ ਪਾਰਟੀ ਵਲੋਂ ਸੂਬੇ ਦੇ ਬਾਕੀ ਰਹਿੰਦੇ 9 ਲੋਕ ਸਭਾ ਹਲਕਿਆਂ ਅਤੇ ਚੰਡੀਗੜ੍ਹ ਦੀ ਸੀਟ ਤੋਂ ਪਹਿਲਾਂ ਹੀ ਕਾਂਗਰਸ ਪਾਰਟੀ ਦੇ ਉਮੀਦਵਾਰਾਂ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ ਜਾ ਚੁੱਕਾ ਹੈ।



ਅੱਜ ਦੇ ਐਲਾਨ ਤੋਂ ਪਿਛੋਂ ਇਹ ਸਾਫ ਹੋ ਗਿਆ ਹੈ ਕਿ ਆਰ.ਐਮ.ਪੀ.ਆਈ., ਆਜ਼ਾਦਾਨਾ ਮੁਹਿੰਮ ਚਲਾਉਂਦੀ ਹੋਈ "ਭਾਜਪਾ ਹਰਾਓ, ਕਾਰਪੋਰੇਟ ਭਜਾਓ, ਸਾਮਰਾਜ ਹਰਾਓ" ਦੇ ਆਪਣੇ ਨਾਹਰੇ ਨੂੰ ਸਾਕਾਰ ਰੂਪ ਦੇਣ ਲਈ ਸੂਬੇ ਦੇ ਸਾਰੇ ਲੋਕ ਸਭਾ ਹਲਕਿਆਂ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰਾਂ ਦਾ ਸਮਰਥਨ ਕਰੇਗੀ। ਆਗੂਆਂ ਨੇ ਪਾਰਟੀ ਸਫਾਂ ਨੂੰ ਉਕਤ ਫੈਸਲਾ ਤਨਦੇਹੀ ਨਾਲ ਲਾਗੂ ਕਰਨ ਦਾ ਸੱਦਾ ਦਿੰਦਿਆਂ ਪ੍ਰਾਂਤ ਵਾਸੀਆਂ ਨੂੰ ਪੁਰਜ਼ੋਰ ਅਪੀਲ ਕੀਤੀ ਹੈ ਕਿ ਹਰ ਮੁਹਾਜ 'ਤੇ ਅਸਲੋਂ ਨਾਕਾਰਾ ਸਿੱਧ ਹੋਈ, ਸਾਂਝੀਵਾਲਤਾ ਦੀ ਕੱਟੜ ਵੈਰੀ, ਭਾਰਤੀ ਸੰਵਿਧਾਨ ਵਿਚਲੇ ਲੋਕਰਾਜੀ, ਧਰਮ ਨਿਰਪੱਖ ਤੇ ਫੈਡਰਲ ਸਰੋਕਾਰਾਂ ਦੇ ਖਾਤਮੇ ਲਈ ਬਜ਼ਿੱਦ, ਮੋਦੀ-ਸ਼ਾਹ ਦੀ ਅਗਵਾਈ ਵਾਲੀ ਕਾਰਪੋਰੇਟ ਪੱਖੀ, ਫਿਰਕੂ-ਫਾਸੀ ਕੇਂਦਰੀ ਸੱਤਾ ਤੋਂ ਮੁਕਤੀ ਹਾਸਲ ਕਰਨ ਲਈ ਪ੍ਰਾਂਤ ਦੀਆਂ ਸਾਰੀਆਂ ਲੋਕ ਸਭਾ ਸੀਟਾਂ ਤੋਂ ਕਾਂਗਰਸ (ਆਈ) ਦੇ ਉਮੀਦਵਾਰਾਂ ਦੀ ਜਿੱਤ ਯਕੀਨੀ ਬਨਾਉਣ ਲਈ ਡੱਟ ਕੇ ਵੋਟਾਂ ਪਾਉਣ।

# ਐਡਵੋਕੇਟ ਰਣਜੀਤ ਕੁਮਾਰ ਲੋਕ ਸਭਾ ਹੁਸ਼ਿਆਰਪੁਰ ਤੋਂ ਹੋਣਗੇ ਬਸਪਾ ਉਮੀਦਵਾਰ - ਵਿਪੁਲ ਕੁਮਾਰ

**ਫਗਵਾੜਾ (ਬੀ.ਕੇ. ਰੱਤੂ)-** ਬਹੁਜਨ ਸਮਾਜ ਪਾਰਟੀ ਵੱਲੋਂ ਕੇਂਦਰੀ ਕੋਆਰਡੀਨੇਟਰ ਪੰਜਾਬ ਚੰਡੀਗੜ੍ਹ ਹਰਿਆਣਾ ਦੇ ਇੰਚਾਰਜ ਸ੍ਰੀ ਰਣਧੀਰ ਸਿੰਘ ਬੈਨੀਵਾਲ ਅਤੇ ਸ੍ਰੀ ਵਿਪੁਲ ਕੁਮਾਰ ਜੀ ਨੇ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਦੇ ਦਿਸ਼ਾ ਨਿਰਦੇਸ਼ਾ ਵਿੱਚ ਲੋਕ ਸਭਾ ਹੁਸ਼ਿਆਰਪੁਰ ਤੋਂ ਬਸਪਾ ਉਮੀਦਵਾਰ ਵਜੋਂ ਐਡਵੋਕੇਟ ਰਣਜੀਤ ਕੁਮਾਰ ਜੀ ਦਾ ਨਾਮ ਘੋਸ਼ਿਤ ਕੀਤਾ। ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਦੇ ਗ੍ਰਹਿ ਵਿਖੇ ਲੰਬੀ ਮੰਥਨ ਮੀਟਿੰਗ ਹੋਈ ਜਿਸ ਵਿੱਚ ਸੂਬਾ ਜਨਰਲ ਸਕੱਤਰ ਸ਼੍ਰੀ ਗੁਰਲਾਲ ਸੈਲਾ ਜੀ, ਸੂਬਾ ਜਨਰਲ ਸਕੱਤਰ ਚੌਧਰੀ ਗੁਰਨਾਮ ਸਿੰਘ, ਸੂਬਾ ਜਨਰਲ ਸਕੱਤਰ ਠੇਕੇਦਾਰ ਰਜਿੰਦਰ ਸਿੰਘ, ਸੂਬਾ ਸਕੱਤਰ ਮਨਿੰਦਰ ਸਿੰਘ ਸ਼ੇਰਪੁਰੀ ਅਤੇ ਜਿਲ੍ਹਾਂ ਪ੍ਰਧਾਨ ਸ੍ਰੀ ਦਲਜੀਤ ਰਾਏ ਨਾਲ ਵਿਸਥਾਰ ਸਹਿਤ ਲੋਕ ਸਭਾ ਹੁਸ਼ਿਆਰਪੁਰ ਤੋਂ ਉਮੀਦਵਾਰ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਲੋਕ ਸਭਾ ਹੁਸ਼ਿਆਰਪੁਰ ਦੀ ਲੀਡਰਸ਼ਿਪ ਵੱਲੋਂ ਕੀਤੇ ਗਏ ਸਰਬ ਸੰਮਤੀ ਨਾਲ ਫੈਸਲੇ ਨੂੰ ਪਾਰਟੀ ਹਾਈ ਕਮਾਂਡਰ ਨੂੰ ਜਾਣੂ ਕਰਵਾਇਆ ਅਤੇ ਪਾਰਟੀ ਹਾਈ ਕਮਾਂਡ ਵੱਲੋਂ ਲੀਡਰਸ਼ਿਪ ਤੇ ਵਰਕਰਾਂ ਦੀਆਂ ਭਾਵਨਾਵਾਂ ਨੂੰ ਮੁੱਖ ਰੱਖਦੇ ਹੋਏ ਲੋਕ ਸਭਾ ਉਮੀਦਵਾਰ ਐਡਵੋਕੇਟ ਰਣਜੀਤ ਕੁਮਾਰ ਨੂੰ ਐਲਾਨ ਦਿੱਤਾ ਗਿਆ। ਐਡਵੋਕੇਟ ਰਣਜੀਤ ਕੁਮਾਰ ਬਾਰ ਐਸੋਸੀਏਸ਼ਨ ਹੁਸ਼ਿਆਰਪੁਰ ਦੇ ਦੂਸਰੀ ਵਾਰ ਚੁਣੇ ਗਏ ਮੌਜੂਦਾ ਪ੍ਰਧਾਨ ਹਨ। ਇਸ ਮੌਕੇ ਬਸਪਾ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਹਾਜ਼ਰ ਸਨ। ਸ੍ਰੀ ਵਿਪੁਲ ਕੁਮਾਰ ਜੀ ਨੇ ਇਸ ਮੌਕੇ ਕਿਹਾ ਕਿ ਪੰਜਾਬ ਵਿੱਚ ਬਸਪਾ ਵਰਕਰ ਤੇ ਲੀਡਰਸ਼ਿਪ ਜਿਸ ਮਜਬੂਤੀ ਨਾਲ ਚੋਣ ਕੰਪੇਨ ਕਰ ਰਹੇ ਹਨ ਇਸ ਨਾਲ 2027 ਵਿਧਾਨ ਸਭਾ ਚੋਣਾਂ ਦੀ ਮਜਬੂਤ ਨੀਂਹ ਬੱਝੇਗੀ ਉੱਥੇ ਹੀ 2024 ਵਿੱਚ ਬਹੁਤ ਕ੍ਰਿਸ਼ਮਈ ਨਤੀਜਾ ਵੀ ਕੱਢੇਗੀ।



NSB Insurance

NIRMAL SINGH BADHAN

for Insurance Call:
NIRMAL SINGH BADHAN
707-228-2020



Lic #0144676

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020,
Fax: 707-260-2813

www.nsbinsures.com

1519 Gary CT., Rohnert Park, CA 94928

RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ
ਅਤੇ ਖਰੀਦਣ ਲਈ ਸੰਪਰਕ ਕਰੋ ਜੀ

Dil Nijjar REALTOR ®
CalBRE # 01418648

Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004

Cell: 916-628-2210
Fax: 916-745-3424
Office: 916-285-1000
Email : Dil.Realtor@gmail.com

2081 Arena Blvd #
100 Sacramento, CA 95834



# ਲੋਕ ਸਭਾ ਅਨੰਦਪੁਰ ਸਾਹਿਬ ਤੋਂ ਬਸਪਾ ਉਮੀਦਵਾਰ ਜਸਵੀਰ ਸਿੰਘ ਗੜੀ ਵੱਲੋਂ ਕਾਗਜ਼ ਦਾਖਲ

**ਜਲੰਧਰ (ਜੱਸੀ)–** ਬਹੁਜਨ ਸਮਾਜ ਪਾਰਟੀ ਤੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜੀ ਵੱਲੋਂ ਅੱਜ ਲੋਕ ਸਭਾ ਸ਼੍ਰੀ ਅਨੰਦਪੁਰ ਸਾਹਿਬ ਦੇ ਉਮੀਦਵਾਰ ਵਜੋਂ ਰਿਟਰਨਿੰਗ ਅਫਸਰ ਕਮ ਡਿਪਟੀ ਕਮਿਸ਼ਨਰ ਰੋਪੜ ਵਿਖੇ ਕਾਗਜ਼ ਦਾਖਲ ਕੀਤੇ ਗਏ। ਇਸ ਮੌਕੇ ਬਹੁਜਨ ਸਮਾਜ ਪਾਰਟੀ ਵੱਲੋਂ ਬੇਲਾ ਚੌਂਕ ਵਿੱਚ ਵਿਸ਼ਾਲ ਭਰਵਾਂ ਇਕੱਠ ਕਰਕੇ ਬਹੁਜਨ ਸਮਾਜ ਦੇ ਹੱਕ ਵਿੱਚ ਵੱਡੀਆਂ ਤਕਰੀਰਾਂ ਕੀਤੀਆਂ। ਸੈਕੜੇ ਬਸਪਾ ਵਰਕਰ ਨੀਲੇ ਝੰਡਿਆਂ ਨਾਲ ਬੇਲਾ ਚੌਂਕ ਤੋਂ ਡਿਪਟੀ ਕਮਿਸ਼ਨਰ ਦਫਤਰ ਤੱਕ ਵਿਸ਼ਾਲ ਰੋਡ ਸ਼ੋ ਕੱਢਿਆ ਗਿਆ।

ਇਸ ਮੌਕੇ ਬਸਪਾ ਵਰਕਰਾਂ ਦਾ ਉਤਸਾਹ ਆਕਾਸ਼ ਗੂੰਜਦੇ ਨਾਹਰਿਆਂ ਨਾਲ ਡੁਲ ਡੁਲ ਪੈ ਰਿਹਾ ਸੀ। ਮਿਸਾਲ ਇਕੱਠ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਜਸਵੀਰ ਸਿੰਘ ਹਰੀ ਨੇ ਕਿਹਾ ਕਿ ਅਨੰਦਪੁਰ ਸਾਹਿਬ ਦੀ ਧਰਤੀ ਇਤਿਹਾਸਿਕ ਧਰਤੀ ਹੈ ਇਸ ਧਰਤੀ ਤੋਂ ਸ਼੍ਰੀ ਗੁਰੂ ਰਵਿਦਾਸ ਜੀ ਦੇ ਯਾਦਗਾਰ ਖੁਰਾਲਗੜ੍ਹ ਧਰਤੀ, ਨੌਵੀਂ ਪਾਤਸ਼ਾਹੀ ਗੁਰੂ ਤੇਗ ਬਹਾਦਰ, ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਤੇ ਰੰਗਰੇਟਾ ਗੁਰੂ ਕਾ ਬੇਟਾ ਬਾਬਾ ਜੀਵਨ ਸਿੰਘ ਜੀ ਦੀ ਯਾਦਗਾਰ ਧਰਤੀ ਸ਼੍ਰੀ ਆਨੰਦਪੁਰ ਸਾਹਿਬ, ਦਲਿਤ ਗਰੀਬ ਸਿੱਖ ਦੇ ਸਿਰ ਤੇ ਸਜਾਈ ਕਲਗੀ ਬਾਬਾ ਸੰਗਤ ਸਿੰਘ ਦੀ ਧਰਤੀ, ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਧਰਤੀ, ਬੀਬੀ ਸ਼ਰਨ ਕੌਰ ਕੁਰਬਾਨੀ ਦੀ ਧਰਤੀ ਚਮਕੌਰ ਸਾਹਿਬ ਹੈ। ਬਾਬਾ ਬੰਦਾ ਸਿੰਘ ਬਹਾਦਰ ਦਾ ਸਰਹੰਦ ਤੇ ਸੂਬੇ ਨੂੰ ਧੌਣ ਤੇ ਯੁੱਧ ਦੀ ਧਰਤੀ ਚੱਪੜਚਿੜੀ ਵੀ ਕਿਸੇ ਲੋਕ ਸਭਾ ਵਿੱਚ ਹੈ। ਆਦਿ ਧਰਮ ਅੰਦੋਲਨ ਦੇ ਬਾਨੀ ਬਾਬੂ ਮੰਗੂ ਰਾਮ ਜੀ ਦੀ ਧਰਤੀ ਪਿੰਡ ਮੰਗੋਵਾਲ ਮਾਲਪੁਰ ਦੇ ਕੋਲ ਇਸੀ ਲੋਕ ਸਭਾ ਵਿੱਚ ਹੈ। ਜਬਰ ਜੁਲਮ ਦੀ ਬਰਤਾਨੀਆ ਦੇ ਬੋਲੇ ਕੰਨ ਖੋਲਣ ਵਾਲੇ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਦੀ ਧਰਤੀ ਖਟਕੜ ਕਲਾ ਬੰਗਾ ਵੀ ਸਥਿਤ ਹੈ। ਬਬਰ ਲਹਿਰ ਦੇ ਸ਼ਹੀਦਾਂ ਦੀ ਧਰਤੀ ਵੀ ਨਵਾਂਸ਼ਹਿਰ ਬਲਾਚੌਰ ਸਥਿਤ ਹੈ। ਬਹੁਜਨ ਸਮਾਜ ਪਾਰਟੀ ਦੇ ਬਾਨੀ ਬਾਮਸੇਫ ਡੀ. ਐਸ. ਫੋਰ ਦੇ ਅੰਦੋਲਨ ਦਾਤਾ ਸਾਹਿਬ ਕਾਸੀ ਰਾਮ ਜੀ ਦੀ ਧਰਤੀ ਪਿੰਡ ਖੋਸਪੁਰਾ ਤੇ ਬੂੰਗਾ ਸਾਹਿਬ ਵੀ ਇਸੇ ਲੋਕ ਸਭਾ ਵਿੱਚ ਹੈ।

ਸਰਦਾਰ ਗੜੀ ਨੇ ਅੱਗੇ ਬੋਲਦਿਆ ਕਿਹਾ ਕਿ ਇਸ ਇਤਿਹਾਸਿਕ ਲੋਕ ਸਭਾ ਵਿੱਚ ਵੱਖ ਵੱਖ ਪਾਰਟੀਆਂ ਨੇ ਹਮੇਸ਼ਾ ਸਾਈਬੇਰੀਆ ਤੋਂ ਆਏ ਪੰਛੀਆਂ ਵਾਂਗ ਹਮੇਸ਼ਾ ਬਾਹਰੀ ਉਮੀਦਵਾਰ ਦਿੱਤੇ, ਜੋ ਕਿ ਜਿੱਤਣ ਤੋਂ ਬਾਅਦ ਆਪਣੇ ਆਪਣੇ ਖਿੱਤਿਆਂ ਨੂੰ ਮੁੜ ਗਏ। ਇਹਨੂੰ ਕਿਸੇ ਲੋਕ ਸਭਾ ਦੇ ਵਿੱਚ ਕੰਢੀ ਦੇ ਇਲਾਕੇ ਦੀ ਕਿਸੇ ਨੇ ਸਾਰ ਨਾ ਲਈ ਜੋ ਕਿ ਅੱਜ ਵੀ ਖੇਤੀਬਾੜੀ ਦੇ ਪੱਖੋਂ ਪਛੜਿਆ ਹੋਇਆ ਹੈ। ਸਤਲੁਜ ਦੀ ਮਾਰ ਵਿੱਚ ਆਉਂਦਾ ਮੰਡ ਇਲਾਕੇ ਦਾ ਖੇਤਰ ਵੀ ਵਿਛੜਿਆ ਹੋਇਆ ਹੈ ਤੇ ਪਿਛਲੇ ਸਾਲ ਆਏ ਹੜਾਂ ਦੀ ਮਾਰ ਵਿੱਚ ਵੱਡੀ ਪੱਧਰ ਤੇ ਨੁਕਸਾਨਿਆ ਗਿਆ।




ਇਸ ਲੋਕ ਸਭਾ ਵਿੱਚ ਪੈਂਦੇ ਤਿੰਨ ਜਿਲ੍ਹੇ ਸ਼ਹੀਦ ਭਗਤ ਸਿੰਘ ਨਗਰ ਰੂਪਨਗਰ ਤੇ ਮੋਹਾਲੀ ਅੱਜ ਤੱਕ ਵੀ ਇੱਥੇ ਕੋਈ ਮੈਡੀਕਲ ਕਾਲਜ ਨਹੀਂ ਹੈ ਜਿੱਥੋਂ ਇਸ ਲੋਕ ਸਭਾ ਦੇ ਵਿਦਿਆਰਥੀ ਐਮਬੀਬੀਐਸ ਤੇ ਐਮਬੀ ਵਰਗੀਆਂ ਡਿਗਰੀਆਂ ਕਰ ਸਕਣ। ਇਹ ਲੋਕ ਸਭਾ ਇੰਨੀ ਇਤਿਹਾਸਿਕ ਹੈ ਕਿ ਖਾਲਸਾ ਪੰਥ ਦਾ ਜਨਮ ਸਥਾਨ ਸ਼੍ਰੀ ਆਨੰਦਪੁਰ ਸਾਹਿਬ ਵੀ ਇੱਥੇ ਹੈ, ਜਦੋਂ ਕਿ ਇਸ ਲੋਕ ਸਭਾ ਵਿੱਚ ਪੈਂਦੇ ਏਅਰਪੋਰਟ ਨੂੰ ਅੱਜ ਇੰਟਰਨੈਸ਼ਨਲ ਏਅਰਪੋਰਟ ਹੋ ਜਾਣਾ ਚਾਹੀਦਾ ਸੀ। ਇਸ ਲੋਕ ਸਭਾ ਵਿੱਚ ਇੱਕ ਵੀ ਅੰਤਰਰਾਸ਼ਟਰੀ ਪੱਧਰ ਦਾ ਉਦਯੋਗਿਕ ਕੇਂਦਰ ਨਹੀਂ ਹੈ ਜਿਸ ਨਾਲ ਖਿੱਤੇ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਮਿਲ ਸਕੇ। ਪੜੇ ਲਿਖੇ ਵਿਦਿਆਰਥੀਆਂ ਲਈ ਰਾਸ਼ਟਰੀ ਪੱਧਰ ਦੇ ਕੇਂਦਰੀ ਟੈਸਟ ਯੂਪੀਐਸਸੀ ਪੀਪੀਐਸਸੀ ਬੈਂਕਿੰਗ ਰੇਲਵੇ ਆਦਿ ਰੁਜ਼ਗਾਰ ਸਰਵਿਸ ਦੇ ਪੇਪਰ ਪਾਸ ਕਰਨ ਲਈ ਕੋਈ ਕੋਚਿੰਗ ਸੈਂਟਰ ਨਹੀਂ ਹੈ ਜੋ ਸਰਕਾਰ ਨੇ ਖੋਲਿਆ ਹੋਵੇ। ਇਸੇ ਤਰ੍ਹਾਂ ਬੰਗਾ ਗੜਸ਼ੰਕਰ ਤੋਂ ਸ਼੍ਰੀ ਆਨੰਦਪੁਰ ਸਾਹਿਬ ਦੀ ਸੜਕ ਨੂੰ ਚਾਰ ਮਾਰਗੀ ਕਰਨਾ ਅਤੇ ਬੰਗਾ ਗੜਸ਼ੰਕਰ ਸ਼੍ਰੀ ਖੁਰਾਲਗੜ੍ਹ ਸਾਹਿਬ ਦੀ ਸੜਕ ਨੂੰ ਚੌੜਾ ਵੱਡਾ ਕਰਨਾ ਵੀ ਮੁੱਦਾ ਰਹੇਗਾ। ਸਰਦਾਰ ਗੜੀ ਨੇ ਭਰੋਸਾ ਦਿੱਤਾ ਕਿ ਜਿੱਤਣ ਤੋਂ ਬਾਅਦ ਪਾਰਲੀਮੈਂਟ ਵਿੱਚ ਇਸ ਇਲਾਕੇ ਦੀਆਂ ਮੰਗਾਂ ਨੂੰ ਵੱਡੀ ਪੱਧਰ ਤੇ ਉਠਾ ਕੇ ਕੇਂਦਰ ਸਰਕਾਰ ਤੋਂ ਵੱਡੇ ਪ੍ਰੋਜੈਕਟ ਤਰਾਂ ਲਿਆ ਕੇ ਇਸ ਲੋਕ ਸਭਾ ਖਿੱਤੇ ਦਾ ਵੱਡਾ ਵਿਕਾਸ ਕਰਵਾਇਆ ਜਾਵੇਗਾ। ਇਸ ਮੌਕੇ ਬਸਪਾ ਦੀ ਵਿਧਾਇਕ ਡਾਕਟਰ ਨਛੱਤਰ ਪਾਲ ਜੀ ਨੇ ਬੋਲਦਿਆਂ ਕਿਹਾ ਕਿ ਜਿੱਤਣ ਤੋਂ ਬਾਅਦ ਵਿਧਾਨ ਸਭਾ ਵਿੱਚ ਕੋਈ ਅਜਿਹਾ ਮੁੱਦਾ ਨਹੀਂ ਜਿਹੜਾ ਨਾ ਚੁੱਕਿਆ ਹੋਵੇ ਪਲਾਟਾਂ ਦੀ ਐਨ ਓਸੀ ਦ ਮੁੱਦਾ, ਪੋਸਟ ਮੈਟਰਿਕ ਸਕਾਲਰਸ਼ਿਪ ਦਾ ਮੁੱਦਾ, ਸਾਹਿਬ ਕਾਸੀ ਰਾਮ ਗਿਆਨੀ ਜੈਲ ਸਿੰਘ ਤੇ ਕਾਮਰੇਡ ਹਰਕ੍ਰਿਸ਼ਨ ਸੁਰਜੀਤ ਜੀ ਨੂੰ ਭਾਰਤ ਰਤਨ ਦੁਆਉਣ ਦਾ ਮੁੱਦਾ, ਪਛੜੀਆਂ ਸ਼੍ਰੇਣੀਆਂ ਲਈ ਮੰਡਲ ਕਮਿਸ਼ਨ ਲਾਗੂ ਕਰਾਉਣ ਦਾ ਮੁੱਦਾ, ਦਲਿਤ ਵਰਗ ਦੇ ਮੁਲਾਜ਼ਮਾਂ ਦੀਆਂ ਤਰੱਕੀਆਂ ਨੂੰ ਰੋਕਣ ਵਾਲਾ 10-10-2014 ਦਾ ਪੱਤਰ ਰੱਦ ਕਰਾਉਣ ਦਾ ਮੁੱਦਾ, ਮਜ਼ਦੂਰਾਂ ਖਿਲਾਫ ਆਮ ਆਦਮੀ ਪਾਰਟੀ ਦਾ ਕੀਤੇ ਲਾਠੀਚਾਰਜ ਦਾ ਮੁੱਦਾ, ਕੱਟੇ ਗਏ ਨੀਲੇ ਰਾਸ਼ਨ ਕਾਰਡਾਂ ਦਾ ਮੁੱਦਾ ਬੇਜਮੀਨ ਬੇਜ਼ਮੀਨਿਆਂ ਨੂੰ ਜਮੀਨ ਦਾ ਮੁੱਦਾ, ਪੰਜਾਬ ਦੇ ਸਾਰੇ ਗਰੀਬਾਂ ਦੀ ਕਰਜ਼ਾ ਮੁਾਫੀ ਦਾ ਮੁੱਦਾ, ਆਦੀ ਵੱਡੀ ਪੱਧਰ ਤੇ ਵਿਧਾਨ ਸਭਾ ਵਿੱਚ ਆਵਾਜ਼ ਬੁਲੰਦ ਕੀਤੀ ਗਈ।

ਪੰਜਾਬ ਇੰਚਾਰਜ ਅਜੀਤ ਸਿੰਘ ਭੈਣੀ ਨੇ ਕਿਹਾ ਕਿ ਪੰਜਾਬ ਦੇ ਪਛੜੀਆਂ ਸ਼੍ਰੇਣੀਆਂ ਲਈ ਮੰਡਲ ਕਮਿਸ਼ਨ ਦਾ ਮੁੱਦਾ ਪਾਰਲੀਮੈਂਟ ਵਿੱਚ ਆਵਾਜ਼ ਬੁਲੰਦ ਕਰਨ ਨਾਲ ਪੰਜਾਬ ਦੀ ਪੱਛੜੀਆਂ ਸ਼੍ਰੇਣੀਆਂ ਲਈ ਰਾਖਵਾਂਕਰਨ ਲਾਗੂ ਹੋ ਸਕਦਾ ਹੈ।

ਇਸ ਮੌਕੇ ਸੂਬਾ ਜਨਰਲ ਸਕੱਤਰ ਸ਼੍ਰੀ ਗੁਰਲਾਲ ਸੈਲਾ ਰਾਜਾ ਰਜਿੰਦਰ ਸਿੰਘ, ਸ੍ਰੀ ਪ੍ਰਵੀਨ ਬੰਗਾ, ਮਾਸਟਰ ਰਾਮਪਾਲ, ਦਿਲਬਾਗ ਚੰਦ ਮਹਿੰਦੀਪੁਰ, ਐਸਡੀਓ ਹਰਨੇਕ ਸਿੰਘ, ਜਿਲ੍ਹਾਂ ਪ੍ਰਧਾਨ ਸਰਬਜੀਤ ਸਿੰਘ ਜਾਫਰਪੁਰ, ਜਿਲ੍ਹਾਂ ਪ੍ਰਧਾਨ ਸੁਖਦੇਵ ਸਿੰਘ ਚੱਪੜ ਚਿੜੀ, ਜਿਲ੍ਹਾਂ ਪ੍ਰਧਾਨ ਤਹਿਸੀਲਦਾਰ ਜੋਗਿੰਦਰ ਸਿੰਘ, ਬੰਗਾ ਹਲਕਾ ਪ੍ਰਧਾਨ ਜੈਪਾਲ ਸੁੰਡਾ, ਨਵਾਂ ਸ਼ਹਿਰ ਹਲਕਾ ਪ੍ਰਧਾਨ ਰਸ਼ਪਾਲ ਮਹਲੋਂ, ਬਲਾਂਚੋਰ ਹਲਕਾ ਪ੍ਰਧਾਨ ਜਸਵੀਰ ਸਿੰਘ ਔਲੀਆਪੁਰ, ਰਣਬੀਰ ਬੱਬਰ ਚਰਨ ਭਾਰਤੀ, ਰੋਪੜ ਹਲਕਾ ਪ੍ਰਧਾਨ ਮੋਹਨ ਸਿੰਘ ਨੌਧੇ ਮਾਜਰਾ, ਚਮਕੌਰ ਹਲਕਾ ਪ੍ਰਧਾਨ ਕੁਲਦੀਪ ਸਿੰਘ ਪਪਰਾਲੀ, ਖਰੜ ਹਲਕਾ ਪ੍ਰਧਾਨ ਹਰਦੀਪ ਸਿੰਘ, ਹੌਲੀ ਹਲਕਾ ਪ੍ਰਧਾਨ ਰਾਜ ਸਿੰਘ, ਗੁਰਵਿੰਦਰ ਸਿੰਘ ਗੋਲਡੀ, ਹਰਭਜਨ ਲਾਖਾ, ਭੁਪਿੰਦਰ ਬੇਗਮਪੁਰੀ, ਕੁਲਦੀਪ ਘਨੌਲੀ, ਕੌਂਸਲਰ ਗੁਰਮੁਖ ਨੌਰਥ, ਗੁਰਚਰਨ ਸਿੰਘ ਖਾਲਸਾ, ਮਨੋਹਰ ਕਮਾਮ, ਵਿਜੇ ਗੁਣਾਚੋਰ, ਰਾਜ ਦਦਰਾਲ, ਸੋਹਣ ਸਿੰਘ ਧਿੰਗੜਪੁਰੀ, ਸੁਰਜੀਤ ਸਿੰਘ ਰੋਪੜ ਸ਼ਹਿਰੀ ਪ੍ਰਧਾਨ, ਮੈਨੇਜਰ ਦੌਲਤ ਸਿੰਘ, ਸਰਪੰਚ ਬਖਸ਼ੀਸ਼ ਸਿੰਘ, ਹਰਵਿੰਦਰ ਬੀਬੀ ਹਰਵਿੰਦਰ ਕੌਰ ਮਾਜਰੀ, ਬੀਬੀ ਹਰਜੀਤ ਕੌਰ ਮਾਜਰੀ, ਸੁਖਵਿੰਦਰ ਸਿੰਘ ਸੁੱਖਾ ਪ੍ਰਧਾਨ ਕਲਰਕ ਐਸੋਸੀਏਸ਼ਨ, ਬੀਬੀ ਨੀਲਮ ਸਹਿਜਲ, ਬੀਬੀ ਪਰਮਜੀਤ ਕੌਰ ਰੋਪੜ, ਬੀਬੀ ਮਨਜੀਤ ਕੌਰ ਰੋਪੜ, ਕੇਵਲ ਰਾਮ ਆਂਸਰੋ, ਡਾਕਟਰ ਮੰਗਤ ਰਾਮ, ਵਕੀਲ ਮੁਕੇਸ਼ ਬਾਲੀ, ਤਰਲੋਕ ਫਤਿਹਪੁਰ, ਸ਼ਾਮ ਲਾਲ ਬਣਾ, ਹਰਵਿੰਦਰ ਮਾਜਰੀ, ਦਫਤਰ ਇੰਚਾਰਜ ਗਿਆਨ ਚੰਦ ਨਵਾਂ ਸ਼ਹਿਰ, ਸਰਪੰਚ ਮਨਜੀਤ ਸੂਦ, ਹਜ਼ਾਰਾਂ ਸਿੰਘ ਡੰਗੋਲੀ, ਕਮਲ ਚੋਪੜਾ ਖੁਰਦਾ, ਡਾਕਟਰ ਬੇਦੀ ਹੀਰਾ ਰੋਪੜ, ਗਿਆਨ ਚੰਦ ਬੀਈ, ਡਾਕਟਰ ਰਜਿੰਦਰ ਲੱਕੀ, ਡਾਕਟਰ ਅਸ਼ੋਕ ਦੁੱਗਲ, ਐਡਵੋਕੇਟ ਕਰਿਸ਼ਨ ਭੁੱਟਾ, ਐਡਵੋਕੇਟ ਚਰਨਜੀਤ ਸਿੰਘ ਘਈ, ਐਡਵੋਕੇਟ ਰਵਿੰਦਰ ਸਿੰਘ ਭੈਣੀ, ਆਦਿ ਹਾਜ਼ਰ ਸਨ।

# ਵਿਰੋਧੀ ਪਾਰਟੀਆਂ ਦੇ ਸਰਮਾਏਦਾਰਾਂ ਦਾ ਮੁਕਾਬਲਾ ਗਰੀਬ ਸਮਾਜ ਦਾ ਹਾਥੀ ਕਰੇਗਾ - ਗੜ੍ਹੀ


**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)–** ਬਹੁਜਨ ਸਮਾਜ ਪਾਰਟੀ ਲੋਕ ਸਭਾ ਸ਼੍ਰੀ ਅਨੰਦਪੁਰ ਸਾਹਿਬ ਦੀ ਸਮੁੱਚੀ ਲੀਡਰਸ਼ਿਪ ਅੱਜ ਨਵਾਂਸ਼ਹਿਰ ਦੇ ਚੰਡੀਗੜ੍ਹ ਚੌਂਕ ਵਿਖੇ ਚੋਣ ਦਫਤਰ ਦਾ ਉਦਘਾਟਨ ਕਰਨ ਪੁੱਜੀ। ਲੋਕ ਸਭਾ ਦੀ ਹਰੇਕ ਵਿਧਾਨ ਸਭਾ ਤੋਂ ਬਸਪਾ ਦੀ ਮੁੱਖ ਲੀਡਰਸ਼ਿਪ ਪੁੱਜੀ ਜਿਸ ਦੀ ਅਗਵਾਈ ਬਸਪਾ ਵਿਧਾਇਕ ਡਾ ਨਛੱਤਰ ਪਾਲ ਜੀ ਕਰ ਰਹੇ। ਬਸਪਾ ਉਮੀਦਵਾਰ ਦੀ ਹਾਜ਼ਰੀ ਵਿੱਚ ਚੋਣ ਦਫਤਰ ਦਾ ਉਦਘਾਟਨ ਰੀਬਨ ਕੱਟ ਕੇ ਕੀਤਾ ਗਿਆ। ਇਸ ਮੌਕੇ ਉਮੀਦਵਾਰ ਜਸਵੀਰ ਸਿੰਘ ਗੜੀ ਨੇ ਕਿਹਾ ਕਿ ਆਜ਼ਾਦੀ ਤੋਂ ਬਾਅਦ 75ਸਾਲਾਂ ਵਿੱਚ ਪੰਜਾਬ ਨੂੰ ਲੁੱਟਣ ਵਾਲੀਆਂ ਪਾਰਟੀਆਂ ਕਾਂਗਰਸ ਅਕਾਲੀ, ਆਮ ਆਦਮੀ ਪਾਰਟੀਆ ਨੇ ਵੱਡੇ ਸਰਮਾਏਦਾਰ ਉਮੀਦਵਾਰ ਪੰਜਾਬ ਦੇ ਕੋਨੇ ਕੋਨ ਚੋ ਲਿਆਕੇ ਖੜੇ ਕੀਤੇ ਹਨ, ਜਿਨਾਂਨੇ ਧਨ-ਬਲ ਦੇ ਨਾਲ ਆਪਣੀ ਚੋਣ ਮੁਹਿੰਮ ਦਾ ਆਗਾਜ਼ ਕੀਤਾ ਹੈ। ਲੋਕ ਸਭਾ ਦੇ 17 ਲੱਖ ਵੋਟਰਾਂ ਵਿੱਚੋਂ 15 ਲੱਖ ਵੋਟ ਗਰੀਬ, ਮਜਲੂਮ, ਦਲਿਤ ਪਿਛੜੇ ਗਰੀਬਾਂਵਤੇ ਮੱਧਵਰਗੀ ਲੋਕਾਂ ਦੀ ਹੈ।



ਇਸ ਲੋਕ ਸਭਾ ਦੇ ਖਿੱਤੇ ਖੁਰਾਲਗੜ੍ਹ ਸਾਹਿਬ ਵਿੱਚ ਗਰੀਬਾਂ ਦੇ ਰਹਿਬਰ ਗੁਰੂ ਰਵਿਦਾਸ ਜੀ ਮਹਾਰਾਜ ਨੇ ਪਰਾਧੀਨਤਾ ਪਾਪ ਹੈ ਦਾ ਸੰਦੇਸ਼ ਦੇਣ ਦੇ ਨਾਲ ਨਾਲ ਐਸਾ ਚਾਹੂ ਰਾਜ ਮੈਂ ਦਾ ਸੰਕਲਪ ਵੀ ਦਿੱਤਾ। ਇਸੇ ਹੀ ਲੋਕ ਸਭਾ ਵਿੱਚ ਚਮਕੌਰ ਦੀ ਗੜੀ ਵਿੱਚ ਦਸ਼ਮੇਸ਼ ਪਿਤਾ ਨੇ ਇਨ ਗਰੀਬ ਸਿੱਖਣ ਕੋ ਤੂੰ ਪਾਤਸ਼ਾਹੀ ਦੇ ਸੰਕਲਪ ਵਿੱਚ ਦਲਿਤਾਂ ਤੇ ਗਰੀਬਾਂ ਦੀ ਗੱਲ ਕੀਤੀ। ਇਸੇ ਹੀ ਲੋਕ ਸਭਾ ਵਿੱਚ ਬਸਪਾ ਦੇ ਬਾਨੀ ਸਾਹਿਬ ਕਾਂਸ਼ੀ ਰਾਮ ਜੀ ਨੇ ਦਲਿਤਾਂ ਤੇ ਪਿੱਛੜਿਆਂ ਦੀ ਹਕੂਮਤ ਬਣਾਉਣ ਦਾ ਸੱਦਾ ਦਿੱਤਾ। ਪ੍ਰੰਤੂ ਆਜ਼ਾਦੀ ਦੇ 75 ਸਾਲਾਂ ਵਿੱਚ ਅਨੰਦਪੁਰ ਸਾਹਿਬ ਤੋਂ ਦਲਿਤ ਤੇ ਪਿਛੜਾ ਕਦੇ ਵੀ ਲੋਕ ਨੁਮਾਇੰਦਾ ਨਹੀਂ ਚੁਣਿਆ ਗਿਆ। ਅੱਜ ਵੀ ਵੱਖ-ਵੱਖ ਪਾਰਟੀਆਂ ਨੇ ਵੱਡੇ ਸਰਮਾਏਦਾਰ ਬਾਹਰੀ ਇਲਾਕਿਆਂ ਤੋਂ ਦਿੱਤੇ ਹਨ ਜੋ ਕਿ ਅਨੰਦਪੁਰ ਸਾਹਿਬ ਲੋਕ ਸਭਾ ਨਾਲ ਸੰਬੰਧਿਤ ਵੀ ਨਹੀਂ ਹਨ। ਸਰਦਾਰ ਗੜੀ ਨੇ ਕਿਹਾ ਕਿ ਸਮੁੱਚੇ ਗਰੀਬਾਂ, ਦਲਿਤਾਂ, ਪਿਛੜੇ ਵਰਗਾਂ ਤੇ ਪੰਥਕ ਸੋਚ ਰੱਖਣ ਵਾਲੇ ਲੋਕਾਂ ਨੂੰ ਇਕੱਠੇ ਹੋਕੇ ਇਹਨਾਂ ਵਿਰੋਧੀ ਪਾਰਟੀਆਂ ਨੂੰ ਹਰਾਕੇ ਵੱਡਾ ਸਬਕ ਸਿਖਾਉਣਾ ਚਾਹੀਦਾ ਹੈ। ਵਿਧਾਇਕ ਡਾਕਟਰ ਨਛੱਤਰਪਾਲ ਨੇ ਬੋਲਦਿਆਂ ਕਿਹਾ ਕਿ ਪੰਜਾਬ ਦੇ ਸਾਰੇ ਜਾਤੀ ਧਰਮਾਂ ਦੇ ਲੋਕਾਂ ਨੂੰ ਗਰੀਬ ਪੱਖੀ ਪੰਥਕ ਸੋਚ ਰੱਖਣ ਵਾਲੇ ਜਸਵੀਰ ਸਿੰਘ ਗੜੀ ਬਸਪਾ ਉਮੀਦਵਾਰ ਨੂੰ ਇੱਕ ਇੱਕ ਵੋਟ ਪਾ ਕੇ ਇਸ ਖਿੱਤੇ ਦੇ ਵਿਕਾਸ ਲਈ ਲਾਮਬੰਦ ਹੋਣਾ ਚਾਹੀਦਾ ਹੈ। ਤਾਂ ਕਿ ਸਮੁੱਚੇ ਇਲਾਕੇ ਦੇ ਵਿਕਾਸ ਦੇ ਕੰਮਾਂ ਨੂੰ ਅੱਗੇ ਵਧਾਇਆ ਜਾ ਸਕੇ ਅਤੇ ਕੇਂਦਰ ਸਰਕਾਰ ਤੋਂ ਵੱਡੀਆਂ ਵਿਕਾਸ ਦੀਆਂ ਗਰਾਂਟਾਂ ਇਸ ਖਿੱਤੇ ਦੇ ਵਿਕਾਸ ਲਈ ਲਗਾਈਆਂ ਜਾ ਸਕਣ। ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਨੇ ਪੂਰੇ ਪੰਜਾਬ ਦੇ ਵਿੱਚ ਪਿਛਲੇ ਢਾਈ ਸਾਲਾਂ ਤੋਂ ਸਾਰੇ ਵਿਧਾਇਕਾਂ ਨੂੰ ਇੱਕ ਨਿੱਕੀ ਦੁਆਨੀ ਦੀ ਗਰਾਂਟ ਨਾ ਦੇਕੇ ਪੰਜਾਬ ਤੇ ਪੰਜਾਬੀਆਂ ਦੇ ਵਿਕਾਸ ਦਾ ਬੇੜਾ ਗਰਕ ਕਰ ਦਿੱਤਾ ਹੈ। ਇਸ ਮੌਕੇ ਸੂਬਾ ਇੰਚਾਰਜ ਸ਼੍ਰੀ ਅਜੀਤ ਸਿੰਘ ਭੈਣੀ, ਸੂਬਾ ਜਨਰਲ ਸਕੱਤਰ ਗੁਰਲਾਲ ਸੈਲਾ ਸੂਬਾ ਜਨਰਲ ਸਕੱਤਰ ਪ੍ਰਵੀਨ ਬੰਗਾ ਸੂਬਾ ਜਨਰਲ ਸਕੱਤਰ ਰਾਜਾ ਰਜਿੰਦਰ ਸਿੰਘ ਸੂਬਾ ਸਕੱਤਰ ਮਾਸਟਰ ਰਾਮਪਾਲ ਸੂਬਾ ਕਮੇਟੀ ਮੈਂਬਰ ਦਿਲਬਾਗ ਚੰਦ ਮਹਿੰਦੀਪੁਰ, ਜ਼ਿਲ੍ਹਾ ਪ੍ਰਧਾਨ ਸਰਬਜੀਤ ਜਾਫਰ ਪਰ ਜ਼ਿਲਾ ਪ੍ਰਧਾਨ ਸੁਖਦੇਵ ਸਿੰਘ ਚੱਪੜ ਚਿੜੀ ਤਹਿਸੀਲਦਾਰ ਜਗਿੰਦਰ ਸਿੰਘ, ਸ੍ਰੀ ਮਨੋਹਰ ਕਮਾਨ ਰਸਪਾਲ ਮਹਾਲੋ ਜਸਵੀਰ ਸਿੰਘ ਔਲੀਆਪਰ ਭੁਪਿੰਦਰ ਬੇਗਮਪੁਰੀ, ਥਾਣੇਦਾਰ ਬਲਵਿੰਦਰ ਭੰਗਲ, ਕੇਵਲ ਸਲੋਹ, ਨਰੇਸ਼ ਉੜਾਪੜ ਗਿਆਨ ਚੰਦ, ਬਲਦੇਵ ਮਾਹੀ, ਹਰਬਲਾਸ ਬੱਧਣ, ਮਾਸਟਰ ਪ੍ਰੇਮ ਰਤਨ, ਰਣਵੀਰ ਬਬਰ ਅਮਰਜੀਤ ਸੈਲਾ, ਕੁਲਦੀਪ ਬਹਿਰਾਮ, ਸੋਮਨਾਥ ਰਟੈਂਡਾ ਸਤਪਾਲ ਸਾਹਲੋ, ਰਾਜ ਦਦਰਾਲ, ਬਲਜਿੰਦਰ ਮੰਗੂਵਾਲ, ਹਰਬੰਸ ਜਾਨੀ ਆਲ਼, ਸੋਨੂ ਲੱਧੜ, ਐਡਵੋਕੇਟ ਮੁਕੇਸ਼ ਬਾਲੀ, ਸਰਪੰਚ ਮਨਜੀਤ ਸੂਦ, ਕੌਂਸਲਰ ਗੁਰਮੁਖ ਨੌਰਥ, ਕੌਂਸਲਰ ਪੰਮਾ ਭਾਟੀਆ, ਸਰਪੰਚ ਬਖਸ਼ੀਸ਼ ਮਾਜਰਾ ਜੱਟਾ, ਸਤਪਾਲ ਲੰਗੋਆ, ਧਰਮ ਚੰਦ ਡੀਸੀ, ਬਲਕਾਰ ਨਵਾਂਸ਼ਹਿਰ, ਅਮਰੀਕ ਨਵਾਂ ਸ਼ਹਿਰ, ਰਕੇਸ਼ ਉਧੋਵਾਲ, ਰਕੇਸ਼ ਰੋਡ, ਗੁਲਮਰਗ, ਸੁਰਿੰਦਰ ਸੀਮਾਰ, ਕਮਲ ਚੋਪੜਾ, ਮਾਸਟਰ ਮੋਹਨ ਸਿੰਘ ਨੌਧੇ ਮਾਜਰਾ, ਕੁਲਦੀਪ ਘਨੌਲੀ, ਗੁਰਵਿੰਦਰ ਗੋਲਡੀ, ਸੁਖਵਿੰਦਰ ਮੋਠਾਪੁਰ, ਕੁਲਦੀਪ ਪਪਰਾਲੀ, ਆਦਿ ਹਾਜ਼ਿਰ ਸਨ।

# ਲੋਕ ਸਭਾ ਚੋਣਾਂ ਲਈ ਕਾਊਂਟਿੰਗ ਸਟਾਫ਼ ਸਬੰਧੀ ਹੋਈ ਪਹਿਲੀ ਰੈਂਡੋਮਾਈਜੇਸ਼ਨ : ਜ਼ਿਲ੍ਹਾ ਚੋਣ ਅਫ਼ਸਰ ਸ੍ਰੀ ਆਦਿੱਤਿਆ ਉੱਪਲ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਪਠਾਨਕੋਟ ਵਿਖੇ ਲੋਕ ਸਭਾ ਚੋਣਾਂ-2024 ਲਈ ਜਿਲ੍ਹਾ ਪਠਾਨਕੋਟ ਅੰਦਰ ਕਾਊਂਟਿੰਗ ਲਈ ਕਾਊਂਟਿੰਗ ਸਟਾਫ਼ ਸਬੰਧੀ ਪਹਿਲੀ ਰੈਂਡੋਮਾਈਜੇਸ਼ਨ ਜ਼ਿਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਸ੍ਰੀ ਆਦਿੱਤਿਆ ਉੱਪਲ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ 'ਤੇ ਸਰਵਸ੍ਰੀ ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸਨਰ (ਜ), ਅਭਿਸੇਕ ਸਰਮਾ ਸਹਾਇਕ ਕਮਿਸਨਰ ਜਰਨਲ, ਯੁਗਲ ਕਿਸੋਰ ਜਿਲ੍ਹਾ ਇਨਫਰਮੈਟਿਕ ਅਫਸਰ ਪਠਾਨਕੋਟ, ਯੁਗੇਸ ਸਿੰਘ ਕਾਨੂੰਗੋ ਚੋਣ ਦਫਤਰ ਪਠਾਨਕੋਟ ਅਤੇ ਹੋਰ ਵੀ ਸਟਾਫ ਹਾਜ਼ਰ ਸੀ।



ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਲੋਕ ਸਭਾ ਚੋਣਾਂ ਸਬੰਧੀ ਕਾਊਂਟਿੰਗ ਸਟਾਫ਼ ਦੀ ਪਹਿਲੀ ਰੈਂਡੋਮਾਈਜੇਸ਼ਨ ਵਿੱਚ ਜਿਲ੍ਹਾ ਪਠਾਨਕੋਟ ਵਿਖੇ ਲੋਕ ਸਭਾ ਚੋਣਾਂ-2024 ਅਧੀਨ ਲੋਕ ਸਭਾ ਸੈਗਮੈਂਟ 001-ਸੁਜਾਨਪੁਰ, 002-ਭੋਆ(ਐਸ।ਸੀ।) ਅਤੇ 003-ਪਠਾਨਕੋਟ ਲਈ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ ਲਈ ਤਾਇਨਾਤ ਕੀਤਾ ਗਿਆ ਸਟਾਫ਼ ਆਪਣੀ ਚੋਣ ਡਿਊਟੀ ਨੂੰ ਪੂਰੀ ਜ਼ਿੰਮੇਵਾਰੀ, ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣ। ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਕਿਸੇ ਤਰਾਂ ਦੀ ਅਣਗਹਿਲੀ ਜਾਂ ਕੁਤਾਹੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

# ਲੋਕ ਸਭਾ ਚੋਣਾਂ-2024 ਲਈ ਲਗਾਈਆਂ ਐਕਸਪੈਂਡੀਚਰ ਟੀਮਾਂ ਨੂੰ ਉਨ੍ਹਾਂ ਦੇ ਕਾਰਜਾਂ ਨੂੰ ਲੈ ਕੇ ਦਿੱਤੇ ਦਿਸਾ ਨਿਰਦੇਸ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਅੱਜ ਜ਼ਿਲ੍ਹਾ ਪਠਾਨਕੋਟ ਵਿਖੇ ਲੋਕ ਸਭਾ ਚੋਣਾਂ-2024 ਲਈ ਮਾਨਯੋਗ ਭਾਰਤ ਚੋਣ ਕਮਿਸਨਰ ਵੱਲੋਂ ਨਿਯੁਕਤ ਕੀਤੇ ਗਏ ਖਰਚਾ ਅਬਜਰਬਰ ਹਰਸਦ ਐਸ ਵੈਨਗੂਰਲੇਕਰ (ਆਈ.ਆਰ.ਐਸ.-2005) ਵੱਲੋਂ ਜਿਲ੍ਹਾ ਪਠਾਨਕੋਟ ਅੰਦਰ ਲੋਕ ਸਭਾ ਚੋਣਾਂ ਨੂੰ ਲੈ ਕੇ ਬਣਾਈਆਂ ਗਈਆਂ ਐਕਸਪੈਂਡੀਚਰ ਟੀਮਾਂ ਦੇ ਅਧਿਕਾਰੀਆਂ ਲਈ ਵਿਸੇਸ ਤੋਰ ਤੇ ਟ੍ਰੇਨਿੰਗ ਸੈਸਨ ਲਗਾਇਆ ਗਿਆ।

ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਅਭਿਸੇਕ ਸਰਮਾ ਸਹਾਇਕ ਕਮਿਸਨਰ ਜਰਨਲ, ਯੁਗੇਸ ਕੁਮਾਰ ਜਿਲ੍ਹਾ ਚੋਣ ਕਾਨੂੰਗੋ ਅਤੇ ਹੋਰ ਅਧਿਕਾਰੀ ਵੀ ਹਾਜਰ ਸਨ। ਇਸ ਮੋਕੇ ਤੇ ਲੋਕ ਸਭਾ ਚੋਣਾਂ-2024 ਅਧੀਨ ਲੋਕ ਸਭਾ ਸੈਗਮੈਂਟ 001-ਸੁਜਾਨਪੁਰ, 002-ਭੋਆ(ਐਸ.ਸੀ.) ਅਤੇ 003-ਪਠਾਨਕੋਟ ਵਿਖੇ ਜਿਲ੍ਹਾ ਪੱਧਰ ਤੇ ਲਗਾਈ ਗਈ ਐਕਸਪੈਂਡੀਚਰ ਟੀਮ ਅਤੇ ਲੋਕ ਸਭਾ ਸੈਗਮੈਂਟ ਪੱਧਰ ਤੇ ਲਗਾਈਆਂ ਗਈਆਂ ਐਕਸਪੈਂਡੀਚਰ ਟੀਮਾਂ ਨੂੰ ਉਨ੍ਹਾਂ ਦੇ ਕਾਰਜਾਂ ਦੇ ਲਈ ਟਿਪਸ ਦਿੱਤੇ ਗਏ। ਇਸ ਤੋਂ ਇਲਾਵਾ ਐਫ।ਐਸ।ਟੀ। , ਵੀ.ਐਸ.ਟੀ. ਅਤੇ ਮੀਡਿਆ ਸਰਟੀਫਾਈਡ ਐਂਡ ਮੋਨਿਟਰਿੰਗ ਕਮੇਟੀ ਨੂੰ ਵੀ ਉਨ੍ਹਾਂ ਦੇ ਕਾਰਜਾਂ ਪ੍ਰਤੀ ਟ੍ਰੇਨਿੰਗ ਦਿੱਤੀ ਗਈ। ਇਸ ਮੋਕੇ ਤੇ ਮਾਸਟਰ ਟ੍ਰੇਨਰ ਨੀਰਿੱਤ ਪਾਂਡੇ ਪ੍ਰੋ. ਐਸ.ਐਮ.ਡੀ.ਆਰ.ਐਸ.ਡੀ. ਕਾਲਜ ਪਠਾਨਕੋਟ ਵੱਲੋਂ ਆਦਰਸ ਚੋਣ ਯਾਬਤਾ ਦੇ ਵੱਖ ਵੱਖ ਪਹਿਲੂਆਂ ਤੇ ਰੋਸਨੀ ਪਾਈ ਅਤੇ ਵੱਖ ਵੱਖ ਟੀਮਾਂ ਵੱਲੋਂ ਕੀਤੇ ਜਾਣ ਵਾਲੇ ਕਾਰਜਾਂ ਬਾਰੇ ਵਿਸਥਾਰ ਪੂਰਵਕ ਸਮਝਾਇਆ।

# ਆਮ ਨਾਗਰਿਕਾਂ ਅਤੇ ਨੌਜਵਾਨਾਂ ਨੂੰ ਵੋਟ ਦੀ ਮਹੱਤਤਾ ਬਾਰੇ ਕੀਤਾ ਜਾਗਰੂਕ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ੍ਰੀ ਆਦਿੱਤਿਆ ਉੱਪਲ ਦੀ ਰਹਿਨੁਮਾਈ ਹੇਠ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ 002 ਭੋਆ ਹਲਕੇ ਦੀ ਸਵੀਪ ਟੀਮ ਵੱਲੋਂ ਏਡੀਸੀ ਅੰਕੁਰ ਜੀਤ ਸਿੰਘ ਆਈਏਐਸ ਦੀ ਅਗਵਾਈ ਹੇਠ ਜ਼ਿਲ੍ਹਾ ਨੋਡਲ ਕਮ-ਜਿਲ੍ਹਾ ਭੂਮੀ ਰੱਖਿਆ ਅਫ਼ਸਰ ਗੁਰਪ੍ਰੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ 002 ਹਲਕਾ ਭੋਆ ਦੇ ਸਵੀਪ ਨੋਡਲ ਅਫ਼ਸਰ ਕਮ- ਬੀਪੀਈਓ ਪਠਾਨਕੋਟ -1 ਪੰਕਜ ਅਰੋੜਾ ਵੱਲੋਂ ਬੀ.ਐਲ.ਓਜ਼ ਦੇ ਸਹਿਯੋਗ ਨਾਲ ਬੂਥ ਲੈਵਲ ਅਵੇਅਰਨੈਂਸ ਗਰੁੱਪ ਅਤੇ ਚੋਣ ਪਾਠਸ਼ਾਲਾ ਰਾਹੀਂ ਭੋਆ ਹਲਕੇ ਦੇ ਵੱਖ ਵੱਖ ਬੂਥਾਂ 'ਤੇ ਵੋਟਰ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ, ਜਿਸ ਤਹਿਤ ਵੋਟਰਾਂ ਨੂੰ ਆਪਣੀ ਵੋਟ ਦੇ ਵਡਮੁੱਲੇ ਹੱਕ ਦੇ ਇਸਤੇਮਾਲ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।



# ਜ਼ਫ਼ਰਨਾਮਾ ਨਾਟਕ ਦੀ ਫਰਿਜਨੋ ਵਿਖੇ ਸਫ਼ਲ ਪੇਸ਼ਕਾਰੀ





**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜਨੋ (ਕੈਲੀਫੋਰਨੀਆਂ)–** ਪੰਜਾਬ ਲੋਕ ਰੰਗ ਮੰਚ ਵੱਲੋ ਨਾਟਕ-ਕਾਰ ਸ. ਸੁਰਿੰਦਰ ਸਿੰਘ ਧਨੋਆ ਦੇ ਨਿਰਦੇਸ਼ਨ ਹੇਠ ਇਤਿਹਾਸਕ ਨਾਟਕ ਜ਼ਫ਼ਰਨਾਮਾਂ ਫਰਿਜਨੋ ਦੇ ਸੈਂਟਰਲ ਹਾਈ ਸਕੂਲ ਦੇ ਆਡੋਟੋਰੀਅਮ ਵਿਖੇ ਦਰਸ਼ਕਾਂ ਦੇ ਖਚਾ-ਖਚ ਭਰੇ ਹਾਲ ਅੰਦਰ ਖੇਡਿਆ ਗਿਆ। ਨਾਟਕ ਦੀ ਸ਼ੁਰੂਆਤ ਸ. ਤਾਰਾ ਸਿੰਘ ਬੱਲ ਨੇ ਅਰਦਾਸ ਕਰਨ ਉਪਰੰਤ ਕੀਤੀ। ਇਸ ਮੌਕੇ ਉੱਘੇ ਟਰਾਸਪੋਰਟਰ ਸ. ਬਲਵਿੰਦਰ ਸਿੰਘ ਧਨੋਆ ਨੇ ਸਭਨਾਂ ਨੂੰ ਨਿੱਘੀ ਜੀ ਆਇਆਂ ਆਖੀ ਤੇ ਨਾਟਕ ਦੇ ਥੀਂਮ ਤੇ ਪੰਛੀ ਝਾਤ ਪਵਾਈ 'ਤੇ ਸਮੂਹ ਸਹਿਯੋਗੀ ਸੱਜਣਾਂ ਦਾ ਧੰਨਵਾਦ ਕੀਤਾ। ਅਖੀਰ ਪੜਦਾ ਹਟਿਆ ਤੇ ਸਿੱਖ ਇਤਿਹਾਸ ਦੇ ਪੱਤਰਿਆਂ ਨੂੰ ਫਰੋਲਦਾ ਇਹ ਨਾਟਕ ਦਰਸ਼ਕਾਂ ਨੂੰ ਇੱਕ ਵੱਖਰੇ ਵਿਸਮਾਦ ਵੱਲ ਲੈ ਗਿਆ। ਪਹਾੜੀ ਰਾਜਿਆਂ ਦੇ ਦੋਗਲੇ ਕਿਰਦਾਰ ਨੂੰ ਉਘੇੜਦਾ ਨਾਟਕ, ਅਨੰਦਪੁਰ ਸਹਿਬ ਦੇ ਕਿਲੇ ਤੋ ਛੋਟੇ ਸਹਿਬਜਾਦਿਆ ਦੀ ਸ਼ਹੀਦੀ ਨੂੰ ਦਰਸਾਉਂਦਾ ਅੰਤ ਜ਼ਫ਼ਰਨਾਮੇ ਤੇ ਜਾਕੇ ਅਟਕਿਆ ਤੇ ਇਸ ਨਾਟਕ ਵਿੱਚ ਜੋ ਪੱਖ ਔਰੰਗਜੇਬ ਦਾ ਵਿਖਾਇਆ ਗਿਆ ,ਓਹ ਵੀ ਵਿਲੱਖਣ ਸੀ। ਇਸ ਨਾਟਕ ਰਾਹੀ ਔਰੰਗਜੇਬ ਦੀ ਜ਼ਿੰਦਗੀ ਦੇ ਆਖ਼ਰੀ ਪਲ਼ਾਂ ਨੂੰ ਬੜੀ ਸ਼ਿੱਦਤ ਨਾਲ ਮੰਚ ਤੇ ਵਿਖਾਇਆ ਗਿਆ ਕਿ ਕਿਵੇਂ ਗੁਰੂ ਗੋਬਿੰਦ ਸਿੰਘ



ਦੁਬਾਰਾ ਚਿੱਠੀ ਨੁਮਾਂ ਜ਼ਫ਼ਰਨਾਮੇ ਨੇ ਬਾਦਸ਼ਾਹ ਔਰੰਗਜੇਬ ਨੂੰ ਸੋਚਣ ਲਈ ਮਜਬੂਰ ਕੀਤਾ ਕਿ ਮੇਰੇ ਰਾਜ ਵਿੱਚ ਦੋ ਛੋਟੇ ਬੱਚਿਆਂ ਨੂੰ ਨੀਹਾਂ ਵਿੱਚ ਖਿਲਾਰਤੇ ਜਿੰਦਾ ਚਿਣਕੇ ਸ਼ਹੀਦ ਕੀਤਾ ਗਿਆ, ਬੱਸ ਇਹੀ ਪਛਤਾਵਾ ਉਸਦੀ ਮੌਤ ਦਾ ਕਾਰਨ ਬਣਿਆ।

ਸਕ੍ਰੀਨ ਪਲੇਅ ਦੇ ਨਾਲ ਨਾਲ ਸਾਰੇ ਕਲਾਕਾਰਾਂ ਨੇ ਆਪੋ ਆਪਣਾ ਰੋਲ ਬਾਖ਼ੂਬੀ ਨਿਭਾਇਆ।

ਸ. ਸੁਰਿੰਦਰ ਸਿੰਘ ਧਨੋਆ ਦੁਬਾਰੇ ਨਿਭਾਏ ਔਰੰਗਜੇਬ ਦੇ ਕਿਰਦਾਰ ਨੇ ਦਰਸ਼ਕਾਂ ਨੂੰ ਖ਼ੂਬ ਪ੍ਰਭਾਵਿਤ ਕੀਤਾ। ਅਖੀਰ ਜੈਕਾਰਿਆਂ ਦੀ ਗੂੰਜ ਵਿੱਚ ਸਿੱਖ ਇਤਿਹਾਸ ਦੇ ਸੁਨਿਹਰੀ ਪੰਨਿਆ ਨੂੰ ਉਘੇੜਦਾ ਇਹ ਨਾਟਕ ਯਾਦਗਾਰੀ ਹੋ ਨਿੱਬੜਿਆ । ਇਸ ਨਾਟਕ ਨੂੰ ਕਾਮਯਾਬ ਬਣਾਉਣ ਦਾ ਸਿਹਰਾ ਜਿੱਥੇ ਸਮੂਹ ਦਰਸ਼ਕਾਂ ਸਿਰ ਜਾਂਦਾ ਹੈ, ਓਥੇ ਸਮੂਹ ਸਪਾਂਸਰ ਵੀਰਾਂ ਦੇ ਨਾਲ ਨਾਲ ਸਮਾਜਸੇਵੀ ਕਿੱਟੀ ਗਿੱਲ ਅਤੇ ਗੁਰਦਵਾਰਾ ਨਾਨਕ ਪ੍ਰਕਾਸ਼ ਦੇ ਸਮੂਹ ਸੇਵਾਦਾਰਾਂ ਨੂੰ ਵੀ ਕਰੈਡਿੱਟ ਦੇਣਾ ਬਣਦਾ ਹੈ।

ਅਖੀਰ ਗੁਰਦਵਾਰਾ ਨਾਨਕ ਪ੍ਰਕਾਸ਼ ਦੇ ਮੁੱਖ ਸੇਵਾਦਾਰ ਸ। ਜਤਿੰਦਰ ਸਿੰਘ ਨੇ ਇਸ ਨਾਟਕ ਦੇ ਸਫਲ ਮੰਚਨ ਲਈ ਨਾਟਕ ਦੀ ਪੂਰੀ ਟੀਮ ਨੂੰ ਵਧਾਈ ਦਿੱਤੀ ਤੇ ਉਹਨਾਂ ਆਸ ਲਗਾਈ ਕਿ ਪੰਜਾਬ ਰੰਗ ਮੰਚ ਦੀ ਟੀਮ ਅੱਗੇ ਤੋਂ ਵੀ ਇਹੋ ਜਿਹੇ ਨਾਟਕ ਲਿਆਉਂਦੀ ਰਹੇਗੀ ਤੇ ਸੰਗਤ ਨੂੰ ਸਿੱਖ ਇਤਿਹਾਸ ਤੋਂ ਜਾਣੂ ਕਰਵਾਉਂਦੀ ਰਹੇਗੀ। ਸ. ਬਲਵਿੰਦਰ ਸਿੰਘ ਧਨੋਆ ਨੇ ਕਿਹਾ ਕਿ ਸਾਡੀ ਟੀਮ ਦੀ ਅਗਲੀ ਪੇਸ਼ਕਾਰੀ ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ ਤੇ ਅਧਾਰਤ ਹੋਵੇਗੀ।

# ਆਸ਼ਾ ਵਰਕਰਜ਼ ਅਤੇ ਫੈਲੀਟੇਟਰਾਂ ਦੇ ਸ਼ੰਘਰਸ਼ ਨੂੰ ਪਿਆ ਬੂਰ; ਸਿਹਤ ਮੰਤਰੀ ਡਾ ਬਲਬੀਰ ਸਿੰਘ ਨੇ 58 ਸਾਲ ਦੀ ਉਮਰ ਦੀਆਂ ਵਰਕਰਾਂ ਦੀ ਸੇਵਾਮੁਕਤੀ ਤੇ ਲਾਈ ਰੋਕ

**ਪਟਿਆਲਾ, (ਦਲਜੀਤ ਕੌਰ)** ਅੱਜ ਆਸ਼ਾ ਵਰਕਰਜ ਅਤੇ ਫੈਸਿਲੀਟੇਟਰ ਸਾਂਝਾ ਮੋਰਚੇ ਪੰਜਾਬ ਵੱਲੋਂ ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੇ ਮੁੱਖ ਦਫ਼ਤਰ ਸਰਹਿੰਦ ਨੇੜੇ ਬਾਈਪਾਸ ਪਟਿਆਲਾ 'ਚ ਸਿਹਤ ਮੰਤਰੀ ਦਾ ਮੁੱਖ ਦਫ਼ਤਰ ਘਿਰਾਓ ਕੀਤਾ ਗਿਆ। ਇਸ ਮੌਕੇ ਕਨਵੀਨਰ ਮਨਦੀਪ ਕੌਰ ਜਲੰਧਰ, ਅਮਰਜੀਤ ਕੌਰ ਫਰੀਦਕੋਟ, ਰਾਣੋ ਖੇੜੀ ਸੰਗਰੂਰ ਅਤੇ ਸਰੋਜਬਾਲਾ ਅੰਮ੍ਰਿਤਸਰ ਨੇ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਕੰਮ ਕਰਦੀਆਂ ਹਜ਼ਾਰਾਂ ਆਸ਼ਾ ਵਰਕਰਾਂ ਦੀਆਂ ਮੁਸ਼ਕਲਾਂ ਨੂੰ ਹੱਲ ਕਰਨ ਅਤੇ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਦੀ ਬਜਾਏ ਉਹਨਾਂ ਨੂੰ 58 ਸਾਲ ਦੀ ਉਮਰ ਵਿੱਚ ਨੌਕਰੀ ਤੋਂ ਫਾਰਗ ਕਰਨ ਦਾ ਪੱਤਰ ਜਾਰੀ ਕਰਕੇ ਉਹਨਾਂ ਨੂੰ ਖਾਲੀ ਹੱਥ ਘਰ ਤੋਰਿਆ ਜਾ ਰਿਹਾ ਹੈ, ਪੰਜਾਬ ਵਿੱਚ ਕੰਮ ਕਰਦੇ ਹਜ਼ਾਰਾਂ ਵਰਕਰਾਂ ਨੂੰ ਪੱਕਾ ਕਰਨ ਦੇ ਸਾਰੇ ਵਾਅਦੇ ਝੂਠ ਦਾ ਪੁਲੰਦਾ ਸਾਬਤ ਹੋਏ ਹਨ, ਕਿਸੇ ਵੀ ਮੁਲਾਜ਼ਮ ਵਰਗ ਦੀਆਂ ਮੰਗਾਂ ਨੂੰ ਪੂਰਾ ਨਹੀਂ ਕੀਤਾ ਗਿਆ ਜਿਸ ਕਾਰਨ ਹਰ ਤਰ੍ਹਾਂ ਦੇ ਮੁਲਾਜ਼ਮ ਵਰਗ ਤੇ ਵਰਕਰਾਂ ਵਿੱਚ ਭਾਰੀ ਰੋਸ ਹੈ ਇਸ ਰੋਸ ਤੇ ਚਲਦਿਆ ਵੋਟ ਮੰਗਣ ਲਈ ਆਏ ਲੀਡਰਾਂ ਨੂੰ ਸਵਾਲ ਕਰਨ ਲਈ ਲੋਕਾਂ ਦਾ ਰੋਹ ਸੜਕਾਂ ਤੇ ਆ ਰਿਹਾ ਹੈ। ਇਸ ਮੌਕੇ ਪਰਮਜੀਤ ਕੌਰ



ਮਾਨ, ਜਸਵੀਰ ਕੌਰ, ਬਲਵੀਰ ਗਿੱਲਾਂ ਅਤੇ ਸੰਕੁਤਲਾ ਸਰੋਏ ਨੇ ਕਿਹਾ ਜੇ ਮੌਜੂਦਾ ਸਰਕਾਰਾਂ ਆਪਣੇ ਵਿਚਾਰ ਲੋਕਾਂ ਤੱਕ ਲੈ ਕੇ ਜਾ ਰਹੇ ਹਨ ਤਾਂ ਦੂਜੇ ਪਾਸੇ ਲੋਕਾਂ ਦੇ ਵਿਚਾਰਾਂ ਨੂੰ ਦਰਕਿਨਾਰ ਕੀਤਾ ਜਾ ਰਿਹਾ ਉਹਨਾਂ ਕਿਹਾ ਕਿ ਮੁੱਖ ਮੰਤਰੀ ਸ।ਭਗਵੰਤ ਸਿੰਘ ਮਾਨ ਦੀ ਜਲੰਧਰ ਫੇਰੀ ਦੌਰਾਨ ਅਨੇਕਾਂ ਆਗੂਆਂ ਦੇ ਘਰਾਂ ਵਿੱਚ ਛਾਪੇਮਾਰੀ ਕਰਕੇ ਉਹਨਾਂ ਨੂੰ ਨਜਰਬੰਦ ਕੀਤਾ ਗਿਆ ਦੀ ਸਖ਼ਤ ਸ਼ਬਦਾਂ ਨਿਖੇਧੀ ਕੀਤੀ। ਲੰਮਾ ਸਮਾਂ ਧਰਨਾ ਚੱਲਣ ਤੋਂ ਬਆਦ ਖ਼ੁਦ ਸਿਹਤ ਮੰਤਰੀ ਡਾ ਬਲਬੀਰ ਸਿੰਘ ਨੂੰ ਆਪਣੀ ਚੋਣ ਸਰਗਰਮੀ ਨੂੰ ਛੱਡਕੇ ਸਾਂਝੇ ਮੋਰਚੇ ਨਾਲ ਗੱਲਬਾਤ ਲਈ ਆਉਣਾ ਪਿਆ। ਉਨ੍ਹਾਂ ਦੱਸਿਆ ਕਿ ਸਿਹਤ ਮੰਤਰੀ ਨਾਲ ਮੀਟਿੰਗ ਚੰਗੇ ਮਾਹੌਲ ਵਿੱਚ ਹੋਈ। ਉਹਨਾਂ ਤਰੁੰਤ ਉੱਚ ਅਧਿਕਾਰੀਆਂ ਨੂੰ ਫੋਨ ਕਰਕੇ ਕਿਹਾ ਕਿ ਵਿਭਾਗ ਵੱਲੋਂ ਕੱਢੇ ਪੱਤਰ ਨੂੰ ਵਾਪਿਸ ਲਿਆ ਜਾਵੇ ਅਤੇ ਕੱਢੇ ਗਏ ਵਰਕਰਾਂ ਨੂੰ ਫੇਰ ਵਾਪਿਸ ਕੰਮ ਤੇ ਬੁਲਾਇਆ ਜਾਵੇ ਅਤੇ ਵਿਸ਼ਵਾਸ਼ ਦਵ-ਾਇਆ ਕੇ ਕਿਸੇ ਵੀ ਆਸ਼ਾ ਨੂੰ ਕੱਢਿਆ ਨਹੀਂ ਜਾਵੇਗਾ।

## ਹਾਥੀ ਵਾਲਾ ਬਟਨ ਦਬਾਓ

ਹਾਥੀ ਵਾਲਾ ਬਟਨ ਦਬਾਓ ਮੇਰੇ ਸਾਥੀਓ
ਵੋਟਾਂ ਬੀ ਐਸ ਪੀ ਨੂੰ ਪਾਓ
ਰਾਜ ਬਹੁਜਨਾਂ ਦਾ ਲਿਆਓ ਮੇਰੇ ਸਾਥੀਓ
ਵੋਟਾਂ ਬੀ ਐਸ ਪੀ ਨੂੰ ਪਾਓ

ਹਾਥੀ ਦਾ ਨਿਸ਼ਾਨ ਚਿੰਨ ਬਹੁਜਨ ਸਮਾਜ ਦਾ
ਮਾਲਕ ਜੋ ਅਸਲੀ ਹੈ ਸਾਰੇ ਰਾਜ ਭਾਗ ਦਾ
ਜਾਗੋ ਨਾਲੇ ਹੋਰਾਂ ਨੂੰ ਜਗਾਓ ਮੇਰੇ ਸਾਥੀਓ
ਵੋਟਾਂ ਬੀ ਐਸ ਪੀ ਨੂੰ ਪਾਓ ....

ਗੁਰੂ ਰਵਿਦਾਸ ਬਾਬਾ ਸਾਹਿਬ ਕਰੋ ਯਾਦ ਬਈ
ਛੱਡ ਦਿਓ ਅਲਾਪਣੇ ਬੇਗਾਨਿਆਂ ਦੇ ਰਾਗ ਬਈ
ਇੱਕ ਹੋ ਕੇ ਗੈਰਾਂ ਨੂੰ ਹਰਾਓ ਮੇਰੇ ਸਾਥੀਓ
ਵੋਟਾਂ ਬੀ ਐਸ ਪੀ ਨੂੰ ਪਾਓ ....

ਇਕ ਪਲੇਟਫਾਰਮ ਇਹ ਦਿੱਤਾ ਕਾਂਸ਼ੀ ਰਾਮ ਨੇ
ਤੁਹਾਡੇ ਸਕੇ ਸੋਧਰੇ ਨਾ ਇਹੋ ਰਾਮ ਸ਼ਾਮ ਨੇ
ਪੜ੍ਹੋ ਨਾਲੇ ਮਿਸ਼ਨ ਪੜਾਓ ਮੇਰੇ ਸਾਥੀਓ
ਵੋਟਾਂ ਬੀ ਐਸ ਪੀ ਨੂੰ ਪਾਓ ....

ਵੋਟ ਦਿੱਤੀ ਬੰਬ ਹੈ ਬਣਾ ਕੇ ਬਾਬਾ ਸਾਹਿਬ ਨੇ




ਹੱਲ ਕੀਤੇ ਮਸਲੇ ਸੀ ਸਾਰੇ ਹੀ ਜਨਾਬ ਨੇ
ਵੋਟਾਂ ਹੱਕ ਵਿੱਚ ਭੁਗਤਾਓ ਮੇਰੇ ਸਾਥੀਓ
ਵੋਟਾਂ ਬੀ ਐਸ ਪੀ ਨੂੰ ਪਾਓ ....

ਦਿੱਲੀ ਉੱਤੇ ਨੀਲਾ ਝੰਡਾ ਗੱਡ ਦਿਓ 'ਚੁੰਬਰਾ'
ਪੂਰਨੇ ਲਿਹਾਜ ਸਭ ਛੱਡ ਦਿਓ 'ਚੁੰਬਰਾ'
ਕੀਮਤੀ ਹੈ ਸਮਾਂ ਨਾ ਗਵਾਓ ਮੇਰੇ ਸਾਥੀਓ
ਬਸਪਾ ਦੇ ਲੀਡਰ ਜਿਤਾਓ ਤੁਸੀਂ ਸਾਥੀਓ
ਵੋਟਾਂ ਬੀ ਐਸ ਪੀ ਨੂੰ ਪਾਓ ....

**ਪੇਸ਼ਕਸ਼ – ਕੁਲਦੀਪ ਚੁੰਬਰ**


## "ਦੇਸ਼ ਦੁਆਬਾ"

### ਹਫਤਾਵਾਰੀ ਅਖਬਾਰ

**ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?**
**ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?**
**ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।**

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।



**E-mail : deshdoaba@yahoo.com**

**(ਸੰਪਰਕ) 1-916-947-8920,**
**(ਫੈਕਸ) 1-916-238-1393**

**www.deshdoaba.com**
**www.ambedkartimes.com**



ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਪਦਮ ਸ੍ਰੀ ਸੁਰਜੀਤ ਪਾਤਰ ਨੂੰ ਭਰੇ ਮਨ ਅਤੇ ਛਲਕਦੀਆਂ ਅੱਖਾਂ ਨਾ਼ਲ ਅਲਵਿਦਾ!

## ਅਚਾਨਕ ਵਿਛ ਗਿਆ ਸੱਥਰ ਪੰਜਾਬੀ ਮਾਂ ਦੇ ਵਿਹੜੇ, ਵਿਪਸਾਅ ਮੈਂਬਰਾਂ ਵੱਲੋਂ ਸ਼ਰਧਾਂਜਲੀਆਂ

**ਹੇਵਰਡ–** ਪਦਮ ਸ੍ਰੀ ਸੁਰਜੀਤ ਪਾਤਰ ਦੇ ਅਚਾਨਕ ਸਦੀਵੀ ਵਿਛੋੜੇ ਦੀ ਮਨਹੂਸ ਖ਼ਬਰ ਸੁਣਦੇ ਹੀ ਪੰਜਾਬੀ ਸਾਹਿਤ ਜਗਤ ਵਿੱਚ ਇੱਕ ਖਲਾਅ ਪੈਦਾ ਹੋ ਗਿਆ। ਪਾਠਕਾਂ ਅਤੇ ਸਨੇਹੀਆਂ ਨੂੰ ਯਕੀਨ ਕਰਨਾ ਔਖਾ ਹੋ ਗਿਆ। ਉਨ੍ਹਾਂ ਦੀ ਵਿਛੜੀ ਰੂਹ ਦੀ ਸ਼ਾਂਤੀ ਲਈ ਅਰਦਾਸ ਅਤੇ ਇੱਕ ਦੂਜੇ ਨੂੰ ਢਾਰਸ ਦੇਣ ਲਈ ਵਿਪਸਾਅ ਮੈਂਬਰਾਂ ਨੇ 'ਰਾਜਾ ਸਵੀਟਸ ਐਂਡ ਇੰਡੀਅਨ ਕੁਜ਼ੀਨ ਯੂਨੀਅਨ ਸਿਟੀ' ਵਿਖੇ ਤੁਰੰਤ ਮਿਲਣੀ ਕੀਤੀ। ਡਾ। ਪਾਤਰ ਨੂੰ ਭਾਵ-ਭਿੰਨੀ ਸ਼ਰਧਾਂਜਲੀ ਭੇਟ ਕਰਦੇ ਹੋਏ ਵਿਪਸਾਅ ਪ੍ਰਧਾਨ ਸ਼ਾਇਰ ਕੁਲਵਿੰਦਰ ਨੇ ਕਿਹਾ ਕਿ ਉਨ੍ਹਾਂ ਦਾ ਚੁੱਪ ਚੁਪੀਤੇ ਚਲੇ ਜਾਣਾ ਦਿਲ ਨੂੰ ਝੰਜੋੜ ਗਿਆ। ਉਨ੍ਹਾਂ ਦੇ ਅਮਰ ਸਾਹਿਤ ਕਰਕੇ ਉਨ੍ਹਾਂ ਦੀ ਉਮਰ ਲੋਕ ਗੀਤਾਂ ਜਿੰਨੀ ਲੰਮੀ ਹੈ। ਉਨ੍ਹਾਂ ਦੇ ਸ਼ਬਦਹਮੇਸ਼ਾ ਵਾਸਤੇ ਸਾਡੇ ਕੰਨਾਂ ਵਿੱਚ ਗੂੰਜਣਗੇ ਤੇ ਦਿਲਾਂ ਵਿੱਚ ਵੱਸਦੇ ਰਹਿਣਗੇ। ਉਨ੍ਹਾਂ ਦਾ ਨਾਮ ਵਾਰਸ, ਬੁੱਲ੍ਹੇ ਤੇ ਨਾਨਕ ਵਾਂਗ ਹਮੇਸ਼ਾ ਚਮਕਦਾ ਰਹੇਗਾ। ਉਨ੍ਹਾਂ ਨੇ ਪਾਤਰ ਸਾਹਿਬ ਦੇ ਸ਼ਿਅਰ ਨਾ਼ਲ ਸ਼ਰਧਾਂਜਲੀ ਭੇਟ ਕੀਤੀ:

ਤੂੰ ਦਿਨਾਂ ਦੇ ਦੇਸ ਦਾ ਵਾਸੀ ਹੈਂ
ਅੱਗੇ ਰਾਤ ਹੈ ਸ਼ਾਮ ਹੈ ਰੁਕ ਜਾ
ਇਹ ਕੋਈ ਜਾਣ ਦਾ ਵੇਲਾ ਨਹੀਂ

ਜਗਜੀਤ ਨੌਸ਼ਹਿਰਵੀ ਨੇ ਉਨ੍ਹਾਂ ਨਾ਼ਲ ਜੁੜੀਆਂ ਯਾਦਾਂ ਸਾਂਝੀਆਂ ਕਰਦੇ ਹੋਏ ਕਿਹਾ ਕਿ ਪਾਤਰ ਇੱਕ ਬਹੁਤ ਵਧੀਆ ਇਨਸਾਨ ਸੀ। ਉਨ੍ਹਾਂ ਪੰਜਾਬੀ ਸ਼ਾਇਰੀ ਨੂੰ ਬੁਲੰਦੀਆਂ 'ਤੇ ਪਹੁੰਚਾਇਆ। ਉਹ ਸਾਡੇ ਲਈ ਜੋ ਕੁਝ ਛੱਡ ਕੇ ਗਏ ਹਨ ਉਹ ਕਦੀ ਵੀ ਮਨਫ਼ੀ ਨਹੀਂ ਹੋ ਸਕਦਾ। ਪ੍ਰੋ. ਬਲਜਿੰਦਰ ਸਿੰਘ ਨੇ ਕਿਹਾ ਕਿ ਜਦੋਂ ਕਾਲਜ ਦੇ ਵਿਦਿਆਰਥੀ ਕਿਸੇ ਕਵੀ ਨੂੰ ਗਾਉਣ ਲੱਗ ਜਾਣ ਤਾਂ ਉਹ ਕਵੀ ਲੋਕ ਮਨਾਂ 'ਤੇ ਰਾਜ ਕਰਦਾ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਉਨ੍ਹਾਂ ਦੀ ਰਚਨਾ 'ਲੱਗੀ ਨਜ਼ਰ ਪੰਜਾਬ ਨੂੰ' ਬਹੁਤ ਹਰਮਨ ਪਿਆਰੀ ਹੋ ਗਈ ਸੀ। ਉਨ੍ਹਾਂ ਦੀ ਸ਼ਾਇਰੀ ਨੂੰ ਹਰ ਆਮ ਅਤੇ ਖ਼ਾਸ ਪੰਜਾਬੀ ਨੇ ਮਾਣਿਆ ਹੈ। ਸੁਖਦੇਵ ਸਾਹਿਲ ਨੇ ਕਿਹਾ ਕਿ ਮੈਂ ਉਨ੍ਹਾਂ ਦਾ ਗੀਤ 'ਕੁਝ ਕਿਹਾ ਤਾਂ ਹਨੇਰਾ ਜ਼ਰੇਗਾ ਕਿਵੇਂ" ਗਾਉਂਦਾ ਰਿਹਾ ਪਰ ਮੇਰੀ ਉਨ੍ਹਾਂ ਨਾ਼ਲ ਮਲਾਕਾਤ ਵਿਪਸਾਅ ਦੇ ਵਿਹੜੇ ਵਿੱਚ ਹੋਈ। ਪਾਤਰ ਸਾਹਿਬ ਨੂੰ ਸ਼ਾਇਰੀ ਦੀ ਤਕਨੀਕ ਦੇ ਨਾ਼ਲ-ਨਾ਼ਲ ਰਾਗਾਂ ਦਾ ਵੀ ਪੂਰਾ ਗਿਆਨ ਸੀ। ਡਾ। ਸੁਖਵਿੰਦਰ ਕੰਬੋਜ ਨੇ ਕਿਹਾ ਕਿ ਉਨ੍ਹਾਂ ਦੇ ਵਿਛੋੜੇ ਦੀ ਖ਼ਬਰ ਸੁਣਦੇ ਹੀ ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਪਾਸ਼ ਤੋਂ ਬਾਅਦ ਸੁਰਜੀਤ ਪਾਤਰ ਦੇ ਵਿਛੋੜੇ ਨੇ ਮੈਨੂੰ ਹਲੂਣ ਦਿੱਤਾ ਹੈ।ਉਹ ਉਨ੍ਹਾਂ ਨੂੰ ਨਕੋਦਰ ਦੀਆਂ ਕਚਿਹਰੀਆਂ ਵਿੱਚ ਪਹਿਲੀ ਵਾਰੀ ਮਿਲੇ ਸਨ। ਉਨ੍ਹਾਂ ਦੇ ਸ਼ਿਅਰ ਹਮੇਸ਼ਾ ਚੇਤਿਆਂ ਵਿੱਚ ਵੱਸੇ ਰਹਿਣਗੇ। ਜਿਵੇਂ 'ਕੋਈ ਡਾਲੀਆਂ 'ਚੋਂ ਲੰਘਿਆ ਹਵਾ ਬਣ ਕੇ, ਅਸੀਂ ਰਹਿ ਗਏ ਬਿਰਖ ਵਾਲੀ ਹਾ ਬਣ ਕੇ'। ਉਹ ਪੰਜਾਬੀ ਸਾਹਿਤ ਜਗਤ ਵਿੱਚ ਇੱਕ ਵੱਖਰੀ ਲੀਹ ਪਾ ਕੇ ਗਏ ਹਨ। ਉਨ੍ਹਾਂ ਪੰਜਾਬੀਆਂ ਦੀ ਦਿੱਖ ਵਰਗੀ ਸ਼ਾਇਰੀ ਕੀਤੀ ਹੈ। ਲਾਜ ਨੀਲਮ ਸੈਣੀ ਨੇ ਕਿਹਾ ਕਿ 'ਲੱਗੀ ਨਜ਼ਰ ਪੰਜਾਬ' ਨੂੰ ਪੜ੍ਹਦੇ ਹੀ ਉਹ ਬਹੁਤ ਪ੍ਰਭਾਵਿਤ ਹੋਈ ਸੀ। ਮੰਚ ਸੰਚਾਲਨ ਕਰਦੇ ਵਕਤ ਉਨ੍ਹਾਂ ਦੇ ਸ਼ਿਅਰ ਆਪ ਮੁਹਾਰੇ ਹੀ ਬੋਲੇ ਜਾਂਦੇ ਸਨ। ਹਰ ਸ਼ਿਅਰ ਦੀ ਇਕ-ਇਕ ਸਤਰ ਧੁਰ ਮਨ ਅੰਦਰ ਲਹਿ ਜਾਂਦੀ ਹੈ ਤੇ ਸੋਚਣ ਲਈ ਮਜਬੂਰ ਕਰਦੀ ਹੈ:

ਪਿੰਡ ਜਿਨ੍ਹਾਂ ਦੇ ਗੱਡੇ ਚੱਲਣ, ਹੁਕਮ ਅਤੇ ਸਰਦਾਰੀ
ਸ਼ਹਿਰ 'ਚ ਆ ਕੁ ਬਣ ਜਾਂਦੇ ਨੇਬੱਸ ਦੀ ਇੱਕ ਸਵਾਰੀ

ਉਹ ਆਪਣੀ ਸ਼ਾਇਰੀ ਰਾਹੀਂ ਸਾਡੇ ਦਿਲਾਂ ਵਿੱਚ ਹਮੇਸ਼ਾ ਵੱਸੇ ਰਹਿਣਗੇ। ਉਨ੍ਹਾਂ ਦਾ ਨਾਂ ਪੰਜਾਬੀ ਸਾਹਿਤ ਗਗਨ ਵਿੱਚ ਧਰੁਵ ਤਾਰੇ ਵਾਂਗ ਚਮਕਦਾ ਰਹੇਗਾ। ਸੁਰਜੀਤ ਸਖੀ ਨੇ ਉਨ੍ਹਾਂ ਨਾਲ ਜੁੜੀਆਂ ਭਾਵ-ਪੂਰਤ ਯਾਦਾਂ ਸਾਂਝੀਆਂ ਕੀਤੀਆਂ। ਉਨ੍ਹਾਂ ਭਰੇ ਮਨ ਨਾ਼ਲ ਦੱਸਿਆ ਕਿ ਇੰਡੀਆ ਵਿੱਚ ਉਹ ਬਹੁਤ ਸਾਰੇ ਮੁਸ਼ਾਇਰੇ ਇੱਕਠੇ ਕਰਦੇ ਸਨ। ਉਹ ਪਲ, ਉਹ ਯਾਦਾਂ ਹਮੇਸ਼ਾ ਨਾ਼ਲ ਰਹਿਣਗੀਆਂ। ਸਖੀ ਨੇ ਉਨ੍ਹਾਂ ਦੇ ਤੁਰ ਜਾਣ ਦੀ ਖ਼ਬਰ ਤੋਂ ਬਾਅਦ ਸ਼ਿੱਦਤ ਨਾ਼ਲ ਲਿਖੀ ਗ਼ਜਲ ਸੁਣਾ ਕੇ ਸ਼ਰਧਾਂਜਲੀ ਭੇਟ ਕੀਤੀ:

ਦਿਸ਼ਾਵਾਂ ਸਹਿਮ ਗਈਆਂ ਲੜਖੜਾਏ ਪੈਰ ਪੌਣਾਂ ਦੇ
ਕਿਵੇਂ ਖ਼ਾਮੋਸ਼ ਹੋਇਆ ਤਨ ਬਦਨ ਸੁਰਜੀਤ ਪਾਤਰ ਦਾ
ਅਚਾਨਕ ਵਿਛ ਗਿਆ ਸੱਥਰ ਪੰਜਾਬੀ ਮਾਂ ਦੇ ਵਿਹੜੇ ਵਿੱਚ
ਜ਼ੁਬਾਨਾਂ ਬੈਠੀਆਂ ਮਾਤਮ ਕਰਨ ਸੁਰਜੀਤ ਪਾਤਰ ਦਾ

ਪ੍ਰੋ. ਸੁਰਿੰਦਰ ਸੀਰਤ ਨੇ ਕਿਹਾ ਕਿ ਦੋ ਦਹਾਕੇ ਪਹਿਲਾਂ 'ਐਮਰੀਵਿਲ ਵਿਖੇ ਵਿਪਸਾਅ ਦੀ ਪਹਿਲੀ ਮੀਟੰਗ' ਸੁਰਜੀਤ ਪਾਤਰ ਦੀ ਪ੍ਰਧਾਨਗੀ ਹੇਠ ਹੋਈ ਸੀ। ਉਹ ਇੱਕ ਲੰਮੇ ਅਰਸੇ ਤੋਂ ਵਿਪਸਾਅ ਨਾ਼ਲ ਜੁੜੇ ਹੋਏ ਹਨ। ਅਸੀਂ ਉਹ ਵਧੀਆ ਸ਼ਾਇਰ ਅਤੇ ਇਮਾਨਦਾਰ ਇਨਸਾਨ ਗੁਆ ਲਿਆ ਹੈ ਜਿਸ ਨੂੰ ਸ਼ਾਇਰੀ ਅਤੇ ਸ਼ਾਇਰਾਂ ਦੀ ਪੂਰੀ ਪਰਖ ਸੀ। ਉਨ੍ਹਾਂ ਦੇ ਦਿਲ ਵਿੱਚ ਡਾ। ਸੁਰਜੀਤ ਪਾਤਰ ਲਈ ਅਥਾਹ ਪਿਆਰ ਅਤੇ ਸਤਿਕਾਰ ਹੈ।

ਚਰਨਜੀਤ ਸਿੰਘ ਪੰਨੂ ਨੇ ਸਿਹਤ ਨਾਸਾਜ਼ ਹੋਣ ਕਰਕੇ ਆਪਣੇ ਪਰਮ ਮਿੱਤਰ ਸੁਰਜੀਤ ਪਾਤਰ ਦੇ ਇੰਝ ਤੁਰ ਜਾਣ ਤੇ ਸੁਨੇਹੇ ਵਿੱਚ ਕਿਹਾ ਕਿ ਮੇਰੇ ਤੋਂ ਦੋ ਸਾਲ ਛੋਟਾ ਸੀ ਪਰ ਪਹਿਲਾਂ ਚਲਾ ਗਿਆ। ਉਹਨਾਂ ਪਾਤਰ ਦੇ ਸਦੀਵੇ ਵਿਛੋੜੇ ਤੇ ਸੋਗ ਪ੍ਰਗਟ ਕੀਤਾ। ਇਸ ਤੋਂ ਇਲਾਵਾ ਅਮਰਜੀਤ ਕੌਰ ਪੰਨੂੰ, ਤਾਰਾ ਸਿੰਘ ਸਾਗਰ, ਗੁਲਸ਼ਨ ਦਿਆਲ, ਬੀਬੀ ਸੁਰਜੀਤ ਕੌਰ ਸੈਕਰਾਮੈਂਟੋ, ਗਗਨਦੀਪ ਸਿੰਘ ਮਾਹਲ, ਸੁਰਿੰਦਰ ਸਿੰਘ ਧਨੋਆ, ਜਸਵਿੰਦਰ ਕੌਰ ਧਨੋਆ, ਮੁਕੇਸ਼ ਸ਼ਰਮਾ, ਡਾ. ਗੁਰਪ੍ਰੀਤ ਸਿੰਘ ਧੁੱਗਾ, ਐਸ ਅਸ਼ੋਕ ਭੌਰਾ, ਨੀਤ ਪੰਨੂ, ਕੰਵਲਦੀਪ ਕੌਰ, ਹਰਪ੍ਰੀਤ ਕੌਰ ਧੂਤ, ਐਸ਼ ਕਮ ਐਸ਼ ਵਿਕ, ਪ੍ਰੋ। ਸੁਖਦੇਵ ਸਿੰਘ, ਜਗਤਾਰ ਗਿੱਲ, ਜਸਪਾਲ ਸਿੰਘ ਸੈਣੀ, ਹਰਭਜਨ ਢਿੱਲੋਂ, ਹਰਜਿੰਦਕ ਕੰਗ, ਸੰਤੋਖ ਸਿੰਘ ਮਿਨਹਾਸ, ਅਵਤਾਰ ਗੋਂਦਾਰਾ, ਸੁਖਪਾਲ ਸੰਘੇੜਾ, ਮਹਿੰਦਰ ਸਿੰਘ ਸੰਘੇੜਾ, ਲਖਵਿੰਦਰ ਕੌਰ ਲੱਕੀ, ਵਿਕਰਮ ਸੋਹੀ, ਗੁਰਦੀਪ, ਦਰਸ਼ਨ ਸਿੰਘ ਨੱਤ, ਅਮਰ ਸੂਫ਼ੀ, ਅਮਰਜੀਤ ਜੌਹਲ ਅਦਿ ਵਲੋਂ ਵੀ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।



*ਤਸਵੀਰ 'ਚ ਵਿਪਸਾਅ ਦੀ 2012 ਦੀ ਕਾਨਫਰੰਸ ਵਿੱਚ ਸੁਰਜੀਤ ਪਾਤਰ, ਹੋਰ ਮਹਿਮਾਨਾਂ ਅਤੇ ਵਿਪਸਾਅ ਮੈਂਬਰਾਂ ਨਾਲ ਬੈਠੇ ਨਜ਼ਰ ਆ ਰਹੇ ਹਨ।*

**ਰਿਪੋਰਟ: ਲਾਜ ਨੀਲਮ ਸੈਣੀ**
**510-502-0551**
**ਭੇਜੀ: ਜਗਜੀਤ ਨੌਸ਼ਹਿਰਵੀ**
**510-676-1565**

# ਵਾਰਿਸ ਸ਼ਾਹ ਫ਼ਾਊਂਡੇਸ਼ਨ ਵੱਲੋਂ ਸੁਰਜੀਤ ਪਾਤਰ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ

**ਅੰਮ੍ਰਿਤਸਰ–** ਵਾਰਿਸ ਸ਼ਾਹ ਫ਼ਾਉਂਡੇਸ਼ਨ ਵੱਲੋਂ ਬਹੁਤ ਹੀ ਹਰਮਨ ਪਿਆਰੇ ਪੰਜਾਬੀ ਦੇ ਸਿਰਮੌਰ ਕਵੀ, ਆਲੋਚਕ ਤੇ ਅਧਿਆਪਕ ਸੁਰਜੀਤ ਪਾਤਰ ਦੀ ਬੇਵਕਤੀ ਮੌਤੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਫ਼ਾਉਂਡੇਸ਼ਨ ਦੇ ਪ੍ਰਧਾਨ ਡਾ। ਬਿਕਰਮ ਸਿੰਘ ਘੁੰਮਣ, ਜਨਰਲ ਸਕੱਤਰ ਡਾ. ਚਰਨਜੀਤ ਸਿੰਘ ਗੁਮਟਾਲਾ ਤੇ ਸਮੂਹ ਮੈਂਬਰਾਨ ਵਲੋਂ ਜਾਰੀ ਇੱਕ ਸਾਂਝੇ ਬਿਆਨਵਿਚ ਕਿਹਾ ਗਿਆ ਹੈ ਕਿ ਉਨ੍ਹਾਂ ਦੇ ਅਕਾਲ ਚਲਾਣੇ ਨਾਲ ਕਦੇ ਵੀ ਨਾ ਪੂਰਾ ਕੀਤਾ ਜਾਣ ਵਾਲਾ ਘਾਟਾ ਪਿਆ ਹੈ।


ਉਨ੍ਹਾਂ ਦੇ ਅਕਾਲ ਚਲਾਣੇ ਨਾਲ ਇਕ ਯੁੱਗ ਦਾ ਅੰਤ ਹੋ ਗਿਆ।ਉਨ੍ਹਾਂ ਨੂੰ ਭਾਰਤ ਸਰਕਾਰ ਵਲੋਂ 2012 ਵਿਚ ਪਦਮਸ੍ਰੀ ਨਾਲ ਸਨਮਾਨਿਆ ਜਾਣਾ ਸਾਰੇ ਪੰਜਾਬੀਆਂ ਦਾ ਮਾਣ ਵਾਲੀ ਗਲ ਹੈ। ਏਸੇ ਤਰ੍ਹਾਂ ਉਨ੍ਹਾਂ ਨੂੰ1993 ਵਿਚ ਹਨੇਰੇ ਵਿਚ ਸੁਲਗਦੀ ਵਰਣਮਾਲਾ 'ਤੇ ਸਾਹਿਤ ਅਕਾਦਮੀ ਪੁਰਸਕਾਰ ਮਿਲਣਾ ਤੇ 1997 ਵਿਚ ਸ਼੍ਰੋਮਣੀ ਕਵੀ ਪੁਰਸਕਾਰ ਮਿਲਣਾ ਵੀ ਸਾਡੇ ਲਈ ਮਾਣ ਵਾਲੀ ਗਲ ਹੈ।

ਉਨ੍ਹਾਂ ਨੂੰ ਗਿਆਨਪੀਠ ਤੇ ਕਈ ਹੋਰ ਪੁਰਸਕਾਰਾਂ ਨਾਲ ਨਿਵਾਜਿਆ ਜਾਣਾ ਉਨ੍ਹਾਂ ਦੀ ਉਚ ਕੋਟੀ ਦੀ ਕਾਵਿ ਪ੍ਰਤਿਭਾ ਦਾ ਲਖਾਇਕ ਹੈ।ਉਹ ਇਸ ਸਮੇਂ ਸਭ ਤੋਂ ਵਧ ਹਰਮਨ ਪਿਆਰੇ ਕਵੀ ਹਨ।

ਉਨ੍ਹਾਂ ਨੇ ਕੋਲਾਜ, ਹਵਾ ਵਿਚ ਲਿਖੇ ਹਰਫ਼, ਬਿਰਖ ਅਰਜ ਕਰੇ, ਹਨੇਰੇ ਵਿਚ ਸੁਲਗਦੀ ਵਰਣਮਾਲਾ, ਲਫ਼ਜ਼ਾਂ ਦੀ ਦਰਗਾਹ, ਪਤਝੜ ਦੀ ਪਾਜ਼ੇਬ,ਸੁਰ ਜ਼ਮੀਨ, ਚੰਨ ਸੂਰਜ ਦੀ ਵਹਿੰਗੀ ਤੋਂ ਇਲਾਵਾ ਦਰਜਨ ਦੇ ਕਰੀਬ ਪੁਸਤਕਾਂ ਦੇ ਅਨੁਵਾਦ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਏ। ਉਹ ਅੱਜ ਭਾਵੇਂ ਸਾਡੇ ਵਿੱਚ ਨਹੀਂ ਰਹਿ ਪਰ ਉਨ੍ਹਾਂ ਵੱਲੋਂ ਪੰਜਾਬੀ ਸਾਹਿਤ ਲਈ ਪਾਏ ਵੱਡਮੁੱਲੇ ਯੋਗਦਾਨ ਲਈ ਉਨ੍ਹਾਂ ਨੂੰ ਹਮੇਸ਼ਾਂ ਯਾਦ ਕੀਤਾ ਜਾਂਦਾ ਰਹੇਗਾ ।

**ਜਾਰੀ ਕਰਤਾ ਡਾ. ਚਰਨਜੀਤ ਸਿੰਘ ਗੁਮਟਾਲਾ,**
**91-9417533060**

# ਸਾਹਿਤ ਜਗਤ ਦੀ ਅਜ਼ੀਮ ਹਸਤੀ ਡਾ. ਸੁਰਜੀਤ ਪਾਤਰ ਦਾ ਦੁਖਦਾਈ ਵਿਛੋੜਾ



**ਜਲੰਧਰ, (ਦਲਜੀਤ ਕੌਰ)** ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐੱਮਪੀਆਈ) ਨੇ ਉੱਘੇ ਲੇਖਕ ਤੇ ਬੁੱਧੀਜੀਵੀ, ਪੰਜਾਬੀ ਮਾਂ ਬੋਲੀ ਦੇ ਅਜ਼ੀਮ ਸ਼ਾਇਰ ਪਦਮ ਸ੍ਰੀ ਡਾਕਟਰ ਸੁਰਜੀਤ ਪਾਤਰ ਹੁਰਾਂ ਦੇ ਬੇਵਕਤੇ, ਅਸਹਿ ਵਿਛੋੜੇ 'ਤੇ ਡਾਢੇ ਦੁਖ ਦਾ ਇਜ਼ਹਾਰ ਕੀਤਾ ਹੈ।

ਅੱਜ ਇੱਥੋਂ ਜਾਰੀ ਇਕ ਬਿਆਨ ਰਾਹੀਂ ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਅਤੇ ਪੰਜਾਬ ਰਾਜ ਕਮੇਟੀ ਦੇ ਸਕੱਤਰ ਕਾਮਰੇਡ ਪਰਗਟ ਸਿੰਘ ਜਾਮਾਰਾਏ ਨੇ ਡਾਕਟਰ ਪਾਤਰ ਦੇ ਵਿਛੋੜੇ ਨੂੰ ਦੇਸ਼-ਦੁਨੀਆ ਦੀ ਪ੍ਰਗਤੀਸ਼ੀਲ ਲਹਿਰ ਲਈ ਵੱਡਾ ਘਾਟਾ ਕਰਾਰ ਦਿੰਦਿਆਂ ਉਨ੍ਹਾਂ ਦੇ ਬੇਮਿਸਾਲ ਕਾਰਜਾਂ ਨੂੰ ਸਨਮਾਨ ਨਾਲ ਸਿਜਦਾ ਕੀਤਾ ਹੈ।

ਪਾਸਲਾ ਅਤੇ ਜਾਮਾਰਾਏ ਨੇ ਪਾਰਟੀ ਦੀਆਂ ਕੇਂਦਰੀ ਅਤੇ ਸੂਬਾਈ ਕਮੇਟੀਆਂ ਵਲੋਂ ਡਾ ਸੁਰਜੀਤ ਪਾਤਰ ਹੁਰਾਂ ਦੇ ਪਰਿਵਾਰ ਦਾ ਦੁਖ ਵੰਡਾਇਆ ਹੈ।

ਆਗੂਆਂ ਨੇ ਕਿਹਾ ਕਿ ਗੰਭੀਰ ਸੰਕਟ ਦੇ ਇਸ ਸਮੇਂ ਪਾਤਰ ਸਾਹਿਬ ਦਾ ਤੁਰ ਜਾਣ ਬਹੁਤ ਵੱਡਾ ਖਲਾਅ ਪੈਦਾ ਕਰ ਗਿਆ ਹੈ। ਉਨ੍ਹਾਂ ਕਿਹਾ ਕਿ ਤਰੱਕੀ ਪਸੰਦ ਤਹਿਰੀਕ ਦੇ ਅਗਲੇਰੀ ਪੀੜ੍ਹੀ ਦੇ ਅਦੀਬਾਂ-ਕਲਾਕਾਰਾਂ ਨੂੰ ਡਾਕਟਰ ਪਾਤਰ ਦੀ ਮਹਾਨ ਵਿਰਾਸਤ ਨੂੰ ਸਾਬਤ ਕਦਮੀਂ ਅਗਾਂਹ ਤੋਰਨ ਲਈ ਤਕੜਾ ਹੰਭਲਾ ਮਾਰਨਾ ਚਾਹੀਦਾ ਹੈ।

ਇਸੇ ਦੌਰਾਨ ਅਦਾਰਾ 'ਸੰਗਰਾਮੀ ਲਹਿਰ' ਅਤੇ ਤ੍ਰੈਮਾਸਿਕ 'ਚਿਰਾਗ਼' ਦੀ ਸੰਪਾਦਕੀ ਟੀਮ ਦੇ ਮੈਂਬਰਾਂ ਵਲੋਂ ਵੀ ਵਿਛੜੀ ਰੂਹ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ ਹੈ।

"ਮੈਂ ਤਾਂ ਨਹੀਂ ਰਹਾਂਗਾ ਮੇਰੇ ਗੀਤ ਰਹਿਣਗੇ
ਪਾਣੀ ਨੇ ਮੇਰੇ ਗੀਤ ਮੈਂ ਪਾਣੀ ਤੇ ਲੀਕ ਹਾਂ...।"

# ਜਮਹੂਰੀ ਅਧਿਕਾਰ ਸਭਾ ਪੰਜਾਬ ਵੱਲੋਂ ਸਹਿਤਕਾਰ ਸੁਰਜੀਤ ਪਾਤਰ ਦੇ ਅਕਾਲ ਚਲਾਣੇ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ

**ਚੰਡੀਗੜ੍ਹ, (ਦਲਜੀਤ ਕੌਰ)** ਸਮਾਜ ਅੰਦਰ ਅਗਾਂਹ ਵਧੂ ਤਬਦੀਲੀ ਲਈ ਅਹੁਲਦੇ, ਲੋਕੀ ਪੱਖੀ ਅਗਾਂਹ ਵਧੂ ਕਵਿਤਾ ਰਾਹੀ ਪੰਜਾਬ ਦੇ ਲੋਕਾਂ ਨੂੰ ਜਾਗਰੂਕ ਕਰਨ 'ਚ ਅਹਿਮ ਯੋਗਦਾਨ ਪਾਉਣ ਵਾਲੇ ਸੁਰਜੀਤ ਪਾਤਰ ਦੇ ਵਿਛੋੜੇ ਉਪਰ ਜਮਹੂਰੀ ਅਧਿਕਾਰ ਸਭਾ ਪੰਜਾਬ ਦੁੱਖ ਪ੍ਰਗਟ ਕਰਦੀ ਹੋਈ ਉਨ੍ਹਾਂ ਵੱਲੋਂ ਆਪਣੀ ਕਲਾ ਰਾਹੀਂ ਲੋਕਾਂ ਦੇ ਹੱਕ ਕੁਚਲਣ ਵਾਲੀਆਂ ਤਾਕਤਾਂ ਵਿਰੁੱਧ ਖੜਨ ਦੇ ਦਿੱਤੇ ਹੋਕਿਆਂ ਨਾਲ ਹੱਕਾਂ ਦੀ ਲਹਿਰ ਵਿੱਚ ਪਾਏ ਯੋਗਦਾਨ ਨੂੰ ਸਲਾਮ ਕਰਦੀ ਹੈ।

ਸਭਾ ਦੇ ਸੂਬਾ ਪ੍ਰਧਾਨ ਪ੍ਰੋਫੈਸਰ ਜਗਮੋਹਨ ਸਿੰਘ, ਜਨਰਲ ਸਕੱਤਰ ਪ੍ਰਿਤਪਾਲ ਸਿੰਘ ਅਤੇ ਪ੍ਰੈਸ ਸਕੱਤਰ ਅਮਰਜੀਤ ਸ਼ਾਸਤਰੀ ਨੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਮਹਰੂਮ ਸੁਰਜੀਤ ਪਾਤਰ ਨੇ ਸਮੇਂ ਸਮੇਂ ਇਸ ਲੋਕ ਵਿਰੋਧੀ ਪ੍ਰਬੰਧ ਵਿਰੁੱਧ ਆਪਣੀ ਕਲਮ ਰਾਹੀਂ ਆਵਾਜ਼ ਬੁਲੰਦ ਕੀਤੀ ਹੈ।

ਉਹ ਹਮੇਸ਼ਾ ਚੜ੍ਹਦੇ ਪੰਜਾਬ ਅਤੇ ਲਹਿੰਦੇ ਪੰਜਾਬ ਨੂੰ ਇੱਕ ਹੋਣਾ ਲੋਚਦੇ ਸਨ। ਪੰਜਾਬੀ ਭਾਸ਼ਾ ਦੀ ਤਰੱਕੀ ਲਈ ਉਨ੍ਹਾਂ ਦੀ ਕਲਮ ਹਮੇਸ਼ਾ ਪੰਜਾਬੀ ਭਾਸ਼ਾ ਤੋਂ ਮੁਨਕਰ ਹੋਣ ਵਾਲੇ ਪੰਜਾਬੀ ਪੁੱਤਰਾਂ ਨੂੰ ਝੰਜੋੜਦੀ ਰਹਿੰਦੀ ਸੀ। ਮਨੁੱਖੀ ਭਾਈਚਾਰੇ ਦੀ ਪਾਕ ਮੁਹੱਬਤ ਦਾ ਮੁੱਦਈ ਪਾਤਰ ਲੋਕਾਂ ਦੇ ਚੇਤਿਆਂ ਵਿੱਚ ਹਮੇਸ਼ਾ ਸੁਰਜੀਤ ਰਹੇਗਾ। ਉਹਨਾਂ ਦੀਆਂ ਕਵਿਤਾਵਾਂ, ਗ਼ਜ਼ਲਾਂ ਸਾਡੇ ਚੇਤਿਆਂ ਦੀ ਚੰਗੇਰ ਵਿਚ ਹਮੇਸ਼ਾ ਅਮਰ ਰਹਿਣਗੀਆਂ।


ਜਮਹੂਰੀ ਹੱਕਾਂ ਦੀ ਰਾਖੀ ਲਈ ਉਨ੍ਹਾਂ ਦੀਆਂ ਕਵਿਤਾਵਾਂ ਲੋਕਾਈ ਦੇ ਭਲੇ ਲਈ ਕੀਤੀ ਜਾ ਰਹੀ ਜਦੋ ਜਹਿਦ ਨੂੰ ਜਰਬਾਂ ਦੇਣ ਦੇ ਸਬੰਧੀ ਪਾਏ ਯੋਗਦਾਨ ਨੂੰ ਕੋਈ ਵੀ ਵਿਅਕਤੀ ਮੁਨਕਰ ਹੋ ਸਕਦਾ।

ਪੰਜਾਬੀ ਸਹਿਤ ਨੂੰ ਹੋਰ ਅਮੀਰ ਬਣਾਉਣ ਲਈ ਵੱਡਾ ਯੋਗਦਾਨ ਪਾਇਆ ਹੈ। ਉਨ੍ਹਾਂ ਦੇ ਕਲਮ ਦੇ ਹਰਫ ਤੇ ਬੋਲ ਸਦਾ ਰਾਹ ਰੁਸ਼ਨਾਉਂਦੇ ਰਹਿਣਗੇ। ਜਮਹੂਰੀ ਅਧਿਕਾਰ ਸਭਾ ਉਨ੍ਹਾਂ ਦੀ ਘਾਲਣਾ ਨੂੰ ਸਲਾਮ ਕਰਦੀ ਵਿਛੋੜੇ ਉੱਤੇ ਦੁਖ ਪ੍ਰਗਟ ਕਰਦੀ ਹੈ ਅਤੇ ਪੰਜਾਬੀ ਬੋਲੀ ਦੇ ਮੁੱਦਈ ਭਾਈਚਾਰੇ ਨਾਲ ਦੁੱਖ ਸਾਂਝਾ ਕਰਦੀ ਹੈ।

# ਸ਼ਾਇਰਾਂ ਦੇ ਸ਼ਾਇਰ, ਮਹਾਂ ਕਵੀ ਸੁਰਜੀਤ ਪਾਤਰ ਦੀ ਯਾਦ 'ਚ ਸ਼ੋਕ ਸਭਾ

**ਜਲੰਧਰ (ਸਤਨਾਮ ਸਿੰਘ ਸਹੂੰਗੜਾ)–** ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਅੱਜ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਸ਼੍ਰੋਮਣੀ ਕਵੀ ਸੁਰਜੀਤ ਪਾਤਰ ਦੇ ਅਚਨਚੇਤ ਦਰਦ ਵਿਛੋੜੇ ਤੇ ਸ਼ੋਕ ਸਭਾ ਕੀਤੀ ਗਈ।

ਇਸ ਸਭਾ ਵਿਚ ਡਾ. ਸੁਰਜੀਤ ਪਾਤਰ ਹੋਰਾਂ ਦੇ ਕਾਵਿ ਸੰਸਾਰ ਅਤੇ ਉਹਨਾਂ ਦੇ ਸਾਹਿਤਕ ਸਫ਼ਰ ਦੀਆਂ ਪੈੜਾਂ ਬਾਰੇ ਗੰਭੀਰ ਵਿਚਾਰਾਂ ਹੋਈਆਂ। ਗ਼ਦਰੀ ਬਾਬਿਆਂ ਦੇ ਮੇਲੇ ਮੌਕੇ ਸਾਲਾਨਾ ਕਵੀ ਦਰਬਾਰ ਵਿਚ ਉਹਨਾਂ ਦੀ ਪ੍ਰਧਾਨਗੀ ਹੇਠ ਕਵਿਤਾ ਦੇ ਭਾਵਪੂਰਤ ਰੰਗਾਂ ਨੇ ਪ੍ਰਭਾਵਸ਼ਾਲੀ ਰੰਗ ਸਿਰਜਿਆ। ਉਹਨਾਂ ਕਿਹਾ ਕਿ ਦੇਸ਼ ਭਗਤ ਯਾਦਗਾਰ ਕਮੇਟੀ ਗ਼ਦਰੀ ਬਾਬਿਆਂ ਦੇ ਮੇਲੇ ਮੌਕੇ ਅਤੇ ਸਮੇਂ ਸਮੇਂ ਡਾ. ਸੁਰਜੀਤ ਪਾਤਰ ਹੋਰਾਂ ਦੀ ਕਾਵਿ ਜਗਤ ਨੂੰ ਅਭੁੱਲ ਦੇਣ ਨੂੰ ਸਲਾਮ ਕੀਤਾ ਜਾਏਗਾ।




ਦੇਸ਼ ਭਗਤ ਯਾਦਗਾਰ ਹਾਲ ਇਸ ਨਾ਼ਲ ਜੁੜੀਆਂ ਸਾਹਿਤਕ ਸਭਿਆਚਾਰਕ ਸੰਸਥਾਵਾਂ ਨੇ ਅੱਜ ਦੇਸ਼ ਭਗਤ ਯਾਦਗਾਰ ਹਾਲ ਆ ਕੇ ਅਤੇ ਸ਼ੋਕ ਸੁਨੇਹਿਆਂ ਰਾਹੀਂ ਪਾਤਰ ਹੋਰਾਂ ਦੇ ਪਰਿਵਾਰ,ਸਾਕ ਸਬੰਧੀਆਂ ਅਤੇ ਸੰਗੀ ਸਾਥੀਆਂ ਨਾ਼ਲ ਦੁੱਖ਼ ਸਾਂਝਾ ਕੀਤਾ।

ਕਮੇਟੀ ਦੇ ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਵਿੱਤ ਸਕੱਤਰ ਸੀਤਲ ਸਿੰਘ ਸੰਘਾ ਤੋਂ ਇਲਾਵਾ ਸਮੁੱਚੀ ਦੇਸ਼ ਭਗਤ ਯਾਦਗਾਰ ਕਮੇਟੀ ਨੇ ਡਾ। ਸੁਰਜੀਤ ਪਾਤਰ ਦੇ ਵਿਛੋੜੇ ਤੇ ਗਹਿਰੇ ਦੁੱਖ਼ ਦਾ ਪ੍ਰਗਟਾਵਾ ਕੀਤਾ ਹੈ।

# ਬਾਬਾ ਸਾਹਿਬ ਅੰਬੇਡਕਰ ਜੀ ਦੇ 133 ਵੇ ਜਨਮ ਦਿਨ ਨੂੰ ਸਮਰਪਿਤ 16 ਵਾ ਮਿਸ਼ਨਰੀ ਸਮਾਗਮ 15 ਨੂੰ

**ਬਲਾਚੌਰ (ਸਤਨਾਮ ਸਿੰਘ ਸਹੂੰਗੜਾ)–** ਡਾਕਟਰ ਬੀ ਆਰ ਅੰਬੇਡਕਰ ਨੋਜਵਾਨ ਸਭਾ ਟੱਪਰੀਆਂ ਖੁਰਦ ਵਲੋਂ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਭਾਰਤ ਰਤਨ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ 133 ਵੇ ਜਨਮ ਦਿਨ ਨੂੰ



ਸਮਰਪਿਤ 16 ਵਾਂ ਮਿਸ਼ਨਰੀ ਸਮਾਗਮ 15 ਮਈ ਦਿਨ ਬੁੱਧਵਾਰ ਨੂੰ ਸ਼ਾਮ 5 ਵਜੇ ਤੋਂ ਰਾਤ 10 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆ ਨੋਜਵਾਨ ਸਭਾ ਦੇ ਮੈਂਬਰ ਕਮਲ ਟੱਪਰੀਆਂ ਖੁਰਦ ਨੇ ਦੱਸਿਆ ਕਿ ਇਸ ਸਮਾਗਮ ਦੇ ਮੁੱਖ ਮਹਿਮਾਨ ਜਸਵੀਰ ਸਿੰਘ ਗੜ੍ਹੀ ਸੂਬਾ ਪ੍ਰਧਾਨ ਬਹੁਜਨ ਸਮਾਜ ਪਾਰਟੀ ਪੰਜਾਬ ਉਮੀਦਵਾਰ ਲੋਕ ਸਭਾ ਹਲਕਾ ਸ਼੍ਰੀ ਆਨੰਦਪੁਰ ਸਾਹਿਬ ਅਤੇ ਡਾਕਟਰ ਨਛੱਤਰ ਪਾਲ ਹਲਕਾ ਵਿਧਾਇਕ ਨਵਾਂਸ਼ਹਿਰ ਹੋਣਗੇ। ਜੋ ਹਾਜਰ ਬਹੁਜਨ ਸਮਾਜ ਨੂੰ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਜੀਵਨ ਵਾਰੇ ਚਾਨਣਾ ਪਾਉਣਗੇ। ਉਹਨਾਂ ਦੱਸਿਆ ਕਿ ਸਮਾਗਮ ਦੇ ਵਿਸ਼ੇਸ਼ ਮਹਿਮਾਨ ਇੰਜੀਨੀਅਰ ਓਮ ਪ੍ਰਕਾਸ਼ ਚੌਪੜਾ ਪ੍ਰਧਾਨ ਸ਼੍ਰੀ ਗੁਰੂ ਰਵਿਦਾਸ ਮੰਦਰ ਪ੍ਰਬੰਧਕ ਕਮੇਟੀ ਸੈਕਟਰ 30 ਚੰਡੀਗੜ੍ਹ ਹੋਣਗੇ ਅਤੇ ਸਮਾਗਮ ਵਿਚ ਮਿਸ਼ਨਰੀ ਗਾਇਕ ਵਿੱਕੀ ਬਹਾਦਰ ਕੇ ਆਪਣੀਆ ਅਨਮੋਲ ਰਚਨਾਵਾਂ ਨਾਲ ਸੰਗਤਾਂ ਨੂੰ ਆਪਣੇ ਰਹਿਬਰਾਂ ਦੇ ਇਤਿਹਾਸ ਦੇ ਰੂਬਰੂ ਕਰਵਾਉਣਗੇ। ਉਹਨਾਂ ਦੱਸਿਆ ਕਿ ਇਸ ਸਮਾਗਮ ਦੌਰਾਨ ਮੰਚ ਦਾ ਸੰਚਾਲਨ ਪਰਸ ਰਾਮ ਸਾਹਦੜਾ ਕਰਨਗੇ। ਸੰਗਤਾਂ ਵਾਸਤੇ ਨੋਜਵਾਨ ਸਭਾ ਵਲੋਂ ਲੰਗਰਾਂ ਦੇ ਵੀ ਅਤੁੱਟ ਪ੍ਰਬੰਧ ਕੀਤੇ ਜਾਣਗੇ। ਉਹਨਾਂ ਸਮੂਹ ਸੰਗਤਾਂ ਨੂੰ ਇਸ ਸਮਾਗਮ ਵਿੱਚ ਪਹੁੰਚਣ ਦਾ ਖੁੱਲਾ ਸੱਦਾ ਦਿੱਤਾ ਹੈ।

# ਬਸਪਾ ਮੁਖੀ ਭੈਣ ਮਾਇਆਵਤੀ ਜੀ 24 ਤਰੀਕ ਨੂੰ ਨਵਾਂਸ਼ਹਿਰ 'ਚ ਚੋਣ ਰੈਲੀ ਨੂੰ ਕਰਨਗੇ ਸੰਬੋਧਨ




**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਬਹੁਜਨ ਸਮਾਜ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਸਾਬਕਾ ਮੁੱਖ ਮੰਤਰੀ ਉੱਤਰ ਪ੍ਰਦੇਸ਼ ਮਿਤੀ 24 ਮਈ ਦਿਨ ਸ਼ੁਕਰਵਾਰ ਨੂੰ ਇੱਕ ਵਿਸ਼ਾਲ ਚੋਣ ਰੈਲੀ ਨੂੰ ਸੰਬੋਧਨ ਕਰਨ ਲਈ ਨਵਾਂ ਸ਼ਹਿਰ ਬਾਈਪਾਸ ਨੇੜੇ ਪਿੰਡ ਮਹਾਲੋਂ ਮੇਨ ਹਾਈਵੇ ਤੇ ਪਹੁੰਚ ਰਹੇ ਹਨ। ਇਸ ਮੌਕੇ ਪੰਜਾਬ ਪ੍ਰਧਾਨ ਨੇ ਪੰਜਾਬ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਰੈਲੀ ਵਿੱਚ ਵੱਧ ਗਿਣਤੀ ਚ ਪਹੁੰਚ ਕੇ ਭੈਣ ਕੁਮਾਰੀ ਮਾਇਆਵਤੀ ਜੀ ਦੇ ਕ੍ਰਾਂਤੀਕਾਰੀ ਵਿਚਾਰ ਸੁਣੋ ਤਾਂ ਜੋ ਇਸ ਲੋਕ ਸਭਾ ਦੇ ਅੰਦਰ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਸਾਹਿਬ ਸ਼੍ਰੀ ਕਾਂਸ਼ੀ ਰਾਮ ਭੈਣ ਕੁਮਾਰੀ ਮਾਇਆਵਤੀ ਜੀ ਦੇ ਹੱਥ ਮਜਬੂਤ ਕਰਕੇ ਇਸ ਦੇਸ਼ ਦੀ ਪਾਰਲੀਮੈਂਟ ਵਿੱਚ ਪਹੁੰਚ ਕੇ ਆਪਣੇ ਹੱਕਾਂ ਦੀ ਰਾਖੀ ਕੀਤੀ ਜਾ ਸਕੇ। ਲੋਕ ਸਭਾ ਸ਼੍ਰੀ ਅਨੰਦਪੁਰ ਤੋਂ ਉਮੀਦਵਾਰ ਜਸਵੀਰ ਸਿੰਘ ਗੜੀ ਪ੍ਰਧਾਨ ਬਹੁਜਨ ਸਮਾਜ ਪਾਰਟੀ ਪੰਜਾਬ, ਲੋਕ ਸਭਾ ਜਲੰਧਰ ਤੋਂ ਐਡਵੋਕੇਟ ਬਲਵਿੰਦਰ ਕੁਮਾਰ, ਲੋਕ ਸਭਾ ਹੁਸ਼ਿਆਰਪੁਰ ਤੋਂ ਐਡਵੋਕੇਟ ਰਣਜੀਤ ਕੁਮਾਰ, ਲੋਕ ਸਭਾ ਪਟਿਆਲਾ ਤੋਂ ਜਗਜੀਤ ਸਿੰਘ ਛੜਬੜ, ਲੋਕ ਸਭਾ ਫਤਿਹਗੜ੍ਹ ਸਾਹਿਬ ਤੋਂ ਕੁਲਵੰਤ ਸਿੰਘ ਮਹਿਤੋ, ਲੋਕ ਸਭਾ ਸੰਗਰੂਰ ਤੋਂ ਡਾਕਟਰ ਮੱਖਣ ਸਿੰਘ, ਲੋਕ ਸਭਾ ਫਿਰੋਜ਼ਪੁਰ ਤੋਂ ਸੁਰਿੰਦਰ ਕੰਬੋਜ, ਲੋਕ ਸਭਾ ਲੁਧਿਆਣਾ ਤੋਂ ਦਵਿੰਦਰ ਸਿੰਘ ਰਾਮਗੜੀਆ, ਲੋਕ ਸਭਾ ਗੁਰਦਾਸਪੁਰ ਤੋਂ ਇੰਜ ਰਾਜਕੁਮਾਰ ਜਨੋਤਰਾ, ਲੋਕ ਸਭਾ ਫਰੀਦਕੋਟ ਤੋਂ ਗੁਰਬਖਸ਼ ਸਿੰਘ ਚੌਹਾਨ, ਲੋਕ ਸਭਾ ਬਠਿੰਡਾ ਤੋਂ ਲਖਵੀਰ ਸਿੰਘ ਨਿੱਕਾ, ਲੋਕ ਸਭਾ ਸ਼੍ਰੀ ਅਮ੍ਰਿਤਸਰ ਸਾਹਿਬ ਤੋਂ ਵਿਸ਼ਾਲ ਸਿੱਧੂ, ਲੋਕ ਸਭਾ ਖਡੂਰ ਸਾਹਿਬ ਤੋਂ ਇੰਜਨਿਆਰ ਸਤਨਾਮ ਸਿੰਘ ਤੁੜ, ਲੋਕ ਸਭਾ ਚੰਡੀਗੜ੍ਹ ਤੋਂ ਡਾਕਟਰ ਰਿਤੂ ਸਿੰਘ ਨੂੰ ਕਾਮਯਾਬ ਬਣਾਉਣ ਲਈ ਭੈਣ ਕੁਮਾਰੀ ਮਾਇਆਵਤੀ ਜੀ ਨਵਾਂ ਸ਼ਹਿਰ ਪਹੁੰਚ ਰਹੇ ਹਨ। ਉਹਨਾਂ ਸਾਰਿਆਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਕਿ ਉਸ ਚੋਣ ਰੈਲੀ ਚ ਪਹੁੰਚ ਕੇ ਆਪਣੇ ਉਮੀਦਵਾਰਾਂ ਨੂੰ ਕਾਮਯਾਬ ਬਣਾਈਏ ਅਤੇ ਪੰਜਾਬ ਨੂੰ ਬਚਾਉਣ ਦਾ ਉਪਰਾਲਾ ਕਰੀਏ।

# ਬੁੱਧ ਪੂਰਨਿਮਾ ਸਮਾਗਮ 23 ਨੂੰ ਮਨਾਇਆ ਜਾਵੇਗਾ ਬੁੱਧ ਵਿਹਾਰ ਸੂੰਡ - ਐਡਵੋਕੇਟ ਕੁਲਦੀਪ ਭੱਟੀ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਬੁੱਧ ਪੂਰਨਿਮਾ ਦਾ ਸਮਾਗਮ 23 ਮਈ 2024 ਦਿਨ ਵੀਰਵਾਰ ਨੂੰ 10 ਵਜੇ ਸਵੇਰੇ ਤੋਂ ਦੁਪਹਿਰ 1 ਵਜੇ ਤੱਕ ਡਾ ਅੰਬੇਡਕਰ ਬੁੱਧਿਸਟ ਰੀਸੋਰਸ ਸੈਂਟਰ ਸੂੰਢ, ਡਾ ਅੰ-ਬੇਡਕਰ ਭੀਮ ਸੈਨਾ ਪੰਜਾਬ ਅਤੇ ਡਾ ਅੰਬੇਡਕਰ ਬੁੱਧਿਸਟ ਵੈਲਫੇਅਰ ਟਰੱਸਟ ਬੰਗਾ ਸਾਂਝੇ ਤੌਰ 'ਤੇ ਇਸ ਬਲਾਕ ਦੇ ਪਿੰਡ ਸੂੰਢ ਵਿਖੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ।

ਇਸ ਸਬੰਧੀ ਸਾਂਝੇ ਤੌਰ ਤੇ ਜਾਣਕਾਰੀ ਦਿੰਦੇ ਐਡਵੋਕੇਟ ਕੁਲਦੀਪ ਭੱਟੀ ਪ੍ਰਧਾਨ ਡਾ ਅੰਬੇਡਕਰ ਬੁੱਧਿਸਟ ਰੀਸੋਰਸ ਸੈਂਟਰ ਸੂੰਢ, ਸ੍ਰੀ ਸੁਰਿੰਦਰ ਢੰਡਾ ਪ੍ਰਧਾਨ ਡਾ ਅੰਬੇਡਕਰ ਭੀਮ ਸੈਨਾ ਪੰਜਾਬ ਅਤੇ ਡਾ ਕਸ਼ਮੀਰ ਚੰਦ ਪ੍ਰਧਾਨ ਡਾ ਅੰਬੇਡਕਰ ਬੁੱਧਿਸਟ ਵੈਲਫੇਅਰ ਟਰੱਸਟ ਬੰਗਾ ਨੇ ਪ੍ਰੈਸ ਨੂੰ ਦਸਿਆ ਕਿ ਬੁੱਧ ਪੂਰਨਿਮਾ ਵਾਲੇ ਦਿਨ ਪਹਿਲਾਂ ਪੰਚ ਸ਼ੀਲ ਝੰਡੇ ਦੀ ਰਸਮ ਠੀਕ ਸਵੇਰੇ 10 ਵਜੇ ਹੋਵੇਗੀ ਤੋਂ ਉਪਰੰਤ ਸਤਿਕਾਰ ਯੋਗ ਭਾਂਤੇ ਵਿਸ਼ਾਖਾ ਜੀ ਤਰੀ ਸ਼ਰਣ ਅਤੇ ਪੰਚ ਸ਼ੀਲ ਦਾ ਉਚਾਰਣ ਕਰਕੇ ਸਮਾਗਮ ਦਾ ਆਗਾਜ਼ ਕਰਨਗੇ। ਇਸ ਸਮਾਗਮ ਦੇ ਮੁੱਖ ਮਹਿਮਾਨ ਡਾ ਕਸ਼ਮੀਰ ਚੰਦ ਜੀ ਹੋਣਗੇ। ਇਸ ਮੌਕੇ ਮੁਫ਼ਤ ਮੈਡੀਕਲ ਕੈਂਪ ਦਾ ਵੀ ਆਯੋਜਨ ਕੀਤਾ ਜਾਵੇਗਾ। ਉਨ੍ਹਾਂ ਅੱਗੇ ਦੱਸਿਆ ਕਿ ਡਾ ਅੰਬੇਡਕਰ ਬੁੱਧਿਸਟ ਰੀਸੋਰਸ ਸੈਂਟਰ ਸਕੂਲ ਦੇ ਜੋ ਬੱਚੇ ਬੋਰਡ ਦੀਆਂ ਕਲਾਸਾਂ ਵਿੱਚੋਂ ਪੁਜੀਸ਼ਨਾਂ ਹਾਸਲ ਕਰਕੇ ਪਾਸ ਹੋਏ ਹਨ।

ਉਨ੍ਹਾਂ ਨੂੰ ਸਨਮਾਨਿਤ ਕੀਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਐਡਵੋਕੇਟ ਕੁਲਦੀਪ ਭੱਟੀ, ਸੁਰਿੰਦਰ ਢੰਡਾ, ਬਲਦੇਵ ਜੱਸਲ, ਇੰਦਰਜੀਤ ਅਟਾਰੀ, ਹਰਮੇਸ਼ ਵਿਰਦੀ ਸਾਬਕਾ ਚੇਅਰਮੈਨ ਬਲਾਕ ਸੰਮਤੀ ਬੰਗਾ, ਦੀਨ ਦਿਆਲ ਅਟਾਰੀ ਅਤੇ ਚਰਨਜੀਤ ਸੱਲਾਂ ਆਦਿ ਹਾਜ਼ਰ ਸਨ।

# ਬਾਬਾ ਬੇਦੀ ਵਲੋਂ ਖਡੂਰ ਸਾਹਿਬ ਤੋਂ ਅੰਮ੍ਰਿਤਪਾਲ ਸਿੰਘ ਤੇ ਅਨੰਦਪੁਰ ਤੋਂ ਜਸਬੀਰ ਸਿੰਘ ਗੜੀ ਦੀ ਹਮਾਇਤ

**ਊਨਾ–** ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਊਨਾ ਸਾਹਿਬ ਗੁਰੂ ਨਾਨਕ ਵੰਸ਼ਜ ਪੀੜ੍ਹੀ ਸਤਾਰਵੀਂ ਨੇ ਲੋਕ ਸਭਾ ਚੋਣਾਂ ਦੌਰਾਨ ਖਡੂਰ ਸਾਹਿਬ ਤੋਂ ਪੰਥਕ ਉਮੀਦਵਾਰ ਭਾਈ ਅੰਮ੍ਰਿਤਪਾਲ ਸਿੰਘ ਤੇ ਅਨੰਦਪੁਰ ਸਾਹਿਬ ਤੋਂ ਬਸਪਾ ਉਮੀਦਵਾਰ ਜਸਬੀਰ ਸਿੰਘ ਗੜ੍ਹੀ ਨੂੰ ਹਮਾਇਤ ਦਿੰਦਿਆਂ ਕਿਹਾ ਕਿ ਪੰਥ ਨੂੰ ਪੰਜਾਬ ਵਿਚੋਂ ਉਹੋ ਉਮੀਦਵਾਰ ਜਿਤਾਉਣੇ ਚਾਹੀਦੇ ਹਨ ਜੋ ਪੰਥ ਤੇ ਪੰਜਾਬ ਦਾ ਭਲਾ ਕਰ ਸਕਣ ਤੇ ਗੁਰਮਤਿ ਅਨੁਸਾਰ ਫਿਰਕਾਪ੍ਰਸਤੀ ਤੇ ਨਸਲਵਾਦ ਦੇ ਵਿਰੁਧ ਸਰਬੱਤ ਦੇ ਭਲੇ ਤੇ ਸਾਂਝੀਵਾਲਤਾ ਦੀ ਰਾਜਨੀਤੀ ਉਸਾਰ ਸਕਣ ਜਿਸ ਨਾਲ ਦਲਿਤਾਂ ਤੇ ਕਿਰਤੀਆਂ ਦਾ ਭਲਾ ਹੋਵੇ।ਬਾਬਾ ਸਰਬਜੋਤ ਸਿੰਘ ਬੇਦੀ ਨੇ ਕਿਹਾ ਕਿ ਅਨੰਦਪੁਰ ਤੋਂ ਭਾਈ ਜਸਬੀਰ ਸਿੰਘ ਗੜੀ ਯੋਗ ਉਮੀਦਵਾਰ ਹਨ ਜੋ ਪੰਥ ਤੇ ਪੰਜਾਬ ਤੇ ਬਹੁਜਨ ,ਕਿਸਾਨੀ ਮਸਲਿਆਂ ਉਪਰ ਅਵਾਜ਼ ਬੁਲੰਦ ਕਰਦੇ ਰਹੇ ਹਨ।ਉਨ੍ਹਾਂ ਕਿਹਾ ਕਿ ਚੋਣ ਲੜ ਰਹੇ ਪੰਥਕ ਧੜਿਆਂ ਨੂੰ ਗਾਲੀ ਗਲੋਚ ਤੇ ਘਟੀਆ ਇਲਜ਼ਾਮਬਾਜੀ ਦੇ ਚੱਕਰਵਿਊ ਤੋਂ ਬਚਕੇ ਆਪਣੀ ਸਿਖ ਸਿਧਾਂਤਕ ਵਿਚਾਰਧਾਰਕ ਸੁੱਚਮ ਰੱਖਣਾ, ਵੋਟਾਂ ਲੈਣ ਨਾਲੋਂ ਆਪਣਾ ਕਿਰਦਾਰ ਕਾਇਮ ਰੱਖਣਾ ਤੇ ਮਜਬੂਤ ਗੁਰਮਤਿ ਨਾਲ ਲੈਸ ਜਥੇਬੰਦੀ ਦੀ ਉਸਾਰੀ ਵਲ ਵਧਣਾ ਕਈ ਗੁਣਾ ਜ਼ਿਆਦਾ ਮਹੱਤਤਾ ਰੱਖਦਾ ਹੈ। ਉਨ੍ਹਾਂ ਕਿਹਾ ਕਿ ਇਸ ਲਈ ਪੰਥਕ ਤੇ ਪੰਜਾਬ, ਕਿਸਾਨੀ ਮਸਲਿਆਂ ਦੇ ਮੁਦਿਆਂ ਉਪਰ ਆਪਣੀ ਨੀਤੀ ਤੇ ਵਿਚਾਰ ਫੋਕਸ ਕਰਨਾ ਚਾਹੀਦਾ ਹੈ ਜਿਸ ਨਾਲ ਸਮੂਹ ਪੰਜਾਬੀਆਂ ਵਿਚ ਪੰਥਕ ਧੜਿਆਂ ਦਾ ਅਕਸ ਤੇ ਵਿਸ਼ਵਾਸ ਕੇਂਦਰੀ ਨਾਇਕ ਵਾਲਾ ਬਣ ਸਕੇ। ਇਸ ਨਾਲ ਅਗੇ ਜਾਕੇ ਪੰਥ ਦੀ ਸਿਆਸੀ ਜਥੇਬੰਦੀ ਹੋਂਦ ਵਿਚ ਆ ਸਕੇਗੀ। ਸਿਖ ਨੌਜਵਾਨ ਇਸ ਸੰਬੰਧ ਵਿਚ ਗੁਰਮਤਿ ਅਨੁਸਾਰ ਜ਼ਿੰਮੇਵਾਰੀ ਨਿਭਾਉਣ ਲਈ ਸਰਗਰਮ ਹੋਣ ਤਾਂ ਹੀ ਪੰਥ ਤੇ ਪੰਜਾਬ ਦੇ ਹੱਕਾਂ ਦੀ ਰਾਖੀ ਕੀਤੀ ਜਾ ਸਕੇਗੀ।

ਉਨ੍ਹਾਂ ਕਿਹਾ ਕਿ ਪੰਜਾਬ ਤੇ ਪੰਥ ਲਈ



ਸੰਘਰਸ਼ ਕਰਨ ਵਾਲੀ ਸ਼ਹੀਦਾਂ ਦੀ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਬਾਦਲ ਪਰਿਵਾਰ ਦੇ ਰੂਪ ਵਿਚ ਬਦਲ ਚੁਕੀ ਹੈ ਜੋ ਸੱਤਾ ਦੀ ਭੁਖ ਵਿਚ ਪੰਥ, ਪੰਜਾਬ, ਘੱਟਗਿਣਤੀ ਕੌਮਾਂ, ਕਿਸਾਨਾਂ ਦੇ ਅਧਿਕਾਰਾਂ ਦੀ ਰਾਖੀ ਨਹੀਂ ਕਰ ਸਕੀ, ਪਾਣੀਆਂ ਦਾ ਮਸਲਾ, ਰਾਜਧਾਨੀ ਤੇ ਹੋਰ ਮਸਲੇ ਪਿਛਾਂਹ ਸੁੱਟ ਦਿੱਤੇ ਗਏ। ਆਪਣੀ ਸੂਬਾ ਪਛਾਣ ਨੂੰ ਤਿਆਗਕੇ ਅਕਾਲੀ ਦਲ ਬਾਦਲ ਕੇਂਦਰ ਸਰਕਾਰ ਨੇ ਵਿਕੇਂਦਰੀਕਰਨ ਜਿਹੇ ਸੰਵੇਦਨਸ਼ੀਲ ਮੁੱਦਿਆਂ ਤੇ ਉਹਨਾਂ ਦੇ ਭਾਈਵਾਲ ਬਣ ਗਏ। ਉਨ੍ਹਾਂ ਕਿਹਾ ਕਿ ਅੱਜ ਇਸ ਵਿਕੇਂਦਰੀਕਰਨ ਸਦਕਾਂ ਸੂਬਾਂ ਸਰਕਾਰਾਂ ਕੋਲ ਦਿਖਾਵੇ ਦੇ ਹੀ ਅਧਿਕਾਰ ਰਹਿ ਗਏ ਹਨ। ਬਾਬਾ ਬੇਦੀ ਨੇ ਕਿਹਾ ਕਿ ਲੰਮਾ ਸਮਾਂ ਰਾਜ ਸੱਤਾ ਵਿੱਚ ਰਹਿਣ ਸਦਕਾ ਸ਼੍ਰੋਮਣੀ ਅਕਾਲੀ ਦਲ ਬਾਦਲ ਆਪਣੇ ਰਾਜ ਕਾਲ ਦੌਰਾਨ ਵਾਪਰੀਆਂ ਅਤਿ ਸੰਵੇਦਨਸ਼ੀਲ ਘਟਨਾਵਾਂ ਗੁਰੂ ਗਰੰਥ ਸਾਹਿਬ ਦੀ ਬੇਅਦਬੀ ,ਬਹਿਬਲ ਗੋਲੀ ਕਾਂਡ ,ਸਿਰਸਾ ਬਾਬੇ ਨਾਲ ਗਠਜੋੜ ਸਦਕਾ ਸਿੱਖ ਕੌਮ ਵਿਚੋਂ ਆਪਣੀ ਪਛਾਣ ਤਕਰੀਬਨ ਗੁਆ ਚੁੱਕਿਆ ਹੈ। ਇਸ ਨੇ ਅਕਾਲ ਤਖਤ ਤੇ ਸ਼੍ਰੋਮਣੀ ਕਮੇਟੀ ਦੀ ਖੁਦਮੁਖਤਿਆਰੀ ਭੰਗ ਕਰਕੇ ਆਪਣਾ ਪਰਿਵਾਰਕ ਵਿੰਗ ਬਣਾ ਲਿਆ ਹੈ ਅਤੇ ਸਿਖ ਪੰਥ ਤੇ ਸਚੀ ਪਾਤਸ਼ਾਹੀ ਦੇ ਕਟਿਹਰੇ ਵਿਚ ਦੋਸ਼ੀ ਸਿਧ ਹੋਏ ਹਨ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਆਤਮ- ਹਤਿਆ ਦੇ ਰਸਤੇ ਵਲ ਲੈ ਆਏ ਹਨ।ਇਹੀ ਕਾਰਣ ਹੈ ਕਿ ਸਿਖ ਜਗਤ ਵਿਚ ਉਨ੍ਹਾਂ ਪ੍ਰਤੀ ਕੋਈ ਹਮਦਰਦੀ ਨਹੀਂ ਬਚੀ।

ਬਾਬਾ ਬੇਦੀ ਨੇ ਕਿਹਾ ਕਿ ਪੰਜਾਬ ਵਿਚ ਲੋਕ ਸਭਾ ਲਈ 1 ਜੂਨ ਨੂੰ ਵੋਟਾਂ ਪੈਣੀਆਂ ਹਨ। ਵੋਟਾਂ ਪੈਣ ਵਿਚ ਲਗਭਗ ਇਕ ਮਹੀਨੇ ਦਾ ਸਮਾਂ ਬਾਕੀ ਹੈ। ਇਸ ਸੰਬੰਧ ਵਿਚ ਚੋਣ ਲੜ ਰਹੇ ਪੰਥਕ ਧੜਿਆਂ ਨੂੰ ਪੰਜਾਬੀਆਂ ਤੇ ਪੰਥ ਨੂੰ ਇਹ ਸਪੱਸ਼ਟ ਸੁਨੇਹਾ ਦੇਣਾ ਚਾਹੀਦਾ ਹੈ ਕਿ ਪੰਥਕ ਉਮੀਦਵਾਰਾਂ ਦੀ ਪੰਥ ਤੇ ਪੰਜਾਬ ,ਪੰਜਾਬੀਅਤ ਨਾਲ ਠੋਸ ਪ੍ਰਤੀਬੱਧਤਾ ਹੈ। ਉਨ੍ਹਾਂ ਦਾ ਨਿਸ਼ਾਨਾ ਗੁਰੂ ਗ੍ਰੰਥ ਸਾਹਿਬ ਅਨੁਸਾਰ ਬੇਗਮਪੁਰਾ, ਹਲੇਮੀ ਰਾਜ ਹੈ। ਦਲਿਤਾਂ, ਘੱਟ-ਗਿਣਤੀ ਤੇ ਕਿਸਾਨਾਂ ਦੇ ਹੱਕਾਂ ਹਿੱਤਾਂ 'ਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਣਾ ਅਤੇ ਪੰਜਾਬੀ ਸੂਬੇ ਦਾ ਬਹੁਪੱਖੀ ਵਿਕਾਸ ਲਈ ਅਵਾਜ਼ ਬੁਲੰਦ ਕਰਨਾ, ਧਾਰਮਿਕ ਵੰਨ-ਸੁਵੰਨਤਾ ਅਤੇ ਸੂਬਿਆਂ ਦੇ ਰਾਜਸੀ ਅਧਿਕਾਰਾਂ ਦੀ ਰਖਵਾਲੀ ਅਤੇ ਸੰਘੀ ਢਾਂਚੇ ਨੂੰ ਮਜ਼ਬੂਤ ਕਰਨ ਵਧਣਾ ਸਾਡਾ ਮੁਖ ਏਜੰਡਾ ਹੈ।

# ਵੋਟਿੰਗ ਵਾਲੇ ਦਿਨ ਵੋਟਰਾਂ ਨੂੰ ਗਰਮੀ ਹਵਾਵਾਂ ਤੋਂ ਬਚਾਉਣ ਲਈ ਦਿੱਤੇ ਦਿਸਾ ਨਿਰਦੇਸ਼

**ਪਠਾਨਕੋਟ–** ਲੋਕ ਸਭਾ ਚੋਣਾਂ-2024 ਦੌਰਾਨ ਮੋਸਮ ਵਿੱਚ ਆਏ ਬਦਲਾਅ ਨੂੰ ਲੈ ਕੇ ਮਾਨਯੋਗ ਭਾਰਤ ਚੋਣ ਕਮਿਸਨਰ ਵੱਲੋਂ ਵਿਸ਼ੇਸ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਜਿਸ ਅਨੁਸਾਰ ਚੋਣਾਂ ਵਾਲੇ ਦਿਨ 1 ਜੂਨ ਨੂੰ ਜਿਲ੍ਹਾ ਪਠਾਨਕੋਟ ਦੇ ਸਾਰੇ ਪੋਲਿੰਗ ਬੂਥਾਂ ਤੇ ਵੋਟਰਾਂ ਨੂੰ ਗਰਮੀ, ਤੇਜ ਗਰਮ ਹਵਾਵਾਂ ਆਦਿ ਤੋਂ ਬਚਾਉਂਣ ਲਈ ਵਿਸੇਸ ਪ੍ਰਬੰਧ ਕੀਤੇ ਜਾਣੇ ਹਨ। ਇਹ ਪ੍ਰਗਟਾਵਾ ਸ੍ਰੀ ਆਦਿੱਤਿਆ ਉੱਪਲ ਜਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸਨਰ ਪਠਾਨਕੋਟ ਵੱਲੋਂ ਅੱਜ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਪਠਾਨਕੋਟ ਵਿਖੇ ਸਥਿਤ ਅਪਣੇ ਦਫਤਰ ਵਿਖੇ ਲੋਕ ਸਭਾ ਚੋਣਾਂ-2024 ਅਧੀਨ ਕੀਤੀ ਇੱਕ ਵਿਸੇਸ ਮੀਟਿੰਗ ਦੋਰਾਨ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸਨਰ (ਜ)-ਕਮ-ਏ.ਆਰ.ਓ. ਲੋਕ ਸਭਾ ਅਸੈਂਬਲੀ ਸੈਗਮੈਂਟ ਚੋਣ ਹਲਕਾ-002 ਭੋਆ (ਅ.ਜ.), ਕਾਲਾ ਰਾਮ ਕਾਂਸਲ ਐਸ.ਡੀ.ਐਮ. ਧਾਰ ਕਲ੍ਹਾਂ-ਕਮ-ਏ.ਆਰ.ਓ. ਲੋਕ ਸਭਾ ਅਸੈਂਬਲੀ ਸੈਗਮੈਂਟ ਚੋਣ ਹਲਕਾ-001 ਸੁਜਾਨਪੁਰ, ਡਾ. ਸੁਮਿਤ ਮੁਧ ਐਸ.ਡੀ.ਐਮ. ਪਠਾਨਕੋਟ -ਕਮ -ਏ.ਆਰ.ਓ. ਲੋਕ ਸਭਾ ਅਸੈਂਬਲੀ ਸੈਗਮੈਂਟ ਚੋਣ ਹਲਕਾ 003 ਪਠਾਨਕੋਟ, ਅਭਿਸੇਕ ਸਰਮਾ ਸਹਾਇਕ ਕਮਿਸ਼ਨਰ ਜਰਨਲ, ਗੁਰਪ੍ਰੀਤ ਸਿੰਘ ਜਿਲ੍ਹਾ ਨੋਡਲ ਅਫ਼ਸਰ ਜਾਗਰੁਕਤਾ ਪ੍ਰੋਗਰਾਮ ਸਵੀਪ, ਰਾਮ ਲੁਭਾਇਆ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ-ਕਮ-ਨੋਡਲ ਅਫਸਰ ਮੀਡਿਆ



ਸਰਟੀਫਿਕੇਸਨ ਐਂਡ ਮੋਨਿਟਰਿੰਗ ਕਮੇਟੀ ਪਠਾਨਕੋਟ, ਯੁਗੇਸ ਕੁਮਾਰ ਜਿਲ੍ਹਾ ਚੋਣ ਕਾਨੂੰਗੋ ਅਤੇ ਹੋਰ ਸਬੰਧਤ ਅਧਿਕਾਰੀ ਹਾਜਰ ਸਨ।

ਇਸ ਮੌਕੇ ਤੇ ਮੀਟਿੰਗ ਦੌਰਾਨ ਸ੍ਰੀ ਆਦਿੱਤਿਆ ਉੱਪਲ-ਕਮ-ਜਿਲ੍ਹਾ ਚੋਣ ਅਫ਼ਸਰ ਪਠਾਨਕੋਟ ਨੇ ਕਿਹਾ ਕਿ ਮਾਨਯੋਗ ਚੋਣ ਕਮਿਸ਼ਨਰ ਵੱਲੋਂ ਗਰਮੀਆਂ ਦੇ ਮੋਸਮ ਨੂੰ ਧਿਆਨ ਵਿੱਚ ਰੱਖਦਿਆਂ ਕੀਤੇ ਜਾਣ ਵਾਲੇ ਯੋਗ ਪ੍ਰਬੰਧਾਂ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਵੋਟਿੰਗ ਵਾਲੇ ਦਿਨ ਵੋਟਰਾਂ ਦੀ ਸੁਵਿਧਾਂ ਨੂੰ ਧਿਆਨ ਵਿੱਚ ਗਰਮੀ ਅਤੇ ਤੇਜ ਗਰਮ ਹਵਾਵਾਂ ਤੋਂ ਬਚਾਓ ਦੇ ਲਈ ਯੋਗ ਪ੍ਰਬੰਧ ਕੀਤੇ ਜਾਣੇ ਹਨ। ਉਨ੍ਹਾਂ ਕਿਹਾ ਕਿ ਦਿੱਤੀਆਂ ਹਦਾਇਤਾਂ ਨੂੰ ਧਿਆਨ ਵਿੱਚ ਰੱਖਦਿਆਂ ਜਿਲ੍ਹਾ ਪਠਾਨਕੋਟ ਦੇ ਹਰੇਕ ਪੋਲਿੰਗ ਬੂਥ ਤੇ ਵੋਟਰਾਂ ਨੂੰ ਗਰਮੀ ਤੋਂ ਬਚਾਉਂਣ ਲਈ ਵਿਸੇਸ ਤੋਰ ਤੇ ਟੈਂਟ ਅਤੇ ਪੱਖਿਆਂ ਦੀ ਵਿਵਸਥਾ ਕੀਤੀ ਜਾਵੇਗੀ ਅਤੇ ਹਰੇਕ ਪੋਲਿੰਗ ਬੂਥ ਤੇ ਗਰਮੀ ਨੂੰ ਧਿਆਨ ਵਿੱਚ ਰੱਖਦਿਆਂ ਵੋਟਰਾਂ ਲਈ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਲਗਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਹਰੇਕ ਪੋਲਿੰਗ ਬੂੱਥ ਤੇ ਵਿਸੇਸ ਤੋਰ ਤੇ ਵਲੰਟੀਅਰ ਲਗਾਏ ਜਾਣਗੇ ਅਤੇ ਵੋਟਰਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ ਇਸ ਗੱਲ ਦਾ ਵਿਸ਼ੇਸ ਧਿਆਨ ਰੱਖਿਆ ਜਾਵੇਗਾ।

ਇਸ ਤੋਂ ਇਲਾਵਾ ਜਿਲ੍ਹਾਂ ਚੋਣ ਅਫ਼ਸਰ ਪਠਾਨਕੋਟ ਵੱਲੋਂ ਤਿੰਨੋਂ ਲੋਕ ਸਭਾ ਅਸੈਂਬਲੀ ਸੈਗਮੈਂਟ ਦੇ ਏ।ਆਰ।ਓਜ ਨੂੰ ਹਦਾਇਤ ਕਰਦਿਆਂ ਕਿਹਾ ਕਿ ਵੋਟਿੰਗ ਵਾਲੇ ਦਿਨ ਨੂੰ ਧਿਆਨ ਵਿੱਚ ਰੱਖਦਿਆਂ ਹਰੇਕ ਪੋਲਿੰਗ ਬੂਥ ਤੇ ਵਹੀਲ ਚੇਅਰ ਦੀ ਵਿਵਸਥਾ ਅਤੇ ਹੋਰ ਯੋਗ ਪ੍ਰਬੰਧ ਕੀਤੇ ਜਾਣ। ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਹਰੇਕ ਪੋਲਿੰਗ ਬੂਥ, ਐਸ.ਐਸ.ਟੀ. ਅਤੇ ਐਫ.ਐਸ.ਟੀ. ਟੀਮਾਂ ਦੀ ਆਪ ਨਿਗਰਾਨੀ ਕਰਨ ਤਾਂ ਜੋ ਲੋਕ ਸਭਾ ਚੋਣਾਂ-2024 ਸਫ਼ਲਤਾ ਪੂਰਵਕ ਨੇਪਰੇ ਚਾੜੀਆਂ ਜਾ ਸਕਣ।

ਪਠਾਨਕੋਟ ਖਬਰਨਾਮਾ / - ਰਾਜਿੰਦਰ ਸਿੰਘ ਪਠਾਨਕੋਟ

# ਲੋਕ ਸਭਾ ਹਲਕਾ ਗੁਰਦਾਸਪੁਰ ਦੇ ਉਮੀਦਵਾਰ ਆਪਣੀਆਂ ਚੋਣ ਸਰਗਰਮੀਆਂ ਨੂੰ ਸਿਖਰਾਂ ਤੇ ਪਹੁੰਚਾਉਣ ਲਈ ਸਿਰ ਧੜ ਦੀ ਬਾਜ਼ੀ ਤੇ ਉੱਤਰੇ









ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਭਾਜਪਾ ਦੇ ਉਮੀਦਵਾਰ ਦਿਨੇਸ਼ ਸਿੰਘ ਬੱਬੂ ਨੇ ਸੈਂਕੜੇ ਪਿੰਡਾਂ ਵਿੱਚ ਆਪਣੇ ਸਮਰਥਕਾਂ ਸਮੇਤ ਤੁਫਾਨੀ ਦੌਰੇ ਕਰਕੇ ਵੋਟਰਾਂ ਨੂੰ ਆਪਣੇ ਹੱਕ ਵਿੱਚ ਨਿਤਰਾਂ ਲਈ ਅਪੀਲ ਕੀਤੀ ਹੈ। ਉਨਾਂ ਨੇ ਪੰਜਾਬ ਦੇ ਹਾਲਾਤਾਂ ਦੀ ਗੱਲ ਕਰਦਿਆਂ ਕਿਹਾ ਹੈ ਕਿ ਜੋ ਹਾਲਾਤ ਪੰਜਾਬ ਵਿੱਚ ਬਣੇ ਹਨ ਆਪ ਨੂੰ ਇੱਕ ਵੀ ਸੀਟ ਪੰਜਾਬ ਚ ਨਹੀਂ ਮਿਲੇਗੀ ਤੇ ਭਾਜਪਾ ਵੱਡੀ ਜਿੱਤ ਦਰਜ ਕਰਾਏਗਾ। ਉਮੀਦਵਾਰ ਦਿਨੇਸ਼ ਬੱਬੂ ਨੂੰ ਇਹ ਕਿਹਾ ਕਿ ਭਾਜਪਾ ਹਾਈ ਕਮਾਨ ਨੇ ਇਸ ਵਾਰ ਲੋਕਲ ਪੱਧਰ ਤੇ ਉਹਨਾਂ ਨੂੰ ਟਿਕਟ ਦਿੱਤੀ ਹੈ ਜਿਸ ਦੀ ਜਿੱਤ ਉਹ ਯਕੀਨੀ ਬਣਾਉਣਗੇ।

ਉਹਨਾਂ ਕਿਹਾ ਕਿ ਲੋਕਾਂ ਦੇ ਮਨਾਂ ਵਿੱਚ ਇਹ ਗੱਲ ਸੀ ਕਿ ਹਲਕਾ ਗੁਰਦਾਸਪੁਰ ਦੇ ਵਿਕਾਸ ਕੰਮ ਹੋਣੇ ਚਾਹੀਦੇ ਹਨ, ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਹਲਕੇ ਦੇ ਵਿਕਾਸ ਕੰਮ ਕਰਕੇ ਦੱਸਾਂਗੇ ਉਨ੍ਹਾਂ ਨੇ ਲੋਕਾਂ ਦਾ ਪੂਰਨ ਸਹਿਯੋਗ ਮੰਗਿਆ ਅਤੇ ਜਿੱਤ ਦਰਜ ਕਰਾਉਣ ਦਾ ਦਾਅਵਾ ਕੀਤਾ।

### ਕਾਂਗਰਸ ਉਮੀਦਵਾਰ ਸੁਖਜਿੰਦਰ ਸਿੰਘ ਰੰਧਾਵਾ

ਹਲਕਾ ਗੁਰਦਾਸਪੁਰ ਤੋਂ ਕਾਂਗਰਸ ਉਮੀਦਵਾਰ ਸੁਖਜਿੰਦਰ ਸਿੰਘ ਰੰਧਾਵਾ ਨੂੰ ਜਦੋਂ ਦੀ ਹਾਈ ਕਮਾਂਡ ਨੇ ਟਿਕਟ ਦਿੱਤੀ ਹੋਈ ਹੈ, ਉਹ ਵੀ ਚੋਣ ਪ੍ਰਚਾਰ ਵਿੱਚ ਐਡੀ ਚੋਟੀ ਦਾ ਜ਼ੋਰ ਲਾ ਕੇ ਸੈਂਕੜਿਆਂ ਪਿੰਡਾਂ ਵਿੱਚ ਆਪਣੇ ਸਮਰਥਕਾਂ ਨਾਲ ਚੋਣ ਪ੍ਰਚਾਰ ਕਰਕੇ ਵੋਟਰਾ ਨੂੰ ਆਪਣੇ ਹੱਕ ਵਿੱਚ ਨਿਤਰਨ ਲਈ ਅਪੀਲ ਕਰ ਰਹੇ ਹਨ। ਸਾਬਕਾ ਵਿਧਾਇਕ ਅਮਿਤ ਵਿੱਜ ਦੀ ਅਗਵਾਈ ਹੇਠ ਵਿਸ਼ਾਲ ਜਨਤਕ ਇਕੱਠ ਨੂੰ ਸੰਬੋਧਨ ਕੀਤਾ ਅਤੇ ਵਿਰੋਧੀ ਧਿਰਾਂ ਦੀਆਂ ਪਾਰਟੀਆਂ ਦੀ ਆਲੋਚਨਾ ਕੀਤੀ। ਇਸ ਮੌਕੇ ਤੇ ਕਾਂਗਰਸੀ ਵਰਕਰਾਂ ਨੇ ਸ਼ਹਿਰ ਅੰਦਰ ਵਿਸ਼ਾਲ ਮਾਰਚ ਕਰਦਿਆਂ ਸੁਖਜਿੰਦਰ ਸਿੰਘ ਰੰਧਾਵਾ ਦੇ ਹੱਕ ਵਿੱਚ ਜਿੰਦਾਬਾਦ ਦੇ ਨਾਅਰੇ ਲਾਏ।

### ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਉਮੀਦਵਾਰ ਡਾਕਟਰ ਦਲਜੀਤ ਸਿੰਘ ਚੀਮਾ

ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਉਮੀਦਵਾਰ ਡਾਕਟਰ ਦਲਜੀਤ ਸਿੰਘ ਚੀਮਾ ਨੇ ਵੀ ਵਿਧਾਨ ਸਭਾ ਹਲਕਾ ਪਠਾਨਕੋਟ, ਸੁਜਾਨਪੁਰ, ਭੋਆ ਵਿੱਚ ਆਪਣੀ ਚੋਣ ਮੁਹਿੰਮ ਨੂੰ ਗਰਮਾਉਂਦਿਆਂ ਵੋਟਰਾਂ ਨੂੰ ਆਪਣੇ ਹੱਕ ਵਿੱਚ ਉਤਰਨ ਲਈ ਅਪੀਲ ਕੀਤੀ। ਇਸ ਫੇਰੀ ਦੌਰਾਨ ਉਹਨਾਂ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਪਠਾਨਕੋਟ ਸੁਜਾਨਪੁਰ ਭੋਆ ਦੇ ਲੋਕਾਂ ਵੱਲੋਂ ਉਹਨਾਂ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਅਤੇ ਲੋਕ ਦੂਸਰੀਆਂ ਪਾਰਟੀਆਂ ਨੂੰ ਛੱਡ ਕੇ ਅਕਾਲੀ ਦਲ ਦਾ ਸ਼ਾਮਿਲ ਹੋ ਰਹੇ ਹਨ। ਇਸ ਮੌਕੇ ਤਿੰਨਾਂ ਹਲਕਿਆਂ ਦੇ ਸਿਰ ਕੱਢ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਸ਼ਾਮਿਲ ਸਨ।

### ਆਮ ਆਦਮੀ ਪਾਰਟੀ ਦੇ ਉਮੀਦਵਾਰ ਅਮਨਸ਼ੇਰ ਸਿੰਘ ਕਲਸੀ

ਆਮ ਆਦਮੀ ਪਾਰਟੀ ਦੇ ਉਮੀਦਵਾਰ ਅਮਨਸ਼ੇਰ ਸਿੰਘ ਕਲਸੀ ਵੀ ਵਿਸ਼ੇਸ਼ ਤੌਰ ਤੇ ਪਠਾਨਕੋਟ ਵਿਖੇ ਪੁੱਜੇ ਜਿੱਥੇ ਹਲਕਾ ਇੰਚਾਰਜ ਵਿਭੂਤੀ ਸ਼ਰਮਾ ਦੀ ਅਗਵਾਈ ਹੇਠ ਵਿਸ਼ਾਲ ਇਕੱਤਰਤਾ ਕੀਤੀ ਗਈ ਜਿਸ ਵਿੱਚ ਮੰਤਰੀ ਲਾਲ ਚੰਦ ਕਟਾਰੂ ਚੱਕ ਤੇ ਹੋਰ ਪ੍ਰਮੁੱਖ ਆਗੂਆਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਰਕਰ ਸ਼ਾਮਿਲ ਹੋਏ। ਇਸ ਮੌਕੇ ਤੇ ਉਮੀਦਵਾਰ ਅਮਨਸ਼ੇਰ ਸਿੰਘ ਕਲਸੀ ਨੇ ਕਿਹਾ ਕਿ 75 ਸਾਲਾਂ ਤੋਂ ਗੁਰਦਾਸਪੁਰ ਦੇ ਲੋਕਾਂ ਨੇ ਹਲਕੇ ਤੋਂ ਹਰ ਇੱਕ ਪਾਰਟੀ ਦੇ ਨੇਤਾ ਨੂੰ ਐਮ ਪੀ ਬਣਨ ਦਾ ਮੌਕਾ ਦਿੱਤਾ। ਗੁਰਦਾਸਪੁਰ ਦੇ ਵਿੱਚ ਅਨੇਕਾ ਮੁੱਦੇ ਨੇ, ਪਰ ਦੁੱਖ ਦੀ ਗੱਲ ਇਹ ਹੈ ਕਿ ਇੱਥੋਂ ਦਾ ਮੁੱਦਾ ਕਿਸੇ ਨੇ ਅੱਜ ਤੱਕ ਨਹੀ ਰੱਖਿਆ। ਜੇ ਅਕਾਲੀ ਦਲ, ਬੀਜੇਪੀ ਦਾ ਲੀਡਰ ਬਣਦਾ ਸੀ ਐਮਪੀ ਤਾਂ ਉਹਨੇ ਕੋਈ ਮੁੱਦੇ ਨਹੀਂ ਚੁੱਕੇ, ਜੇ ਕਾਂਗਰਸ ਦੇ ਭੇਜੇ ਉਹਨਾਂ ਨੇ ਵੀ ਕੋਈ ਮੁੱਦੇ ਨਹੀਂ ਚੁੱਕੇ। ਸੋ ਕਹਿਣ ਦਾ ਭਾਵ ਹੁਣ ਸਮਾਂ ਆਇਆ ਹੈ, ਅੱਜ ਆਮ ਘਰਾਂ ਦੇ ਜਵਾਕ ਅੱਗੇ ਆਏ ਨੇ। ਗੁਰਦਾਸਪੁਰ ਲੋਕ ਸਭਾ ਦੀ ਤਰੱਕੀ ਚਾਹੁੰਦੇ ਹੋ ਤਾਂ ਮੈਂ ਬੇਨਤੀ ਕਰੂੰਗਾ ਕਿ ਇੱਕ ਮੌਕਾ ਆਮ ਆਦਮੀ ਪਾਰਟੀ ਨੂੰ ਦੇਕੇ ਵੇਖੋ, ਜੇ ਚੰਗੇ ਕੰਮ ਕਰਾਗਾਂ ਤੇ ਅਗਲੀ ਵਾਰੀ ਵੋਟ ਪਾ ਦਿਓ ਨਹੀਂ ਨਾ ਪਾਇਉ। ਇਸ ਮੌਕੇ ਸ਼ਹਿਰ ਅੰਦਰ ਰੋਡ ਮਾਰਚ ਵੀ ਕੱਢਿਆ।

## ਸੀ. ਬੀ. ਐੱਸ. ਈ. ਦੇ 10ਵੀਂ ਕਲਾਸ ਦੇ ਐਲਾਨੇ ਨਤੀਜਿਆਂ 'ਚ ਫਿਲੌਰ ਦੀ ਦਿਵਿਆ ਆਹੂਜਾ ਨੇ ਦੇਸ਼ ਭਰ 'ਚ ਪ੍ਰਾਪਤ ਕੀਤਾ ਪਹਿਲਾ ਸਥਾਨ

**ਫਿਲੌਰ (ਜੱਸੀ)–** ਸੀ. ਬੀ. ਐੱਸ. ਈ ਦੇ 10ਵੀਂ ਕਲਾਸ ਦੇ ਐਲਾਨੇ ਨਤੀਜਿਆਂ 'ਚ ਫਿਲੌਰ ਦੀ ਦਿਵਿਆ ਆਹੂਜਾ ਨੇ ਦੇਸ਼ ਭਰ 'ਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਦਿਵਿਆ ਆਹੂਜਾ ਨੇ 100 ਫੀਸਦੀ ਅੰਕ ਪ੍ਰਾਪਤ ਕਰਕੇ ਦੇਸ਼ ਭਰ 'ਚ ਪਹਿਲਾ ਸਥਾਨ ਪ੍ਰਾਪਤ ਕਰਕੇ ਆਪਣੇ ਮਾਤਾ-ਪਿਤਾ, ਸਕੂਲ, ਮਾਪਿਆਂ ਦੇ ਆਪਣੇ ਇਲਾਕੇ ਦਾ ਨਾਂ ਰੌਸ਼ਨ ਕੀਤਾ ਹੈ। ਦਿਵਿਆ ਆਹੂਜਾ ਦੀ ਇਸ ਪ੍ਰਾਪਤੀ ਦੇ ਕਾਰਣ ਉਸਦੇ ਮਾਪਿਆਂ ਤੇ ਸਕੂਲ ਸਟਾਫ਼ ਨੂੰ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗਾ ਹੋਇਆ ਹੈ ਤੇ ਇਲਾਕੇ ਦੀਆਂ ਵੱਖ ਵੱਖ ਐਜੂਕੇਸ਼ਨ ਸੋਸਾਇਟੀਆਂ ਵਲੋਂ ਉਨਾਂ ਦੇ ਪਰਿਵਾਰ ਨੂੰ ਮੁਬਾਰਕਬਾਦ ਦਿੱਤੀ ਜਾ ਰਹੀ ਹੈ।





## ਕੁਲਦੀਪ ਚੰਦ ਨੂੰ ਸਦਮਾ, ਮਾਤਾ ਦਾ ਦੇਹਾਂਤ

**ਨੰਗਲ–** ਨੰਗਲ ਤੋਂ ਪੱਤਰਕਾਰ ਕੁਲਦੀਪ ਚੰਦ ਦੁਬੇਟਾ ਨੂੰ ਉਸ ਸਮੇਂ ਵੱਡਾ ਸਦਮਾ ਲੱਗਿਆ, ਜਦੋਂ ਉਹਨਾਂ ਦੇ ਮਾਤਾ ਬਿਸਾਮਵਰੀ ਦੇਵੀ ਸੰਖੇਪ ਬਿਮਾਰੀ ਪਿੱਛੋਂ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਉਹਨਾਂ ਦਾ ਅੰਤਿਮ ਸੰਸਕਾਰ ਨੰਗਲ ਦੇ ਸ਼ਮਸ਼ਾਨਘਾਟ ਵਿਖੇ ਕਰ ਦਿੱਤਾ ਗਿਆ। ਅੰਤਿਮ ਸੰਸਕਾਰ ਮੌਕੇ ਵੱਖ-ਵੱਖ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਸੰਸਥਾਵਾਂ ਵੱਲੋਂ ਪੱਤਰਕਾਰ ਕੁਲਦੀਪ ਚੰਦ ਨਾਲ ਦੁੱਖ ਸਾਂਝਾ ਕਰਦਿਆਂ ਵਿਛੜੀ ਆਤਮਾ ਦੀ ਆਤਮਕ ਸ਼ਾਂਤੀ ਲਈ ਅਰਦਾਸ ਕੀਤੀ ਗਈ। ਅੰਤਿਮ ਸੰਸਕਾਰ ਮੌਕੇਆਲ ਇੰਡੀਆ ਆਦਿ ਧਰਮ ਮਿਸ਼ਨ ਦੇ ਰਾਸ਼ਟਰੀ ਪ੍ਰਧਾਨ ਸੰਤ ਸਤਵਿੰਦਜੀਤ ਹੀਰਾ, ਸੰਤ ਕਰਮਚੰਦ, ਨਰਪਿੰਦਰ ਸਿੰਘ, ਪ੍ਰੀਤਮ ਦਾਸ ਮੱਲ, ਦੌਲਤ ਰਾਮ, ਸਰਦਾਰੀ ਲਾਲ, ਸੁਰਿੰਦਰ ਕੁਮਾਰ, ਡਾ. ਜੇ. ਐਸ. ਕਹਿਲ, ਪਰਮਿੰਦਰ ਸੰਧੂ, ਡਾ. ਰਣਬੀਰ ਸਿੰਘ, ਡਾ. ਐਸਪੀ ਸੰਧੂ, ਭਾਜਪਾ ਆਗੂ ਹਰਮਨਜੀਤ ਸਿੰਘ ਪ੍ਰਿੰਸ, ਸੰਜੀਵ ਸ਼ਰਮਾ ਪਟਵਾਰੀ, ਸਤੀਸ਼ ਮੱਲ੍ਹੀ, ਮਨੋਜ ਬੱਧਣ, ਕਾਂਸ਼ੀ ਰਾਮ ਦੇ ਭਤੀਜੇ ਐਡਵੋਕੇਟ ਲਖਵੀਰ ਸਿੰਘ ਖੁਆਸਪੁਰਾ, ਰਵਿੰਦਰ ਸਿੰਘ ਬੂੰਗਾ, ਪਵਨ ਕੁਮਾਰ, ਬਿਕਾਨੂ ਰਾਮ, ਦਿਨੇਸ਼ ਕੁਮਾਰ ਭਾਖੜਾ, ਪ੍ਰੀਤਮ ਸਿੰਘ ਬਰਾਰੀ, ਰਣਬੀਰ ਸਿੰਘ ਸੈਣੀ, ਰਾਕੇਸ਼ ਸੈਣੀ ਆਦਿ ਵੱਲੋਂ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਵਿਛੜੀ ਆਤਮਾ ਦੀ ਆਤਮਕ ਸ਼ਾਂਤੀ ਲਈ ਅਰਦਾਸ ਕੀਤੀ ਗਈ।



ਅਦਾਰਾ 'ਦੇਸ਼ ਦੁਆਬਾ' ਵੱਲੋਂ ਪੱਤਰਕਾਰ ਕੁਲਦੀਪ ਚੰਦ ਅਤੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਵਿਛੜੀ ਆਤਮਾ ਦੀ ਆਤਮਕ ਸ਼ਾਂਤੀ ਲਈ ਅਰਦਾਸ ਕੀਤੀ ਜਾਂਦੀ ਹੈ।



# ਸ਼੍ਰੀ ਗੁਰੂ ਰਵਿਦਾਸ ਸਭਾ ਬੇ ਏਰੀਆ ਵੱਲੋਂ ਗੁਰੂ ਘਰ ਵਿਖੇ ਮਾਂ ਦਿਵਸ ਮਨਾਇਆ












ਸ਼੍ਰੀ ਗੁਰੂ ਰਵਿਦਾਸ ਸਭਾ ਬੇ ਏਰੀਆ ਨੇ 12 ਮਈ 2024 ਦਿਨ ਐਤਵਾਰ ਨੂੰ ਗੁਰੂ ਘਰ ਵਿਖੇ ਪਹਿਲਾ ਮਾਂ ਦਿਵਸ ਮਨਾਇਆ। ਇਸ ਮੌਕੇ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਹਜੂਰੀ ਰਾਗੀ ਜਥੇ ਇੰਦਰਜੀਤ ਸਿੰਘ ਨੇ ਕੀਰਤਨ ਅਤੇ ਹੈਡ ਗ੍ਰੰਥੀ ਦਰਬਾਰ ਸਾਹਿਬ ਅੰਮ੍ਰਿਤਸਰ ਭਾਈ ਜਸਵਿੰਦਰ ਸਿੰਘ ਨੇ ਕਥਾ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਸਭਾ ਦੇ ਪ੍ਰਧਾਨ ਤਰਲੋਚਨ ਸਿੰਘ, ਬੋਰਡ ਮੈਂਬਰ ਬੀਬੀ ਪਰਮਜੀਤ ਕੌਰ, ਜਨਰਲ ਸਕੱਤਰ ਨਰੇਸ਼ ਕੁਮਾਰ ਗੱਡੂ ਅਤੇ ਚੇਅਰਮੈਨ ਵਿਨੋਦ ਕੁਮਾਰ ਚੁੰਬਰ ਨੇ ਮਾਂ ਦਿਵਸ





ਦੀਆਂ ਸਾਰੀਆਂ ਮਾਵਾਂ ਨੂੰ ਵਧਾਈਆਂ ਦਿੱਤੀਆਂ। ਬੀਬੀ ਪਰਮਜੀਤ ਕੌਰ ਨੇ ਸਾਰੀਆਂ ਬੀਬੀਆਂ ਨੂੰ ਰਸੋਈ ਵਿੱਚ ਪ੍ਰੋਗਰਾਮ ਲਈ ਸਹਿਯੋਗ ਕਰਨ ਦੀ ਬੇਨਤੀ ਕੀਤੀ ਅਤੇ ਉਹਨਾਂ ਦੇ ਸਹਿਯੋਗ ਲਈ ਸਾਰੇ ਭਾਈਚਾਰੇ ਦੇ ਮੈਂਬਰਾਂ ਦਾ ਧੰਨਵਾਦ ਕੀਤਾ। ਭਾਈ ਜਸਵਿੰਦਰ ਸਿੰਘ, ਪਰਮਜੀਤ ਕੌਰ ਅਤੇ ਪ੍ਰਿਅੰਕਾ ਯਾਦਵ ਵੱਲੋਂ 14 ਅਪ੍ਰੈਲ ਨੂੰ ਡਾ. ਬੀ. ਆਰ. ਅੰਬੇਦਕਰ ਦੇ ਜਨਮ ਦਿਨ ਦੇ ਜਸ਼ਨਾਂ ਮੌਕੇ ਬੱਚਿਆਂ ਗੁਰਪ੍ਰੀਤ ਕੌਰ, ਮਾਨਸੀ ਬੱਧਨ ਅਤੇ ਨੈਨਸੀ ਬੱਧਨ ਨੂੰ ਉਨ੍ਹਾਂ ਦੇ ਭਾਸ਼ਣਾਂ ਅਤੇ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ।

## ਤਰਕਸ਼ੀਲ ਸੁਸਾਇਟੀ ਪੰਜਾਬ ਰਜਿ: ਇਕਾਈ ਬੰਗਾ ਦੀ ਮੀਟਿੰਗ ਹੋਈ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**– ਤਰਕਸ਼ੀਲ ਸੁਸਾਇਟੀ ਪੰਜਾਬ ਰਜਿ ਇਕਾਈ ਬੰਗਾ ਦੀ ਅਹਿਮ ਮੀਟਿੰਗ ਜਥੇਬੰਦਕ ਮੁਖੀ ਹਰਜਿੰਦਰ ਸੂੰਨੀ ਦੀ ਪ੍ਰਧਾਨਗੀ ਹੇਠ ਹੋਈ। ਸਭ



ਤੋਂ ਪਹਿਲਾਂ ਪਿਛਲੇ ਦਿਨੀਂ ਮੁੱਢਲੇ ਤਰਕਸ਼ੀਲ, ਇਨਕਲਾਬੀ ਜਮਹੂਰੀ ਲਹਿਰਾਂ ਦੇ ਰਾਖੇ ਅਤੇ ਸਾਹਿਤਕਾਰ ਮਾ. ਹਰਬੰਸ ਹਿਉਂ, ਤਰਕਸ਼ੀਲ ਸੁਸਾਇਟੀ ਦੇ ਹਮਦਰਦ ਰੋਣਕੀ ਰਾਮ ਦੇ ਨੌਜਵਾਨ ਪੁੱਤਰ ਸੁਸ਼ੀਲ ਕੁਮਾਰ ਅਤੇ ਉੱਘੇ ਪੰਜਾਬੀ ਸਾਹਿਤਕਾਰ ਡਾ. ਸੁਰ–ਜੀਤ ਪਾਤਰ ਜੀ ਦੀਆਂ ਹੋਈਆਂ ਬੇ–ਵਕਤੀਆਂ ਮੌਤਾਂ ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਗਿਆ ਅਤੇ ਸ਼ਰਧਾਂਜਲੀ ਭੇਂਟ ਕੀਤੀ ਗਈ। ਇਸ ਤੋਂ ਉਪਰੰਤ ਤਰਕਸ਼ੀਲ ਸੁਸਾਇਟੀ ਦਾ ਘੇਰਾ ਵਧਾਉਣ, ਤਰਕਸ਼ੀਲ ਸਮਾਜ ਲਈ ਰਾਹ ਦਸੇਰਾ ਕਿਵੇਂ ਬਣਨ ਤਰਕਸ਼ੀਲ ਸੋਚ ਬਨਾਮ ਡਾ. ਅੰਬੇਡਕਰ ਵਿਚਾਰਧਾਰਾ ਆਦਿ ਅਜੰਡਿਆਂ ਸੰਬੰਧੀ ਵਿਚਾਰਾਂ ਕੀਤੀਆਂ ਗਈਆਂ।ਮਾ।ਕੁਲਵਿੰਦਰ ਖਟਕੜ, ਸੁਖਵਿੰਦਰ ਲੰਗੇਰੀ, ਮਾਸਟਰ ਜਗਦੀਸ਼ ਰਾਏ ਪੁਰ ਡੱਬਾ ਨੇ ਕਿਹਾ ਕਿ ਨੌਜਵਾਨ ਹੀ ਸਮਾਜ ਨੂੰ ਸੇਧ ਦੇਣ ਲਈ ਹਮੇਸ਼ਾ ਆਗੂ ਰੋਲ ਨਿਭਾਉਂਦੇ ਆਏ ਹਨ। ਨੌਜ਼ਵਾਨਾਂ ਤੋਂ ਬਿਨਾਂ ਕੋਈ ਵੀ ਸੰਸਥਾ ਤਰੱਕੀ ਦੀਆਂ ਬੁਲੰਦੀਆਂ ਨੂੰ ਕਦੇ ਵੀ ਨਹੀਂ ਛੂਹ ਸਕਦੀ। ਇਸ ਲਈ ਸਾਨੂੰ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਜਾ ਕੇ ਵਿਦਿਆਰਥੀਆਂ ਨੂੰ ਤਰਕਸ਼ੀਲ ਸੁਸਾਇਟੀ ਦੇ ਕੰਮ ਕਾਰ, ਸੁਸਾਇਟੀ ਦੀ ਸਮਝ ਬਾਰੇ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ। ਮਾਸਟਰ ਪਰਮਜੀਤ ਖਮਾਚੋਂ, ਹਰਜਿੰਦਰ ਸੂੰਨੀ, ਬਲਜੀਤ ਖਟਕੜ ਸੁਖਵਿੰਦਰ ਗੋਗਾ ਅਤੇ ਚਰਨਜੀਤ ਸੱਲ੍ਹਾਂ ਨੇ ਕਿਹਾ ਗਿਆ। ਅੰਬੇਡਕਰ ਜੀ ਨੇ ਅੰਧਵਿਸ਼ਵਾਸ, ਵਹਿਮਾਂ ਭਰਮਾਂ ਨੂੰ ਦੂਰ ਕਰਨ ਲਈ ਕਾਫੀ ਜੱਦੋਜਹਿਦ ਕੀਤੀ ਸੀ। ਉਹਨਾਂ ਅੱਗੇ ਬੋਲਦਿਆਂ ਕਿਹਾ ਕਿ ਸਾਨੂੰ ਖੁਸ਼ੀ, ਗਮੀ ਦੇ ਮੌਕਿਆਂ ਤੇ ਤਰਕਸ਼ੀਲ ਸੁਸਾਇਟੀ ਦੀ ਵਿਚਾਰਧਾਰਾ ਦਾ ਪ੍ਰਚਾਰ ਅਤੇ ਪਸਾਰ ਕਰਨ ਤੋਂ ਗ਼ੁਰੇਜ਼ ਨਹੀਂ ਕਰਨਾ ਚਾਹੀਦਾ। ਆਉਣ ਵਾਲੇ ਸਮੇਂ ਵਿੱਚ ਤਰਕਸ਼ੀਲ ਸੁਸਾਇਟੀ ਦਾ ਦਾਇਰਾ ਵਧਾਉਣ ਲਈ ਪਿੰਡਾਂ ਅੰਦਰ ਨੁੱਕੜ ਪ੍ਰੋਗਰਾਮ ਅਤੇ ਕਾਫ਼ਲਿਆਂ ਦਾ ਆਯੋਜਨ ਕੀਤਾ ਜਾਵੇਗਾ। ਉਹਨਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹਨਾਂ ਦੇ ਦੁੱਖਾਂ ਤਕਲੀਫ਼ਾਂ ਦਾ ਹੱਲ ਸਾਧਾਂ ਸੰਤਾਂ ਦੇ ਡੇਰਿਆਂ 'ਚ ਨਹੀਂ। ਤੁਹਾਡੀ ਕਿਸਮਤ ਕਿਸੇ ਬਹਿ ਮਾਤਾ ਨੇ ਨਹੀਂ ਲਿਖੀ। ਸਗੋਂ ਇਹ ਸਭ ਕੁੱਝ ਦੇਸ਼ ਦੀ ਪਾਰਲੀਮੈਂਟ ਅਤੇ ਰਾਜਾਂ ਦੀਆਂ ਵਿਧਾਨ ਸਭਾਵਾਂ ਵਿੱਚ ਲਿਖਿਆ ਜਾਂਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਤਨਾਮ ਖਟਕੜ, ਹਰਚਰਨ ਨੌਰਾ, ਸੁਰੇਸ਼ ਕਰਨਾਣਾ, ਸ਼ਿੰਗਾਰਾ ਲੰਗੇਰੀ ਆਦਿ ਹਾਜ਼ਰ ਸਨ।

## ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਵਿਖੇ ਕੌਮਾਂਤਰੀ ਨਰਸਿੰਗ ਦਿਵਸ ਮਨਾਇਆ ਗਿਆ


**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**– ਪੰਜਾਬ ਦੇ ਪ੍ਰਸਿੱਧ ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਵਿਖੇ ਨਰਸਿੰਗ ਦੀ ਜਨਮ ਦਾਤਾ ਫਲੋਰੈਂਸ ਨਾਇਟਿੰਗੇਲ ਦੇ ਜਨਮ ਦਿਨ ਮੌਕੇ ਕੌਮਾਂਤਰੀ ਨਰਸਿੰਗ ਦਿਵਸ ਮਨਾਇਆ ਗਿਆ। ਇਸ ਸਮਾਗਮ ਦੇ ਮੁੱਖ ਮਹਿਮਾਨ ਸ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਨਰਸਿੰਗ ਸੇਵਾ ਦੀ ਸ਼ੁਰੂਆਤ ਕਰਨ ਵਾਲੀ ਨਰਸ ਫਲੋਰੇਂਸ ਨਾਈਟਿੰਗੇਲ ਨੂੰ ਯਾਦ ਕੀਤਾ ਅਤੇ ਕੌਮਾਂਤਰੀ ਨਰਸਿੰਗ ਦਿਵਸ ਦੀ ਵਧਾਈਆਂ ਦਿੱਤੀਆਂ। ਉਹਨਾਂ ਨੇ ਸਾਲ 2024 ਦੇ ਥੀਮ "ਸਾਡੀਆਂ ਨਰਸਾਂ, ਸਾਡਾ ਭਵਿੱਖ, ਦੇਖਭਾਲ ਦੀ ਆਰਥਿਕ ਸ਼ਕਤੀ" ਸਬੰਧੀ ਆਪਣੇ ਵਿਚਾਰਾਂ ਦੀ ਸਾਂਝ ਪਾਉਂਦੇ ਕਿਹਾ ਕਿ ਇਸ ਦਾ ਮੁੱਖ ਉਦੇਸ਼ ਨਰਸਿੰਗ ਕਿੱਤੇ ਸਬੰਧੀ ਅਤੇ ਇਸ ਦੀ ਮਹਾਨਤਾ ਬਾਰੇ ਲੋਕਾਂ ਜਾਗਰੁਕ ਕਰਨਾ ਹੈ। ਉਹਨਾਂ ਨੇ ਨਰਸਿੰਗ ਕਿੱਤੇ ਦੀ ਮਹਾਨਤਾ ਬਾਰੇ ਦੱਸਦੇ ਕਿਹਾ ਕਿ ਮਰੀਜ਼ਾਂ ਨੂੰ ਤੰਦਰੁਸਤ ਕਰਨ ਦੇ ਵਿੱਚ ਨਰਸਾਂ ਦਾ ਯੋਗਦਾਨ ਅਹਿਮ ਹੁੰਦਾ ਹੈ। ਇਸ ਤੋਂ ਪਹਿਲਾਂ ਅੰਤਰਰਾਸ਼ਟਰੀ ਨਰਸਿੰਗ ਦਿਹਾੜੇ ਨੂੰ ਸਮਰਪਿਤ ਸਮਾਗਮ ਦਾ ਆਰੰਭ ਗੁਰਬਾਣੀ ਸ਼ਬਦ ਉਪਰੰਤ ਹੋਇਆ। ਇਸ ਉਪਰੰਤ ਇੰਟਰਨੈਸ਼ਨਲ ਨਰਸਿੰਗ ਦਿਹਾੜੇ ਨੂੰ ਸਮਰਪਿਤ ਸ਼ਮਾਂ ਰੋਸ਼ਨ ਕੀਤੀ ਗਈ ਅਤੇ ਸਾਲ 2024 ਦੇ ਥੀਮ ਨੂੰ ਸਰੋਤਿਆ ਦੇ ਸਨਮੁੱਖ ਰੱਖਿਆ। ਇਸ ਮੌਕੇ ਡਾ. ਸੁਰਿੰਦਰ ਜਸਪਾਲ ਪ੍ਰਿੰਸੀਪਲ ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਨੇ ਕੌਮਾਂਤਰੀ ਨਰਸਿੰਗ ਦਿਵਸ ਮੌਕੇ ਦੀ ਵਧਾਈ ਦਿੱਤੀ ਅਤੇ ਨਰਸਿੰਗ ਦੀ ਜਨਮ ਦਾਤਾ ਫਲੋਰੈਂਸ ਨਾਇਟਿੰਗੇਲ ਦੇ ਜੀਵਨ ਅਤੇ ਉਪਲਬਧੀਆਂ ਬਾਰੇ ਜਾਣਕਾਰੀ ਦਿੱਤੀ ਦਿੰਦੇ ਮੁੱਖ ਮਹਿਮਾਨ ਅਤੇ ਸਮੂਹ ਪਤਵੰਤਿਆਂ ਨੂੰ ਜੀ ਆਇਆਂ ਕਿਹਾ। ਸਮਾਗਮ ਵਿਚ ਸ. ਅਮਰਜੀਤ ਸਿੰਘ ਕਲੇਰਾਂ ਸਕੱਤਰ ਟਰੱਸਟ,



ਮੈਡਮ ਰਮਨਦੀਪ ਕੌਰ, ਮੈਡਮ ਰਾਬੀਆ ਹਾਟਾ, ਵੰਦਨਾ ਬਸਰਾ, ਸ਼ਿਵਾਨੀ ਭਰਦਵਾਜ, ਸਰਬਜੀਤ ਕੌਰ ਤੋਂ ਇਲਾਵਾ ਸਮੂਹ ਨਰਸਿੰਗ ਅਧਿਆਪਕ ਅਤੇ ਨਰਸਿੰਗ ਵਿਦਿਆਰਥੀ ਹਾਜ਼ਰ ਸਨ। ਸਮਾਗਮ ਵਿਚ ਮੈਡਮ ਨਵਜੋਤ ਕੌਰ ਸਹੋਤਾ ਨੇ ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਈ।

# ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਡਾਕਟਰ ਸੁਰਜੀਤ ਪਾਤਰ ਦੀ ਮੌਤ ਤੇ ਦੁੱਖ ਦਾ ਪ੍ਰਗਟਾਵਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਤਰਕਸ਼ੀਲ ਸੁਸਾਇਟੀ ਪੰਜਾਬ ਰਜਿ ਜੋਨ ਨਵਾਂਸ਼ਹਿਰ ਦੀਆਂ ਇਕਾਈਆਂ ਨਵਾਂਸ਼ਹਿਰ, ਬੰਗਾ, ਗੜ੍ਹਸ਼ੰਕਰ ਅਤੇ ਰਾਹੋਂ ਦੇ ਅਹੁਦੇਦਾਰਾਂ ਸਾਰੇ ਮੈਂਬਰਾਂ ਵੱਲੋਂ ਡਾ। ਸੁਰਜੀਤ ਪਾਤਰ ਦੀ ਮੌਤ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਉਹਨਾਂ ਦੇ ਵਿਛੋੜੇ ਕਾਰਨ ਜਿੱਥੇ ਪਰਿਵਾਰ ਨੂੰ ਬਹੁਤ ਵੱਡਾ ਘਾਟਾ ਪਿਆ ਹੈ ਉੱਥੇ ਅਗਾਂਹਵਧੂ, ਜਮਹੂਰੀ ਲਹਿਰਾਂ, ਲੋਕ ਪੱਖੀ ਲਹਿਰਾਂ ਅਤੇ ਪੰਜਾਬੀ ਸਾਹਿਤਕ ਹਲਕਿਆਂ ਨੂੰ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।ਜੋਨ ਦੇ ਜਥੇਬੰਦਕ ਮੁੱਖੀ ਸੱਤਪਾਲ ਸਲੋਹ, ਮੀਡੀਆ ਮੁਖੀ ਮਾ. ਜਗਦੀਸ਼ ਰਾਏ ਪੁਰ ਡੱਬਾ, ਸੱਭਿਆਚਾਰਕ ਵਿਭਾਗ ਦੇ ਮੁਖੀ ਜੋਗਿੰਦਰ ਕੁੱਲੇਵਾਲ, ਜੋਨ ਵਿੱਤ ਮੁਖੀ ਸੁਖਵਿੰਦਰ ਗੋਗਾ ਅਤੇ ਮਾ. ਰਾਮਪਾਲ ਰਾਹੋਂ ਆਗੂਆਂ ਨੇ ਕਿਹਾ ਕਿ ਡਾ. ਸੁਰਜੀਤ ਪਾਤਰ ਨੂੰ ਪੰਜਾਬੀ ਸਾਹਿਤ ਦੇ ਬਾਬਾ ਬੋਹੜ ਵਜੋਂ ਜਾਣਿਆ ਜਾਂਦਾ ਹੈ ਅਤੇ ਜਾਣਿਆ ਜਾਂਦਾ ਰਹੇਗਾ। ਉਹਨਾਂ ਅੱਗੇ ਕਿਹਾ ਕਿ ਇਸ ਮਾਣਮੱਤੇ ਸ਼ਾਇਰ ਦਾ ਨਾਂ ਇਤਿਹਾਸ ਦੇ ਸੁਨਹਿਰੀ ਪੰਨਿਆਂ ਤੇ ਸਦਾ ਹੀ ਉੱਕਰਿਆ ਰਹੇਗਾ। ਉਹਨਾਂ ਨੇ ਆਪਣੀਆਂ ਰਚਨਾਵਾਂ ਰਾਹੀਂ ਪੰਜਾਬ ਦੇ



ਦੁੱਖ ਦਰਦ, ਕਾਲੇ ਸਮਿਆਂ ਦੀ ਦਾਸਤਾਂ, ਵਿਦੇਸ਼ਾਂ ਵਿੱਚ ਰੋਟੀ ਰੋਜ਼ੀ ਲਈ ਗਏ ਲੋਕਾਂ ਦੀਆਂ ਮਜ਼ਬੂਰੀਆਂ ਤੇ ਦੁਸ਼ਵਾਰੀਆਂ, ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਹਕੂਮਤੀ ਜ਼ਬਰ, ਅੰਧਵਿਸ਼ਵਾਸ, ਰੂੜੀਵਾਦੀ ਰਸਮਾਂ ਰਿਵਾਜਾਂ ਅਤੇ ਸਮਾਜ ਵਿੱਚ ਫੈਲੀਆਂ ਬਹੁਤ ਸਾਰੀਆਂ ਹੋਰ ਕੁਰੀਤੀਆਂ ਨੂੰ ਦੂਰ ਕਰਨ ਦੇ ਯਤਨਾਂ ਲਈ ਹਮੇਸ਼ਾ ਹੀ ਉਹਨਾਂ ਨੂੰ ਯਾਦ ਕੀਤਾ ਜਾਂਦਾ ਰਹੇਗਾ।

ਉਹ ਭਾਵੇਂ ਸਰੀਰਕ ਤੌਰ ਤੇ ਸਾਡੇ ਵਿਚਕਾਰ ਨਹੀਂ ਰਹੇ ਪਰ ਉਨ੍ਹਾਂ ਦੇ ਹਵਾ ਵਿੱਚ ਲਿਖੇ ਹਰਫ਼, ਉਹਨਾਂ ਦੇ ਅਮੁੱਲੇ ਵਿਚਾਰ,ਸੁਰੀਲੀ ਆਵਾਜ਼, ਅਨਮੋਲ ਰਚਨਾਵਾਂ ਹਮੇਸ਼ਾ ਹੀ ਫਿਜ਼ਾ ਵਿੱਚ ਗੂੰਜਦੇ ਰਹਿਣਗੇ।

ਅਨੇਕਾਂ ਦਿਲਾਂ ਤੋਂ ਸਨਮਾਨ ਦਾ ਪਾਤਰ ਸੁਰਜੀਤ,
ਬਣਿਆ ਰਹੇਗਾ ਸਾਡਾ ਸਦਾ ਉਹ ਮੀਤ।
ਫ਼ਿਕਰ ਨਾ ਕਰਿਓ ਕਿ ਹਨ੍ਹੇਰੇ ਗਾੜ੍ਹੇ ਹੁੰਦੇ ਜਾਣਗੇ,
ਘੁੱਪ ਹਨ੍ਹੇਰਿਆਂ ਨੂੰ ਚੀਰਨ ਲਈ ਜੁਗਨੂੰ ਟਿਮਟਿਮਾਉਂਦੇ ਰਹਿਣਗੇ।

# ਜ਼ਿਲ੍ਹੇ ਦੀ ਹਦੂਦ ਅੰਦਰ ਬਿਨਾਂ ਮਨਜ਼ੂਰੀ ਡਰੋਨ ਉਡਾਉਣ/ਵਰਤੋਂ 'ਤੇ ਪਾਬੰਦੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹਾ ਮੈਜਿਸਟ੍ਰੇਟ ਨਵਜੋਤ ਪਾਲ ਸਿੰਘ ਰੰਧਾਵਾ ਨੇ ਰਾਜ ਅੰਦਰ ਸਰਹੱਦੀ ਜ਼ਿਲ੍ਹਿਆਂ 'ਚ ਸਮਾਜ ਵਿਰੋਧੀ ਅਨਸਰਾਂ ਵੱਲੋਂ ਡਰੋਨ ਦੀ ਮੱਦਦ ਨਾਲ ਗੈਰ-ਕਾਨੂੰਨੂ ਗਤੀਵਿਧੀਆਂ ਨੂੰ ਅੰਜਾਮ ਦੇਣ ਦੀਆਂ ਘਟਨਾਵਾਂ ਦੇ ਮੱਦੇਨਜ਼ਰ, ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੀ ਹਦੂਦ ਅੰਦਰ ਕਿਸੇ ਵੀ ਤਰ੍ਹਾਂ ਦੇ ਡਰੋਨ ਉਡਾਉਣ/ਵਰਤੋਂ 'ਤੇ ਪਾਬੰਦੀ ਲਾਉਣ ਦੇ ਹੁਕਮ ਜਾਰੀ ਕੀਤੇ ਹਨ।



ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਫ਼ੌਜਦਾਰੀ ਜ਼ਾਬਤਾ ਸੰਘਤਾ 1973 (1974 ਦਾ ਐਕਟ-2) ਦੀ ਧਾਰਾ 144 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹੇ ਦੀ ਹਦੂਦ ਅੰਦਰ ਵਿਆਹ ਸਮਾਗਮਾਂ/ਧਾਰਮਿਕ ਸਮਾਗਮਾਂ ਅਤੇ ਹੋਰ ਪ੍ਰੋਗਰਾਮਾਂ ਵਿੱਚ ਬਿਨਾਂ ਮਨਜ਼ੂਰੀ ਡਰੋਨ ਚਲਾਉਣ 'ਤੇ ਪੂਰਣ ਪਾਬੰਦੀ ਲਗਾ ਦਿੱਤੀ ਹੈ। ਇਹ ਹੁਕਮ 9 ਜੁਲਾਈ, 2024 ਤੱਕ ਲਾਗੂ ਰਹਿਣਗੇ।

# ਜਿਲ੍ਹਾ ਸਵੀਪ ਟੀਮ ਵਲੋਂ ਵਿਲੱਖਣ ਤਰੀਕੇ ਨਾ਼ਲ ਚਲਾਇਆ ਵੋਟਰ ਜਾਗਰੂਕਤਾ ਅਭਿਆਨ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਮੁੱਖ ਚੋਣ ਅਫਸਰ ਪੰਜਾਬ ਦੀਆਂ ਹਦਾਇਤਾਂ ਅਤੇ ਡਿਪਟੀ ਕਮਿਸ਼ਨਰ ਕਮ ਜਿਲ੍ਹਾ ਚੋਣ ਅਫਸਰ ਨਵਜੋਤ ਪਾਲ ਸਿੰਘ ਰੰਧਾਵਾ ਦੇ ਹੁਕਮਾਂ ਅਤੇ ਰਾਜੀਵ ਵਰਮਾ ਐਡੀਸ਼ਨਲ ਡਿਪਟੀ ਕਮਿਸ਼ਨਰ-ਕਮ- ਨੋਡਲ ਅਫਸਰ ਸਵੀਪ ਦੇ ਨਿਰਦੇਸ਼ਾਂ ਅਨੁਸਾਰ ਲੋਕ ਸਭਾ ਚੋਣਾਂ 2024 ਨੂੰ ਮੁੱਖ ਰੱਖਦੇ ਹੋਏ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਜਿਲ੍ਹਾ ਸਵੀਪ ਟੀਮ ਵਲੋਂ ਵਿਲੱਖਣ ਤਰੀਕੇ ਨਾ਼ਲ ਆਮ ਵੋਟਰਾਂ ਨੂੰ ਜਾਗਰੂਕ ਕਰਨ ਦਾ ਅਭਿਆਨ ਸ਼ੁਰੂ ਕੀਤਾ ਗਿਆ।ਸਵੀਪ ਦੇ ਨੋਡਲ ਅਫਸਰ ਸਤਨਾਮ ਸਿੰਘ ਸੂੰਨੀ, ਜਿਲ੍ਹਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ, ਸਹਾਇਕ ਪ੍ਰੋਫੈਸਰ ਹਰਦੀਪ ਕੌਰ ਅਤੇ ਉਂਕਾਰ ਸਿੰਘ ਕੰਪਿਊਟਰ ਫੈਕਲਟੀ ਵਲੋਂ ਜਿਲ੍ਹੇ ਦੀਆਂ ਵੱਖ-ਵੱਖ ਥਾਵਾਂ ਤੇ ਹਦਵਾਣੇ ਅਤੇ ਨਾਰੀਅਲ ਦੀਆਂ ਫੜ੍ਹਾਂ ਤੇ ਜਾ ਕੇ ਉਨ੍ਹਾਂ ਉੱਪਰ " ਚੋਣਾਂ ਦਾ ਪਰਵ, ਦੇਸ਼ ਦਾ ਗਰਵ" ਅਤੇ 'ਪੰਜਾਬ ਮਨਾਏਗਾ ਪਹਿਲੀ ਜੂਨ ਨੂੰ ਲੋਕਤੰਤਰ ਦਾ ਮਹਾਂਉਤਸਵ' ਦੇ ਸਟਿੱਕਰ ਚਿਪਕਾਏ ਗਏ ਜਿਸਨੇ ਆਮ ਜਨਤਾ ਨੂੰ ਬਹੁਤ ਪ੍ਰਭਾਵਿਤ ਕੀਤਾ ਅਤੇ ਆਪ ਮੁਹਾਰ ਆਮ ਵੋਟਰਾਂ ਵਲੋਂ ਸਵੀਪ ਟੀਮ ਨੂੰ ਇਸ ਗਤੀਵਿਧੀ ਬਾਰੇ ਪੁੱਛਿਆ ਜਿਸਤੇ ਸਵੀਪ ਟੀਮ ਦੇ ਨੋਡਲ ਅਫਸਰ ਸਤਨਾਮ ਸਿੰਘ ਸੂੰਨੀ, ਦੁਆਰਾ ਹਾਜ਼ਰ ਵੋਟਰਾਂ ਨੂੰ ਪੰਜਾਬ ਵਿੱਚ ਪਹਿਲੀ ਜੂਨ ਨੂੰ ਆ ਰਹੇ ਲੋਕਤੰਤਰ ਦੇ ਮਹਾਂਉਤਸਵ ਦੌਰਾਨ ਆਪਣੀ ਵੋਟ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਹਾਜ਼ਰ ਸਬਜ਼ੀ ਵਿਕ੍ਰੇਤਾਵਾਂ ਵਲੋਂ ਵੀ ਇਹ ਕਿਹਾ ਕਿ ਅਸੀ ਸਬਜ਼ੀ ਵੇਚਣ ਦੇ ਨਾ਼ਲ ਨਾ਼ਲ ਪਹਿਲੀ ਜੂਨ ਨੂੰ ਵੋਟਾਂ ਪਾਉਣ ਦਾ ਹੋਕਾ ਵੀ ਦਿਆਂਗੇ। ਇਸ ਮੌਕੇ ਸਹਾਇਕ ਪ੍ਰੋਫੈਸਰ ਹਰਦੀਪ ਕੌਰ ਕਿ ਸਾਨੂੰ ਔਰਤਾਂ ਨੂੰ ਬਿਨ੍ਹਾਂ ਕਿਸੇ ਦਬਾਅ, ਡਰ ,ਲਾਲਚ ਜਾਤ-ਪਾਤ ਦੇ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਦੇਸ਼ ਦੇ ਸਰਵਪੱਖੀ ਵਿਕਾਸ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਸਾਨੂੰ ਆਪਣੇ ਪਰਿਵਾਰ, ਆਂਢ-ਗੁਆਂਢ, ਰਿਸ਼ਤੇਦਾਰ, ਗ਼ਲੀ ਮੁਹੱਲੇ ਦੇ ਵੋਟਰਾਂ ਨੂੰ ਵੀ ਜਾਗਰੂਕ ਕਰਨਾ ਚਾਹੀਦਾ ਹੈ।ਇਸ ਮੌਕੇ ਜੈਸ਼ੰਕਰ, ਰਣਜੀਤ ਸਿੰਘ, ਉਂਕਾਰ ਸਿੰਘ, ਰਾਮਪਾਲ, ਜੈਗੋਪਾਲ, ਗੋਪੀ, ਮੋਹਣਲਾਲ, ਮਨੀ, ਲਵਪ੍ਰੀਤ ਆਦਿ ਹਾਜ਼ਰ ਸਨ।



# ਟਰੈਕਟਰਾਂ ਤੇ ਸਬੰਧਤ ਸੰਦਾਂ ਨਾਲ ਖਤਰਨਾਕ ਪ੍ਰਦਰਸ਼ਨ/ਸਟੰਟ ਕਰਨ 'ਤੇ ਲਗਾਈ ਪਾਬੰਦੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹਾ ਮੈਜਿਸਟਰੇਟ ਨਵਜੋਤ ਪਾਲ ਸਿੰਘ ਰੰਧਾਵਾ ਨੇ ਜ਼ਿਲ੍ਹੇ ਵਿੱਚ ਫੌਜਦਾਰੀ ਜਾਬਤਾ ਸੰਘਤਾ 1973 (1974 ਦਾ ਐਕਟ-2) ਦੀ ਧਾਰਾ 144 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੋਇਆਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਹਦੂਦ ਅੰਦਰ ਟਰੈਕਟਰਾਂ ਅਤੇ ਸਬੰਧਤ ਸੰਦਾਂ ਨਾਲ ਖਤਰਨਾਕ ਪ੍ਰਦਰਸ਼ਨ/ਸਟੰਟ ਕਰਨ 'ਤੇ ਪਾਬੰਦੀ ਦਾ ਹੁਕਮ ਜਾਰੀ ਕੀਤਾ ਹੈ।

ਜ਼ਿਲ੍ਹਾ ਮੈਜਿਸਟਰੇਟ ਨੇ ਦੱਸਿਆ ਕਿ ਉਪ ਸਕੱਤਰ ਪੰਜਾਬ ਸਰਕਾਰ ਗ੍ਰਹਿ ਮਾਮਲੇ ਅਤੇ ਨਿਆ ਵਿਭਾਗ (ਗ੍ਰਹਿ-5 ਸ਼ਾਖਾ) ਦੇ ਪੱਤਰ ਨੰਬਰ ਗ੍ਰਹਿ-5/ਸਪੈਸ਼ਲ/2023/1 ਚੰਡੀਗੜ੍ਹ ਮਿਤੀ 30।10।2023 ਰਾਹੀਂ ਲਿਖਿਆ ਹੈ ਕਿ ਰਾਜ ਵਿੱਚ ਬੀਤੇ ਦਿਨੀ ਕੁੱਝ ਘਟਨਾਵਾਂ ਵਾਪਰੀਆਂ ਹਨ, ਜਿਨ੍ਹਾਂ ਵਿੱਚ ਟਰੈਕਟਰ ਅਤੇ ਸਬੰਧਤ ਸੰਦਾਂ ਦੇ ਖਤਰਨਾਕ ਪ੍ਰਦਰਸ਼ਨ/ਸਟੰਟ ਦੌਰਾਨ ਨੌਜਵਾਨਾਂ ਨੂੰ ਗੰਭੀਰ ਸੱਟਾਂ ਆਈਆਂ ਹਨ ਅਤੇ ਇੱਕ ਨੌਜਵਾਨ ਦੀ ਮੌਤ ਵੀ ਹੋਈ ਹੈ। ਇਸ ਲਈ ਟਰੈਕਟਰਾਂ ਅਤੇ ਸਬੰਧਤ ਸੰਦਾਂ ਦੇ ਖਤਰਨਾਕ ਪ੍ਰਦਰਸ਼ਨ/ਸਟੰਟ 'ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਇਹ ਹੁਕਮ 9 ਜੁਲਾਈ,2024 ਤੱਕ ਲਾਗੂ ਰਹੇਗਾ।

# ਕਿਰਤੀ ਕਿਸਾਨ ਯੂਨੀਅਨ ਦੇ ਆਗੂਆਂ ਨੂੰ ਗ੍ਰਿਫ਼ਤਾਰ ਕਰਨ ਦੀ ਨਿੰਦਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਕਿਰਤੀ ਕਿਸਾਨ ਯੂਨੀਅਨ ਦੇ ਆਗੂਆਂ ਕਸ਼ਮੀਰ ਸਿੰਘ ਕਾਹਮਾ, ਸੁੱਚਾ ਸਿੰਘ ਬੈਂਸ ਅਤੇ ਕਸ਼ਮੀਰ ਸਿੰਘ ਮੱਲ ਪੁਰ ਨੇ ਪੁਲਸ ਦੁਆਰਾ ਕਿਰਤੀ ਕਿਸਾਨ ਯੂਨੀਅਨ ਦੀ ਜਿਲਾ ਲੀਡਰਸ਼ਿਪ ਅਤੇ ਵਰਕਰਾਂ ਨੂੰ ਗ੍ਰਿਫ਼ਤਾਰ ਕਰਨ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਉਹਨਾਂ ਨੂੰ ਫੌਰੀ ਰਿਹਾ ਕਰਨ ਦੀ ਮੰਗ ਕੀਤੀ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਅੱਜ ਹਲਕਾ ਸ੍ਰੀ ਅਨੰਦਪੁਰ ਸਾਹਿਬ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਸੁਭਾਸ਼ ਸ਼ਰਮਾ ਨੇ ਬੰਗਾ ਵਿਖੇ ਆਪਣੇ ਚੋਣ ਦਫਤਰ ਦਾ ਉਦਘਾਟਨ ਕਰਨ ਲਈ ਸ਼ਾਮ ਛੇ ਵਜੇ ਪਹੁੰਚਣਾ ਸੀ ਜਿਸਦਾ ਵਿਰੋਧ ਕਰਨ ਲਈ ਕਿਰਤੀ ਕਿਸਾਨ ਯੂਨੀਅਨ ਦੀ ਲੀਡਰਸ਼ਿਪ ਅਤੇ ਵਰਕਰ ਬੰਗਾ ਦੀ ਦਾਣਾ ਮੰਡੀ ਵਿਖੇ ਇਕੱਤਰ ਹੋਏ ਸਨ ਜਿਹਨਾਂ ਵਿਚੋਂ 24 ਕਿਸਾਨਾਂ ਨੂੰ ਦੀ ਪੁਲਸ ਬੱਸ ਵਿਚ ਬੈਠਾ ਕੇ ਥਾਣਾ ਮੁਕੰਦਪੁਰ ਵਿਖੇ ਲੈ ਗਈ। ਆਗੂਆਂ ਨੇ ਕਿਹਾ ਕਿ ਕਿਸਾਨਾਂ ਨੂੰ ਵਿਰੋਧ ਕਰਨ ਦਾ ਸੰਵਿਧਾਨਕ ਹੱਕ ਹੈ ਅਤੇ ਪੁਲਸ ਨੇ ਕਿਸਾਨਾਂ ਦੇ ਇਸ ਹੱਕ ਉੱਤੇ ਹਮਲਾ ਬੋਲਿਆ ਹੈ। ਉਹਨਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਲੰਮੇ ਸਮੇ ਤੋਂ ਕਿਸਾਨਾਂ ਨਾਲ ਜਿਆਜ਼ਤੀ ਕਰਦੀ ਆ ਰਹੀ ਹੈ ਇਸ ਲਈ ਸੰਯੁਕਤ ਕਿਸਾਨ ਮੋਰਚੇ ਨੇ ਚੋਣਾਂ ਵਿਚ ਭਾਜਪਾ ਦਾ ਤਿੱਖਾ ਵਿਰੋਧ ਕਰਨ ਦਾ ਸੱਦਾ ਦਿੱਤਾ ਹੋਇਆ ਹੈ।ਉਹਨਾਂ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਕਿਸਾਨਾਂ ਨੂੰ ਗ੍ਰਿਫ਼ਤਾਰ ਕਰਕੇ ਆਪਣਾ ਕਿਸਾਨ ਵਿਰੋਧੀ ਚਿਹਰਾ ਨੰਗਾ ਕਰ ਲਿਆ ਹੈ। ਉਹਨਾਂ ਕਿਹਾ ਕਿ ਭਾਜਪਾ ਆਗੂਆਂ ਦਾ ਵਿਰੋਧ ਅੱਗੇ ਵੀ ਜਾਰੀ ਰਹੇਗਾ।



ਵੱਖਰੇ ਬਿਆਨਾਂ ਵਿਚ ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਜਮਹੂਰੀ ਅਧਿਕਾਰ ਸਭਾ ਦੇ ਜਿਲਾ ਸਕੱਤਰ ਜਸਬੀਰ ਦੀਪ,ਪੇਂਡੂ ਮਜਦੂਰ ਯੂਨੀਅਨ ਦੇ ਜਿਲਾ ਆਗੂਆਂ ਹਰੀ ਰਾਮ ਰਸੂਲਪੁਰੀ ਅਤੇ ਕਮਲਜੀਤ ਸਨਾਵਾ ਨੇ ਵੀ ਕਿਸਾਨਾਂ ਦੀ ਗ੍ਰਿਫਤਾਰੀ ਦੀ ਨਿੰਦਾ ਕਰਦਿਆਂ ਕਿਸਾਨਾਂ ਨੂੰ ਫੌਰੀ ਰਿਹਾ ਕਰਨ ਦੀ ਮੰਗ ਕੀਤੀ ਹੈ। ਪੁਲਸ ਵਲੋਂ ਗ੍ਰਿਫਤਾਰ ਕੀਤੇ ਗਏ ਆਗੂਆਂ ਵਿਚ ਕਿਰਤੀ ਕਿਸਾਨ ਯੂਨੀਅਨ ਦੇ ਜਿਲਾ ਪ੍ਰਧਾਨ ਸੁਰਿੰਦਰ ਸਿੰਘ ਬੈਂਸ, ਜਿਲਾ ਸਕੱਤਰ ਤਰਸੇਮ ਸਿੰਘ ਬੈਂਸ, ਸੂਬਾ ਕਮੇਟੀ ਮੈਂਬਰ ਭੁਪਿੰਦਰ ਸਿੰਘ ਵੜੈਚ,ਸੋਹਣ ਸਿੰਘ ਬਾਵਾ ਅਤੇ ਹੋਰ ਆਗੂ ਸ਼ਾਮਲ ਹਨ।

# ਫ਼ਿਰ ਆ ਰਹੀ ਨਵੀਂ ਫ਼ਿਲਮ ਨਿਰਮਾਤਾ ਗੈਰ ਪੰਜਾਬੀ ਇਸ ਵਾਰ ਵੀ ਪਰ ਸ਼ਰਧਾ ਨੇ ਬਣਵਾ ਦਿੱਤੀ 'ਨਾਨਕ ਨਾਮ ਜਹਾਜ ਹੈ'

ਵੇਦਾਂਤ ਸਿੰਘ ਸ਼ੁਕਰੀਆ, ਧੰਨਵਾਦ ਮਾਨ ਸਿੰਘ ਤੁਸੀਂ ਮਾਂ ਬੋਲੀ ਪੰਜਾਬੀ ਦੇ ਸਕੇ ਪੁੱਤਰ ਨਾ ਹੋ ਕਿ ਵੀ ਸਕਿਆਂ ਤੋਂ ਵੱਧ ਕੰਮ ਕੀਤਾ ਹੈ ਤੇ ਗੁਰੂ ਨਾਨਕ ਦੇਵ ਜੀ ਦੀ ਜਗਤ ਜੋਤ ਸਿੱਖਿਆ ਨੂੰ ਲੋਕਾਂ ਤੱਕ ਸਿਨੇਮਾ ਮਾਧਿਅਮ ਨਾਲ ਪਹੁੰਚਦਾ ਕਰਨ ਲਈ "ਨਾਨਕ ਨਾਮ ਜਹਾਜ਼ ਹੈ" ਫਿਲਮ ਬਣਾਈ ਹੈ ਜਿਹੜੀ ਆ ਰਹੀ ਏ 24 ਮਈ ਨੂੰ ਤੇ ਉਮੀਦ ਪੰਜਾਬੀ ਤੁਹਾਡੀ ਇਸ ਫਿਲਮ ਨੂੰ ਭਰਵਾਂ ਹੁੰਗਾਰਾ ਦੇਣਗੇ।ਕਲਿਆਣੀ ਸਿੰਘ ਦੀ ਪ੍ਰਸੰਸਾ ਜਿਸ ਨੇ ਦਿਨ ਰਾਤ ਇੱਕ ਕਰ ਸਕੇ ਵਾਲਾ ਮੋਹ ਦਿਖਾ ਇਹ ਫ਼ਿਲਮ ਨਿਰਦੇਸ਼ਤ ਕੀਤੀ ਹੈ।" ਨਾਨਕ ਨਾਮ ਜਹਾਜ਼ ਹੈ" ਇੱਕ ਪਿਆਰੀ ਫਿਲਮ ਤਿਵਾੜੀ ਪ੍ਰੋਡਕਸ਼ਨ ਤੇ ਅਮਿਤ ਅਵਸਥੀ ਦੇ ਸਹਿਯੋਗ ਨਾਲ ਬਣੀ ਹੈ। ਰਿਲਾਇੰਸ ਇੰਡਸਟਰੀਜ ਇਸ ਨੂੰ ਰਲੀਜ਼ ਕਰ ਰਹੀ ਹੈ ਇਹ ਵੀ ਫ਼ਖ਼ਰ ਵਾਲੀ ਗੱਲ ਹੈ। ਸਨਾਤਨ ਵਰਲਡ ਦਾ ਸੰਗੀਤ ਤੇ ਇੰਦਰਪ੍ਰੀਤ ਸਿੰਘ ਦੇ ਗਾਏ ਧਾਰਮਿਕ ਗੀਤ ਫਿਲਮ ਨੂੰ ਵਧੀਆ ਦਿੱਖ ਦੇਣ ਵਿੱਚ ਸਹਾਈ ਹੋਣ ਵਾਲੇ ਹਨ। ਵਿੰਦੂ ਦਾਰਾ ਸਿੰਘ ਤੇ ਮੁਕੇਸ਼ ਰਿਸ਼ੀ ਸਟਾਰ ਅਦਾਕਾਰ ਫਿਲਮ ਵਿੱਚ ਹਨ ਤੇ ਨਾਲ ਡੌਲੀ ਮੱਟੂ, ਸਰਦਾਰ ਸੋਹੀ ਤੇ ਭਾਵਨਾ ਸ਼ਰਮਾ ਹਨ। ਸਨਾਤਨ ਧਰਮ ਦੇ ਯੂਟਿਊਬ ਚੈਨਲ ਤੇ ਇਸ ਦਾ ਸੰਗੀਤ ਹੈ। ਖੁਦ ਕਲਿਆਣੀ ਸਿੰਘ ਨੇ ਇਸ ਨੂੰ ਲਿਖਿਆ ਹੈ। ਉਮੀਦ ਹੈ, ਆਸ ਹੈ ਕਿ "ਨਾਨਕ ਨਾਮ ਜਹਾਜ਼ ਹੈ" ਪਹਿਲੀ ਇਸ ਨਾਮ ਦੀ ਆਈ ਰਾਮ ਮਹੇਸ਼ਵਰੀ ਦੀ ਫਿਲਮ ਦੀ ਤਰਾਂ ਰਿਕਾਰਡ ਕਾਇਮ ਕਰੇਗੀ।



**–ਅੰਮ੍ਰਿਤ ਪਵਾਰ**

# ਨਵਲਾਰਾ ਵਿਖੇ 6ਵੀਂ ਵਿਸ਼ਾਲ ਸੋਭਾ ਯਾਤਰਾ 18 ਮਈ ਨੂੰ ਹੋਵੇਗੀ

**ਰੋਮ (ਇਟਲੀ) (ਟੇਕ ਚੰਦ ਜਗਤਪੁਰ)–** ਜੈ ਵੈਸ਼ਨੋ ਮਾਤਾ ਮੰਦਰ ਨਵਲਾਰਾ (ਰਿਜੋਇਮੀਲੀਆ ) , ਵਿਖੇ 6 ਵੀਂ ਵਿਸ਼ਾਲ ਸ਼ੋਭਾ ਯਾਤਰਾ ਦਾ ਆਯੋਜਿਨ 18 ਮਈ ਦਿਨ ਸ਼ਨੀਵਾਰ ਨੂੰ ਸਮੂਹ ਸੰਗਤ ਦੇ ਸਹਿਯੋਗ ਨਾਲ ਕੀਤਾ ਜਾ ਰਿਹਾ ਹੈ। ਇਹ ਸ਼ੋਭਾ ਯਾਤਰਾ 2 ਵਜੇ ਸ਼ੁਰੂ ਹੋ 6 ਵਜੇ ਸਮਾਪਤ ਹੋਵੇਗੀ। ਇਸ ਸਬੰਧੀ ਜਾਣਕਾਰੀ ਦਿੰਦਿਆ ਸ੍ਰੀ ਧਰਮਿੰਦਰ ਸੈਣੀ ਪ੍ਰਧਾਨ ਪ੍ਰਬੰਧਕ ਕਮੇਟੀ ਨੇ ਦੱਸਿਆ ਕਿ ਇਸ ਸ਼ੋਭਾ ਯਾਤਰਾ ਨੂੰ ਲੈ ਕੇ ਸੰਗਤਾਂ ਵਿਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਇਸ ਸੋਭਾ ਯਾਤਰਾ ਵਿਚ ਸੰਗਤਾਂ ਦੇ ਖਾਣ-ਪੀਣ ਲਈ ਕਮੇਟੀ ਵਲੋ ਉਚਿਤ ਪ੍ਰਬੰਧ ਕੀਤੇ ਹੋਏ ਹਨ। ਉਨ੍ਹਾਂ ਸੰਗਤਾਂ ਨੂੰ ਬੇਨਤੀ ਕੀਤੀ ਕਿ ਇਸ ਸੋਭਾ ਯਾਤਰਾ ਚ ਵੱਧ ਚੜ ਕੇ ਸ਼ਿਰਕਤ ਕਰਨ।



# ਰਿਜਰਵੇਸ਼ਨ ਚੋਰ ਫੜ੍ਹੋ ਮੋਰਚੇ ਦਾ ਵਫਦ ਮੁੱਖ ਚੋਣ ਕਮਿਸ਼ਨਰ ਪੰਜਾਬ ਨੂੰ ਮਿਲਿਆ

ਫਗਵਾੜਾ 14 ਮਈ (ਬੀ.ਕੇ. ਰੱਤੂ) ਪੰਜਾਬ ਅੰਦਰ ਬਣੇ ਜਾਅਲੀ ਜਾਤੀ ਸਰਟੀਫਿਕੇਟ ਨੂੰ ਰੱਦ ਕਰਵਾਉਣ ਲਈ ਪਿਛਲੇ ਲੰਮੇ ਸਮੇ ਲੱਗੇ ਰਿਜਰਵੇਸ਼ਨ ਚੋਰ ਫੜ੍ਹੋ ਮੋਰਚੇ ਦਾ ਇੱਕ ਵਫਦ ਅੱਜ ਸ੍ਰੀ ਸਿਬਿਨ ਸੀ ਮੁੱਖ ਚੋਣ ਕਮਿਸ਼ਨਰ ਪੰਜਾਬ ਨੂੰ ਮਿਲਿਆਂ ਅਤੇ ਉਹਨਾਂ ਦੇ ਧਿਆਨ ਵਿੱਚ ਲਿਆਂਦਾ ਕਿ ਪੰਜਾਬ ਰਾਜ ਚ ਵੱਡੀ ਗਿਣਤੀ ਚ ਜਾਅਲੀ ਜਾਤੀ ਸਰਟੀਫਿਕੇਟ ਬਣਾ ਕੇ ਗੈਰ ਐਸ ਸੀ ਲੋਕਾਂ ਵੱਲੋਂ ਰਿਜਰਵੇਸ਼ਨ ਨੀਤੀ ਦਾ ਵੱਡੇ ਪੱਧਰ ਤੇ ਫਾਇਦਾ ਲਿਆ ਜਾ ਰਿਹਾ ਹੈ। ਵਫਦ ਦੇ ਮੈਂਬਰਾਂ ਜਸਵੀਰ ਸਿੰਘ ਪਮਾਲੀ, ਬਲਜੀਤ ਸਿੰਘ ਸਲਾਣਾ ਪ੍ਰਧਾਨ ਐਸ ਸੀ ਬੀ ਸੀ ਅਧਿਆਪਕ ਯੂਨੀਅਨ ਅਤੇ ਤਰਸੇਮ ਲਾਲ ਚੁੰਬਰ ਫਗਵਾੜਾ ਨੇ ਮੁੱਖ ਚੋਣ ਕਮਿਸ਼ਨਰ ਪੰਜਾਬ ਨੂੰ ਦੱਸਿਆ ਕਿ ਸੂਬੇ ਵਿੱਚ ਬਹੁਤ ਵੱਡੀ ਪੱਧਰ ਤੇ ਜਾਅਲੀ ਜਾਤੀ ਸਰਟੀਫਿਕੇਟ ਬਣੇ ਹਨ ਜਿੰਨਾਂ ਵਿਰੁੱਧ ਉਹਨਾਂ ਵੱਲੋਂ ਕਾਨੂੰਨੀ ਲੜਾਈ ਵੀ ਲਗਾਤਾਰ ਲੜ੍ਹੀ ਜਾ ਰਹੀ ਹੈ। ਉਹਨਾ ਮੰਗ ਪੱਤਰ ਦੇ ਕੇ ਮੰਗ ਕੀਤੀ ਹੈ ਕਿ ਮਾਣਯੋਗ ਸੁਪਰੀਮ ਕੋਰਟ ਦੀਆਂ ਹਦਾਇਤਾਂ ਤੇ ਪੰਜਾਬ ਸਰਕਾਰ ਵੱਲੋਂ ਨੋਟੀਫਿਕੇਸ਼ਨ ਨੰਬਰ 9/12/2003-੍3 -1/1615 ਮਿਤੀ 10-12-2004 ਨਾਲ ਇੱਕ ਰਾਜ ਪੱਧਰੀ ਸਕਰੂਟਨੀ ਕਮੇਟੀ ਦਾ ਗਠਨ ਕੀਤਾ ਗਿਆ ਹੈ ਜੋ ਜਾਅਲੀ ਜਾਤੀ ਸਰਟੀਫਿਕੇਟ ਦੀ ਜਾਂਚ ਲਈ ਸਮਰੱਥ ਅਥਾਰਿਟੀ ਹੈ ।



ਇਸ ਲਈ ਪੰਜਾਬ ਵਿੱਚ 1 ਜੂਨ ਨੂੰ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ ਚ ਰਾਖਵੇਂ ਹਲਕਿਆਂ ਤੋਂ ਜਿੰਨੇ ਅਨੁਸੂਚਿਤ ਜਾਤੀ ਵਰਗ ਨਾਲ ਸੰਬੰਧਤ ਉਮੀਦਵਾਰ ਚੋਣ ਲੜ ਰਹੇ ਹਨ ਉਨ੍ਹਾ ਦੇ ਜਾਤੀ ਸਰਟੀਫਿਕੇਟ ਦੀ ਪੜਤਾਲ ਰਾਜ ਪੱਧਰੀ ਸਕਰੁਟਿਨੀ ਕਮੇਟੀ ਤੋ ਕਾਰਵਾਈ ਜਾਵੇ ਤਾਂ ਜੋ ਕੋਈ ਜਾਅਲੀ ਐਸ ਸੀ ਸਰਟੀਫਿਕੇਟ ਧਾਰਕ ਗਲਤ ਤਰੀਕੇ ਨਾਲ ਰਿਜਰਵੇਸ਼ਨ ਦਾ ਫਾਇਦਾ ਨਾ ਲੈ ਸਕੇ।

# ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਦੀ ਇੱਕ ਹੋਰ ਵਿੱਦਿਅਕ ਉਡਾਣ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**- ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਦੀ ਕਲਾਸ ਬੀ।ਐਸ।ਸੀ। ਨਰਸਿੰਗ ਚੌਥੇ ਸਮੈਸਟਰ ਦਾ ਸ਼ਾਨਦਾਰ 100% ਨਤੀਜਾ ਆਇਆ ਹੈ । ਇਸ ਵਾਰੀ ਪੰਜ ਵਿਦਿਆਰਥੀਆਂ ਨੇ ਇਕੋ ਜਿਹੇ ਗਰੇਡ ਅੰਕ ਪ੍ਰਾਪਤ ਕਰਕੇ ਸਾਂਝੇ ਤੌਰ ਤੇ ਪਹਿਲਾ ਸਥਾਨ, ਛੇ ਵਿਦਿਆਰਥੀਆਂ ਨੇ ਦੂਜਾ ਸਥਾਨ ਅਤੇ ਦੋ ਵਿਦਿਆਰਥੀਆਂ ਨੇ ਤੀਜਾ ਸਥਾਨ ਪ੍ਰਾਪਤ ਕਰਕੇ ਨਵਾਂ ਰਿਕਾਰਡ ਕਾਇਮ ਕੀਤਾ ਹੈ। ਇਸ ਸ਼ਾਨਦਾਰ ਨਤੀਜੇ ਦੀ ਜਾਣਕਾਰੀ ਡਾ. ਸੁਰਿੰਦਰ ਜਸਪਾਲ ਪ੍ਰਿੰਸੀਪਲ ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਨੇ ਦਿੱਤੀ। ਉਹਨਾਂ ਦੱਸਿਆ ਕਿ ਬੀ.ਐੱਸ.ਸੀ. ਨਰਸਿੰਗ (ਫਾਈਨਲ) ਚੌਥਾ ਸਮੈਸਟਰ ਦੀ ਪ੍ਰੀਖਿਆ ਵਿਚੋਂ ਪੰਜ ਵਿਦਿਆਰਥੀਆਂ ਅੰਮ੍ਰਿਤਾ ਕੌਰ ਪੁੱਤਰੀ ਮਨਜੀਤ ਸਿੰਘ-ਹਰਮੀਤ ਕੌਰ ਫਤਿਆਬਾਦ, ਅਨੂਦੀਪ ਕੌਰ ਪੁੱਤਰੀ ਅਮਰਜੀਤ ਸਿੰਘ- ਕਿਰਨਜੀਤ ਕੌਰ ਗੜ੍ਹੀ ਮਹਾਂ ਸਿੰਘ, ਹਰਨੀਤ ਕੌਰ ਪੁੱਤਰੀ ਰਾਜਵਿੰਦਰ ਸਿੰਘ-ਬੀਬੀ ਸੁਨੀਤਾ ਚੱਕ ਬਿਲਗਾ, ਹਰਸ਼ਪ੍ਰੀਤ ਕੌਰ ਪੁੱਤਰੀ ਜਗਮੇਲ ਸਿੰਘ-ਜਸਵੀਰ ਕੌਰ ਧੁਲੇਤਾ, ਹੇਮਨਜੋਤ ਕੌਰ ਪੁੱਤਰੀ ਭਗਤ ਸਿੰਘ-ਗੁਰਦੀਪ ਕੌਰ ਅਨੰਦਪੁਰ ਸਾਹਿਬ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਜਦ ਕਿ ਦਿਲਪ੍ਰੀਤ ਸੈਣੀ ਪੁੱਤਰੀ ਭੁਪਿੰਦਰ ਸਿੰਘ-ਅਕਵਿੰਦਰ ਕੌਰ ਸਿੰਬਲੀ, ਗੁਰਲੀਨ ਬਾਠ ਪੁੱਤਰੀ ਬਲਜਿੰਦਰ ਸਿੰਘ- ਰਾਜਵਿੰਦਰ ਕੌਰ ਕੌਰ ਤਰਤਾਰਨ, ਹਰਮਨ ਮਾਹੀ ਪੁੱਤਰੀ ਰਵੀ ਕਮਾਰ-ਕਮਲਜੀਤ ਕੌਰ ਮਜਾਰਾ ਡੀਂਗਰੀਆਂ, ਰਮਨਜੋਤ ਕੌਰ ਪੁੱਤਰੀ ਲਖਵੀਰ ਸਿੰਘ-ਮਨਜੀਤ ਕੌਰ ਅਟਾਰੀ, ਸਿਮਰਨ ਗੇਰਾ ਪੁੱਤਰੀ ਇਕਬਾਲ ਚੰਦ-ਨੀਲਮ ਸਰਹਾਲ ਮੰਡੀ ਅਤੇ ਵਨਸ਼ਿਕਾ ਪੁੱਤਰੀ ਕਮਲ ਕਿਸ਼ੋਰ ਜਲੰਧਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ ਹੈ । ਇਸੇ ਤਰ੍ਹਾਂ ਗੁਰਲੀਨ ਪੁੱਤਰੀ ਕੁਲਵੰਤ ਸਿੰਘ ਪਰਮਾਰ-ਰਵਿੰਦਰ ਕੌਰ ਬੰਗਾ ਅਤੇ ਤਰਨਪ੍ਰੀਤ ਕੌਰ ਪੁੱਤਰੀ ਮੱਖਣ ਸਿੰਘ ਮੰਢਾਲੀ ਨੇ ਤੀਜਾ ਸਥਾਨ ਸ਼ਾਨਦਾਰ ਅੰਕ ਪ੍ਰਾਪਤ ਕਰਕੇ ਹਾਸਲ ਕੀਤਾ ਹੈ। ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਸ। ਕੁਲਵਿੰਦਰ ਸਿੰਘ ਢਾਹਾਂ ਨੇ ਸਮੂਹ ਟਰੱਸਟ ਮੈਂਬਰਾਂ ਵੱਲੋਂ ਬੀ ਐਸ ਸੀ ਨਰਸਿੰਗ ਦੇ ਸ਼ਾਨਦਾਰ ਨਤੀਜੇ ਅਤੇ ਕਾਲਜ ਦਾ ਨਵਾਂ ਰਿਕਾਰਡ ਕਾਇਮ ਕਰਨ ਲਈ ਸਮੂਹ ਨਰਸਿੰਗ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ, ਅਧਿਆਪਕਾਂ ਤੇ ਕਾਲਜ ਦੇ ਪ੍ਰਿੰਸੀਪਲ ਨੂੰ ਵਧਾਈਆਂ ਦਿੰਦੇ ਹੋਏ ਵਿਦਿਆਰਥੀਆਂ ਦੇ ਸੁਨਿਹਰੀ ਭਵਿੱਖ ਦੀ ਕਾਮਨਾ ਕੀਤੀ। ਇਸ ਮੌਕੇ ਅਮਰਜੀਤ ਸਿੰਘ ਕਲੇਰਾਂ ਸਕੱਤਰ ਟਰੱਸਟ, ਮੈਡਮ ਰਮਨਦੀਪ ਕੌਰ, ਮੈਡਮ ਸੰਦੀਪ ਸੂਦਨ, ਗੁਰਮੀਤ ਸਿੰਘ, ਮੈਡਮ ਸਰਬਜੀਤ ਕੌਰ, ਮੈਡਮ ਮਨਦੀਪ ਕੌਰ ਅਤੇ ਪਹਿਲੇ-ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਸਾਰੇ ਵਿਦਿਆਰਥੀ ਹਾਜ਼ਰ ਸਨ।

# ਲਾਇਨ ਰਣਜੀਤ ਸਿੰਘ ਰਾਣਾ ਨੂੰ ਮਿਲਿਆ ਵੈਸਟ ਚੇਅਰਮੈਨ ਦਾ ਪੁਰਸਕਾਰ




**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**- ਲਾਇਨਸ ਕਲੱਬ ਇੰਟਰਨੈਸ਼ਨਲ ਜਿਲ੍ਹਾ 321 ਡੀ ਦੀ ਸਲਾਨਾ ਕਾਨਫਰੰਸ ਮਸੂਰੀ (ਉਤਰਾਖੰਡ) ਵਿੱਚ ਡਿਸਟ੍ਰਿਕ ਗਵਰਨਰ ਲਾਯਨ ਡਾ। ਸੁਰਿੰਦਰ ਪਾਲ ਸੌਂਧੀ ਦੀ ਪ੍ਰਧਾਨਗੀ ਵਿੱਚ ਹੋਈ। ਜਿਲ੍ਹਾ ਚੇਅਰਮੈਨ ਲਾਯਨ ਰਣਜੀਤ ਸਿੰਘ ਰਾਣਾ ਦੁਆਰਾ ਇਸ ਸਾਲ ਵਾਤਾਵਰਣ ਅਤੇ ਸਪੋਟਰਸ ਉੱਤੇ ਕੀਏ ਗਏ ਕਾਰਜਾਂ ਲਈ ਸਰਵਉੱਚ ਚੇਅਰਮੈਨ ਦਾ ਖਿਤਾਬ ਦਿੱਤਾ ਗਿਆ। ਇਸ ਸਮੇਂ ਲਾਇਨ ਡਾ। ਸੁਰਿੰਦਰ ਪਾਲ ਸੌਂਧੀ ਨੇ ਕਿਹਾ ਕਿ ਲਾਇਨ ਰਣਜੀਤ ਸਿੰਘ ਰਾਣਾ ਹਮੇਸ਼ਾ ਲੋੜਵੰਦਾਂ ਦੀ ਸੇਵਾ ਵਿੱਚ ਅੱਗੇ ਰਹਿੰਦਾ ਹੈ। ਇਸ ਸਾਲ ਉਹ ਭਾਰੀ ਗਿਣਤੀ ਵਿੱਚ ਪੌਦੇ ਲਗਾਕੇ ਰਿਕਾਰਡ ਕਾਇਮ ਕੀਤਾ ਗਿਆ ਹੈ। ਉਨ੍ਹਾਂ ਦੀ ਦੁਰਾ ਸਮਾਜ ਸੇਵਾ ਦੇ ਕੀਤੇ ਗਏ ਕਾਰਜ ਤੋਂ ਹਮੇਸ਼ਾ ਡਿਸਟ੍ਰਿਕਟ 321 ਡੀ ਨੂੰ ਉਨ੍ਹਾਂ 'ਤੇ ਮਾਣ ਮਹਿਸੂਸ ਹੁੰਦਾ ਹੈ। ਇਸ ਮੌਕੇ ਤੇ ਲਾਇਨ ਕਲੱਬ ਇੰਟਰਨੈਸ਼ਨਲ ਦੇ ਸਾਬਕਾ ਇੰਟਰਨੈਸ਼ਨਲ ਪ੍ਰਧਾਨ ਲਾਇਨ ਨਰੇਸ਼ ਅਗਰਵਾਲ, ਇੰਟਰਨੈਸ਼ਨਲ ਡਾਇਰੈਕਟਰ ਲਾਇਨ ਜਤਿੰਦਰ ਚੌਹਾਨ, ਬੀ ਡੀ ਜੀ ਰਸ਼ਪਾਲ ਸਿੰਘ, ਬੀ ਡੀ ਜੀ ਵਿਸ਼ਵਾਮਿੱਤਰ ਗੋਇਲ,ਬੀ ਡੀ ਜੀ ਸੁਦੀਪ ਗਰਗ, ਦਵਿੰਦਰਪਾਲ ਅਰੋੜਾ ਨੇ ਲਾਇਨ ਰਣਜੀਤ ਸਿੰਘ ਰਾਣਾ ਦੀ ਸਲਾਘਾ ਕੀਤੀ। ਇਸ ਮੌਕੇ ਪਰ ਜਿਲ੍ਹਾ ਚੇਅਰਮੈਨ ਲਾਇਨ ਰਤਨਾ ਚੰਦ, ਲਾਇਨ ਅਮਰਜੀਤ ਖਟਕੜ, ਲਾਇਨ ਜਤਿੰਦਰਪਾਲ, ਲਾਇਨ ਸੂਰਜਕੰਤ, ਲਾਯਨ ਮਨੋਹਰ ਸਿੰਘ ਭੋਗਲ, ਲਾਇਨ ਐਚ।ਐਸ। ਗਿਲ, ਲਾਇਨ ਵਿਰਸਾ ਸਿੰਘ, ਲਾਇਨ ਵਿਸ਼ਾਲ ਜੁਲਕਾ, ਲਾਇਨ ਅਸ਼ਵਨੀ ਬਗਾਣੀਆ ਨੇ ਲਾਇਨ ਰਣਜੀਤ ਸਿੰਘ ਨੂੰ ਮੁਬਾਰਕਬਾਦ ਦਿੱਤੀ।

# ਕਬੱਡੀ ਕੱਪ ਮਾਨਤੋਵਾ 'ਚ ਬਿਸਟ ਲੱਕੀ, ਸੁਖਵਿੰਦਰ ਅਤੇ ਟੇਕ ਚੰਦ ਜਗਤਪੁਰ ਗੋਲਡ ਮੈਡਲ ਨਾਲ ਸਨਮਾਨਿਤ



**ਰੋਮ (ਇਟਲੀ)**- ਇਟਲੀ ਚ ਪੰਜਾਬੀਆਂ ਦੀ ਮਹਿਬੂਬ ਖੇਡ ਕਬੱਡੀ ਨੂੰ ਪ੍ਰਫੁਲਿਤ ਕਰਨ ਵਿਚ ਮੋਹਰੀ ਭੂਮਿਕਾ ਨਿਭਾਉਣ ਵਾਲੀ ਪੰਜਾਬ ਯੂਥ ਸਪੋਰਟਸ & ਕਲਚਰਲ ਕਲੱਬ ਮਾਨਤੋਵਾ ਵਲੋ ਕਸਤੀਲਿਓਨੇ ਦੇਲੇ ਸਤੀਏਵੇਰੇ ਚ ਕਰਵਾਏ ਗਏ ਵਿਸ਼ਾਲ ਕਬੱਡੀ ਕੱਪ ਚ ਸ੍ਰੀ ਗੁਰੂ ਨਾਨਕ ਦੇਵ ਜੀ ਸਰਬੱਤ ਦਾ ਭਲਾ ਚੈਰਿਟੀ ਟਰੱਸਟ ਇਟਲੀ ਦੇ ਪ੍ਰਧਾਨ ਬਿਸਟ ਲੱਕੀ, ਸਮਾਜ ਸੇਵਕ ਸੁਖਵਿੰਦਰ ਸਿੰਘ ਅਤੇ ਪੱਤਰਕਾਰ ਟੇਕ ਚੰਦ ਜਗਤਪੁਰ ਨੂੰ ਕਲੱਬ ਦੇ ਪ੍ਰਧਾਨ ਸ ਗੁਰਿੰਦਰ ਸਿੰਘ ਚੈੜੀਆਂ ਵਲੋ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਹੈ। ਇਸ ਮੌਕੇ ਤੇ ਸ ਗੁਰਿੰਦਰ ਸਿੰਘ ਚੈੜੀਆਂ ਨੇ ਕਿਹਾ ਕਿ ਕਿਸੇ ਵੀ ਖੇਤਰ ਚ ਕੋਈ ਵੀ ਵਿਅਕਤੀ ਵਧੀਆਂ ਕਾਰਗੁਜਾਰੀ ਕਰੇਗਾ ਤਾਂ ਕਲੱਬ ਵਲੋ ਉਸ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।ਇਸ ਮੌਕੇ ਤੇ ਸ ਮੋਹਣ ਸਿੰਘ ਹੇਲਰਾਂ, ਸ ਭੁੰਦਿਰ ਸਿੰਘ ਕੰਗ, ਸ੍ਰੀ ਅਨਿਲ ਕੁਮਾਰ ਸ਼ਰਮਾਂ,ਮਨਜੀਤ ਸਿੰਘ ਗੁਰਦਾਸਪੁਰ, ਸਤਵਿੰਦਰ ਸਿੰਘ ਟੀਟਾ, ਹਰਬੰਸ ਲਾਲ, ਗੁਰਦੇਵ ਸਿੰਘ ਸ ਸੰਤੋਖ ਸਿੰਘ ਲਾਲੀ, ਜੀਤਾ ਬਿਲਗਾ, ਗੁਰਪ੍ਰੀਤ ਸਿੰਘ ਖਹਿਰਾ,ਨਿਰਮਲ ਸਿੰਘ ਖਹਿਰਾ, ਸੁੱਖਾ ਗਿੱਲ, ਸਮਿੰਦਰ ਸਿੰਘ ਖਹਿਰਾ, ਹਰਦੀਪ ਸਿੰਘ, ਡਾ ਜਸਕਰਨ ਸਿੰਘੁ, ਬਿੰਦਰ ਸਿੰਘ ਸੰਧੂਆ, ਜੀਤਾ ਪੁਰੇਵਾਲ, ਲਾਡਾ ਗਿੱਲ, ਜੀਤਾ ਕਰੇਮੋਨਾ, ਰਵਿੰਦਰ ਸਿੰਘ ਵਾਲੀਆ, ਸੱਤਾ ਮੀਆਵਿੰਡ, ਬਲਜੀਤ ਸਿੰਘ ਨਾਗਰਾ, ਗੁਰਿੰਦਰ ਸੋਮਲ, ਅਮਰੀਕ ਸਿੰਘ ਰੰਧਾਵਾ, ਸਤਵੀਰ ਸਿੰਘ ਕੰਗ,ਹਰਜਿੰਦਰ ਸਿੰਘ ਉਪਲ, ਤਲਵਿੰਦਰ ਸਿੰਘ ਮਾਵੀ, ਜਸਕਰਨ ਸਿੰਘ ਗਿੱਲ, ਅਵਤਾਰ ਸਿੰਘ, ਸੁਰਿੰਦਰ ਸਿੰਘ ਸਿੱਧੂ, ਜਸਵਿੰਦਰ ਸਿੰਘ ਲਾਟੀ, ਰਾਜੂ ਜੌਹਲ, ਸੁਖਚੈਨ ਸਿੰਘ, ਬੱਬੂ ਜਲੰਧਰੀਆ, ਸੱਤੀ ਕੰਵਲ, ਅਮਨ ਆਦਿ ਸ਼ਖਸੀਅਤਾਂ ਹਾਜਰ ਸਨ।

# ਸੱਤਾ ਵਿੱਚ ਆ ਕੇ ਹੁਣ ਤੱਕ ਆਪ ਸਰਕਾਰ ਨੇ ਕਿੰਨਾ ਕਰਜਾ ਲਿਆ ਹੈ, ਜਨਤਾ ਨੂੰ ਦੱਸਿਆ ਜਾਵੇ - ਕਰਮਵੀਰ ਬਾਲੀ




**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**- ਬੀ.ਜੇ.ਪੀ. ਲੋਕਲ ਬਾਡੀ ਸੈਲ ਦੇ ਵਾਈਸ ਪ੍ਰਧਾਨ ਅਤੇ ਜਿਲਾ ਸੰਘਰਸ਼ ਕਮੇਟੀ ਦੇ ਪ੍ਰਧਾਨ ਕਰਮਵੀਰ ਵਾਲੀ ਨੇ ਇੱਕ ਮੀਟਿੰਗ ਵਿੱਚ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਸੱਤਾ ਵਿੱਚ ਹੈ ਅਤੇ ਮੁੱਖ ਮੰਤਰੀ ਪੰਜਾਬ, ਪੰਜਾਬ ਦੇ ਵਿਕਾਸ ਦੇ ਦਾਵੇ ਕਰ ਰਹੇ ਹਨ। ਜੇਕਰ ਪੰਜਾਬ 'ਚ ਵਿਕਾਸ ਹੋਇਆ ਹੈ ਤਾਂ ਫਿਰ ਜਿਨ੍ਹਾਂ ਵਰਕਰਾਂ ਨੇ ਦਿਨ ਰਾਤ ਇੱਕ ਕਰਕੇ ਪਾਰਟੀ ਨੂੰ ਮਜਬੂਤ ਕੀਤਾ ਹੈ ਉਹਨਾਂ ਨੂੰ ਚੋਣਾਂ ਵਿੱਚ ਕਿਉਂ ਨਹੀਂ ਉਤਾਰਿਆ। ਪੰਜਾਬ ਦੀ ਜਨਤਾ ਮੁੱਖ ਮੰਤਰੀ ਤੋਂ ਜਵਾਬ ਚਾਹੁੰਦੀ ਹੈ। ਆਮ ਆਦਮੀ ਪਾਰਟੀ ਨੇ ਸੱਤਾ ਵਿੱਚ ਆਉਣ ਤੋਂ ਬਾਅਦ ਦੋ ਸਾਲ ਵਿੱਚ ਕਿੰਨਾ ਕਰਜਾ ਲਿੱਤਾ ਹੈ ? ਪੰਜਾਬ ਹੁਣ ਤੱਕ ਕਿੰਨਾ ਕਰਜਾਈ ਹੋ ਚੁੱਕਾ ਹੈ ? ਬੇਰੁਜ਼ਗਾਰੀ ਦੂਰ ਕਰਨ ਲਈ ਪੰਜਾਬ ਵਿੱਚ ਅੱਜ ਤੱਕ ਕਿੰਨੇ ਨਵੇਂ ਉਦਯੋਗ ਲਗਾਏ ਗਏ ਹਨ? ਮਹਿਲਾਵਾਂ ਨੂੰ 1000 ਰੁਪਏ ਮਹੀਨਾ ਪੈਨਸ਼ਨ ਕਿਉਂ ਨਹੀਂ ਦਿੱਤੀ ਗਈ? ਬੇਰੁਜ਼ਗਾਰ ਨੌਜਵਾਨਾਂ ਨੂੰ ਬੇਰੁਜ਼ਗਾਰੀ ਭੱਤਾ ਅੱਜ ਤੱਕ ਕਿਉਂ ਨਹੀਂ ਦਿੱਤਾ ਗਿਆ? ਨਸ਼ਾ ਖਤਮ ਕਰਨ ਦਾ ਵਾਅਦਾ ਕਿੰਨਾ ਪੂਰਾ ਹੋਇਆ ? ਹੁਣ ਤੱਕ ਪੰਜਾਬ ਵਿੱਚ ਨਸ਼ੇੜਿਆ ਦੀ ਗਿਣਤੀ ਵੱਧ ਕਿਉਂ ਰਹੀ ਹੈ? ਅੱਗੇ ਵੀ ਐਮ.ਪੀ. ਬਣਨ ਲਈ ਕੀਤੇ ਜਾ ਰਹੇ ਝੂਠੇ ਵਾਅਦਿਆਂ ਤੇ ਜਨਤਾ ਭਰੋਸਾ ਕਿਉਂ ਕਰੇ, ਜਨਤਾ ਬਹੁਤ ਸਮਝਦਾਰ ਹੈ ਅਤੇ ਆਪਣੇ ਵੋਟ ਦੇ ਹੱਕ ਦਾ ਇਸਤੇਮਾਲ ਬਹੁਤ ਸੋਚ ਸਮਝ ਕੇ ਕਰੇਗੀ। ਇੱਥੇ ਦੇ ਮੰਤਰੀ, ਨਗਰ ਨਿਗਮ ਦੇ ਮੇਅਰ ਤੋਂ ਲੈ ਕੇ ਕਈ ਕੌਂਸਲਰ ਤੱਕ ਸਭ ਕਾਂਗਰਸੀ ਹਨ ਤਾਂ ਫਿਰ ਆਮ ਆਦਮੀ ਪਾਰਟੀ ਦੇ ਕੋਲ ਆਪਣਾ ਕੀ ਹੈ ਜੋ ਦੂਸਰੇ ਦੀ ਬੈਸਾਖੀਆਂ ਦੇ ਸਹਾਰੇ ਤੇ ਚੱਲ ਰਹੀ ਹੈ। ਐਮ.ਪੀ. ਦੀ ਚੋਣ ਵੀ ਕਾਂਗਰਸ 'ਚੋਂ ਸ਼ਾਮਲ ਹੋਏ ਲੜ ਰਹੇ ਹਨ। ਜੇਕਰ ਆਪਣੇ ਕੀਤੇ ਕੰਮਾਂ ਤੇ ਭਰੋਸਾ ਸੀ ਤਾਂ ਉਮੀਦਵਾਰ ਵੀ ਆਪਣਾ ਹੀ ਖੜਾ ਕਰਦੇ।

# ਭਾਵਾਧਸ ਡਾਕਟਰ ਰਾਜ ਕੁਮਾਰ ਚੱਬੇਵਾਲ ਦੀ ਜਿੱਤ ਲਈ ਅਹਿਮ ਰੋਲ ਅਦਾ ਕਰੇਗੀ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**- ਭਾਰਤੀ ਵਾਲਮੀਕਿ ਧਰਮ ਸਮਾਜ ਰਜਿ: ਭਾਵਾਧਸ ਭਾਰਤ ਦੀ ਵਿਸ਼ੇਸ਼ ਮੀਟਿੰਗ ਹਰੀ ਰਾਮ ਆਦੀਆ ਜਿਲ੍ਹਾ ਕਨਵੀਨਰ ਡਾ: ਰਾਜ ਕੁਮਾਰ ਆਮ ਆਦਮੀ ਪਾਰਟੀ ਲੋਕ ਸਭਾ ਉਮੀਦਵਾਰ ਹੁਸ਼ਿਆਰਪੁਰ ਦੀ ਪ੍ਰਧਾਨਗੀ ਹੇਠ ਉਹਨਾਂ ਦੇ ਗ੍ਰਹਿ ਨਿਵਾਸ ਵਿਖੇ ਹੋਈ। ਇਸ ਮੀਟਿੰਗ ਵਿੱਚ ਰਵੀ ਸਿੱਧੂ ਨੈਸ਼ਨਲ ਚੀਫ਼ ਡਾਇਰੈਕਟਰ ਭਾਵਾਧਸ ਅਤੇ ਵੀਰ ਵਿੱਕੀ ਗਿੱਲ ਨੈਸ਼ਨਲ ਡਾਇਰੈਕਟਰ ਯੂਥ ਵਿੰਗ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਮੀਟਿੰਗ ਵਿੱਚ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਵਿਸ਼ੇਸ਼ ਗੱਲਬਾਤ ਕਰਦਿਆਂ ਕਿਹਾ ਕਿ ਭਾਵਾਧਸ ਸੰਸਥਾ ਵਾਲਮੀਕਿ ਸਮਾਜ ਵਿੱਚ ਵਿੱਦਿਆ ਦਾ ਪੱਧਰ ਉੱਚਾ ਚੁੱਕਣ, ਨਸ਼ਾ ਮੁਕਤ ਕਰਨ ਅਤੇ ਬਾਬਿਆਂ ਦੀਆਂ ਨੀਤੀਆਂ ਨੂੰ ਲੈ ਕੇ ਕੰਮ ਕਰ ਰਹੀ ਹੈ। ਸਾਹਿਬ ਡਾ: ਭੀਮ ਰਾਓ ਅੰਬੇਡਕਰ ਜੀ ਹਰ ਘਰ ਤੱਕ ਮੈਂ ਹਮੇਸ਼ਾ ਵਾਲਮੀਕਿ ਸਮਾਜ ਦਾ ਪੱਧਰ ਉੱਚਾ ਚੁੱਕਣ ਦੀ ਕੋਸ਼ਿਸ਼ ਕੀਤੀ ਹੈ ਅਤੇ ਭਵਿੱਖ ਵਿੱਚ ਵੀ ਕਰਦਾ ਰਹਾਂਗਾ। ਵਿੱਕੀ ਗਿੱਲ ਨੇ ਕਿਹਾ ਕਿ ਭਾਵਾਧਸ ਸੰਸਥਾ ਡਾ: ਰਾਜ ਕੁਮਾਰ ਨੂੰ ਭਾਰੀ ਵੋਟਾਂ ਨਾਲ ਜਿਤਾਉਣ ਵਿੱਚ ਵਿਸ਼ੇਸ਼ ਰੋਲ ਅਦਾ ਕਰੇਗੀ ਅਤੇ ਸੰਸਥਾ ਡਾ: ਰਾਜ ਕੁਮਾਰ ਜੀ ਦੇ ਨਾਲ ਚਟਾਨ ਵਾਂਗ ਖੜੀ ਰਹੇਗੀ। ਜਿਲ੍ਹਾ ਸੰਸਥਾ ਦੀ ਤਰਫੋਂ ਡਾ: ਰਾਜ ਕੁਮਾਰ ਅਤੇ ਰਵੀ ਸਿੱਧੂ ਦਾ ਭਗਵਾਨ ਵਾਲਮੀਕਿ ਜੀ ਦਾ ਸਰੂਪ ਅਤੇ ਸੀਸ ਭੇਟ ਕਰਕੇ ਵਿਸ਼ੇਸ਼ ਸਨਮਾਨ ਕੀਤਾ ਗਿਆ ਅਤੇ ਵੀਰ ਦੀਪ ਚੰਡਾਲੀਆ (ਆਸਟ੍ਰੇਲੀਆ) ਵੱਲੋਂ ਸ਼ੁਰੂ ਕੀਤੀ ਗਈ। ਘਰ-ਘਰ ਸੰਬਧੀ ਮੁਹਿੰਮ ਤਹਿਤ ਡਾ: ਰਾਜ ਕੁਮਾਰ ਨੂੰ ਸਮਾਜ ਸੇਵੀ ਕੰਮਾਂ ਨੂੰ ਦੇਖਦੇ ਹੋਏ ਭਾਵਾਧਸ ਦੇ ਰੂਪ ਵਿੱਚ ਵਿਸ਼ੇਸ਼ ਸਨਮਾਨ ਕੀਤਾ ਗਿਆ ਅਤੇ ਡਾ: ਰਾਜ ਕੁਮਾਰ ਨੇ ਸੰਵਿਧਾਨ ਨੂੰ ਹਰ ਘਰ ਤੱਕ ਪਹੁੰਚਾਉਣ ਦੀ ਮੁਹਿੰਮ ਲਈ ਦੀਪ ਚੰਡਾਲੀਆ ਦਾ ਵਿਸ਼ੇਸ਼ ਧੰਨਵਾਦ ਕੀਤਾ। ਇਸ ਮੌਕੇ ਵਿਜੇ ਥਾਪਰ ਰਾਸ਼ਟਰੀ ਪ੍ਰਚਾਰ ਮੰਤਰੀ, ਅਸ਼ੋਕ ਗਿੱਲ ਜਿਲਾ ਉਪ ਪ੍ਰਧਾਨ, ਪ੍ਰਮੋਦ ਗਿੱਲ ਸੀਨੀਅਰ ਭਾਵਾਧਸ ਆਗੂ ਮੁਕੇਰੀਆ, ਦਲੀਪ ਬਡਲਾ ਚੱਬੇਵਾਲ, ਸ਼ੰਮੀ ਥਾਪਰ ਹਰਿਆਣਾ, ਖੋਸਲਾ ਟਾਂਡਾ, ਸਾਹਿਲ ਸਿੱਧੂ ਫਗਵਾੜਾ, ਸੁਰਿੰਦਰ ਪਾਲ ਗੱਡੀਵਾਲਾ, ਗੌਰਵ ਮਰਵਾਹਾ ਜਿਲ੍ਹਾ ਪ੍ਰਧਾਨ ਯੂਥ ਵਿੰਗ, ਰੋਹਿਤ ਅਟਵਾਲ ਚੇਅਰਮੈਨ ਯੂਥ ਵਿੰਗ, ਲੇਖ ਰਾਜ ਮੱਟੂ ਜਿਲ੍ਹਾ ਡਿਪਟੀ ਪ੍ਰਧਾਨ ਯੂਥ ਵਿੰਗ, ਵਿਕਰਮ ਮੱਟੂ ਖਾਨਪੁਰ, ਭੂਸ਼ਨ ਸਸੋਲੀ, ਜੋਗਿੰਦਰ ਪਾਲ, ਵਿਪਨੇਸ਼ ਸੰਗਰ, ਰਿੱਕੀ ਮਰਵਾਹਾ, ਸੋਨੂੰ ਕੁਮਾਰ, ਪ੍ਰਿੰਸ ਕੁਮਾਰ ਆਧੀ ਸ਼ਾਮਿਲ ਹੋਏ।

# ਲੋਕ ਸਭਾ ਚੋਣਾਂ-2024 ਦੀਆਂ ਚੋਣਾਂ ਲਈ ਲੋਕ ਸਭਾ ਹਲਕਾ ਗੁਰਦਾਸਪੁਰ ਦੇ ਖਰਚਾ ਅਬਜਰਬਰ ਵੱਲੋਂ ਐਕਸਪੈਂਡੀਚਰ ਟੀਮਾਂ ਲਈ ਲਗਾਈ ਗਈ ਟ੍ਰੇਨਿੰਗ



**ਪਠਾਨਕੋਟ, (ਜਸਪਾਲ ਕੁਮਾਰ ਅਜ਼ਾਦ)** – ਜਿਲ੍ਹਾ ਪਠਾਨਕੋਟ ਵਿਖੇ ਲੋਕ ਸਭਾ ਚੋਣਾਂ-2024 ਲਈ ਮਾਨਯੋਗ ਭਾਰਤ ਚੋਣ ਕਮਿਸਨਰ ਵੱਲੋਂ ਨਿਯੁਕਤ ਕੀਤੇ ਗਏ ਖਰਚਾ ਅਬਜਰਬਰ ਸ੍ਰੀ ਹਰਸਦ ਐਸ ਵੈਨਗੂਰਲੇਕਰ (ਆਈ.ਆਰ.ਐਸ.-2005) ਵੱਲੋਂ ਜਿਲ੍ਹਾ ਪਠਾਨਕੋਟ ਅੰਦਰ ਲੋਕ ਸਭਾ ਚੋਣਾਂ ਨੂੰ ਲੈ ਕੇ ਬਣਾਈਆਂ ਗਈਆਂ ਐਕਸਪੈਂਡੀਚਰ ਟੀਮਾਂ ਦੇ ਅਧਿਕਾਰੀਆਂ ਲਈ ਵਿਸੇਸ ਤੋਰ ਤੇ ਟ੍ਰੇਨਿੰਗ ਸੈਸਨ ਲਗਾਇਆ ਗਿਆ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਅਭਿਸੇਕ ਸਰਮਾ ਸਹਾਇਕ ਕਮਿਸਨਰ ਜਰਨਲ, ਯੁਗੇਸ ਕੁਮਾਰ ਜਿਲ੍ਹਾ ਚੋਣ ਕਾਨੂੰਗੋ ਅਤੇ ਹੋਰ ਅਧਿਕਾਰੀ ਵੀ ਹਾਜਰ ਸਨ। ਇਸ ਮੋਕੇ ਤੇ ਲੋਕ ਸਭਾ ਚੋਣਾਂ-2024 ਅਧੀਨ ਲੋਕ ਸਭਾ ਸੈਗਮੈਂਟ 001-ਸੁਜਾਨਪੁਰ, 002-ਭੋਆ(ਐਸ।ਸੀ।) ਅਤੇ 003-ਪਠਾਨਕੋਟ ਵਿਖੇ ਜਿਲ੍ਹਾ ਪੱਧਰ ਤੇ ਲਗਾਈ ਗਈ ਐਕਸਪੈਂਡੀਚਰ ਟੀਮ ਅਤੇ ਲੋਕ ਸਭਾ ਸੈਗਮੈਂਟ ਪੱਧਰ ਤੇ ਲਗਾਈਆਂ ਗਈਆਂ ਐਕਸਪੈਂਡੀਚਰ ਟੀਮਾਂ ਨੂੰ ਉਨ੍ਹਾਂ ਦੇ ਕਾਰਜਾਂ ਦੇ ਲਈ ਟਿਪਸ ਦਿੱਤੇ ਗਏ। ਇਸ ਤੋਂ ਇਲਾਵਾ ਐਫ.ਐਸ.ਟੀ. , ਵੀ.ਐਸ.ਟੀ. ਅਤੇ ਮੀਡਿਆ ਸਰਟੀਫਾਈਡ ਐਂਡ ਮੋਨਿਟਰਿੰਗ ਕਮੇਟੀ ਨੂੰ ਵੀ ਉਨ੍ਹਾਂ ਦੇ ਕਾਰਜਾਂ ਪ੍ਰਤੀ ਟ੍ਰੇਨਿੰਗ ਦਿੱਤੀ ਗਈ। ਇਸ ਮੋਕੇ ਤੇ ਮਾਸਟਰ ਟ੍ਰੇਨਰ ਨੀਰਿੱਤ ਪਾਂਡੇ ਪ੍ਰੋ. ਐਸ.ਐਮ.ਡੀ.ਆਰ.ਐਸ.ਡੀ. ਕਾਲਜ ਪਠਾਨਕੋਟ ਵੱਲੋਂ ਆਦਰਸ ਚੋਣ ਯਾਬਤਾ ਦੇ ਵੱਖ ਵੱਖ ਪਹਿਲੂਆਂ ਤੇ ਰੋਸਨੀ ਪਾਈ ਅਤੇ ਵੱਖ ਵੱਖ ਟੀਮਾਂ ਵੱਲੋਂ ਕੀਤੇ ਜਾਣ ਵਾਲੇ ਕਾਰਜਾਂ ਬਾਰੇ ਵਿਸਥਾਰ ਪੂਰਵਕ ਸਮਝਾਇਆ।

# ਹੈਲੋ ! ਮੈਂ ਲਾਹੌਰ ਤੋਂ ਬੋਲਦਾਂ ਕਿਤਾਬ ਦੀ ਦੁਬਈ ਵਿੱਚ ਵੀ ਬੱਲੇ ਬੱਲੇ ,ਰਿਲੀਜ਼ ਸਮਾਰੋਹ ਅਮਿੱਟ ਯਾਦਾਂ ਛੱਡ ਗਿਆ

**ਕਨੇਡਾ/ ਵੈਨਕੂਵਰ (ਕੁਲਦੀਪ ਚੁੰਬਰ)**–ਫੋਕ ਸਟੂਡੀਓਜ਼ ਈਵੈਂਟਸ ਆਰਗੇਨਾਈਜ਼ਰ, ਦੁਬਈ ਵਲੋਂ ਸਾਬੀ ਸਾਂਝ ਦੀ ਸਰਪ੍ਰਸਤੀ ਹੇਠ ਪ੍ਰਸਿੱਧ ਲੇਖਕ ਅਤੇ ਗਾਇਕ ਗੁਰਵਿੰਦਰ ਸਿੰਘ ਗਿੱਲ ਰੌਂਤਾ ਦੀ ਨਵੀਂ ਕਿਤਾਬ ''ਹੈਲੋ ! ਮੈਂ ਲਾਹੌਰ ਤੋਂ ਬੋਲਦਾਂ'' ਦੀ ਘੁੰਡ-ਚੁਕਾਈ ਸਬੰਧੀ ਸਥਾਨਕ ਸ਼ੈਰਾਟਨ ਗਰੈਂਡ ਹੋਟਲ ਇੱਕ ਸ਼ਾਨਦਾਰ ਈਵੈਂਟ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਅੰਤਰ ਰਾਸ਼ਟਰੀ ਪੱਧਰ 'ਤੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਪਿਆਰ ਕਰਨ ਵਾਲੇ ਬੁਲਾਰਿਆਂ ਅਤੇ ਪਾਠਕਾਂ ਨੇ ਹਿੱਸਾ ਲਿਆ। ਇਸ ਸਮਾਰੋਹ ਵਿੱਚ ਹੋਰਨਾਂ ਦੇਸ਼ਾਂ ਤੋਂ ਇਲਾਵਾ ਚੜ੍ਹਦੇ ਅਤੇ ਲਹਿੰਦੇ ਪੰਜਾਬ ਤੋਂ ਸਾਹਿਤ ਅਤੇ ਸਭਿਆਚਾਰ ਨਾਲ ਜੁੜੀਆਂ ਜਿਨ੍ਹਾਂ ਸਖ਼ਸ਼ੀਅਤਾਂ ਨੇ ਹਿੱਸਾ ਲਿਆ, ਉਨ੍ਹਾਂ ਵਿੱਚ ਨਾਸਿਰ ਢਿੱਲੋਂ, ਹਰਫ਼ ਚੀਮਾ, ਵੀ.ਪੀ. ਸਿੰਘ ਗਿੱਲ, ਮਨਪ੍ਰੀਤ ਕੌਰ ਸਿੱਧੂ, ਕੁਲਦੀਪ ਚਿਰਾਗ, ਰਵੀ ਮੁਲਤਾਨੀ ਆਦਿ ਦੇ ਨਾਂ ਪ੍ਰਮੁੱਖ ਹਨ । ਪ੍ਰਿੰਟ ਵੈੱਲ ਵੱਲੋਂ ਪ੍ਰਕ- ਾਸ਼ਿਤ ਗਿੱਲ ਰੌਂਤਾ ਦੀ ਇਹ ਪੁਸਤਕ ਅੰਤਰ ਰਾਸ਼ਟਰੀ ਪੱਧਰ 'ਤੇ ਨਾਮਣਾ ਖੱਟ ਰਹੀ ਹੈ। ਜ਼ਿਕਰਯੋਗ ਹੈ ਕਿ ਕਿਤਾਬ ਰਿਲੀਜ਼ ਹੋਣ ਤੋਂ 15 ਦਿਨਾਂ ਦੇ ਅੰਦਰ ਅੰਦਰ ਇਸਦੇ ਚਾਰ ਐਡੀਸ਼ਨ ਛਪ ਚੁੱਕੇ ਹਨ ਅਤੇ 10000 ਕਾਪੀਆਂ ਵਿਕਣ ਦਾ ਰਿਕਾਰਡ ਬਣਿਆ ਹੈ। ਇਸ ਸਮਾਰੋਹ ਵਿੱਚ ਦਰਸ਼ਕਾਂ ਨੂੰ ਸੰਬੋਧਨ ਕਰਦਿਆਂ ਗਿੱਲ ਰੌਂਤਾ ਨੇ ਇਸ ਕਿਤਾਬ ਨੂੰ ਲਿਖਣ ਸਬੰਧੀ ਗੱਲਾਂ ਦਾ ਜ਼ਿਕਰ ਕੀਤਾ। ਉਹਨਾਂ ਦੱਸਿਆ ਕਿ ਇਹ ਕਿਤਾਬ ਲਹਿੰਦੀ ਅਤੇ ਚੜ੍ਹਦੇ ਪੰਜਾਬ 'ਚ ਵਸਦੇ ਲੋਕਾਂ ਦੇ ਦਿਲਾਂ ਦੀ ਬਾਤ ਪਾਉਂਦੀ ਹੈ। ਈਵੈਂਟ ਦੇ ਆਰਗੇਨਾਈਜ਼ਰ ਸਾਬੀ ਸਾਂਝ ਨੇ ਦੱਸਿਆ ਕਿ ਇਹ ਕਿਤਾਬ ਆਪਣੇ ਆਪ ਵਿੱਚ ਇੱਕ ਵਿਲੱਖਣ ਕ੍ਰਿਤ ਹੈ। ਲੇਖਕ ਨੇ ਕਿਤੇ ਵੀ ਭਾਰੇ ਜਾਂ ਮੁਸ਼ਕਿਲ ਸ਼ਬਦਾਂ ਦਾ ਇਸਤੇਮਾਲ ਨਹੀਂ ਕੀਤਾ, ਸਗੋਂ ਆਮ ਬੋਲ ਚਾਲ ਦੀ ਭਾਸ਼ਾ ਵਿੱਚ ਪਾਠਕਾਂ ਦਾ ਦਿਲ ਜਿੱਤ ਲਿਆ ਹੈ। ਉਹਨਾਂ ਕਿਹਾ ਕਿ ਦੁਬਈ ਵਿੱਚ ਹੋਣ ਵਾਲਾ ਇਹ ਆਪਣੀ ਕਿਸਮ ਦਾ ਪਹਿਲਾ ਈਵੈਂਟ ਹੈ, ਜਿਸ ਵਿੱਚ ਪੰਜਾਬੀ ਕਿਤਾਬਾਂ ਨੂੰ ਅੰਤਰ ਰਾਸ਼ਟਰੀ ਪ੍ਰਸਿੱਧੀ ਦਿਵਾਉਣ ਦਾ ਸਫ਼ਲ ਉਪਰਾਲਾ ਕੀਤਾ ਗਿਆ। ਇਸ ਸਮਾਰੋਹ ਦੌਰਾਨ ਗਿੱਲ ਰੌਂਤਾ ਨਾਲ ਸੰਵਾਦ ਵੀ ਰਚਾਇਆ ਗਿਆ ਅਤੇ ਮਹਿਮਾਨਾਂ ਨੇ ਉਹਨਾਂ ਤੋਂ ਉਹਨਾਂ ਦੀ ਜ਼ਿੰਦਗੀ ਅਤੇ ਕਿਤਾਬ ਦੀ ਰਚਨਾ ਪ੍ਰਕਿਰਿਆ ਬਾਰੇ ਸਵਾਲ ਜਵਾਬ ਕੀਤੇ।



# ਕੇ.ਐਲ. ਚਾਂਦ ਟਰੱਸਟ ਯੂ.ਕੇ. ਦੇ ਬਾਨੀ ਕੇ.ਐਲ. ਚਾਂਦ ਨੂੰ ਸਦਮਾ, ਪੁੱਤਰ ਦਾ ਦੇਹਾਂਤ

**ਕਨੇਡਾ /ਵੈਨਕੂਵਰ /ਫਗਵਾੜਾ ( ਕੁਲਦੀਪ ਚੁੰਬਰ )**– ਅੰਗਹੀਣਾਂ ਦੀ ਸੇਵਾ ਨੂੰ ਸਮਰਪਿਤ ਕੇ.ਐਲ. ਚੰਦ ਵੈਲਫੇਅਰ ਟਰੱਸਟ (ਯੂ।ਕੇ।) ਦੇ ਸੰਸਥਾਪਕ ਕੇ।ਐਲ। ਚਾਂਦ ਦੇ ਸਪੁੱਤਰ ਗੁਰਨੇਕ ਮੱਲ (50) ਜੋ ਕਿ ਲੰਬੀ ਬਿਮਾਰੀ ਤੋਂ ਬਾਅਦ ਆਪਣੀ ਸੰਸਾਰਿਕ ਯਾਤਰਾ ਪੂਰਣ ਕਰਦੇ ਹੋਏ ਗੁਰੂ ਚਰਨਾਂ ਵਿਚ ਜਾ ਵਿਰਾਜੇ ਹਨ, ਉਹਨਾਂ ਦੇ ਅਕਾਲ ਚਲਾਣਾ ਕਰ ਜਾਣ ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਟਰੱਸਟ ਦੀ ਸੂਬਾ ਇਕਾਈ ਦੇ ਕੋਆਰਡੀਨੇਟਰ ਰਜਿੰਦਰ ਕੁਮਾਰ ਬੰਟੀ ਨੇ ਦੱਸਿਆ ਕਿ ਗੁਰਨੇਕ ਮੱਲ ਕਰੀਬ 30 ਸਾਲ ਪਹਿਲਾਂ ਵਾਪਰੇ ਇਕ ਹਾਦਸੇ 'ਚ ਗੰਭੀਰ ਜਖਮੀ ਹੋਣ ਕਰਕੇ ਬਹੁਤ ਗੰਭੀਰ ਹਾਲਤ ਵਿਚ ਸਨ। ਜਿਹਨਾਂ ਦੇ ਸਵਾਸਾਂ ਦੀ ਲੜੀ ਇੰਗਲੈਂਡ 'ਚ ਹੀ ਬੀਤੀ 4 ਮਈ ਦਿਨ ਸ਼ਨੀਵਾਰ ਨੂੰ ਪੂਰੀ ਹੋ ਗਈ। ਇਸ ਦੁੱਖ ਦੀ ਘੜੀ 'ਚ ਕੇ.ਐਲ।. ਚਾਂਦ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਟਰੱਸਟ ਦੇ ਸਕੱਤਰ ਜਸਵਿੰਦਰ ਸਿੰਘ ਠੇਕੇਦਾਰ, ਕੈਸ਼ੀਅਰ ਆਸ਼ਾ ਰਾਣੀ ਚੁੰਬਰ, ਸੀਨੀਅਰ ਮੈਂਬਰ ਸ਼ਿੰਗਾਰਾ ਰਾਮ ਤੇ ਕੈਲਵਿਨ ਚੁੰਬਰ ਤੋਂ ਇਲਾਵਾ ਗੁਰਨਾਮ ਪਾਲ ਪ੍ਰਧਾਨ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਅਕਾਲਗੜ੍ਹ, ਦੇਵਰਾਜ ਕੈਲੇ ਭੋਜੋਵਾਲ, ਮਲਕੀਅਤ ਸਿੰਘ ਰਘਬੋਤਰਾ ਪ੍ਰਧਾਨ ਬਲੱਡ ਬੈਂਕ ਫਗਵਾੜਾ, ਸਮਾਜ ਸੇਵਕ ਤਾਰਾ ਚੰਦ ਚੁੰਬਰ, ਲਾਇਨ ਗੁਰਦੀਪ ਸਿੰਘ ਕੰਗ, ਐਡਵੋਕੇਟ ਐਸ.ਕੇ.ਅੱਗਰਵਾਲ ਅਤੇ ਸਮਾਜ ਸੇਵਕ ਰਮਨ ਨਹਿਰਾ ਸਮੇਤ ਦੇਸ਼-ਵਿਦੇਸ਼ ਦੀਆਂ ਵੱਖ ਵੱਖ ਸ਼ਖਸੀਅਤਾਂ ਅਤੇ ਜੱਥੇਬੰਦੀਆਂ ਦੇ ਆਗੂਆਂ ਨੇ ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕਰਦਿਆਂ ਕਿਹਾ ਕਿ ਕੇ.ਐਲ. ਚਾਂਦ ਨੇ ਆਪਣੇ ਸਪੁੱਤਰ ਦੀ ਬਿਮਾਰੀ ਤੋਂ ਪ੍ਰੇਰਿਤ ਹੋ ਕੇ ਹੀ ਟਰੱਸਟ ਦਾ ਗਠਨ ਕੀਤਾ ਸੀ ਤੇ ਕਾਫੀ ਸਾਲਾਂ ਤੋਂ ਦੁਨੀਆ ਭਰ ਦੇ ਦੀਨ-ਦੁਖੀਆਂ ਦੀ ਸੇਵਾ ਵਿੱਚ ਰੁੱਝੇ ਹੋਏ ਹਨ। ਪਰਮਾਤਮਾ ਨੇ ਉਹਨਾਂ ਨੂੰ ਪੁੱਤਰ ਦੇ ਵਿਛੋੜੇ ਦਾ ਜੋ ਦੁੱਖ ਦਿੱਤਾ ਹੈ ਉਹ ਅਸਹਿਣਯੋਗ ਹੈ ਪਰ ਕੁਦਰਤ ਦੇ ਭਾਣੇ ਨੂੰ ਸਿਰ ਝੁਕਾਅ ਕੇ ਸਵੀਕਾਰ ਕਰਨਾ ਚਾਹੀਦਾ ਹੈ। ਉਹਨਾਂ ਭਰੋਸਾ ਜਤਾਇਆ ਕਿ ਪਰਮਾਤਮਾ ਕੇ।ਐਲ। ਚਾਂਦ ਅਤੇ ਉਹਨਾਂ ਦੇ ਪਰਿਵਾਰ ਨੂੰ ਇਸ ਦੁੱਖ ਨੂੰ ਸਹਿਣ ਕਰਨ ਦਾ ਬਲ ਬਖਸ਼ੇਗਾ।



# ਬੱਸੀ ਕਲਾਂ ਸਕੂਲ 'ਚ ਸਵੀਪ ਪ੍ਰੋਗਰਾਮ ਤਹਿਤ ਮੇਲਾ ਲਗਾਇਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**– ਭਾਰਤੀ ਚੋਣ ਕਮਿਸ਼ਨ ਦੇ ਜਾਗਰੂਕਤਾ ਪ੍ਰੋਗਰਾਮ 'ਸਵੀਪ' (ਸਿਸਟਮੈਟਿਕ ਵੋਟਰ ਐਜੂਕੇਸ਼ਨ ਐਂਡ ਇਲੈਕਟੋਰਲ ਪਾਰਟੀਸੀਪੇਸ਼ਨ) ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਬੱਸੀ ਕਲਾਂ ਵਿਖੇ ਇੱਕ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਸਵੀਪ ਨੋਡਲ ਅਫ਼ਸਰ ਜਤਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਕਰਵਾਏ ਗਏ, ਇਸ ਮੇਲੇ ਵਿੱਚ ਏ।ਡੀ।ਸੀ-ਕਮ ਰਿਟਰਨਿੰਗ ਅਫ਼ਸਰ ਹਲਕਾ 044-ਚੱਬੇਵਾਲ ਰਾਹੁਲ ਚਾਬਾ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਸਵੀਪ ਟੀਮ ਵੱਲੋਂ ਵੋਟ ਸਬੰਧੀ ਜਾਗਰੂਕਤਾ ਲਈ ਹਸਤਾਖਰ ਮੁਹਿੰਮ ਅਤੇ ਸੈਲਫੀ ਪੁਆਇੰਟ ਵੀ ਬਣਾਏ ਗਏ। ਮੇਲੇ ਦੇ ਉਦਘਾਟਨ ਮੌਕੇ ਸਹਾਇਕ ਰਜਿਸਟ੍ਰੇਸ਼ਨ ਅਫ਼ਸਰ ਅਤੇ ਵਧੀਕ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਰਾਹੁਲ ਚਾਬਾ ਨੇ ਸਮੂਹ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਵੋਟ ਦਾ ਇਸਤੇਮਾਲ ਕਰਕੇ ਮਜ਼ਬੂਤ ਲੋਕਤੰਤਰ ਲਈ ਆਪਣੀ ਭੂਮਿਕਾ ਨਿਭਾਉਣ ਅਤੇ 100 ਫੀਸਦੀ ਵੋਟਿੰਗ ਨੂੰ ਯਕੀਨੀ ਬਣਾਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਸਵੀਪ ਪ੍ਰੋ-ਗਰਾਮ ਤਹਿਤ ਵਿਸ਼ੇਸ਼ ਤੌਰ 'ਤੇ ਨਵੇਂ ਅਤੇ ਨੌਜਵਾਨ ਵੋਟਰਾਂ ਨੂੰ ਵੋਟ ਦੀ ਮਹੱਤਤਾ ਅਤੇ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਲਈ ਜਾਗਰੂਕਤਾ ਗਤੀ-ਵਿਧੀਆਂ ਕਰਵਾਈਆਂ ਜਾ ਰਹੀਆਂ ਹਨ।

ਇਸ ਮੌਕੇ ਉਨ੍ਹਾਂ ਸਮੂਹ ਲੋਕਾਂ ਨੂੰ ਚੋਣ ਪ੍ਰਕਿਰਿਆ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਭਾਰਤੀ ਸੰਵਿਧਾਨ ਨੇ ਦੇਸ਼ ਦੇ ਸਾਰੇ ਬਾਲਗ ਨਾਗਰਿਕਾਂ ਨੂੰ ਵੋਟ ਦੇ ਅਧਿਕਾਰ ਦੇ ਰੂਪ ਵਿਚ ਬਹੁਤ ਵੱਡਾ ਅਧਿ-ਕਾਰ ਪ੍ਰਦਾਨ ਕੀਤਾ ਹੈ। ਸਾਰੇ ਰਜਿਸਟਰਡ ਵੋਟਰਾਂ ਨੂੰ ਹਰ ਚੋਣ ਪ੍ਰਕਿਰਿਆ ਵਿਚ ਹਿੱਸਾ ਲੈਣਾ ਚਾਹੀਦਾ ਹੈ ਅਤੇ ਆਪਣੀ ਵੋਟ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਵੋਟਰ ਰਜਿਸਟ੍ਰੇਸ਼ਨ ਸਬੰਧੀ ਜਾਣਕਾਰੀ ਦਿੱਤੀ ਅਤੇ ਵੋਟਰ ਸ਼ਨਾਖਤੀ ਕਾਰਡ ਬਣਵ-ਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਵੀਪ ਨੋਡਲ ਅਫ਼ਸਰ ਹੁਸ਼ਿਆਰਪੁਰ ਪ੍ਰੀਤ ਕੋਹਲੀ, ਬੀ।ਡੀ।ਪੀ।ਓ ਮਾਹਿਲਪੁਰ, ਪ੍ਰਿੰਸੀਪਲ ਜਤਿੰਦਰ ਸਿੰਘ, ਪ੍ਰਿੰਸੀਪਲ ਸ਼ਲਿੰਦਰ ਠਾਕੁਰ ਨਾਰੂ ਨੰਗਲ, ਪ੍ਰਿੰਸੀਪਲ ਰਾਕੇਸ਼ ਕੁਮਾਰ ਮਾਹਿਲਾਂਵਾਲੀ, ਪ੍ਰਿੰਸੀਪਲ ਭਾਰਤ ਭੂਸ਼ਨ ਅਹਿਰਾਣਾ ਕਲਾਂ, ਪ੍ਰਿੰਸੀਪਲ ਮਲਕੀਤ ਕੌਰ ਬੋਹਣ, ਪਰਮਜੀਤ ਕੌਰ, ਕਮਲਜੀਤ ਕੌਰ, ਸੋਨਿਕਾ, ਸੰਦੀਪ ਕੁਮਾਰ, ਕੈਂਪਸ ਅੰਬੈਸਡਰ ਮਨਿੰਦਰ ਸਿੰਘ ਅਤੇ ਕੁਮ-ਾਰੀ ਬਨੀਤਾ, ਸਹਾਇਕ ਸਵੀਪ ਨੋਡਲ ਅਫਸਰ ਅੰਕੁਰ ਸ਼ਰਮਾ, ਜਸਵਿੰਦਰ, ਅੰਜੂ, ਪਰਮਿੰਦਰ ਸਿੰਘ ਆਦਿ ਹਾਜ਼ਰ ਸਨ।




# ਲੋਕ ਗਾਇਕ ਦਲਵਿੰਦਰ ਦਿਆਲਪੁਰੀ ਦਾ ਨਵਾਂ ਸੋਲੋ ਗਾਣਾ "ਤੂੰ ਮੇਰੀ" ਦੀ ਸ਼ੂਟਿੰਗ ਮੁਕੰਮਲ

**ਕਨੇਡਾ/ ਵੈਨਕੂਵਰ (ਕੁਲਦੀਪ ਚੁੰਬਰ)**–ਮੇਲਿਆਂ ਦਾ ਬਾਦਸ਼ਾਹ ਲੋਕ ਗਾਇਕ ਦਲਵਿੰਦਰ ਦਿਆਲਪੁਰੀ ਦਾ ਨਵਾਂ ਨਕੋਰ ਸੋਲੋ ਗੀਤ "ਤੂੰ ਮੇਰੀ" ਦੀ ਸ਼ੂਟਿੰਗ ਅੱਜ ਫਗਵਾੜਾ ਦੇ ਨੇੜੇ ਰਾਵਲਪਿੰਡੀ ਕੇ.ਜੀ. ਰਿਜੋਰਟ ਵਿੱਚ ਮੁਕੰਮਲ ਹੋ ਗਈ ਹੈ ਲ ਇਸ ਗੀਤ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਲਿਖਿਆ ਜੱਗਾ ਚੌਂਕੀਮਾਨ ਕੈਨੇਡਾ, ਸੰਗੀਤਕਾਰ ਹੈਰੀ ਬੀ ਬਟਾਲਾ, ਵੀਡੀਓ ਡਾਇਰੈਕਟਰ ਅਸ਼ੋਕ ਖੁਰਾਣਾ, ਕੰਪੋਜਰ ਲੋਕ ਗਾਇਕ ਕੁਲਦੀਪ ਤੂਰ ਖਰੜ, ਐਕਟਰ ਅਸ਼ੋਕਪੁਰੀ ਹੁਸ਼ਿਆਰਪੁਰ, ਮਾਡਲ ਮਨਜੀਤ ਸੰਗਲ ਸੋਹਲ, ਮਿਸ ਰੂਹੀ ਬਤਰਾ ਅੰਮ੍ਰਿਤਸਰ, ਸੰਦੀਪ ਬੰਗੜ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ ਲ "ਤੂੰ ਮੇਰੀ" ਗੀਤ ਦੀ ਸ਼ੂਟਿੰਗ ਦੌਰਾਨ ਰੀਬਨ ਕੱਟ ਰਸਮ ਦਾ ਉਦਘਾਟਨ ਉੱਘੇ ਸਮਾਜ ਸੇਵਕ ਅਸ਼ੋਕ ਕਮਲ ਧਰਮਕੋਟ ਵਾਲੇ ਅਤੇ ਉੱਘੇ ਕਾਰੋਬਾਰੀ ਦਰਸ਼ਨ ਲਾਲ ਧਰਮਕੋਟ ਆਪਣਾ ਢਾਬਾ ਦੇ ਮਾਲਿਕ ਤੇ ਜ਼ਿਲ੍ਹਾ ਪਲੈਨਿੰਗ ਬੋਰਡ ਦੇ ਮੈਂਬਰ ਰਜਿੰਦਰ ਘੇੜੇ ਆਦਿ ਸ਼ਾਮਿਲ ਸਨ। ਇਸ ਮੌਕੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਗਾਇਕ ਦਲਵਿੰਦਰ ਦਿਆਲਪੁਰੀ ਨੇ ਦੱਸਿਆ ਕਿ ਵਾਹਿਗੁਰੂ ਜੀ ਦੀ ਕਿਰਪਾ ਨਾਲ 15 ਮਈ ਨੂੰ ਉਹ ਆਪਣੇ ਜਨਮਦਿਨ ਮੌਕੇ ਤੇ ਇਹ ਸੱਭਿਆਚਾਰਕ ਵੀਡੀਓ ਪੰਜਾਬੀਆਂ ਸੰਗੀਤ ਪ੍ਰੇਮੀਆਂ ਨੂੰ ਤੋਹਫੇ ਵਜੋਂ ਉਹਨਾਂ ਦੀ ਝੋਲੀ ਵਿੱਚ ਪਾਵੇਗਾ, ਅਤੇ ਉਹਨਾਂ ਕਿਹਾ ਕਿ ਉਮੀਦ ਕਰਦਾ ਹਾਂ ਕਿ ਇਸ ਗੀਤ "ਤੂੰ ਮੇਰੀ" ਨੂੰ ਵੀ ਸਰੋਤਿਆਂ ਵੱਲੋਂ ਪਹਿਲੇ ਅਨੇਕਾਂ ਗੀਤਾਂ ਵਾਂਗੂ ਵੀ ਭਰਮਾ ਹੁੰਗਾਰਾ ਮਿਲੇਗਾ। ਅਖੀਰ ਵਿੱਚ ਗਾਇਕ ਦਲਵਿੰਦਰ ਦਿਆਲਪੁਰੀ ਵੱਲੋਂ ਆਈ ਹੋਈ ਪੂਰੀ ਟੀਮ ਨੂੰ ਜੀ ਆਇਆ ਆਖਿਆ ਤੇ ਤਹਿ ਦਿਲੋਂ ਧੰਨਵਾਦ ਕੀਤਾ।



# ਵਿਦੇਸ਼ਾਂ ਦੀ ਧਰਤੀ ਤੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਦਾ 133 ਵਾਂ ਮਹਾਨ ਜਨਮ ਦਿਨ ਮਨਾਇਆ ਗਿਆ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**– ਬਾਬਾ ਸਾਹਿਬ ਡਾ: ਅੰਬੇਡਕਰ ਦੇ 133 ਵੇਂ ਮਹਾਨ ਜਨਮ ਦਿਵਸ ਉੱਤੇ 14 ਅਪ੍ਰੈਲ ਨੂੰ ਪਾਰਲੀਮੈਂਟ ਹਿੱਲ ਔਟਵਾ ਵਿਖੇ ਸਮਾਨਤਾ ਦਿਵਸ ਵਜੋਂ ਮਨਾਉਣ ਲਈ ਇੱਕ ਬਹੁਤ ਸਫਲਤਾ ਪੂਰਵਕ ਸਮਾਗਮ ਹੋਇਆ। ਇਹ ਦਿਨ ਬਹੁਤ ਉਤਸ਼ਾਹ ਅਤੇ ਹੌਸਲਾ ਬੁਲੰਦੀ ਨਾਲ ਭਰਿਆ ਹੋਇਆ ਸੀ। ਡਾ: ਅੰਬੇਡਕਰ *ਸਮਾਨਤਾ ਦਿਵਸ* ਅਤੇ *ਜਯੰਤੀ ਸਮਾਰੋਹ* ਦਿਨ ਸੋਮਵਾਰ, 6 ਮਈ, 2024 ਨੂੰ ਕਨੇਡਾ ਦੀ ਰਾਜਧਾਨੀ ਔਟਵਾ ਦੇ ਪਾਰਲੀਮੈਂਟ ਹਿੱਲ ਵਿਖੇ ਆਯੋਜਿਤ ਕੀਤਾ ਗਿਆ ਸੀ।

ਇਸ ਜਸ਼ਨ ਦੀ ਮੇਜ਼ਬਾਨੀ ਡਾਨ ਡੇਵਿਸ, ਐਮ.ਪੀ., ਰਣਦੀਪ ਸਰਾਏ, ਐਮ.ਪੀ., ਐਮ.ਪੀ. ਜਸਰਾਜ ਸਿੰਘ ਹਾਲਨ (ਕੈਲਗਰੀ ਫੋਰੈਸਟ ਲਾਅਨ) ਦੁਆਰਾ ਕੀਤੀ ਗਈ ਸੀ। *ਧੰਮਾ ਵੇਵਜ਼*, ਅੰਬੇਡਕਰ ਇੰਟਰਨੈਸ਼ਨਲ ਕੋਆਰਡੀਨੇਸ਼ਨ ਸੋਸਾਇਟੀ, (*AICS*) ਅਤੇ ਕੈਨੇਡਾ ਦੀ *ਚੇਤਨਾ ਐਸੋਸੀਏਸ਼ਨ*, ਸਮਾਨਤਾ ਅਤੇ ਨਿਆਂ ਪ੍ਰਤੀ ਸਾਡੀ ਸਮੂਹਿਕ ਵਚਨਬੱਧਤਾ ਦਾ ਇੱਕ ਸ਼ਕਤੀਸ਼ਾਲੀ ਪ੍ਰਮਾਣ ਸੀ। ਹੋਰ ਸਤਿਕਰ ਯੋਗ ਸੰਸਥਾਵਾਂ ਦੁਆਰਾ ਸਹਿਯੋਗੀ।

**"ਸਨਮਾਨ ਸਸ਼ਕਤੀਕਰਨ ਨਾਲ ਸ਼ੁਰੂ ਹੁੰਦਾ ਹੈ"**

ਮਿਸ਼ਨ ਲਈ ਤੁਹਾਡੇ ਅਟੁੱਟ ਸਮਰਪਣ ਲਈ ਤੁਹਾਡਾ ਧੰਨਵਾਦ। ਇਕੱਠੇ ਮਿਲ ਕੇ, ਅਸੀਂ ਬਾਬਾ ਸਾਹਿਬ ਡਾ: ਅੰਬੇਡਕਰ ਦੁਆਰਾ ਵਕਾਲਤ ਕੀਤੀ ਸਮਾਨਤਾ ਅਤੇ ਇਨਸਾਫ ਦੀਆਂ ਕਦਰਾਂ-ਕੀਮਤਾਂ ਨੂੰ ਕਾਇਮ ਰੱਖਣ ਦੀ ਕੋਸ਼ਿਸ਼ ਕਰਦੇ ਹਾਂ ਅਤੇ ਭਵਿੱਖ ਵਿੱਚ ਵੀ ਕਰਦੇ ਰਹਾਂਗੇ।




# ਭਿਆਨਕ ਸੂਰਜੀ ਤੂਫਾਨ ਦੇ ਧਰਤੀ ਨਾਲ ਟਕਰਾਉਣ ਦਾ ਖਤਰਾ-ਬਿਜਲੀ ਹੋ ਸਕਦੀ ਹੈ ਗੁੱਲ

**ਹਰਜਿੰਦਰ ਸਿੰਘ ਬਸਿਆਲਾ**

**ਔਕਲੈਂਡ-** ਇਹ ਗੱਲ ਪੂਰੇ ਵਿਸ਼ਵ ਵਿਚ ਵੱਡੇ ਫਿਕਰਾਂ ਸਮੇਤ ਫੈਲ ਗਈ ਹੈ ਕਿ ਸੂਰਜੀ ਤੁਫਾਨ ਆ ਰਿਹਾ ਹੈ। ਨਿਊਜ਼ੀਲੈਂਡ ਦਾ ਬਿਜਲੀ ਵਿਭਾਗ ਇਸ ਸਬੰਧੀ ਚੇਤਾਵਨੀ ਦਰ ਚੇਤਾਵਨੀ ਜਾਰੀ ਕਰ ਰਿਹਾ ਹੈ। ਪੁਲਾੜ ਦੇ ਵਿਚ ਜੇਕਰ ਇਹ ਘਟਨਾ ਘਟ ਜਾਂਦੀ ਹੈ ਤਾਂ ਕਈ ਦੇਸ਼ ਹਨੇਰੇ ਵਿੱਚ ਡੁੱਬ ਸਕਦੇ ਹਨ। ਪੂਰੀ ਧਰਤੀ ਖਤਰੇ ਦੇ ਵਿਚ ਆ ਗਈ ਹੈ। ਜੇਕਰ ਅਜਿਹਾ ਟਕਰਾਅ ਹੋ ਜਾਂਦਾ ਹੈ ਤਾਂ ਵੱਡੇ ਨੁਕਸਾਨ ਹੋ ਸਕਦੇ ਹਨ।

**ਕੀ ਪ੍ਰਭਾਵ ਹੋਵੇਗਾ?**

ਵਿਗਿਆਨੀਆਂ ਨੇ ਸੂਰਜੀ ਤੁਫਾਨ ਨੂੰ ਲੈ ਕੇ ਅਲਰਟ ਜਾਰੀ ਕੀਤਾ ਹੈ। ਇਹ ਸੂਰਜੀ ਤੂਫਾਨ ਐਤਵਾਰ ਤੱਕ ਧਰਤੀ ਨਾਲ ਟਕਰਾ ਸਕਦਾ ਹੈ। ਇਸ ਦੇ ਪ੍ਰਭਾਵ ਕਾਰਨ ਨੇਵੀਗੇਸ਼ਨ ਅਤੇ ਬਿਜਲੀ ਦੇ ਪਾਵਰ ਪਲਾਂਟ ਪ੍ਰਭਾਵਿਤ ਹੋ ਸਕਦੇ ਹਨ। ਸੂਰਜ ਤੋਂ ਆਉਣ ਵਾਲੀ ਇੱਕ ਲਹਿਰ ਤੇਜ਼ੀ ਨਾਲ ਧਰਤੀ ਵੱਲ ਵਧ ਰਹੀ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ ਦੋ ਦਹਾਕਿਆਂ ਵਿੱਚ ਪਹਿਲੀ ਵਾਰ ਸੂਰਜ ਨਾਲ ਚੱਲਣ ਵਾਲਾ ਭੂ-ਚੁੰਬਕੀ ਤੂਫ਼ਾਨ (ਸੂਰਜੀ ਤੂਫ਼ਾਨ) ਧਰਤੀ ਨਾਲ ਟਕਰਾਉਣ ਵਾਲਾ ਹੈ। ਅਮਰੀਕਾ ਦੀ ਵਿਗਿਆਨਕ ਏਜੰਸੀ ਨੈਸ਼ਨਲ ਓਸ਼ੀਅਨਿਕ ਐਂਡ ਐਟਮੌਸਫੇਰਿਕ ਐਡਮਨਿਸਟਰੇਸ਼ਨ (Naitonal Oceainc and Atmospheirc Adiminstraiton) ਨੇ ਚੇਤਾਵਨੀ ਜਾਰੀ ਕਰਦਿਆਂ ਕਿਹਾ ਹੈ ਕਿ ਇਸ ਨਾਲ ਉਪਗ੍ਰਹਿ ਲਈ ਚੁਣੌਤੀ ਪੈਦਾ ਹੋ ਸਕਦੀ ਹੈ। ਇਸ ਤੋਂ ਇਲਾਵਾ ਪਾਵਰ ਗਰਿੱਡ ਫੇਲ ਹੋਣ, ਸੰਚਾਰ ਨੈੱਟਵਰਕ ਅਤੇ ਇਲੈਕਟਰਾਨਿਕ ਉਪਕਰਨਾਂ ਦੇ ਖਰਾਬ ਹੋਣ ਦਾ ਖਤਰਾ ਹੈ।




ਅਮਰੀਕੀ ਏਜੰਸੀ ਨੇ ਕਿਹਾ ਕਿ ਇਹ ਸੂਰਜੀ ਤੂਫਾਨ ਹਫਤੇ ਦੇ ਅੰਤ 'ਚ ਧਰਤੀ ਨਾਲ ਟਕਰਾਏਗਾ। 2005 ਤੋਂ ਬਾਅਦ ਇਹ ਪਹਿਲਾ ਸੂਰਜੀ ਤੂਫਾਨ ਹੈ। ਇਸ ਨਾਲ ਦੁਨੀਆ ਭਰ ਵਿੱਚ ਬਲੈਕਆਊਟ ਅਤੇ ਹਾਈ ਫਰੀਕੁਐਂਸੀ ਵਾਲੇ ਰੇਡੀਓ ਤਰੰਗਾਂ ਦਾ ਖ਼ਤਰਾ ਪੈਦਾ ਹੋ ਗਿਆ ਹੈ। ਬਲੂਮਬਰਗ ਦੀ ਰਿਪੋਰਟ ਮੁਤਾਬਕ ਟਰਾਂਸ ਪੋਲਰ ਖੇਤਰਾਂ 'ਚ ਉਡਾਣ ਭਰਨ ਵਾਲੇ ਜਹਾਜ਼ਾਂ ਨੂੰ ਲੈ ਕੇ ਅਲਰਟ ਜਾਰੀ ਕੀਤਾ ਗਿਆ ਹੈ। ਇਹਨਾਂ ਨੂੰ ਮੁੜ ਰੂਟ ਕੀਤਾ ਜਾ ਸਕਦਾ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ ਤਸਮਾਨੀਆ ਤੋਂ ਲੈ ਕੇ ਬ੍ਰਿਟੇਨ ਤੱਕ ਅਸਮਾਨ 'ਚ ਚਮਕ ਦਿਖਾਈ ਦੇਵੇਗੀ।

ਵਿਗਿਆਨੀਆਂ ਨੇ ਕਿਹਾ ਹੈ ਕਿ ਇਹ ਗੰਭੀਰ ਸ਼੍ਰੇਣੀ (ਜੀ-4) ਭੂ-ਚੁੰਬਕੀ ਤੂਫਾਨ ਹੈ। ਇਸ ਤੋਂ ਪਹਿਲਾਂ 2005 ਵਿੱਚ ਜਦੋਂ ਹੈਲੋਵੀਨ ਸੂਰਜੀ ਤੂਫ਼ਾਨ ਆਇਆ ਸੀ ਤਾਂ ਸਵੀਡਨ ਵਿੱਚ ਬਲੈਕਆਊਟ ਹੋ ਗਿਆ ਸੀ। ਇਸ ਦੇ ਨਾਲ ਹੀ ਦੱਖਣੀ ਅਫ਼ਰੀਕਾ ਵਿੱਚ ਬਿਜਲੀ ਦਾ ਬੁਨਿਆਦੀ ਢਾਂਚਾ ਵੀ ਪ੍ਰਭਾਵਿਤ ਹੋਇਆ। ਦਰਅਸਲ, ਸੂਰਜੀ ਤੂਫਾਨ ਦੇ ਟਕਰਾਉਣ ਕਾਰਨ ਧਰਤੀ ਦੇ ਚੁੰਬਕੀ ਖੇਤਰ ਵਿੱਚ ਇੱਕ ਤਬਦੀਲੀ ਦੇਖਣ ਨੂੰ ਮਿਲਦੀ ਹੈ, ਜੋ ਪਾਵਰ ਪਲਾਂਟਾਂ ਅਤੇ ਨੇਵੀਗੇਸ਼ਨ ਪ੍ਰਣਾਲੀਆਂ ਨੂੰ ਪ੍ਰਭਾਵਿਤ ਕਰਦੀ ਹੈ। ਰਿਪੋਰਟ ਮੁਤਾਬਕ ਤਸਮਾਨੀਆ ਅਤੇ ਯੂਰਪ ਦੇ ਕਈ ਇਲਾਕਿਆਂ 'ਚ ਲੋਕਾਂ ਨੇ ਨੰਗੀਆਂ ਅੱਖਾਂ ਨਾਲ ਵੀ ਇਸ ਸੂਰਜੀ ਤੂਫਾਨ ਦੀ ਝਲਕ ਦੇਖੀ ਹੈ।


ਤੁਹਾਨੂੰ ਦੱਸ ਦੇਈਏ ਕਿ ਸੂਰਜੀ ਤੂਫਾਨ ਕੋਰੋਨਲ ਮਾਸ ਇੰਜੈਕਸ਼ਨ ਦੇ ਕਾਰਨ ਬਣਦੇ ਹਨ ਜੋ ਸੂਰਜ 'ਤੇ ਹੋਣ ਵਾਲੀਆਂ ਵਿਸਫੋਟਕ ਘਟਨਾਵਾਂ ਹਨ। ਜਿੱਥੇ ਸੂਰਜ ਤੋਂ ਆਉਣ ਵਾਲੀ ਰੌਸ਼ਨੀ ਸਿਰਫ 8 ਮਿੰਟ ਵਿੱਚ ਧਰਤੀ ਤੱਕ ਪਹੁੰਚ ਜਾਂਦੀ ਹੈ। ਜਦੋਂ ਕਿ ਛੱਓ ਤਰੰਗਾਂ 800 ਕਿਲੋਮੀਟਰ ਪ੍ਰਤੀ ਸਕਿੰਟ ਤੱਕ ਦੀ ਰਫ਼ਤਾਰ ਨਾਲ ਚਲਦੀਆਂ ਹਨ।

**ਕੀ ਹੈ ਚੁਣੌਤੀ?**

ਵਿਗਿਆਨੀਆਂ ਮੁਤਾਬਕ ਸੂਰਜੀ ਤੂਫਾਨ ਕਾਰਨ ਚੁੰਬਕੀ ਖੇਤਰ 'ਚ ਬਦਲਾਅ ਹੁੰਦਾ ਹੈ, ਜਿਸ ਕਾਰਨ ਬਿਜਲੀ ਲਾਈਨ 'ਚ ਵਾਧੂ ਕਰੰਟ ਆ ਸਕਦਾ ਹੈ ਅਤੇ ਬਲੈਕਆਊਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਤੋਂ ਇਲਾਵਾ ਲੰਬੀਆਂ ਪਾਈਪ ਲਾਈਨਾਂ ਵਿਚ ਵੀ ਬਿਜਲੀ ਵਹਿ ਸਕਦੀ ਹੈ, ਜਿਸ ਕਾਰਨ ਮਸ਼ੀਨਾਂ ਦੇ ਖਰਾਬ ਹੋਣ ਦਾ ਖਤਰਾ ਬਣਿਆ ਹੋਇਆ ਹੈ। ਇਸ ਤੋਂ ਇਲਾਵਾ ਪੁਲਾੜ ਯਾਨ ਆਪਣਾ ਰਸਤਾ ਗੁਆ ਸਕਦਾ ਹੈ। ਨਾਸਾ ਨੇ ਆਪਣੇ ਪੁਲਾੜ ਯਾਤਰੀਆਂ ਦੀ ਸੁਰੱਖਿਆ ਲਈ ਇੱਕ ਟੀਮ ਬਣਾਈ ਹੈ। ਇੱਥੋਂ ਤੱਕ ਕਿ ਕਬੂਤਰਾਂ ਦੇ ਜੈਵਿਕ ਕੰਪਾਸ ਨੂੰ ਵੀ ਇਸ ਸੂਰਜੀ ਤੂਫਾਨ ਦੁਆਰਾ ਧੋਖਾ ਮਿਲ ਸਕਦਾ ਹੈ। ਵਰਨਣਯੋਗ ਹੈ ਕਿ ਕਬੂਤਰ ਅਜਿਹੇ ਪੰਛੀ ਹਨ ਜਿਨ੍ਹਾਂ ਦੀ ਦਿਸ਼ਾ ਦੀ ਸੂਝ ਬਹੁਤ ਤੇਜ਼ ਹੁੰਦੀ ਹੈ। ਨਾਸਾ ਦੇ ਅਧਿਐਨ ਮੁਤਾਬਕ ਸੂਰਜੀ ਤੂਫਾਨਾਂ ਦੌਰਾਨ ਕਬੂਤਰਾਂ ਦੀ ਗਿਣਤੀ ਘੱਟ ਜਾਂਦੀ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ ਲੋਕਾਂ ਨੂੰ ਪਹਿਲਾਂ ਤੋਂ ਹੀ ਰੌਸ਼ਨੀ ਦਾ ਪ੍ਰਬੰਧ ਕਰਨਾ ਚਾਹੀਦਾ ਹੈ।

# ਨਿਊਜ਼ੀਲੈਂਡ 'ਚ ਵੇਖਣ ਨੂੰ ਮਿਲਿਆ ਕੁਦਰਤੀ ਰੌਸ਼ਨੀ (ਅਰੋਰਾ) ਦਾ ਦਿਲਕਸ਼ ਨਜ਼ਾਰਾ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਗੁਰਬਾਣੀ ਦਾ ਇਕ ਕਥਨ ਹੈ 'ਅਚਰਜੁ ਤੇਰੀ ਕੁਦਰਤਿ ਤੇਰੇ ਕਦਮ ਸਲਾਹ॥ ਗਨੀਵ ਤੇਰੀ ਸਿਫਤਿ ਸਚੇ ਪਾਤਿਸ਼ਾਹ॥ ਅਰਥ ਕਰੀਏ ਤਾਂ ਇੰਝ ਬਣਦੈ "ਹੇ ਪ੍ਰਭੂ ਤੇਰੀ ਰਚੀ ਕੁਦਰਤਿ ਇਕ ਹੈਰਾਨ ਕਰਨ ਵਾਲਾ ਤਮਾਸ਼ਾ ਹੈ, ਤੇਰੇ ਚਰਨ ਸਲਾਹੁਣ-ਜੋਗ ਹਨ, ਹੇ ਸਦਾ ਰਹਿਣ ਵਾਲੇ ਪਾਤਿਸ਼ਾਹ! ਤੇਰੀ ਸਿਫ਼ਤ-ਸਾਲਾਹ ਅਮੋਲਕ ਹੈ।" ਇਸ ਅਚਰਜੁ ਕੁਦਰਤ ਦਾ ਇਕ ਝਲਕਾਰਾ ਵੇਖਣ ਨੂੰ ਬਹੁਤ ਵਾਰੀ ਮਿਲਦਾ ਹੈ। ਨਿਊਜ਼ੀਲੈਂਡ ਅਜਿਹਾ ਦੇਸ਼ ਹੈ ਜਿੱਥੇ ਕੁਦਰਤ ਦੇ ਝਲਕਾਰੇ ਆਮ ਵੇਖਣ ਨੂੰ ਮਿਲਦੇ ਹਨ। ਅੱਜ ਜਦੋਂ ਸੂਰਜੀ ਤੁਫਾਨ ਜਾਂ ਪੁਲਾੜ ਤੂਫਾਨ ਦੀਆਂ ਖਬਰਾਂ ਫੈਲ ਰਹੀਆਂ ਸਨ ਤਾਂ ਇਸੇ ਦੌਰਾਨ ਕ੍ਰਾਈਸਟਚਰਚ ਅਤੇ ਡੁਨੀਡਨ ਵਿਖੇ ਆਕਾਸ਼ ਦੇ ਵਿਚ ਇਕ ਅਜਿਹਾ ਝਲਕਾਰਾ ਵੇਖਿਆ ਗਿਆ ਜਿਸ ਨੂੰ ਅੰਗਰੇਜ਼ੀ ਵਿਚ 'ਅਰੋਰਾ' ਜਾਂ ਪੰਜਾਬੀ ਵਿਚ ਕਹਿਣਾ ਹੋਵੇ ਤਾਂ 'ਧਰੁਵੀ ਰੌਸ਼ਨੀ' ਕਿਹਾ ਜਾਂਦਾ ਹੈ। 'ਅਰੋਰਾ ਲਾਈਟ' ਇਕ ਸੁੰਦਰ ਚਮਕਦਾਰ ਚਮਕ ਹੈ ਜੋ ਧੁਰਵੀ ਖੇਤਰਾਂ ਵਿਚ ਵਾਯੂਮੰਡਲ ਦੇ ਉਪਰਲੇ ਹਿੱਸੇ ਵਿਚ ਵਿਖਾਈ ਦਿੰਦੀ ਹੈ।




ਡੁਨੀਡਨ ਤੋਂ ਮੀਡੀਆ ਕਰਮੀ ਸ। ਨਰਿੰਦਰਬੀਰ ਸਿੰਘ ਹੋਰਾਂ ਨੇ ਅੱਜ ਬਹੁਤ ਸੋਹਣੀਆਂ ਤਸਵੀਰਾਂ ਖਿੱਚ ਕੇ ਭੇਜੀਆਂ। ਕੁਝ ਜਾਣਕਾਰੀ ਸਾਂਝੀ ਕਰਦੇ ਹਾਂ। 'ਅਰੋਰਾ' ਇਸ ਗੱਲ ਦਾ ਇਕ ਸਪਸ਼ਟ ਸੰਕੇਤ ਹੈ ਕਿ ਸਾਡੀ ਧਰਤੀ ਵਾਲਾ ਗ੍ਰਹਿ ਵੱਖ-ਵੱਖ ਰੂਪਾਂ ਵਿਚ ਸੂਰਜ ਦੇ ਨਾਲ ਜੁੜਿਆ ਹੋਇਆ ਹੈ। ਵਿਖਾਈ ਦੇਣ ਵਾਲਾ ਸਾਰਾ ਪ੍ਰਕਰਣ ਸੂਰਜ ਦੀ ਊਰਜਾ ਨਾਲ ਉਤਪੰਨ ਹੁੰਦਾ ਹੈ ਅਤੇ ਪ੍ਰਿਥਵੀ ਦੇ ਚੁੰਬਕੀ ਖੇਤਰ ਦੇ ਵਿਚ ਪ੍ਰਵੇਸ਼ ਨਾਲ ਬਹੁਤ ਕੁਝ ਵਾਪਰਦਾ ਹੈ। ਅਰੋਰਾ ਜਾਂ ਧਰੁਵੀ ਰੌਸ਼ਨੀ ਧਰਤੀ ਤੋਂ 100 ਤੋਂ 400 ਕਿਲੋਮੀਟਰ ਉਪਰ ਹੁੰਦੀ ਹੈ। ਪ੍ਰਾਚੀਨ ਰੋਮਨ ਅਤੇ ਯੂਨਾਨੀਆਂ ਨੂੰ ਇਹਨਾਂ ਘਟਨਾਵਾਂ ਦਾ ਗਿਆਨ ਸੀ ਅਤੇ ਉਹਨਾਂ ਨੇ ਇਹਨਾਂ ਦ੍ਰਿਸ਼ਾਂ ਦੇ ਬਹੁਤ ਦਿਲਚਸਪ ਅਤੇ ਵਿਸਤ੍ਰਿਤ ਵਰਣਨ ਦਿੱਤੇ ਸਨ। ਦੁਨੀਆ ਭਰ ਦੀਆਂ ਔਰੋਰਾ ਦੀਆਂ ਤਸਵੀਰਾਂ, ਜਿਸ ਵਿੱਚ ਬਹੁਤ ਘੱਟ ਲਾਲ ਅਤੇ ਨੀਲੀਆਂ ਲਾਈਟਾਂ ਵਾਲੇ ਚਿੱਤਰ ਸ਼ਾਮਲ ਹਨ। ਅਰੋਰਾ ਉਦੋਂ ਬਣਦਾ ਹੈ ਜਦੋਂ ਚੁੰਬਕਮੰਡਲ ਸੂਰਜੀ ਹਵਾਵਾਂ ਦੁਆਰਾ ਕਾਫ਼ੀ ਪ੍ਰਭਾਵਿਤ ਹੁੰਦਾ ਹੈ ਅਤੇ ਇਲੈਕਟਰੌਨਾਂ ਅਤੇ ਪ੍ਰੋਟੋਨਾਂ ਦੇ ਚਾਰਜ ਕੀਤੇ ਕਣਾਂ ਦੇ ਚਾਲ-ਚਲਣ ਸੂਰਜੀ ਹਵਾਵਾਂ ਦੁਆਰਾ ਬਦਲ ਜਾਂਦੇ ਹਨ ਅਤੇ ਚੁੰਬਕੀ ਪਲਾਜ਼ਮਾ ਉਹਨਾਂ ਨੂੰ ਅਚਾਨਕ ਵੇਗ ਨਾਲ ਵਾਯੂਮੰਡਲ ਦੀ ਉਪਰਲੀ ਸਤਹ (ਥਰਮੋਸਫੀਅਰ/ਥਰਮੋਸਫੀਅਰ) ਵਿੱਚ ਭੇਜਦੇ ਹਨ। ਧਰਤੀ ਦੇ ਚੁੰਬਕੀ ਖੇਤਰ ਵਿੱਚ ਦਾਖਲ ਹੋਣ ਕਾਰਨ ਉਨ੍ਹਾਂ ਦੀ ਊਰਜਾ ਖਤਮ ਹੋ ਜਾਂਦੀ ਹੈ ।

ਵਾਯੂਮੰਡਲ ਦੇ ਕਣਾਂ ਦੇ ਨਤੀਜੇ ਵਜੋਂ ਆਇਓਨਾਈਜ਼ੇਸ਼ਨ ਅਤੇ ਫਲੋਰੋਸੈਂਸ ਦੇ ਕਾਰਨ, ਵੱਖ-ਵੱਖ ਰੰਗਾਂ ਦੀ ਰੋਸ਼ਨੀ ਨਿਕਲਦੀ ਹੈ। ਦੋਵਾਂ ਧਰੁਵੀ ਖੇਤਰਾਂ ਦੇ ਆਲੇ ਦੁਆਲੇ ਦੀਆਂ ਪੱਟੀਆਂ ਦੇ ਨੇੜੇ ਅਰੋਰਾ ਦਾ ਗਠਨ ਵੀ ਕਣਾਂ ਦੇ ਅਚਾਨਕ ਵੇਗ ਦੇ ਪ੍ਰਵੇਗ 'ਤੇ ਨਿਰਭਰ ਕਰਦਾ ਹੈ। ਚਾਰਜ ਕੀਤੇ ਪ੍ਰੋਟੋਨ ਆਮ ਤੌਰ 'ਤੇ ਟਕਰਾਉਣ ਵਾਲੇ ਹਾਈਡਰੋਜਨ ਪਰਮਾਣੂਆਂ ਦੇ ਵਾਯੂਮੰਡਲ ਤੋਂ ਇਲੈਕਟਰੌਨਾਂ ਨੂੰ ਮੁੜ ਪ੍ਰਾਪਤ ਕਰਨ ਤੋਂ ਬਾਅਦ ਰੌਸ਼ਨੀ ਛੱਡਦੇ ਹਨ। ਪ੍ਰੋਟੋਨ ਔਰੋਰਸ ਨੂੰ ਅਕਸਰ ਨੀਵੇਂ ਅਕਸ਼ਾਂਸ਼ਾਂ ਤੋਂ ਦੇਖਿਆ ਜਾ ਸਕਦਾ ਹੈ। ਇਹ ਰੌਸ਼ਨੀ ਲਾਲ, ਹਰਾ, ਨੀਲਾ, ਅਲਟ੍ਰਾਵਾਇਲਟ, ਇਨਫਰਾਰੈਡ, ਪੀਲਾ ਅਤੇ ਗੁਲਾਬੀ ਰੰਗ ਦੇ ਵਿਚ ਹੁੰਦੀ ਹੈ।

# ਅਸਹਿ ਵਿਛੋੜਾ ਪਾਤਰ ਜੀ ਦਾ!

...ਸਿਵੇ ਵਿੱਚ ਅਨੁਵਾਦ ਹੋਣ ਦੀ ਕਾਹ਼ਲ !

ਕੀ ਪਤਾ ਸੀ ਕਿ ਇਸੇ ਵਰ੍ਹੇ 3 ਮਾਰਚ ਨੂੰ ਮਰਹੂਮ ਵਿਦਵਾਨ ਡਾਕਟਰ ਹਰਦੇਵ ਸਿੰਘ ਸੱਚਰ ਦੀ ਯਾਦ ਵਿੱਚ ਹੋਏ ਫਗਵਾੜੇ ਸਮਾਗਮ ਵਿੱਚ ਪਾਤਰ ਸਾਹਬ ਨਾਲ ਹੋਈ ਸੁਭਾਗੀ ਮਿਲਣੀ, ਆਖਰੀ ਮਿਲਣੀ ਹੋ ਨਿਬੜੇਗੀ ! ਤੇ ਤਿੰਨ ਮਹੀਨੇ ਬਾਅਦ ਹੀ ਪਾਤਰ ਜੀ ਵੀ ਮਰਹੂਮ ਹੋ ਜਾਣਗੇ !! ਮੈਂ ਆਪਣੇ ਪਿੰਡ ਮੋਟਰ 'ਤੇ ਬੈਠੇ ਇੱਕ ਪੂਰਬੀਏ ਦੀ ਗੁਰਮੁਖੀ ਦਾ 'ਹੋਮ ਵਰਕ' ਕਰ ਰਹੀ ਨਿੱਕੀ ਧੀ ਦੀ ਇੱਕ ਫੋਟੋ ਖਿੱਚੀ ਹੋਈ ਸੀ। ਉਸ ਮੌਕੇ ਮੈਂ ਉਹ ਫੋਟੋ ਪਾਤਰ ਸਾਹਬ ਨੂੰ ਵਿਖਾਉਂਦਿਆਂ ਕਿਹਾ ਕਿ ਦੇਖੋ ਜੀ ਮੈਂ ਤੁਹਾਡੀ ਇੱਕ ਕਵਿਤਾ ਵਿਚਲੇ ਨੰਦ ਕਿਸ਼ੋਰ ਅਤੇ ਰਾਮਕਲੀ ਦੀ ਬੇਟੀ 'ਮਾਧੁਰੀ' ਲੱਭ ਲਈ ਐ !!





ਬੜੀ ਉਤਸੁਕਤਾ ਨਾਲ ਮੇਰੇ ਮੋਬਾਈਲ 'ਤੇ ਇਹ ਫੋਟੋਦੇਖਦਿਆਂ ਪਤਾਰ ਸਾਹਬ ਇਕ ਦਮ ਕਹਿੰਦੇ-'ਮੇਰੇ ਵਟਸ-ਐਪ 'ਤੇ ਭੇਜੋ ਇਹ ਫੋਟੋ !'

ਆਹ ਪਾਤਰ ਸਾਹਬ ! ਤੁਸੀਂ ਤਾਂ ਪਹਿਲੋਂ ਹੀ ਕਹਿ ਗਏ-

ਅਸਾਂ ਵੀ ਅੰਤ ਕਿਰ ਕੇ ਖਾਦ ਹੋਣਾ !

'ਅਸਾਂ ਵੀ ਅੰਤ ਕਿਰ ਕੇ ਖਾਦ ਹੋਣਾ<br>
ਕਦੀ ਸਾਂ ਫੁੱਲ ਇਹ ਕਿਸ ਨੂੰ ਯਾਦ ਹੋਣਾ।<br>
ਕਿਸੇ ਦਿਸਣਾ, ਕਿਸੇ ਨੇ ਗੁੰਮ ਹੋਣਾ<br>
ਕਿਸੇ ਗੁੰਬਦ, ਕਿਸੇ ਬੁਨਿਆਦ ਹੋਣਾ।<br>
ਮੇਰੇ ਨ੍ਹੇਰੇ ਤੇ ਤੇਰੀ ਰੌਸ਼ਨੀ ਦਾ<br>
ਹੈ ਮਨ ਵਿਚ ਉਮਰ ਭਰ ਸੰਵਾਦ ਹੋਣਾ।<br>
ਸੁਲਗਦੇ ਲਫਜ਼ ਨੇ ਸੜ ਜਾਣਗੇ ਇਹ<br>
ਨਹੀਂ ਇਹਨਾਂ ਕਦੇ ਫਰਿਆਦ ਹੋਣਾ।<br>
ਉਦੋਂ ਸਮਝਣਗੇ ਲੋਕੀਂ ਦਿਲ ਦੀ ਅੱਗ ਨੂੰ<br>
ਸਿਵੇ ਵਿਚ ਜਦ ਇਹਦਾ ਅਨੁਵਾਦ ਹੋਣਾ !'

*(ਸਾਡੇ ਦੋਹਾਂ ਭਰਾਵਾਂ ਨਾ਼ਲ ਪਾਤਰ ਜੀ)*

*ਉਪਰ ਉਹ ਫੋਟੋ ਜੋ ਪਾਤਰ ਸਾਹਬ ਨੇ ਮੈਥੋਂ ਮੰਗੀ ਸੀ!*

***ਤਰਲੋਚਨ ਸਿੰਘ ਦੁਪਾਲ ਪੁਰ***

*78146-92724*

# ਪਦਮਸ਼੍ਰੀ ਸੁਰਜੀਤ ਪਾਤਰ ਨੂੰ ਸਮਰਪਿਤ ਕੀਤੀ ਹਰਸ਼ਦੀਪ ਦੀ ਕਿਤਾਬ "ਮੂਲ ਮੈਂ" ਦੀ ਘੁੰਡ ਚੁਕਾਈ ਰਸਮ

**ਲੁਧਿਆਣਾ-** ਮਹਿਜ 21 ਸਾਲਾਂ ਦੀ ਉਮਰ 'ਚ ਹਰਸ਼ਦੀਪ ਨੇ ਅਪਣੀ ਪਹਿਲੀ ਪੰਜਾਬੀ ਦੀ ਕਿਤਾਬ "ਮੂਲ ਮੈਂ" ਲੋਕ ਅਰਪਣ ਕੀਤੀ। ਜਿਸਦੀ ਘੁੰਡ ਚੁਕਾਈ ਦੀ ਰਸਮ ਲੇਖਕ ਤੇ ਕਵੀ ਪਦਮਸ਼੍ਰੀ ਸਵ: ਸੁਰਜੀਤ ਪਾਤਰ ਨੂੰ, ਸੀਨੀਅਰ ਪੱਤਰਕਾਰ ਸ਼੍ਰੀ ਪ੍ਰਮੋਦ ਬਾਤਿਸ਼, ਸੀਨੀਅਰ ਪੱਤਰਕਾਰ ਸ਼੍ਰੀ ਅਸ਼ਵਨੀ ਜੇਤਲੀ, ਲੇਖਕ ਮਾਸਟਰ ਤੇਲੂ ਰਾਮ ਕੋਹਾੜਾ, ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ ਗਿਆਨ ਸਿੰਘ, ਸਵ: ਡਾਕਟਰ ਸਰੂਪ ਸਿੰਘ ਅਲੱਗ ਦੇ ਪੋਤੇ ਉਦੈਵੀਰ ਸਿੰਘ ਅਲੱਗ ਤੇ ਹਰ ਕੌਰ ਅਲੱਗ ਅਤੇ ਹਰਸ਼ਦੀਪ ਦੇ ਪਿਤਾ ਗੁਰਪ੍ਰੀਤ ਸਿੰਘ ਮਹਿਦੂਦਾਂ ਤੇ ਮਾਤਾ ਗੁਰਿੰਦਰ ਕੌਰ ਮਹਿਦੂਦਾਂ ਵੱਲੋਂ ਇੱਕ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਸਮਰਪਿਤ ਕੀਤੀ ਗਈ। ਇਸ ਤੋਂ ਪਹਿਲਾਂ ਸ਼੍ਰੀ ਪਾਤਰ ਦੀ ਫੋਟੋ ਉੱਤੇ ਫੁੱਲ ਮਾਲਾਵਾਂ ਭੇਟ ਕਰਕੇ ਉਨ੍ਹਾਂ ਨੂੰ ਸਰਧਾਂਜਲੀ ਦਿੱਤੀ ਗਈ। ਉਨ੍ਹਾਂ ਦੀਆਂ ਲਿਖਤਾਂ ਉੱਤੇ ਵੀ ਚਰਚਾ ਕਰਦਿਆਂ ਉਨ੍ਹਾਂ ਦੀ ਬੇਵਕਤੀ ਮੌਤ ਨੂੰ ਕੇਵਲ ਪਰਿਵਾਰ ਲਈ ਹੀ ਨਹੀਂ ਬਲਕਿ ਸਮੁੱਚੇ ਪੰਜਾਬ ਖਾਸ ਕਰ ਸਾਹਿਤ ਜਗਤ ਨੂੰ ਵੱਡਾ ਘਾਟਾ ਦੱਸਿਆ। ਹਰਸ਼ਦੀਪ ਦੀ ਕਿਤਾਬ ਦੀ ਸ਼ਲਾਘਾ ਕਰਦਿਆਂ ਸ਼੍ਰੀ ਪ੍ਰਮੋਦ ਬਾਤਿਸ਼, ਸ਼੍ਰੀ ਅਸ਼ਵਨੀ ਜੇਤਲੀ, ਤੇਲੂ ਰਾਮ ਕੋਹਾੜਾ, ਸ੍ਰ ਗਿਆਨ ਸਿੰਘ ਅਤੇ ਸ੍ਰ ਅਲੱਗ ਨੇ ਕਿਹਾ ਕਿ ਇਸਦੀਆਂ ਕੁਝ ਲਿਖਤਾ ਪੜ੍ਹ ਕੇ ਲੱਗਿਆ ਕਿ ਇਸਨੇ ਅਪਣੀ ਉਮਰ ਤੋਂ ਕਿਤੇ ਅੱਗੇ ਵੱਧ ਕੇ ਲਿਖਿਆ ਹੈ। ਗੁਰਪ੍ਰੀਤ ਸਿੰਘ ਮਹਿਦੂਦਾਂ ਤੇ ਗੁਰਿੰਦਰ ਕੌਰ ਮਹਿਦੂਦਾਂ ਨੇ ਸੀਨੀਅਰ ਪੱਤਰਕਾਰ ਸ਼੍ਰੀ ਅਸ਼ਵਨੀ ਜੇਤਲੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਕਿਤਾਬ ਲਈ ਉਨ੍ਹਾਂ ਨੇ ਜੋ ਯੋਗਦਾਨ ਦਿੱਤਾ ਉਹ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਹਰਸ਼ਦੀਪ ਨੇ ਅਪਣੀ ਕਿਤਾਬ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਵਿੱਚ ਵੱਖ-ਵੱਖ ਪ੍ਰਕਾਰ ਦੇ 25 ਲੇਖ ਅਤੇ 4 ਸੰਪਾਦਕੀਆਂ ਹਨ। ਉਨ੍ਹਾਂ ਕਿਹਾ ਕਿ ਇਸ ਕਿਤਾਬ ਦੇ ਕੁਝ ਲੇਖਾਂ ਨੂੰ ਸਮਝਣ ਲਈ ਸਾਨੂੰ ਹਰ ਪ੍ਰਕਾਰ ਤੋਂ ਮੁਕਤ ਹੋਣਾ ਪਵੇਗਾ। ਉਨ੍ਹਾਂ ਕਿਹਾ ਕਿ ਮੇਰੇ ਅਨੁਸਾਰ 'ਪੂਰਨ ਨਾਸਤਿਕ' ਹੋ ਕੇ ਸਾਡੀ ਮੂਲ ਚਾਹਤ ਦੀ ਪੂਰਤੀ ਹੋ ਸਕਦੀ ਹੈ।



'ਪੂਰਨ ਨਾਸਤਿਕਤਾ' ਤੋਂ ਪ੍ਰਾਪਤ ਤੋਂ ਪ੍ਰਾਪਤ ਸਮਝ ਨੂੰ ਆਧਾਰ ਬਣਾ ਕੇ, ਜਿੰਦਗੀ ਜਿਉਂ ਕਿ ਜੋ ਸਹਿਜ ਸੁਭਾਅ ਕੀਤਾ ਜਾ ਸਕਦਾ ਹੈ ਉਸਨੂੰ ਕੀਤਾ ਜਾਵੇ। ਬਹੁਤੇ ਸੰਘਰਸ਼ਾਂ ਨੂੰ ਆਪ ਜਨਮ ਦੇਣਾ ਮੇਰੇ ਮੁਤਾਬਿਕ ਸਾਡਾ 'ਰੋਗੀ' ਹੋਣਾ ਹੈ। ਇਸ ਮੌਕੇ ਰਿਟਾ: ਐਸ ਪੀ ਧਰਮਵੀਰ ਸਿੰਘ ਧੰਮੀ, ਹਾਕੀ ਕੋਚ ਮਨਪ੍ਰੀਤ ਸਿੰਘ, ਰਵਿੰਦਰ ਨਿੱਝਰ, ਮਨਪ੍ਰੀਤ ਰਣਦਿਓ, ਦਿਨੇਸ਼ ਭਾਰਦਵਾਜ, ਪਰਮਿੰਦਰ ਜਮਾਲਪੁਰ, ਸੁਰਿੰਦਰ ਸ਼ਿੰਦਾ, ਰਜਿੰਦਰ ਕੌਰ, ਨਿਰਮਲ ਕੌਰ, ਕਿਰਨਦੀਪ ਕੌਰ ਮਹਿਦੂਦਾਂ, ਰਾਹੁਲ, ਤੀਰਥ ਸਨੇਰ, ਜਸਵੀਰ ਗੁਰਮ, ਅਮਰੀਕ ਸਿੰਘ ਧੰਮੀ, ਰਾਜਦੀਪ ਅਲਬੇਲਾ, ਹੇਮਰਾਜ ਬੱਬਰ, ਰਜਨੀਸ਼ ਬਾਂਸਲ, ਗੁਰਪ੍ਰੀਤ ਭਰੋਵਾਲ, ਅਰਵਿੰਦਰ ਜੋਤੀ, ਮਨੋਜ ਕੁਮਾਰ, ਜਗਜੀਤ ਜੱਗਾ ਅਤੇ ਹੋਰ ਹਾਜਰ ਸਨ।



# ਨ੍ਹਾਮਾ ਫਾਂਸੀਵਾਲ਼ਾ

ਅਮਰਜੀਤ ਚੰਦਨ

ਪੰਜਾਬ ਦੀ ਧਰਤੀ ’ਤੇ ਤੀਰਥ ਟਿਮ-ਟਿਮ ਕਰਦੇ ਹਨ - ਨਨਕਾਣਾ, ਅਮ੍ਰਿਤਸਰ, ਆਨੰਦਪੁਰ. ਇਕ ਥਾਂ ਇਸ ਲੋਕ ਦਾ ਤੀਰਥ ਹੈ - ਜਲੰਧਰ। ਇਸ ਨਗਰ ਥਾਣੀਂ ਲਹੌਰ ਦਿੱਲੀ ਨੂੰ ਜਾਂਦੀ ਜਰਨੈਲੀ ਸੜਕ ਦੇ ਕੰਢੇ ਵੀਹਵੀਂ ਸਦੀ ਦੇ ਪੰਜਾਬੀ ਦੇਸ਼ਭਗਤਾਂ ਦੀ ਬਣੀ ਯਾਦਗਾਰ ਹੈ. ਇਥੇ ਉਨ੍ਹਾਂ ਦੀਆਂ ਤਸਵੀਰਾਂ ਲੱਗੀਆਂ ਹੋਈਆਂ ਹਨ. ਇਨ੍ਹਾਂ ਬਾਰੇ ਪਾਸ਼ ਨੇ ਲਿਖਿਆ ਸੀ:

ਵੱਟੋ-ਵੱਟ ਹੋ ਜਾਂਦੀ ਹੈ ਆਲਮ ਦੀ ਸਿਆਹ ਚਾਦਰ
ਜਦ ਵਿਹੜੇ ਵਿਚ ਕੁੱਕੜ ਦੀ ਬਾਂਗ ਛਣਕ ਉੱਠਦੀ ਹੈ
ਗੀਤ ਆਲ੍ਹਣਿਆਂ ਚੋਂ ਨਿਕਲ਼ ਕੇ ਬਾਹਰ ਆਉਂਦੇ ਹਨ
ਤੇ ਹਵਾ ਵਿਚ ਖੁਰਚ ਦਿੰਦੇ ਹਨ
ਸ਼ਹੀਦਾਂ ਦੇ ਅਮਿੱਟ ਚਿਹਰੇ ਮਿੱਟੀ ਦਾ ਸਭ ਤੋਂ ਪੁਰਾਣਾ ਸਫ਼ਰ
ਚਾਨਣ ਦੀ ਪਹਿਲੀ ਸ਼ੁਆ ਸੰਗ
ਫੈਲਦੀਆਂ ਹਨ ਇਸ ਕਦਰ ਤਸਵੀਰਾਂ
ਕਿ ਦੇਸ਼ਭਗਤ ਯਾਦਗਾਰ ਦੀ ਮਜਬੂਰ ਵਲਗਣ ’ਤੇ
ਬੇਪਰਵਾਹ ਹੱਸਦਾ ਹੈ ਤਸਵੀਰਾਂ ਦਾ ਆਕਾਰ
ਤੁਸੀਂ ਜਦ ਵੀ ਕਿਸੇ ਨੂੰ ਨਮਸਕਾਰ ਕਰਦੇ ਹੋ
ਜਾਂ ਹੱਥ ਮਿਲਾਉਂਦੇ ਹੋ
ਉਨ੍ਹਾਂ ਦੇ ਬੁੱਲ੍ਹਾਂ ਦੀ ਮੁਸਕਰਾਹਟ ਤੁਹਾਡੀ ਪ੍ਰਕਰਮਾ ਕਰਦੀ ਹੈ
ਤੁਸੀਂ ਜਦ ਕਿਤਾਬਾਂ ਪੜ੍ਹਦੇ ਹੋ
ਤਾਂ ਅੱਖਰਾਂ ’ਤੇ ਫੈਲ ਜਾਂਦੇ ਹਨ ਉਨ੍ਹਾਂ ਦੇ ਅਮਲ…
… ਤੁਹਾਡੇ ਅੰਗਸੰਗ ਤੁਹਾਡੇ ਸ਼ਹੀਦ ਤੁਹਾਥੋਂ ਕੋਈ ਆਸ ਰਖਦੇ ਹਨ

ਇਨ੍ਹਾਂ ‘ਚ ਇਕ ਤਸਵੀਰ ਹਰਨਾਮ ਚੰਦ ਦੀ ਹੈ; ਹੁਸ਼ਿਆਰਪੁਰ ਜ਼ਿਲ਼ੇ ਦੇ ਪਿੰਡ ਫ਼ਤਹਗੜ੍ਹ ਦੇ ਹਰਨਾਮ ਚੰਦ ਉਰਫ਼ ਨ੍ਹਾਮੇ ਦੀ. ਇਹ ਵੀਹਵੀਂ ਸਦੀ ਦੇ ਸ਼ੁਰੂ ਵਿਚ ਅਮਰੀਕਾ ਕਮਾਈ ਕਰਨ ਗਿਆ ਦੇਸ਼ਭਗਤਾਂ ਨਾ਼ਲ ਰਲ਼ ਗਿਆ; ਹਥਿਆਰਾਂ ਨਾ਼ਲ ਭਰੇ ਜਹਾਜ਼ ਚ ਦੇਸ ਪਰਤਦਾ ਫ਼ਰੰਗੀਆਂ ਦੇ ਕਾਬੂ ਆ ਗਿਆ ਤੇ ਉਨ੍ਹਾਂ ਇਹਨੂੰ ਲਹੌਰ ਲੈ ਜਾ ਕੇ 16 ਮਾਰਚ 1917 ਨੂੰ ਫਾਂਸੀ ਦੇ ਦਿੱਤੀ ਸੀ. ਫਾਂਸੀ ਤੋਂ ਦੋ ਮਹੀਨੇ ਪਹਿਲਾਂ ਇਹਨੇ ਅਪਣੇ ਘਰਦਿਆਂ ਨੂੰ ਉਰਦੂ ਚ ਕਾਰਡ ਲਿਖਿਆ ਸੀ:

ਲਹੌਰ ਸੈਂਟਰਲ ਜੇਲ 8।1।17
ਨ੍ਹਾਮਾ ਫਾਂਸੀਵਾਲਾ

ਭਾਈ ਸਾਹਬ ਦੀਵਾਨਚੰਦ ਨਮਸਤੇ ਮੁਝ ਕੋ 5 ਮਾਹ ਹਾਲ ਕੋ ਫਾਂਸੀ ਕਾ ਹੁਕਮ ਹੋ ਗਯਾ ਹੈ- ਆਪ ਕਿਸੀ ਕਿਸਮ ਕਾ ਫ਼ਿਕਰ ਨ ਕਰੇਂ- ਔਰ ਮੇਰੀ ਜ਼ੌਜਾ ਰੁਕਮਣੀ ਕੋ ਵਰਯਾਮਾ ਕੇ ਹਕ਼ ਮੇਂ ਕਰ ਦੇਵੇਂ- ਔਰ ਸਭ ਕੋ ਦਰਜਾ-ਬਦਰਜਾ ਨਮਸਤੇ- ਬੱਚੋਂ ਕੋ ਪਯਾਰਕਾਰਡ ਦੇ ਦੂਜੇ ਪਾਸੇ ਸਰਨਾਮਾ ਹੈ:


ਬਾਮਕਾਮ ਫ਼ਤਹਗੜ੍ਹ ਡਾਕਖ਼ਾਨਾ … .ਅੱਖਰ ਉੱਠਦੇ ਨਹੀਂ॥ ਜ਼ਿਲਾ ਹੁਸ਼ਿਆਰਪੁਰ ਪਾਸ ਦੀਵਾਨ ਚੰਦ

ਇਸ ਤਵਾਰੀਖ਼ੀ ਚਿੱਠੀ ਦਾ ਭਾਖਾਸੰਜਮ ਪਰੇਸ਼ਾਨ ਕਰਨ ਵਾ਼ਲਾ ਹੈ. ਕੁੱਲ ਛੇ ਫ਼ਿਕਰੇ. ਕੋਠੀ ਲੱਗੇ ਬੰਦੇ ਨੇ ਪਾਏ ਵੀ ਤਾਂ ਚਾਰ ਅੱਖਰ ਪਾਏ. ਏਨੇ ਹੀ ਬਹੁਤ ਨੇ. ਇਹ ਚਾਰ ਅੱਖਰ ਭਗਤ ਸਿੰਘ ਦੇ ਲਿਖੇ ਹਜ਼ਾਰ ਅੱਖਰਾਂ ਦੇ ਤੁੱਲ ਹਨ. ਹਰਨਾਮ ਚੰਦ ਨੂੰ ਸ਼ੁਹਰਤ ਦੀ ਕੋਈ ਲਿਲ੍ਹ ਨਹੀਂ ਸੀ. ਇਹਦੇ ਲਿਖੇ ਵਿਚ ਕਿੰਨਾ ਕੁਝ ਅਣਲਿਖਿਆ ਹੈ. ਇਸ ਚਿੱਠੀ ਦੇ ਨਾ਼ਲ ਉਹਦੇ ਘਰਦਿਆਂ ਦੇ ਸੀਨੇ ਨਾ਼ਲ ਲਾ ਕੇ ਰੱਖੀ ਤਸਵੀਰ ਹੈ। ਇਹ ਤਸਵੀਰ ਤਾਂ ਅਸਲੋਂ ਹੀ ਚੁੱਪ ਹੈ. ਆਉ, ਇਹਦੀਆਂ ਗੱਲਾਂ ਕਰੀਏ।

ਜੌਨ੍ਹ ਬਰਜਰ ਇਕ ਥਾਂ ਲਿਖਦਾ ਹੈ: ਵਿਛੁੰਨੇ ਪਿਆਰ ਦੀ ਤਸਵੀਰ ਠੀਕਰੀਆਂ ਜੋੜ-ਜੋੜ ਬਣਾਇਆ ਭਾਂਡਾ ਹੁੰਦੀ ਹੈ। ਹਰਨਾਮ ਚੰਦ ਦੀ ਇਹ ਥਰੀਪੀਸ ਸੂਟ ਪਾ ਕੇ ਚੋਪੜੇ ਬੋਦਿਆਂ ਵਾ਼ਲੀ ਖਿਚਵਾਈ ਤਸਵੀਰ ਮੁੱਢੋਂ ਹੀ ਵਿਛੋੜੇ ਦੀ ਸਨਦ ਹੈ, ਦੇਸ ਦੁਆਬਾ ਛੱਡ ਕੇ ਗਏ ਬੰਦੇ ਦੇ ਵਿਛੋੜੇ ਦੀ. ਲੋਕਗੀਤ ਵਿਚ ਸੁਆਣੀ ਕਹਿੰਦੀ ਹੈ - ਸ਼ਾਮਾ ’ਸ਼ਿਆਰਪੁਰ ਸੁਣੀਦਾ ਦੂਰ, ਬਛੋੜਾ ਨਾ ਪਾਈਉ…. ਮਿਰਕਣ ਤਾਂ ਹੁਸ਼ਿਆਰਪੁਰੋਂ ਬਹੁਤ ਹੀ ਦੂਰ ਹੈ. ਮੇਰੇ ਅੱਗੇ ਪਈ ਅਸਲ ਤਸਵੀਰ ਦੀ ਸਾਲ-ਕੁ ਪਹਿਲਾਂ ਦੀ ਪੁਰਾਣੀ ਪੈ ਰਹੀ ਨਕਲ ਹੈ. ਜ਼ਖ਼ਮ ਬੜਬੋਲਾ ਸ਼ਬਦ ਹੈ। ਘਰਦਿਆਂ ਕੋ਼ਲ ਪਈ ਅਸਲ ਫ਼ੋਟੋ ਦਾ ਕੀ ਹਾਲ ਹੋਵੇਗਾ? ਉਹਨੂੰ ਕਿੰਨੇ ਹੱਥ ਛੂਹ ਚੁੱਕੇ ਹੋਣਗੇ. ਉਹਨੂੰ ਸਭ ਤੋਂ ਪਹਿਲਾਂ ਫ਼ੋਟੋਗਰਾਫ਼ਰ ਦੇ ਹੱਥ ਲੱਗੇ ਹੋਣਗੇ; ਫੇਰ ਹਰਨਾਮ ਚੰਦ ਦੇ; ਫੇਰ…. ਪੁਰਾਣੀ ਤਸਵੀਰ ਦਾ ਰੰਗ - ਕਾ਼ਲਾ ਮੈ਼ਲਾ ਗੁਲਾਬੀ ਜ਼ਰਦ - ਭਰਦੇ ਜ਼ਖ਼ਮ ਦੀ ਚਮੜੀ ਵਾਂਙ ਲਿਸ਼ਕਣ ਲਗਦਾ ਹੈ. ਇਹ ਏਨਾ ਅੱਲਾ ਹੁੰਦਾ ਹੈ ਕਿ ਇਹਨੂੰ ਨਿਰੀ ਤੱਕਣੀ ਨਾ਼ਲ ਹੀ ਛੁਹਿਆ ਜਾ ਸਕਦਾ ਹੈ. ਪੀੜ ਭੁੱਲ ਜਾਂਦੀ ਹੈ; ਫੱਟ ਦਾ ਨਿਸ਼ਾਨ ਦੁੱਖ ਦਿੰਦਾ ਰਹਿੰਦਾ ਹੈ. ਫੇਰ ਸੋਚਾਂ ਵਿਚ ਪਿਆ ਚਿੱਬ ਹੀ ਬਾਕੀ ਰਹਿ ਜਾਂਦਾ ਹੈ. ਇਤਿਹਾਸ ਚ ਵਾਪਰੇ ਵੱਡੇ-ਵੱਡੇ ਸਾਕਿਆਂ ਦਾ ਸੇਕ ਘਟਦਾ-ਘਟਦਾ ਇੰਜ ਹੀ ਮੁੱਕ ਜਾਂਦਾ ਹੈ. ਅਸੀਂ ਉਨ੍ਹਾਂ ਨੂੰ ਔਖੇ ਵੇਲੇ ਚੇਤੇ ਕਰਦੇ ਹਾਂ, ਅਪਣੇ ਆਪ ਨੂੰ ਧਰਵਾਸ ਦੇਣ ਲਈ। ਵੀਹਵੀਂ ਸਦੀ ਦੇ ਸ਼ੁਰੂ ਦੀ ਕਿਸੇ ਵੀ ਤਸਵੀਰ ਵਿਚ ਕੋਈ ਪੰਜਾਬੀ ਖ਼ੁਸ਼ ਨਜ਼ਰ ਨਹੀਂ ਆਉਂਦਾ; ਭਾਵੇਂ ਫ਼ਰੰਗੀਆਂ ਦਾ ਫ਼ੌਜੀ ਹੋਵੇ ਜਾਂ ਪਰਦੇਸੀਂ ਕਮਾਈ ਕਰਨ ਗਿਆ ਕਾਮਾ - ਨੀਉਯਾਰਕ ਦੇ ਐਲਿਸ ਆਈਲੈਂਡ ਦੇ ਮਾਈਗਰੇਸ਼ਨ ਮੀਉਜ਼ਮ ਵਿਚ ਲੱਗੀ ਤਸਵੀਰ ਵਿਚਲੇ ਬਾਰਾਂ ਸਿੰਘ; ਵੈਨਕੂਵਰ ਦੀ ਵੱਡੀ ਲਾਇਬ੍ਰੇਰੀ ਵਿਚ ਡੱਬੇ ਚ ਬੰਦ ਪਈਆਂ ਤਸਵੀਰਾਂ ਵਿਚਲੇ ਕੋਮਾਗਾਤਾਮਾਰੂ ਜਹਾਜ਼ ਦੇ ਮੁਸਾਫ਼ਿਰ; ਇੰਪੀਰੀਅਲ ਵਾਰ ਮਿਉਜ਼ੀਅਮ ਲੰਡਨ ਦੀ ਲਾਇਬ੍ਰੇਰੀ ਵਿਚ ਸੰਨ 1914 ਵਿਚ ਬੰਬਈ ਵਿਚ ਲਾਮ ’ਤੇ ਚੱਲੇ ਫ਼ੌਜੀਆਂ ਨਾ਼ਲ ਭਰੇ ਜਹਾਜ਼ ਦੀ ਤਸਵੀਰ। ਹਰ ਕੋਈ ਚੁੱਪ-ਗੜੁੱਪ ਦੁੰਨਵੱਟਾ ਦਿਸਦਾ ਹੈ; ਪਹੁੰਚਿਆ-ਹੋਇਆ ਫੈਲਸੂਫ, ਜੋ ਆਖਦਾ ਹੈ - ਖ਼ੁਸ਼ ਹੋਣ ਵਾ਼ਲੀ ਕਿਹੜੀ ਗੱਲ ਹੈ? - ਹਰਨਾਮ ਚੰਦ ਨੂੰ ਕਾਹਦਾ ਗ਼ਮ ਹੈ? ਇਹਦੀ ਤਸਵੀਰ ਨੂੰ ਸਾਡੇ ਤਾਈਂ ਅਪੜਦਿਆਂ ਪੂਰੀ ਸਦੀ ਲਗ ਗਈ. ਏਨਾ ਪੰਧ ਕਰ ਕੇ ਆਈ ਇਸ ਮੂਰਤ ਨੇ ਬੜੇ ਰੰਗ ਦੇਖੇ ਹਨ. ਇਸ ਵਿਚ ਉਨ੍ਹੀਵੀਂ ਸਦੀ ਦਾ ਪੰਜਾਬੀ ਬੈਠਾ ਹੈ, ਜਿਵੇਂ ਅੱਜ ਇੱਕੀਵੀਂ ਸਦੀ ਵਿਚ ਵੀ ਆਪਾਂ ਵੀਹਵੀਂ ਸਦੀ ਦੇ ਜੀਅ ਹਾਂ. ਇਹ ਤਸਵੀਰ ਹਰਨਾਮ ਚੰਦ ਨੇ ਤੁਹਾਡੇ ਤੇ ਮੇਰੇ ਲਈ ਨਹੀਂ ਸੀ ਖਿਚਵਾਈ. ਇਹ ਉਹਦੇ ਘਰ ਦੇ ਜੀਆਂ ਵਾਸਤੇ ਸੀ; ਖ਼ਾਸ ਕਰਕੇ ਰੁਕਮਣੀ ਲਈ. ਲਹੌਰ ਜਾਂ ਵਲਾਇਤ ਪੜ੍ਹਦਿਆਂ ਦੀਆਂ ਇਹੋ-ਜਿਹੀਆਂ ਬੜੀਆਂ ਤਸਵੀਰਾਂ ਅੱਜ ਵੀ ਪੰਜਾਬੀ ਘਰਾਂ ਵਿਚ ਸਾਂਭੀਆਂ ਪਈਆਂ ਹੋਣਗੀਆਂ।

ਤਸਵੀਰਾਂ ਵਿਚ ਵੱਡੇ ਜਣਿਆਂ ਦੀ ਤੱਕਣੀ ਸਦਾ ਦਰਸ਼ਕ ਨੂੰ ਕੁਛ ਪੁੱਛਦੀ ਹੈ; ਕੁਛ ਚੇਤੇ ਕਰਾਂਦੀ ਹੈ. ਤਸਵੀਰ ਵਿਚ ਤਵਾਰੀਖ਼ ਸਾਕਾਰ ਹੁੰਦੀ ਹੈ. ਤੁਸੀਂ ਆਪ ਕਿਸੇ ਵੱਡੇ ਪੰਜਾਬੀ ਦੀ ਤਸਵੀਰ ਨੂੰ ਗਹੁ ਨਾ਼ਲ ਦੇਖਣਾ; ਇਹ ਝੱਟ ਤੁਹਾਡੀਆਂ ਅੱਖਾਂ ‘ਚ ਅੱਖਾਂ ਪਾ ਕੇ ਦੇਖਣ ਲਗ ਪਵੇਗੀ. ਪਾਸ਼ ਦੇ ਆਖਣ ਵਾਂਙ ਇਹ ਤਸਵੀਰ ਤੁਹਾਥੋਂ ‘ਕੋਈ ਆਸ’ ਰਖਦੀ ਹੈ. ਕਾਹਦੀ ਆਸ? ਇਹ ਨਹੀਂ ਕਵੀ ਨੇ ਦੱਸਿਆ. ਇਹੀ ਚੰਗੀ ਕਵਿਤਾ ਦੀ ਜੁਗਤ ਹੈ. ਰਤਾ ਸੋਚੋ. ਪਿਆਰ ਦੀ, ਸਤਿਕਾਰ ਦੀ, ਅਹਿਸਾਨ ਦੀ ਆਸ? ਆਉਣ ਵਾ਼ਲੀ ਹਰ ਪੀੜ੍ਹੀ ਇਨ੍ਹਾਂ ਤਸਵੀਰਾਂ ਅੱਗੇ ਜਵਾਬਦੇਹ ਰਹੇਗੀ. ਇਹ ਵੱਖਰੀ ਗੱਲ ਹੈ ਕਿ ਗ਼ਦਰ ਲਹਿਰ ਦੇ ਕਿਸੇ ਆਗੂ ਦੀ ਤਸਵੀਰ ‘ਆਈਕੌਨ’ ਨਹੀਂ ਬਣ ਸਕੀ; ਕਰਤਾਰ ਸਿੰਘ ਸਰਾਭੇ ਦੀ ਤਸਵੀਰ ਬਣ ਸਕਦੀ ਸੀ, ਪਰ ਬਾਬਿਆਂ ਨੇ ਆਪ ਹੀ ਰੋ਼ਲ ਦਿੱਤੀ. ਜਲੰਧਰ ਚ ਹੁਣ ਹਰ ਸਾਲ ਲਗਦੇ ਬਾਬਿਆਂ ਦੇ ਮੇਲੇ ਦੇ ਇਸ਼ਤਿਹਾਰਾਂ ਵਿਚ ਕਿਸੇ ਗ਼ਦਰੀ ਆਗੂ ਦੀ ਨਹੀਂ, ਭਗਤ ਸਿੰਘ ਦੀ ਕੇਸਰੀ ਪੱਗ ਵਾ਼ਲੀ ਮਨਢੰਗੀ ਤਸਵੀਰ ਛਪੀ ਹੁੰਦੀ ਹੈ. ਸਾਨਫ਼ਰਾਂਸਿਸਕੋ ਦੇ ਗ਼ਦਰ ਪਾਰਟੀ ਦੇ ਯੁਗਾਂਤਰ ਆਸ਼ਰਮ ਵਾ਼ਲੇ ਅਜਾਇਬਘਰ ਵਿਚ ਲੱਗੀਆਂ ਤਸਵੀਰਾਂ ਚ ਸਭ ਤੋਂ ਵੱਡੀ ਤਸਵੀਰ ਭਗਤ ਸਿੰਘ ਦੀ ਹੈ. ਫ਼ੌਜੀਆਂ ਦੇ ਆਸਰੇ ਫ਼ਰਵਰੀ 1915 ਵਿਚ ਫ਼ਰੰਗੀਆਂ ਖ਼ਿਲਾਫ਼ ਬਗ਼ਾਵਤ ਕਰਨ ਦੀ ਗ਼ਦਰ ਪਾਰਟੀ ਦੀ ਵਿਉਂਤ ਸਿਰੇ ਨਹੀਂ ਸੀ ਚੜ੍ਹੀ. ਗ਼ਦਰੀ ਅਮਰੀਕਾ ਤੇ ਹੋਰ ਮੁਲਕਾਂ ਤੋਂ ਲਲਕਾਰੇ ਮਾਰਦੇ ਹਿੰਦੁਸਤਾਨ ਚੱਲੇ ਸੀ ਕਿ ਅਸੀਂ ਜਾ ਕੇ ਬਗ਼ਾਵਤ ਕਰਨੀ ਹੈ। ਬਹੁਤੇ ਰਾਹ ‘ਚ ਫੜੇ ਗਏ. ਜਿਹੜੇ ਘਰੀਂ ਪੁੱਜੇ, ਉਨ੍ਹਾਂ ਦਾ ਪੁਲਸ ਟੋਡੀਆਂ ਨਾ਼ਲ ਵੈਰ ਪੈ ਗਿਆ. ਉਹ ਉਨ੍ਹਾਂ ਨੂੰ ਕਤਲ ਕਰਨ ਲੱਗੇ. ਪੈਸੇ ਵਾਸਤੇ ਡਾਕੇ ਮਾਰਨ ਲੱਗੇ. ਲੋਕਾਂ ਨੂੰ ਪਤਾ ਹੀ ਨਹੀਂ ਸੀ ਕਿ ਉਨ੍ਹਾਂ ਨੂੰ ਆਜ਼ਾਦ ਕਰਵਾਉਣ ਲਈ ਬਹੁਤ ਸਾਰੇ ਬੰਦੇ ਅਮਰੀਕਾ ਕਨੇਡਾ ਛੱਡ ਕੇ ਆਏ ਹਨ. ਅੰਤ ਨੂੰ ਅੰਗਰੇਜ਼ਾਂ ਨੇ ਡੇਢ੍ਹ ਸੌ ਗ਼ਦਰੀ ਜਾਨੋਂ ਮਾਰ ਦਿੱਤੇ, 3 ਸੌ ਨੂੰ 14 ਸਾਲ ਤੋਂ ਵਧ ਸਜ਼ਾਵਾਂ ਹੋਈਆਂ. ਘਰ ਜਾਇਦਾਦ ਦੀ ਕੁਰਕੀ ਵੱਖਰੀ ਹੋਈ. ਉਨ੍ਹਾਂ ਦੇ ਘਰਦਿਆਂ ਜੋ ਮੁਸੀਬਤਾਂ ਝੱਲੀਆਂ, ਉਨ੍ਹਾਂ ਦੀ ਤਾਂ ਕੋਈ ਗੱਲ ਹੀ ਨਹੀਂ ਕਰਦਾ। ਹਰਨਾਮ ਚੰਦ ਉਨ੍ਹਾਂ ਗ਼ਦਰੀਆਂ ਚੋਂ ਸੀ. ਇਤਿਹਾਸ ਤੇ ਯਾਦਾਂ ਲਿਖਣ ਵਾ਼ਲਿਆਂ ਤੋਂ ਹਰਨਾਮ ਚੰਦ ਦਾ ਬਹੁਤਾ ਪਤਾ ਨਹੀਂ ਲਗਦਾ. ਸੈਂਸਰੇ ਨੇ *ਗ਼ਦਰ ਪਾਰਟੀ ਦਾ ਇਤਿਹਾਸ* (1961) ਵਿਚ ਹਰਨਾਮ ਚੰਦ ਨੂੰ ਤੀਸਰੇ ਲਹੌਰ ਸਾਜ਼ਿਸ਼ ਕੇਸ ਵਾ਼ਲਾ ‘ਸ੍ਰੀ ਨਾਮਾ’ ਤੇ ‘ਹਰਨਾਮ ਸਿੰਘ’ ਕਰਕੇ ਲਿਖਿਆ ਹੈ ਅਤੇ ਉਹਨੂੰ ਗ਼ਦਰ ਲਹਿਰ ਦੇ ਹਮਦਰਦ ਮੰਡੀ ਰਿਆਸਤ ਦੇ ਰਾਜੇ ਦੇ ਬੇਨਾਮ ਭਤੀਜੇ ਨਾ਼ਲ ਜੋੜਿਆ ਹੈ, ਜਿਹਦਾ ਹੋਰ ਵੇਰਵਾ ਨਹੀਂ ਦਿੱਤਾ. ਹਰੀ ਸਿੰਘ ਉਸਮਾਨ ਦੀ ਡਾਇਰੀ ਚ ਹਰਨਾਮ ਚੰਦ ਤੇ ਹੋਰ ਹਮਸਫ਼ਰਾਂ ਦੇ ਨਾਂ ਇਕ-ਅੱਧ ਵਾਰ ਹੀ ਆਉਂਦੇ ਹਨ।

ਸਾਰੇ ਗ਼ਦਰੀ ਆਗੂਆਂ ਦੇ ਵਤਨ ਨੂੰ ਕੂਚ ਕਰਨ ਮਗਰੋਂ ਸਾਨਫ਼ਰਾਂਸਿਸਕੋ ਦਾ ਯੁਗਾਂਤਰ ਆਸ਼ਰਮ ਸੁੰਞਾ ਪਿਆ ਸੀ. ਪਸ਼ੌਰੋਂ ਗਏ ਕਿਸੇ ਰਾਮ ਚੰਦ ਨੇ ਉਥੇ ਜਾ ਡੇਰੇ ਲਾਏ. (ਪੂਰੇ ਤਿੰਨ ਸਾਲ ਮਗਰੋਂ ਗ਼ਦਰੀ ਰਾਮ ਸਿੰਘ ਨੇ ਇਹਨੂੰ ਗ਼ੱਦਾਰੀ ਬਦਲੇ ਕਤਲ ਕਰ ਦਿੱਤਾ.) ਕਿਸੇ ਨੂੰ ਨਹੀਂ ਪਤਾ ਕਿ ਸ਼ੁਕੀਨ ਕਵੀ ਹਰੀ ਸਿੰਘ ਫ਼ਕੀਰ ਉਰਫ਼ ਉਸਮਾਨ ਆਸ਼ਰਮ ਚ ਕਿਵੇਂ ਪੁੱਜਾ ਸੀ. ਉਹਨੇ ਅਪਣੀਆਂ ਯਾਦਾਂ (1991) ਚ ‘‘ਮੈਨੂੰ ਗ਼ਦਰ ਪਾਰਟੀ ਨੇ ਸੱਦ ਲਿਆ’’ ਲਿਖਿਆ ਹੈ. ਲਾਲੇ ਹਰਦਿਆਲ ਰਾਹੀਂ ਗ਼ਦਰ ਪਾਰਟੀ ਨੂੰ ਜਰਮਨ ਸਰਕਾਰ ਤੋਂ ਪੈਸੇ ਮਿ਼ਲਦੇ ਸੀ ਤੇ ਇਹ ਸਿਲਸਿਲਾ ਹਿਟਲਰ ਦੇ ਵੇਲੇ ਤਕ ਚਲਦਾ ਰਿਹਾ. ਜਰਮਨਾਂ ਦੇ ਆਖੇ ਆਪ-ਸਜੇ ਆਗੂ ਰਾਮ ਚੰਦ ਨੇ ਮੈਵਰਿਕ ਨਾਂ ਦਾ ਜਹਾਜ਼ ਹਥਿਆਰਾਂ ਨਾ਼ਲ ਭਰ ਕੇ ਪੰਜ ਹਿੰਦੀਆਂ ਸਣੇ 22 ਅਪ੍ਰੈਲ 1915 ਨੂੰ ਕਲਕੱਤੇ ਨੂੰ ਤੋਰਿਆ. ਈਰਾਨੀ ਖਲਾਸੀਆਂ ਦੇ ਭੇਸ ਵਾ਼ਲੇ ਇਹ ਪੰਜ ਜਣੇ ਸੀ: ਹਰੀ ਸਿੰਘ ਫ਼ਕੀਰ (ਉਸਮਾਨ), ਹਰਨਾਮ ਚੰਦ, ਮੰਗੂ ਰਾਮ, ਹਰਚਰਨ ਦਾਸ ਪਿੰਡ ਰਾਏਪੁਰ ਫਰਾ਼ਲਾ ਤੇ ਸੁਲਤਾਨਪੁਰ ਯੂਪੀ ਦਾ ਗੰਭੀਰ ਸਿੰਘ. (ਉਸਮਾਨ ਨੇ ਹਰਚਰਨ ਦਾਸ ਨੂੰ ਕਿਸ਼ਨ ਚੰਦ ਤੇ ਗੰਭੀਰ ਸਿੰਘ ਨੂੰ ਰਘਬੀਰ ਦੱਸਿਆ ਹੈ ਤੇ ਜਹਾਜ਼ ਦੇ ਚੱਲਣ ਦੀ ਤਾਰੀਖ਼ 15 ਅਪ੍ਰੈਲ ਦੱਸੀ ਹੈ.) ਜਗਜੀਤ ਸਿੰਘ ਦੀ ਲਿਖਤ ਗ਼ਦਰ ਪਾਰਟੀ ਲਹਿਰ (1955) ਵਿਚ ਲਿਖਿਆ ਹੈ ਕਿ ਇਸ ਜਹਾਜ਼ ਵਿਚ ‘‘ਤੀਹ ਹਜ਼ਾਰ ਰਾਈਫ਼ਲਾਂ, ਹਰ ਇਕ ਰਾਈਫ਼ਲ ਪ੍ਰਤੀ ਪੰਜ ਸੌ ਗੋ਼ਲੀਆਂ ਅਤੇ ਦੋ ਲੱਖ ਰੁੱਪਯਾ ਆਉਣਾ ਸੀ.’’ ਸੈਂਸਰੇ ਦੀ ਲਿਖਤ ਵਾਸਤੇ ਲਿਖੇ ਹਰੀ ਸਿੰਘ ਉਸਮਾਨ ਦੇ ਬਿਆਨ ਮੁਜਬ ‘‘ਹਥਿਆਰਾਂ ਦੇ ਗਿਆਰਾਂ ਗੱਡੇ (ਪੰਦਰਾਂ ਹਜ਼ਾਰ ਰਫ਼ਲਾਂ ਤੇ ਪਿਸਤੌਲ) ਸੀ.’’ ਦੋਹਵਾਂ ਹਵਾਲਿਆਂ ਦੀ ਅੱਤਕਥਨੀ ਪ੍ਰਤੱਖ ਹੈ। ਜਹਾਜ਼ ਸਮੁੰਦਰ ਚ -ਸੈਂਸਰੇ ਦੇ ਲਿਖਣ ਵਾਂਙ - ‘‘ਅਵਾਰਾਗਰਦੀ’’ ਕਰਦਾ ਤਿੰਨ ਮਹੀਨੇ ਬਤਾਵੀਆ (ਜਕਾਰਤਾ) ਖੜ੍ਹਾ ਰਿਹਾ। ਹਰਚਰਨ ਦਾਸ ਤੇ ਹਰਨਾਮ ਚੰਦ ਉਤਰ ਕੇ ਸਿਆਮ (ਥਾਈਲੈਂਡ) ਚਲੇ ਗਏ; ਉਥੇ ਇਹ ਪੁਲਸ ਦੇ ਕਾਬੂ ਆ ਗਏ. ਅੰਗਰੇਜ਼ ਹਾਕਮ ਹਰਚਰਨ ਦਾਸ ਨੂੰ ਸਾਨਫ਼ਰਾਂਸਿਸਕੋ ਲੈ ਗਏ, ਤੇ ਹਰਨਾਮ ਚੰਦ ਨੂੰ ਲਹੌਰ. ਹਰਚਰਨ ਦਾਸ ਗ਼ਦਰੀਆਂ ਦੇ ਖ਼ਿਲਾਫ਼ ਚਲਾਏ ਸਾਜ਼ਿਸ਼ ਕੇਸ ਚ ਵਾਅਦਾ ਮੁਆਫ਼ ਗਵਾਹ ਬਣਿਆ ਤੇ ਹਰਨਾਮ ਚੰਦ ਤੀਸਰੇ ਲਹੌਰ ਸਾਜ਼ਿਸ਼ ਕੇਸ ਵਿਚ ਫਾਂਸੀ ਲੱਗਾ. ਸ਼ੁਕੀਨ ਸ਼ਾਇਰ ਜਾਵਾ ਟਾਪੂ ਵਿਚ ਛਪਨ ਹੋ ਗਿਆ ਤੇ ਉਥੇ ਮੁਸਲਮਾਨ ਦੇ ਭੇਸ ਚ ਘਰ ਵਸਾ ਕੇ ਤੀਹ ਸਾਲ ਰਿਹਾ; ਦੇਸ਼




ਆਜ਼ਾਦ ਹੋਣ ’ਤੇ ਅਪਣੇ ਘਰ ਬੱਦੋਵਾ਼ਲ ਲੁਧਿਆਣੇ ਆ ਗਿਆ. ਇਹਦੀ ਪਾਈ ਬਾਤ ਦਾ ਸੰਤ ਸਿੰਘ ਸੇਖੋਂ ਨੇ ਨਾਵਲ ਬਣਾਇਆ - ਬਾਬਾ ਆਸਮਾਨ। ਮੰਗੂ ਰਾਮ ਜਹਾਜ਼ੋਂ ਉਤਰ ਸਿੰਘਾਪੁਰ ਗਿਆ, ਤਾਂ ਉਥੇ ਫੜ੍ਹਿਆ ਗਿਆ. ਫ਼ਰਾਰ ਹੋ ਕੇ ਦਸ ਸਾਲ ਭਟਕਦਾ ਅਪਣੇ ਪਿੰਡ ਮੁਗੋਵਾ਼ਲ ਪੁੱਜਾ; ਫੇਰ ‘ਆਦਿਧਰਮੀਆਂ’ ਦੀ ਲਹਿਰ ਚਲਾਈ ਤੇ ਸੰਨ 1944 ਵਿਚ ਅਪਣੇ ਸੱਤ ਬੰਦਿਆਂ ਸਣੇ ਪੰਜਾਬ ਅਸੰਬਲੀ ਦਾ ਮੈਂਬਰ ਬਣਿਆ. ਇਸ ਸਾਰੇ ਡਰਾਮੇ ਚ ਮਗਰੋਂ ਜਾ ਕੇ ਲੇਨਿਨ ਦੇ ਬਣੇ ਸਾਥੀ ਐੱਮ. ਐੱਨ. ਰਾਏ ਦਾ ਨਾਂ ਵੀ ਬੋਲਦਾ ਹੈ. ਉਹ ਦੱਸਦਾ ਹੈ ਕਿ ਜਹਾਜ਼ ਵਾਲੇ ਹਥਿਆਰ ਪੰਜਾਬੀ ਗ਼ਦਰੀਆਂ ਵਾਸਤੇ ਕਤੱਈ ਨਹੀਂ ਸਨ. ਉਦੋਂ ਪੰਜਾਬ ਵਿਚ ਇਨ੍ਹਾਂ ਹਥਿਆਰਾਂ ਨੂੰ ਕੋਈ ਚਲਾਉਣ ਵਾ਼ਲਾ ਤਾਂ ਕੀ, ਕੋਈ ਸਾਂਭਣ ਵਾ਼ਲਾ ਵੀ ਨਹੀਂ ਸੀ ਬਚਿਆ।

ਅਮਰੀਕਾ ਤੋਂ ਚੱਲੇ ਉਸ ਸਮੁੰਦਰੀ ਜਹਾਜ਼ ਦਾ ਨਾਂ ਮੈਵਰਿਕ ਸੀ. ਅੰਗਰੇਜ਼ੀ ਸ਼ਬਦ ਮੈਵਰਿਕ ਦਾ ਪੰਜਾਬੀ ਉਲਥਾ ਬੇ-ਮੁਹਾਰਾ ਕਰੀਦਾ ਹੈ. ਇਹਦੀ ਕਹਾਣੀ ਜਿਵੇਂ ਸਾਰੀ ਗ਼ਦਰ ਲਹਿਰ ਦਾ ਤੱਤ ਹੈ - ਸੂਰਮੇ ਦਿਲਾਂ ਵਿਚ ਸੱਚੀਸੁੱਚੀ ਤਾਂਘ ਲੈ ਕੇ ਦੇਸ ਆਜ਼ਾਦ ਕਰਵਾਉਣ ਚੱਲੇ ਹਨ; ਨਾ਼ਲ ਹੀ ਘਰ ਦੇ ਭੇਤੀ ਹਨ; ਜਹਾਜ਼ ਸਮੁੰਦਰ ਚ ਠਿਲ੍ਹ ਪਿਆ; ਕੈਪਟਨ ਪਤਾ ਨਹੀਂ ਕੌਣ ਹੈ, ਵਿਉਂਤ ਕੋਈ ਨਹੀਂ; ਲੱਗਣਾ ਕਿਹੜੇ ਕੰਢੇ ਹੈ, ਕਿਸੇ ਨੂੰ ਨਹੀਂ ਪਤਾ. ਸਾਰੇ ਬੇੜਾ ਛੱਡ ਕੇ ਨੱਸ ਜਾਂਦੇ ਹਨ; ਪਿੱਛੇ ਫਾਹੇ ਲੱਗਣ ਨੂੰ ਰਹਿ ਜਾਂਦਾ ਹੈ, ਹਰਨਾਮ ਚੰਦ. ਹਰਨਾਮ ਚੰਦ ਤੇ ਇਹਦੇ ਗਰਾਈਂ ਬਾਬੂ ਰਾਮ ਨੂੰ ਬਾਰਾਂ ਹੋਰ ਗ਼ਦਰੀਆਂ ਸਣੇ ਤੀਸਰੇ ਲਹੌਰ ਸਾਜ਼ਿਸ਼ ਕੇਸ ਵਿਚ ਅੰਗਰੇਜ਼ ਹਕੂਮਤ ਖ਼ਿਲਾਫ਼ ਬਗ਼ਾਵਤ ਕਰਨ ਦੇ ਦੋਸ਼ ਵਿਚ ਫਾਂਸੀ ਲੱਗੀ ਸੀ. ਨਾ ਕੋਈ ਵਕੀਲ, ਨਾ ਦਲੀਲ, ਨਾ ਅਪੀਲ. ਇਨ੍ਹਾਂ ਤਾਂ ਕੋਈ ਕੀੜੀ ਸਾਰਖੀ ਵੀ ਨਹੀਂ ਸੀ ਮਾਰੀ. ਆਜ਼ਾਦੀ ਦਾ ਸੁਪਨਾ ਜ਼ਰੂਰ ਲਿਆ ਸੀ. ਤੌਬਾ! ਸੁਪਨਾ ਲੈਣ ਦੀ ਏਡੀ ਵੱਡੀ ਸਜ਼ਾ!

16 ਮਾਰਚ ਸੰਨ 1917 ਈਸਵੀ. ਭੁੱਲ ਜਾਉ ਕਿ ਇਹ ਕੋਈ ਖੇਲ ਹੈ. (ਪੁਰਾਣੀ ਪੰਜਾਬੀ ਚ ਸਿਨਮੇ ਨੂੰ ਲੋਕ ਖੇਲ ਕਹਿੰਦੇ ਹੁੰਦੇ ਸੀ.) ਭੁੱਲ ਜਾਉ ਕਿ ਸ਼ਹੀਦ ਦੀ ਸਾਂਗ ਲਾਉਂਦਾ ਕੋਈ ਦਲੀਪ ਕੁਮਾਰ, ਮਨੋਜ ਕੁਮਾਰ ਜਾਂ ਰਾਜ ਬੱਬਰ ਹੈ. ਅੱਖਾਂ ਮੁੰਦ ਕੇ ਰਤਾ ਚਿਤਵੋ - ਪੰਜ ਜਣੇ ਫਾਂਸੀ ਦੇ ਤਖ਼ਤੇ ਵਲ ਵਧ ਰਹੇ ਹਨ. ਹਰਨਾਮ ਚੰਦ. ਬਾਬੂ ਰਾਮ. ਖੁਰਦਪੁਰੀਆ ਬਲਵੰਤ ਸਿੰਘ. ਜਗਰਾਵਾਂ ਦਾ ਹਾਫ਼ਿਜ਼ ਮੁਹੰਮਦ ਅਬਦੁੱਲਾ। ਸੰਘਵਾ਼ਲ ਜਲੰਧਰ ਦਾ ਰੂੜ ਸਿੰਘ. ਇਹ ਕਿਹਨੂੰ-ਕਿਹਨੂੰ ਧਿਆ ਰਹੇ ਹਨ? ਜਿੰਨੇ ਇਕੱਠੇ, ਉਨੇ ਹੀ ਇਕੱਲੇ. ਇਨ੍ਹਾਂ ਜੋ ਸੁਣ ਰੱਖਿਆ ਸੀ, ਉਹ ਪਹਿਲੀ ਵਾਰੀ ਦੇਖਣਾ ਹੈ - ਰੱਸਾ, ਜੱਲਾਦ, ਤਖ਼ਤਾ. ਇਨ੍ਹਾਂ ਦੇ ਘਰਦਿਆਂ ਨੂੰ ਇਸ ਵਾਪਰਨ ਵਾ਼ਲੀ ਹੋਣੀ ਦਾ ਕੋਈ ਪਤਾ ਨਹੀਂ. ਹਰਨਾਮ ਚੰਦ ਕਿਸਨੂੰ ਸੋਚ ਰਿਹਾ ਹੈ? ਰੁਕਮਣੀ. ਦੀਵਾਨ ਚੰਦ. ਵਰਿਆਮਾ. ਬੱਚੇ. ਬੱਚੋਂ ਕੋ ਪਿਆਰ. ਫ਼ਤਹਗੜ੍ਹ. ਹੁਸ਼ਿਆਰਪੁਰ. ਆਪ ਕਿਸੀ ਕਿਸਮ ਕਾ ਫ਼ਿਕਰ ਨਾ ਕਰੇਂ. ਸਭ ਕੋ ਦਰਜਾ ਬਦਰਜਾ ਨਮਸਤੇ. ਨਮਸਤੇ. ਉਨ੍ਹਾਂ ਦੇ ਪੈਰਾਂ ਥੱਲੇ ਦੇ ਤਖ਼ਤੇ ਇਕਦਮ ਖੁੱਲ੍ਹ ਗਏ.ਉਨ੍ਹਾਂ ਦਾ ਸਸਕਾਰ ਜੇਲ ਦੇ ਅਹਾਤੇ ਚ ਕਰ ਦਿੱਤਾ ਗਿਆ। ਚਾਰ ਮਹੀਨੇ ਮਗਰੋਂ ਭਾਈ ਦੀਵਾਨ ਚੰਦ ਨੇ ਪੰਜਾਬ ਦੇ ਗਵਰਨਰ ਨੂੰ ਪਟੀਸ਼ਨ ਭੇਜੀ. ਉਹਦਾ ਜਵਾਬ ਆਇਆ - ਤੁਹਾਡੇ ਭਾਈ ਨੂੰਤਾਂ ਫਾਂਸੀ ਦਿੱਤੀ ਜਾ ਚੁੱਕੀ ਹੈ।

…

ਉਸ ਗੱਲ ਨੂੰ ਬੜੇ ਸਾਲ ਹੋ ਚੁੱਕੇ ਨੇ; ਪਰ ਜਾਣ ਤੋਂ ਪਹਿਲਾਂ ਹਰਨਾਮ ਚੰਦ ਦੀ ਤਸਵੀਰ ਇਕ ਵਾਰੀ ਫੇਰ ਦੇਖ ਲਵੋ।

### ਭਗਵਾਨ ਜੋਸ਼ ਦੀ ਇਸ ਲੇਖ ਬਾਰੇ ਚਿੱਠੀ
### ਨਵੀਂ ਦਿੱਲੀ 9 ਜਨਵਰੀ 2002

ਪਿਆਰੇ ਮਨੁੱਖ…ਤੇਰੀ ਇਸ ਲਿਖਤ ਵਿਚ ਭੁੱਲੇ-ਵਿਸਰੇ ਇਨਸਾਨ ਬਾਰੇ ਤੇ ਉਹਦੀ ਅਣਆਈ ਮੌਤ ਬਾਰੇ ਜਾਣਕਾਰੀ ਤਾਂ ਹੈ ਹੀ, ਨਾ਼ਲ ਕੁਝ ਸਤਰਾਂ ਐਸੀਆਂ ਹਨ - ਤੇ ਇਹ ਸਤਰਾਂ ਹੀ ਇਸ ਲਿਖਤ ਨੂੰ ਅਹਿਮ ਬਣਾਉਂਦੀਆਂ ਹਨ - ਜੋ ਸਮੁੱਚੀ ਗ਼ਦਰ ਲਹਿਰ ਨੂੰ ਬਿਆਨ ਕਰ ਦਿੰਦੀਆਂ ਹਨ, ਉਹ ਹੈ ਤੇਰਾ ‘ਬੇਮੁਹਾਰਾ’ ਮੈਟਾਫ਼ਰ ਨੂੰ ਲੈ ਕੇ ਲਹਿਰ ਦੀ ਤਹਿ ਤਕ ਪਹੁੰਚਣਾ. ਚਾਰ ਸਤਰਾਂ ਵਿਚ ਸਮੁੱਚੀ ਲਹਿਰ ਦੇ ਚਮਤਕਾਰੀ ਸੱਚ ਦੇ ਦਰਸ਼ਨ ਹੋ ਜਾਂਦੇ ਹਨ: ‘‘ਅਮਰੀਕਾ ਤੋਂ ਚੱਲੇ ਉਸ ਸਮੁੰਦਰੀ ਜਹਾਜ਼ ਦਾ ਨਾਂ ਮੈਵਰਿਕ ਸੀ. ਅੰਗਰੇਜ਼ੀ ਸ਼ਬਦ ਮੈਵਰਿਕ ਦਾ ਪੰਜਾਬੀ ਉਲਥਾ ਬੇਮੁਹਾਰਾ ਕਰੀਦਾ ਹੈ. ਇਹਦੀ ਕਹਾਣੀ ਜਿਵੇਂ ਸਾਰੀ ਗ਼ਦਰ ਲਹਿਰ ਦਾ ਤੱਤ ਹੈ - ਸੂਰਮੇ ਦਿਲਾਂ ਵਿਚ ਸੱਚੀਸੁੱਚੀ ਤਾਂਘ ਲੈ ਕੇ ਦੇਸ ਆਜ਼ਾਦ ਕਰਵਾਉਣ ਚੱਲੇ ਹਨ; ਨਾ਼ਲ ਹੀ ਘਰ ਦੇ ਭੇਤੀ ਹਨ; ਜਹਾਜ਼ ਸਮੁੰਦਰ ‘ਚ ਠਿਲ੍ਹ ਪਿਆ; ਕੈਪਟਨ ਪਤਾ ਨਹੀਂ ਕੌਣ ਹੈ, ਵਿਉਂਤ ਕੋਈ ਨਹੀਂ; ਲੱਗਣਾ ਕਿਹੜੇ ਕੰਢੇ ਹੈ, ਕਿਸੇ ਨੂੰ ਨਹੀਂ ਪਤਾ. ਸਾਰੇ ਬੇੜਾ ਛੱਡ ਕੇ ਨੱਸ ਜਾਂਦੇ ਹਨ; ਪਿੱਛੇ ਫਾਹੇ ਲੱਗਣ ਨੂੰ ਰਹਿ ਜਾਂਦਾ ਹੈ, ਹਰਨਾਮ ਚੰਦ.’’

ਪਰ ਇਸ ਮੈਟਾਫ਼ਰ ਨੂੰ ਤੂੰ ਨ੍ਹਾਮੇ ਉੱਤੇ ਲਾਗੂ ਨਹੀਂ ਕੀਤਾ. ਨ੍ਹਾਮਾ ਕੌਣ ਹੈ? ਤੇਰੇ ਮੇਰੇ ਤੇ ਹੋਰ ਅਨੇਕ ਪੰਜਾਬੀ ਗੱਭਰੂਆਂ ਦੇ ਅੰਦਰ ਦਾ ਨ੍ਹਾਮਾ ਕੌਣ ਸੀ? ਸਿਰਫ਼ ਤੂੰਹੀਉਂ ਨ੍ਹਾਮੇ ਨਾ਼ਲ ਹਮਦਰਦੀ ਵਾ਼ਲਾ ਲੇਖ ਕਿਉਂ ਲਿਖਿਆ? ਕੀ ਤੂੰ ਇਹ ਲਿਖ ਕੇ ਅਪਣੇ ਅੰਦਰਲੇ ਨ੍ਹਾਮੇ ਨਾ਼ਲ ਗੱਲਾਂ ਤਾਂ ਨਹੀਂ ਸੀ ਕਰ ਰਿਹਾ? ਇਹ ਲਿਖਤ ਪੜ੍ਹ ਕੇ ਮੇਰੇ ਅੰਦਰ ਦਾ ਨ੍ਹਾਮਾ ਜਾਗ ਪਿਆ. ਇਸ ਨ੍ਹਾਮੇ ਨੂੰ ਦੋ ਸ਼ਬਦਾਂ ਚ ਬਿਆਨ ਕਰਦਾ ਹਾਂ - ‘ਬੇਮੁਹਾਰੀ ਭਾਵੁਕਤਾ’. ਇਹ ਕੁਆਰੀ ਭਾਵੁਕਤਾ ਦਾ ਹੀ ਦੂਸਰਾ
ਇਹ ਲਿਖਤ ਕਿਉਂ ਬਣਾਈ ਸੀ।

ਨਾਂ ਹੈ. ਗੀਤਕਾਰ ਗੁਰਦਾਸ ਮਾਨ ਗਾਉਂਦਾ ਹੈ: ਚੜ੍ਹਦੀ ਜਵਾਨੀ ਵਿਚ, ਰੁੱਤ ਮਸਤਾਨੀ ਵਿਚ, ਕਿਸੇ ਨਾ਼ਲ ਫਸਣਾ ਜ਼ਰੂਰ ਚਾਹੀਦਾ…. ਸਾਡੇ ਕਲਚਰ ਵਿਚ ਇਸ ਬੇਮੁਹਾਰੀ ਭਾਵੁਕਤਾ ਨਾ਼ਲ ਅਪਣੇ ਆਪ ਨੂੰ ਫੰਨੇ ਖ਼ਾਂ ਸਮਝਣ ਵਾ਼ਲੀ ਜਵਾਨ ਮਾਨਸਿਕਤਾ ਕਿਸੇ ‘ਇਕ’ ਨਾ਼ਲ ਜ਼ਰੂਰ ‘ਫਸਦੀ’ ਹੈ. ਇਹ ਕੋਈ ਇਨਸਾਨ ਹੋ ਸਕਦਾ ਹੈ; ਕੋਈ ਦਹਸ਼ਤਪਸੰਦ ਜੱਥੇਬੰਦੀ ਜਾਂ ਕਮਉਮਰਾਂ ਦੇ ਜਜ਼ਬਾਤ ਨਾ਼ਲ ਖੇਡਣ ਵਾ਼ਲੀ ਕੋਈ ‘ਪਾਰਟੀ’ ਹੋ ਸਕਦੀ ਹੈ. ਮੈਂ ਵੀ ਇੰਜ ਹੀ ਨਕਸਲੀ ਲਹਿਰ ਚ ‘ਫਸ’ ਗਿਆ ਸੀ. ਇਸ ‘ਫਸਣਾ’ ਸ਼ਬਦ ਦਾ ਅਰਥ ਬੜਾ ਗੁੰਝ਼ਲਦਾਰ ਹੈ. ਇਹਦਾ ਇਹ ਮਤਲਬ ਨਹੀਂ ਕਿ ਕਿਸੇ ਨੇ ਤੁਹਾਡੇ ਨਾ਼ਲ ਧੋਖਾ ਕੀਤਾ; ਹਾਲਾਂਕਿ ਧੋਖੇਬਾਜ਼ ਇਨ੍ਹਾਂ ਜੱਥੇਬੰਦੀਆਂ ਚ ਵੀ ਹੁੰਦੇ ਹਨ. ਇਸਦਾ ਮਤਲਬ ਹੈ ਕਿ ਜਜ਼ਬੇ ਦੇ ਗੰਧਲਣ ਦਾ ਸਮਾਜੀ ਅਮਲ ਹਾਲੇ ਸ਼ੁਰੂ ਨਹੀਂ ਹੋਇਆ ਹੁੰਦਾ; ਜਵਾਨੀ ਵਿਚ ਸੱਚੇ-ਝੂਠੇ ਰਿਸ਼ਤਿਆਂ ਸਦਕਾ ਸਮਾਜੀ-ਮੈਂ ਨਹੀਂ ਜਨਮੀ ਹੁੰਦੀ. ਜਵਾਨ ਮਨ ਦੀ ਕੋਮਲਤਾ ਹਾਲੇ ਸਮਾਜੀ ਸਖ਼ਤੀ ਨਾ਼ਲ ਟਕਰਾਈ ਨਹੀਂ ਹੁੰਦੀ. ਉਹਨੂੰ ਤਾਂ ਸਾਰੀ ਦੁਨੀਆ ਸੁਪਨਿਆਂ ਦੀ ਕਾਇਨਾਤ ਲਗਦੀ ਹੈ - ਅਪਣੀ ਮਰਜ਼ੀ ਨਾ਼ਲ ਸਿਰਜੀ ਹੋਈ. ਇਨਕਲਾਬ ਗ਼ਲੀ ਦੇ ਮੋੜ ’ਤੇ ਯਾਰ ਵਾਂਙ ਉਡੀਕ ਰਿਹਾ ਹੁੰਦਾ ਹੈ. ਨ੍ਹਾਮੇ ਨੂੰ ਵੀ ਲੱਗਿਆ ਸੀ ਕਿ ਉਹਨੂੰ ਆਜ਼ਾਦੀ ਉਡੀਕ ਰਹੀ ਹੈ। ਮੈਨੂੰ ਅੱਜ ਸਮਝ ਆਈ ਕਿ ਮੈਂ ਕਿਉਂ ਨਕਸਲਬਾੜੀਆਂ ਨਾ਼ਲ ‘ਫਸ’ ਗਿਆ ਸੀ; ਨ੍ਹਾਮਾ ਕਿਉਂ ਗ਼ਦਰੀਆਂ ਨਾ਼ਲ ‘ਫਸਿਆ’ ਸੀ. ਤੇਰੀ ਇਸ ਲਿਖਤ ਤੋਂ ਪਹਿਲਾਂ ਮੈਂ ਇਹਨੂੰ ਅਪਣੀ ਮੂਰਖਤਾ ਸਮਝਦਾ ਸੀ. ਪਰ ਕੁਆਰੀ ਚੇਤਨਾ ਤੇ ਮੂਰਖਤਾ ਚ ਬੜਾ ਫ਼ਰਕ ਹੈ. ਇਹਦੀ ਸਮਝ ਮੈਨੂੰ ਹੁਣ ‘ਮੂਰਖ’ ਬਣ ਕੇ ਆਈ ਹੈ. ਖ਼ਤ ਤਾਂ ਤੈਨੂੰ ਲਿਖ ਰਿਹਾ ਹਾਂ; ਕਿਵੇਂ ਮੇਰੀ ਤਾਰ ਤੇਰੀ ਤਾਰ ਨਾ਼ਲ ਜੁੜ ਗਈ ਹੈ; ਕਿਵੇਂ ਤੇਰੇ, ਮੇਰੇ ਤੇ ਨ੍ਹਾਮੇ ਅੰਦਰਲੇ ਤਿੰਨੇ ਨ੍ਹਾਮੇ ਮਿ਼ਲ ਬੈਠੇ ਹਨ।

ਇਹੀ ਸੰਗਤ ਹੈ. ਸਾਹਿਤ ਦਾ ਕੰਮ ਬੰਦੇ ਨੂੰ ਸੰਗਤੀਆ ਬਣਾਉਣਾ ਹੈ. ਤੇਰੀ ਇਸ ਲਿਖਤ ਦਾ ਮਕਸਦ ਸੀ - ਨ੍ਹਾਮੇ ਨੂੰ ਦੱਸਣਾ ਕਿ ਦੇਖ, ਪੰਜਾਬ ਵਿਚ ਹਾਲੇ ਕੁਝ ਨ੍ਹਾਮੇ ਹਨ, ਜੋ ਤੈਨੂੰ ਕਦੇ-ਕਦੇ ਚੇਤੇ ਕਰ ਲੈਂਦੇ ਹਨ (ਤੇਰੀ ਕੋਈ ਕਵਿਤਾ ਵੀ ਇੰਜੇ ਸ਼ੁਰੂ ਹੁੰਦੀ ਹੈ). ਬਸ ਤੇਰੀਆਂ ਕਵਿਤਾਵਾਂ ਦੀ ਇਹ ਮਾਨਸਿਕ ਜ਼ਮੀਨ ਇਕ ਤਰ੍ਹਾਂ ਦੀ ਏਰੋਡਰੋਮ ਹੈ. ਜੇ ਤੂੰ ਇਸ ਜ਼ਮੀਨ ’ਤੇ ਪੁੱਜ ਕੇ ਟਿਕਿਆ ਰਹੇਂ ਤੇ ਜਿੰਨੀ ਦੇਰ ਟਿਕਿਆ ਰਹੇਂ; ਤੇਰੇ ਅੰਦਰੋਂ ਕਵਿਤਾ ਦੇ ਛੋਟੇ ਤੇ ਵੱਡੇ ਜਹਾਜ਼ ਉਡਦੇ ਰਹਿਣਗੇ. ਨ੍ਹਾਮਾ ਫਾਂਸੀਵਾਲਾ ਤੇਰਾ ਕੋਈ ਲੇਖ ਨਹੀਂ ਹੈ. ਇਹ ਤੇਰੇ ਲੇਖਿਆਂ ਵਿਚ ਲਿਖਿਆ ਲੇਖ ਅਸਲ ਚ ਕਵਿਤਾ ਹੀ ਹੈ। ਪਿਆਰ ਨਾ਼ਲ… ਪ.ਸ. ਜਦ ਨ੍ਹਾਮਾ ਛਪੇ, ਤਾਂ ਕਿਰਪਾ ਕਰਕੇ ਇਹ ਚਿੱਠੀ ਜ਼ਰੂਰ ਨਾ਼ਲ ਛਾਪ ਦੇਵੀਂ. ਕਈਆਂ ਹੋਰਨਾਂ ਨੂੰ ਸਮਝ ਆ ਜਾਵੇਗੀ ਕਿ ਤੂੰ ਨ੍ਹਾਮੇ ਬਾਰੇ ਇਹ ਲਿਖਤ ਕਿਉਂ ਬਣਾਈ ਸੀ।

# ਪ੍ਰੋਫੈਸਰ ਔਤਾਰ ਸਿੰਘ ਢੇਸੀ: ਸ਼ਖਸੀਅਤ ਅਤੇ ਸੋਚ (1936-2044)

ਸੁਖਦੇਵ ਸਿੰਘ ਸੋਹਲ
94173-14345

ਪ੍ਰੋਫੈਸਰ ਔਤਾਰ ਸਿੰਘ ਢੇਸੀ, ਸੰਸਾਰ ਪ੍ਰਸਿੱਧ ਅਰਥਸ਼ਾਸਤਰੀ ਅਤੇ ਚਿੰਤਕ, 24 ਅਪ੍ਰੈਲ 2024 ਨੂੰ ਚੰਡੀਗੜ੍ਹ ਵਿਖੇ ਸੰਸਾਰੀ ਯਾਤਰਾ ਪੂਰੀ ਕਰ ਗਿਆ। ਉਸਦਾ 29 ਅਪ੍ਰੈਲ ਨੂੰ ਪਿੰਡ ਢੇਸੀਆਂ ਕਾਹਨਾ, ਨੇੜੇ ਜਲੰਧਰ ਸ਼ਹਿਰ ਵਿਖੇ ਸੰਸਕਾਰ ਕੀਤਾ ਗਿਆ। ਪ੍ਰੋਫੈਸਰ ਢੇਸੀ ਬਹੁਪੱਖੀ ਸ਼ਖਸੀਅਤ ਸਨ। ਉਨ੍ਹਾਂ ਦੀ ਸੋਚ ਵਿਸ਼ਵ-ਵਿਆਪੀ ਸੀ। ਉਹਨਾਂ ਦੀ ਸੋਚ ਅਤੇ ਸ਼ਖਸੀਅਤ ਵਿਚ ਸੰਸਾਰੀ ਤਜਰਬਾ ਅਤੇ ਪੰਜਾਬੀਪਣ ਝਲਕਦਾ ਸੀ। ਪ੍ਰੋਫੈਸਰ ਢੇਸੀ ਨਾਲ ਵਿਚਾਰ ਸਾਂਝਾ ਕਰਨਾ ਆਪਣੇ ਆਪ ਵਿਚ ਵਿੱਦਿਆ ਸੀ। ਉਹ ਆਪਣੇ ਵਿਚਾਰਾਂ ਪਿੱਛੇ ਤੱਥ ਅਤੇ ਵਿਗਿਆਨ ਦਾ ਦਾਅਵਾ ਕਰਦੇ ਸਨ ਅਤੇ ਆਪਣੇ ਸਪਸ਼ਟ ਵਿਚਾਰਾਂ ਅਤੇ ਸਾਦਗੀ ਕਰਕੇ ਜਾਣੇ ਜਾਂਦੇ ਸਨ।


Professor A S Dhesi

### ਮੁਢਲਾ ਜੀਵਨ ਅਤੇ ਪੜ੍ਹਾਈ

ਪ੍ਰੋਫੈਸਰ ਢੇਸੀ ਦਾ ਜਨਮ 9 ਜੁਲਾਈ 1936 ਨੂੰ ਪਿੰਡ ਕਾਹਨਾ ਢੇਸੀਆਂ ਕਾਹਨਾ ਵਿਖੇ ਸਰਦਾਰ ਮਿਲਖਾ ਸਿੰਘ ਢੇਸੀ ਅਤੇ ਸਰਦਾਰਨੀ ਬਖਸ਼ੀਸ਼ ਕੌਰ ਦੇ ਘਰ ਹੋਇਆ। ਮੁਢਲਾ ਜੀਵਨ ਪਿੰਡ ਵਿਚ ਬੀਤਿਆ ਅਤੇ ਮੁਢਲੀ ਸਿੱਖਿਆ ਵੀ ਪਿੰਡ ਦੇ ਸਕੂਲ 'ਚੋਂ ਲਈ। 1953 ਨੂੰ ਉਚ ਪੱਧਰੀ ਵਿੱਦਿਆ ਲਈ ਪਿੰਡ ਬੰਡਾਲਾ ਦੇ ਖਾਲਸਾ ਹਾਈ ਸਕੂਲ ਦਾਖਲਾ ਲਿਆ। ਪੰਜਾਬ ਯੂਨੀਵਰਸਿਟੀ ਤੋਂ 1958 ਨੂੰ ਕੁਦਰਤੀ ਵਿਗਿਆਨ ਵਿਚ ਬੀ. ਐਸ. ਈ. ਕੀਤੀ। ਉਹਨਾਂ ਦਾ ਮੁਢਲਾ ਜੀਵਨ ਪੰਜਾਬ ਦੇ ਪੇਂਡੂ ਖੇਤਰ ਵਿਚ ਵਿਕਸਤ ਹੋਇਆ। ਇਸਦੀ ਛਾਪ ਉਹਨਾਂ ਦੀ ਜੀਵਨ ਪੱਧਤੀ ਅਤੇ ਸੋਚ ਦਾ ਹਿੱਸਾ ਬਣੀ ਰਹੀ। ਉਹ ਅਖੀਰ ਤੱਕ ਆਪਣੇ ਪਿੰਡ ਅਤੇ ਸਮਾਜ ਨੂੰ ਯਾਦ ਕਰਦੇ ਰਹੇ। ਪਿੰਡ ਦੀਆਂ ਗਲੀਆਂ, ਦਰਵਾਜ਼ੇ, ਖੇਤ ਉਨ੍ਹਾਂ ਦੇ ਮਨ ਤੇ ਉਕਰੇ ਹੋਏ ਸਨ।

ਪੰਜਾਬ ਦੀ ਵੰਡ (1947) ਹੋਣ ਕਰਕੇ ਉਚ ਵਿੱਦਿਆ ਹਾਲੀ ਮੁੱਢਲੇ ਪੜਾਅ 'ਤੇ ਸੀ। ਮੁੱਖ ਕੇਂਦਰ ਲਾਹੌਰ ਪਾਕਿਸਤਾਨ ਵਿਚ ਰਹਿ ਗਿਆ। ਪੰਜਾਬ ਯੂਨੀਵਰਸਿਟੀ ਵੀ ਖਿੰਡੀ ਹੋਈ ਸੀ। ਉੱਚ ਵਿੱਦਿਆ ਲਈ ਉਹ ਇੰਗਲੈਂਡ ਚਲੇ ਗਏ। ਸਾਊਥਹਾਲ ਉਨ੍ਹਾਂ ਦਾ ਮੁਢਲਾ ਟਿਕਾਣਾ ਸੀ। 1963 ਵਿਚ ਉਹ ਪਹਿਲੇ ਭਾਰਤੀ ਸਨ, ਜਿਹਨਾਂ ਨੂੰ ਮਹਾਰਾਣੀ ਦੇ ਗਾਰਡਨ ਪਾਰਟੀ ਲਈ ਸੱਦਾ ਮਿਲਿਆ। ਉਨ੍ਹਾਂ ਨੇ 1966 ਵਿਚ ਲੀਡਜ਼ ਤੋਂ ਡਿਵੈਲਪਮੈਂਟ ਐਡਮਿਨਸਟਰੇਸ਼ਨ ਦਾ ਉਚ ਪੱਧਰੀ ਡਿਪਲੋਮਾ ਕੀਤਾ। ਉਹਨਾਂ 1968 ਵਿਚ ਸਰੇ ਯੂਨੀਵਰਸਿਟੀ ਤੋਂ ਅੰਤਰ ਰਾਸ਼ਟਰੀ ਆਰਥਿਕਤਾ ਵਿਚ ਐਮ. ਐਸ. ਈ. ਕੀਤੀ। 1971 ਵਿਚ ਬਰਮਿੰਘਮ ਯੂਨੀਵਰਸਿਟੀ 'ਚੋਂ ਸਮਾਜਿਕ ਵਿਗਿਆਨ ਵਿਚ ਐਮ. ਐਸ. ਦੀ ਡਿਗਰੀ ਲਈ। ਇਸ ਲਈ ਉਨ੍ਹਾਂ ਨੂੰ ਸਕਾਲਰਸ਼ਿਪ ਵੀ ਮਿਲੀ ਹੋਈ ਸੀ। ਉਨ੍ਹਾਂ 1974 ਵਿਚ ਬਰਮਿੰਘਮ ਯੂਨੀਵਰਸਿਟੀ ਤੋਂ ਅਰਥ ਸ਼ਾਸਤਰ ਵਿਚ ਪੀ. ਐਚ. ਡੀ. ਦੀ ਡਿਗਰੀ ਲਈ। ਪ੍ਰੋਫੈਸਰ ਢੇਸੀ ਫੈਕਲਟੀ ਬੋਰਡ, ਫੈਬਲਟੀ ਵਿਕਾਸ ਕਮੇਟੀ ਅਤੇ ਸੈਨੇਟ ਦੇ ਮੈਂਬਰ ਵੀ ਸਨ। ਉਨ੍ਹਾਂ ਕੌਵੈਂਟਰੀ ਯੂਨੀਵਰਸਿਟੀ ਵਿਚ ਪੜ੍ਹਾਇਆ ਵੀ ਸੀ। ਉਹ ਪੜ੍ਹਾਈ ਦੇ ਨਾਲ ਨਾਲ ਸਾਊਥਹਾਲ ਦੇ ਭਾਰਤੀ ਕਾਮਿਆਂ ਦੀ ਐਸੋਸੀਏਸ਼ਨ ਦੇ ਸਕੱਤਰ ਵੀ ਰਹੇ। ਉਹ ਭਾਰਤੀ ਰਾਸ਼ਟਰੀ ਸੁਰੱਖਿਆ ਫੰਡ ਕਮੇਟੀ ਦੇ ਸਹਾਇਕ ਸਕੱਤਰ ਵੀ ਸਨ।

### ਇੰਗਲੈਂਡ: ਨਵਾਂ ਸੰਸਾਰ ਅਤੇ ਤਜਰਬੇ

ਇੰਗਲੈਂਡ ਨੌਜਵਾਨ ਔਤਾਰ ਸਿੰਘ ਢੇਸੀ ਵਾਸਤੇ ਨਵਾਂ ਸੰਸਾਰ ਸੀ। ਭਾਰਤ ਆਜ਼ਾਦ ਤਾਂ ਹੋ ਚੁੱਕਾ ਸੀ ਪਰ ਨਸਲੀ ਸੋਚ ਹਾਲੇ ਵੀ ਅੰਗਰੇਜ਼ੀ, ਖਾਸ ਕਰਕੇ ਉਚ ਵਰਗ ਵਿਚ ਮੌਜੂਦ ਸੀ। ਸ਼ੁਰੂ ਵਿਚ ਪੱਤਰਕਾਰੀ ਅਤੇ ਸਮਾਜਿਕ ਕੰਮਾਂ ਵੱਲ ਧਿਆਨ ਦਿੱਤਾ। ਇਸ ਤੋਂ ਇਲਾਵਾ ਨਸਲੀ ਵਿਤਕਰੇ ਨੂੰ ਉਜਾਗਰ ਕੀਤਾ, ਇਸ ਕਾਰਨ ਯੂਨੀਵਰਸਿਟੀ ਵਿੱਦਿਆ ਦੀ ਸ਼ੁਰੂਆਤ 29 ਸਾਲ ਦੀ ਉਮਰ ਵਿਚ ਸ਼ੁਰੂ ਕੀਤੀ। ਇਸ ਨਵੇਂ ਸੰਸਾਰ ਵਿਚ ਉਹਨਾਂ ਨੇ ਮੁਖਰ ਹੋ ਕੇ ਕੁਝ ਤਜਰਬੇ ਕੀਤੇ ਜੋ ਉਨ੍ਹਾਂ ਦੀ ਸ਼ਖਸੀਅਤ ਦਾ ਹਿੱਸਾ ਬਣੇ।


ਪਹਿਲਾ, ਵਿਕਾਸ ਅਰਥ-ਸ਼ਾਸਤਰ ਅਤੇ ਖਾਸ ਕਰਕੇ ਅੰਤਰ-ਰਾਸ਼ਟਰੀ ਵਪਾਰ ਨੂੰ ਆਰਥਿਕ ਅਤੇ ਕੂਟਨੀਤੀ ਪੱਖੋਂ ਸਮਝਿਆ। ਇਹ ਉਸ ਸਮੇਂ ਦੇ ਭਾਰਤ ਦੀ ਰਾਸ਼ਟਰੀ ਲੋੜ ਸੀ। ਖੋਜਾਰਥੀ ਢੇਸੀ ਨੇ ਭਾਰਤ ਦੇ ਰਾਸ਼ਟਰੀ ਨਿਰਮਾਣ ਨੂੰ ਤਰਜੀਹ ਦਿੱਤੀ ਅਤੇ ਇਸ ਲਈ ਉਸ ਸਮੇਂ ਦੀ ਲੇਬਰ ਪਾਰਟੀ ਦੀ ਰਾਜਨੀਤੀ 'ਚ ਦਿਲਚਸਪੀ ਦਿਖਾਈ। ਅੰਗਰੇਜ਼ੀ ਤਾਕਤ ਨੂੰ ਅੰਤਰ-ਰਾਸ਼ਟਰੀ ਵਪਾਰ ਦੇ ਪੱਖੋਂ ਸਮਝਿਆ। ਉਹਨਾਂ ਦੀ ਸਾਰੀ ਖੋਜ ਵਿਚ ਅੰਤਰ-ਰਾਸ਼ਟਰੀ ਵਪਾਰ ਦਾ ਆਰਥਿਕ ਅਤੇ ਤਕਨੀਕੀ ਜਗਤ ਸਪਸ਼ਟ ਹੈ।

ਦੂਸਰਾ, ਖੋਜਾਰਥੀ ਢੇਸੀ ਦੀ ਰੁਚੀ ਸੀ ਕਿ ਅੰਗਰੇਜ਼ੀ ਸਮਾਜ ਦੇ ਉਚ ਵਰਗ ਨੂੰ ਸਮਝਿਆ ਜਾਵੇ। ਲਾਰਡ ਕੈਨ ਵੂਲਮਰ ਜੋ ਵਿਕਾਸ ਅਰਥ-ਸ਼ਾਸਤਰ ਦੇ ਪ੍ਰਸਿੱਧ ਪ੍ਰੋਫੈਸਰ ਸਨ, ਨਾਲ ਵਿਚਾਰਕ ਸਾਂਝ ਸੀ। ਪ੍ਰੋਫੈਸਰ ਵੂਲਮਰ ਅੰਗਰੇਜ਼ੀ ਪਾਰਲੀਮੈਂਟ ਦੇ ਲੀਡਜ਼ ਸ਼ਹਿਰ ਤੋਂ ਮੈਂਬਰ ਸਨ। ਇਸ ਤੋਂ ਇਲਾਵਾ ਲੀਡਜ਼ ਯੂਨੀਵਰਸਿਟੀ ਦੇ ਬਿਜ਼ਨੈਸ ਸਕੂਲ ਦੇ ਡਾਇਰੈਕਟਰ ਵੀ ਰਹੇ। ਉਨ੍ਹਾਂ ਦੀ ਕੈਡਬਰੀ ਪਰਿਵਾਰ ਨਾਲ ਬਹੁਤ ਨੇੜਤਾ ਸੀ। ਜਾਰਜ ਕੈਡਬਰੀ ਇੰਗਲੈਂਡ ਬੈਂਕ ਦੇ ਗਵਰਨਰ ਵੀ ਰਹੇ ਅਤੇ ਨਿਕੋਲਸ ਕੈਨਬਰੀ ਤਾਂ ਬਰਮਿੰਘਮ ਯੂਨੀਵਰਸਿਟੀ ਦੇ ਚਾਂਸਲਰ ਸਨ। ਇਨ੍ਹਾਂ ਸਬੰਧਾਂ ਨੇ ਆਤਮ ਵਿਸ਼ਵਾਸ ਲਿਆਂਦਾ।

ਤੀਸਰਾ, ਇੰਗਲੈਂਡ ਦੇ ਭਾਰਤੀ ਦੂਤਾਵਾਸ ਅਤੇ ਹਾਈ ਕਮਿਸ਼ਨਰ ਨਾਲ ਚੰਗੀ ਜਾਣ ਪਛਾਣ ਰਹੀ। ਜਦੋਂ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ, ਲਾਲ ਬਹਾਦਰ ਸ਼ਾਸਤਰੀ, ਵਿੱਤ ਮੰਤਰੀ ਮੁਰਾਰਜੀ ਡਿਸਾਈ ਲੰਡਨ ਗਏ, ਢੇਸੀ ਸਾਹਿਬ ਨੂੰ ਸ਼ਾਮਲ ਹੋਣ ਦਾ ਸੱਦਾ ਅਤੇ ਵਿਚਾਰ ਸਾਂਝੇ ਕਰਨ ਦਾ ਮੌਕਾ ਦਿੱਤਾ ਗਿਆ। ਅਕਸਰ ਇਸ ਦੇ ਪਿੱਛੇ ਭਾਰਤੀ ਰਾਜਨੀਤੀ ਵਿਚ ਅਫਵਾਹਾਂ ਫੈਲਦੀਆਂ। ਢੇਸੀ ਸਾਹਿਬ ਨੇ ਰਾਜਨੀਤੀ ਨੂੰ ਪਿੱਛੇ ਛੱਡ ਅਕਾਦਮਿਕ ਖੇਤਰ ਵੱਲ ਧਿਆਨ ਦਿੱਤਾ।

### ਅਰਥ ਸ਼ਾਸਤਰੀ ਅਤੇ ਸਮਾਜ ਸ਼ਾਸਤਰੀ

ਪ੍ਰੋਫੈਸਰ ਢੇਸੀ ਨੇ 5 ਫਰਵਰੀ 1975 ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬ ਸਕੂਲ ਆਫ ਇਕਨਾਮਿਕਸ ਵਿਖੇ ਬਤੌਰ ਐਸੋਸੀਏਟ ਪ੍ਰੋਫੈਸਰ ਸੇਵਾ ਸ਼ੁਰੂ ਕੀਤੀ। ਯੂਨੀਵਰਸਿਟੀ ਵਿਚ ਅੰਤਰ ਰਾਸ਼ਟਰੀ ਵਿਦਿਆਰਥੀਆਂ ਦੇ ਸਲਾਹਕਾਰ ਵੀ ਰਹੇ। ਉਨ੍ਹਾਂ ਨੇ ਇੱਥੇ ਉਚ ਪੱਧਰੀ ਖੋਜ ਕੀਤੀ ਅਤੇ ਆਪਣੇ ਖੋਜਾਰਥੀਆਂ ਕੋਲੋਂ ਵੱਖਰੇ-ਵੱਖਰੇ ਵਿਸ਼ਿਆਂ 'ਤੇ ਖੋਜ ਕਰਵਾਈ। ਉਹ 1982 ਨੂੰ ਵਰਲਡ ਬੈਂਕ, ਵਾਸ਼ਿੰਗਟਨ ਦੇ ਸਲਾਹਕਾਰ ਰਹੇ। ਉਹ 1983 ਨੂੰ ਪ੍ਰੋਫੈਸਰ ਬਣੇ। 1984 ਤੋਂ 1987 ਤੱਕ ਇਕਨਾਮਿਕਸ ਸਕੂਲ ਦੇ ਮੁਖੀ ਰਹੇ। ਉਹ ਇਕਨਾਮਿਕਸ ਫੈਕਲਟੀ ਦੇ ਡੀਨ ਵੀ ਰਹੇ। 1996 ਨੂੰ ਸੇਵਾਮੁਕਤ ਹੋਏ। ਇਸਦੇ ਬਾਅਦ 1998-2000 ਦੌਰਾਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਵਿਜ਼ਟਿੰਗ ਪ੍ਰੋਫੈਸਰ ਦੇ ਤੌਰ 'ਤੇ ਸੇਵਾ ਨਿਭਾਈ। ਉਹ ਪੰਜਾਬ ਸਰਕਾਰ ਦੇ ਯੋਜਨਾ ਬੋਰਡ ਅਤੇ ਭਾਰਤ ਸਰਕਾਰ ਦੇ ਯੋਜਨਾ ਕਮਿਸ਼ਨ ਨਾਲ ਬਤੌਰ ਅਰਥ-ਸ਼ਾਸਤਰੀ ਜੁੜੇ ਹੋਏ ਸਨ। ਉਹ ਪੰਜਾਬ ਡਿਵੈਲਪਮੈਂਟ ਸੁਸਾਇਟੀ ਦੇ ਪਹਿਲੇ ਪ੍ਰਧਾਨ ਨਿਯੁਕਤ ਹੋਏ। ਇਹ 1997 ਵਿਚ ਹੋਂਦ ਵਿਚ ਆਈ, ਜਿਸਦਾ ਕੰਮ ਪੰਜਾਬ ਨੂੰ ਸਰਬ ਵਿਕਾਸ ਦੇ ਰਾਹ ਤੇ ਪਾਉਣਾ ਸੀ।


S. Balraj Singh Dhesi paying homage to his elder brother Professor Autar Singh Dhesi

ਪ੍ਰੋਫੈਸਰ ਢੇਸੀ ਦਾ ਅਰਥ-ਸ਼ਾਸਤਰ ਜ਼ਿਆਦਾਤਰ ਵਿਕਾਸ ਦੇ ਖੇਤਰ ਨਾਲ ਸਬੰਧਤ ਸੀ। ਉਨ੍ਹਾਂ ਮੁਤਾਬਕ ਪੰਜਾਬ ਦੀ ਜ਼ਮੀਨ ਸੀਮਤ ਹੋਣ ਕਰਕੇ ਅਗਲੀ ਕ੍ਰਾਂਤੀ ਮਨੁੱਖੀ ਪੂੰਜੀ ਦੇ ਵਿਕਾਸ ਵਿਚ ਹੋਵੇਗੀ। ਇਸ ਲਈ ਉਹ ਵਿੱਦਿਅਕ ਅਦਾਰਿਆਂ ਦੇ ਪੜ੍ਹਾਈ ਦੇ ਮਿਆਰ ਬਾਰੇ ਜ਼ੋਰ ਦਿੰਦੇ ਸਨ। ਪੰਜਾਬ ਦੇ ਨੌਜਵਾਨਾਂ ਦਾ ਪਰਵਾਸ, ਕਰਜ਼ਾ ਆਦਿ ਹੋਰ ਵਿਸ਼ੇ ਉਨ੍ਹਾਂ ਦੇ ਧਿਆਨ ਵਿਚ ਸਨ। ਉਹ ਪੰਜਾਬ ਦੇ ਵਿਕਾਸ ਲਈ ਸੜਕਾਂ, ਰੇਲਾਂ, ਸਿੰਚਾਈ ਅਤੇ ਬਿਜਲੀ ਦੇ ਪ੍ਰਬੰਧ ਨੂੰ ਅਹਿਮੀਅਤ ਦਿੰਦੇ ਸਨ। ਉਨ੍ਹਾਂ ਦਾ ਸਬੰਧ ਸਮੇਂ ਦੇ ਪ੍ਰਸਿੱਧ ਅਰਥ ਸ਼ਾਸਤਰੀਆਂ ਨਾਲ ਸੀ ਜਿਵੇਂ ਕਿ ਡਾ. ਬੀ. ਐਸ. ਮਿਨਹਾਸ, ਡਾ. ਮਨਮੋਹਨ ਸਿੰਘ, ਜੀ. ਐਸ. ਕਾਲਕਟ ਆਦਿ। ਉਨ੍ਹਾਂ ਨੇ ਅਰਥ ਸ਼ਾਸਤਰ ਨਾਲ ਸਬੰਧਤ ਜਰਨਲ ਵੀ ਸ਼ੁਰੂ ਕੀਤਾ, ਜਿਸਦਾ ਮਿਆਰ ਵਿਸ਼ਵ ਪੱਧਰੀ ਸੀ।

ਮੂਲ ਰੂਪ ਵਿਚ ਪ੍ਰੋਫੈਸਰ ਢੇਸੀ ਸਮਾਜ ਸ਼ਾਸਤਰੀ ਸਨ। ਹਰ ਪੰਜਾਬੀ ਬਿਰਤੀ ਨੂੰ ਇਤਿਹਾਸ ਵਿਚ ਦੇਖਦੇ। ਕਾਫੀ ਸਮਾਂ ਪਹਿਲਾਂ ਉਨ੍ਹਾਂ ਨੇ ਆਪਣੀ ਗੋਤਰ ਢੇਸੀ ਦੀਆਂ ਜੜ੍ਹਾਂ ਰੋਮਨ ਸਾਮਰਾਜ ਦੇ ਇਕ ਪ੍ਰਾਂਤ ਢੇਸੀਆਂ ਨਾਲ ਜੋੜਿਆ। ਦੋਨਾਂ ਦੀ ਇਕਸਾਰਤਾ ਲੱਭੀ ਅਤੇ ਪੰਜਾਬ ਨੂੰ ਆਪਣੀ ਭੌਂਅ ਕਬੂਲਿਆ। ਉਨ੍ਹਾਂ ਦੇ ਦਾਦਾ ਜੀ ਸਰਦਾਰ ਮਹਾਂ ਸਿੰਘ ਦਾ ਗਦਰ ਪਾਰਟੀ ਨਾਲ ਗੂੜ੍ਹਾ ਸਬੰਧ ਸੀ।

ਇਸ ਨੂੰ ਆਇਰਸ਼ ਲੋਕਾਂ ਦੀ ਆਜ਼ਾਦੀ ਨਾਲ ਜੋੜਿਆ। ਅੰਗਰੇਜ਼ੀ ਸੋਚ ਨੂੰ ਆਰਥਿਕ ਅਤੇ ਸਮਾਜਿਕ ਢਾਂਚੇ ਨਾਲ ਸਮਝਿਆ ਜਿਸ ਕਰਕੇ ਸਾਡੀ ਜਲ੍ਹਿਆਂਵਾਲੇ ਬਾਗ ਦੇ ਕਤਲੇਆਮ ਦੀ ਸਮਝ ਸਪਸ਼ਟ ਹੋ ਜਾਂਦੀ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਦੀ ਪੋਤਰੀ ਕੁਮਾਰੀ ਸੋਫੀਆ ਦਲੀਪ ਸਿੰਘ ਦੀ ਔਰਤਾਂ ਬਾਰੇ ਇੰਗਲੈਂਡ ਵਿਚ ਕੀਤੇ ਸੰਘਰਸ਼ ਦੀ ਪੁਸ਼ਟੀ ਵੀ ਕੀਤੀ ਅਤੇ ਇਸ ਬਾਰੇ ਇਕ ਲੈਕਚਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਸਥਾਪਤ ਕੀਤਾ। ਮੈਨੂੰ ਯਕੀਨ ਹੈ ਕਿ ਜੇ ਪ੍ਰੋਫੈਸਰ ਢੇਸੀ ਅਰਥ-ਸ਼ਾਸਤਰੀ ਨਾ ਹੁੰਦੇ ਤਾਂ ਜ਼ਰੂਰ ਇਤਿਹਾਸਕਾਰ ਹੁੰਦੇ। ਇਸ ਤੋਂ ਇਲਾਵਾ ਉਨ੍ਹਾਂ ਨੇ ਆਪਣੇ ਦਾਦਾ ਜੀ ਦੇ ਨਾਂ ਸਰਦਾਰ ਮਹਾਂ ਸਿੰਘ ਢੇਸੀ ਅਤੇ ਛੋਟੇ ਭਰਾ ਸ. ਜਗਤਾਰ ਸਿੰਘ ਢੇਸੀ ਦੇ ਨਾਵਾਂ 'ਤੇ ਵੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਲੈਕਚਰ ਸ਼ੁਰੂ ਕਰਵਾਏ।

### ਜੀਵਨ ਜਾਚ ਅਤੇ ਸੋਚ

ਪ੍ਰੋਫੈਸਰ ਢੇਸੀ ਦਾ ਜੀਵਨ ਕਾਰਜ ਸਾਧਾਰਨ ਅਤੇ ਸਪਸ਼ਟ ਸੀ। ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਕੈਂਪਸ ਵਿਚ ਲੋਕਪ੍ਰਿਯ ਅਧਿਆਪਕ ਸਨ। ਉਨ੍ਹਾਂ ਦਾ ਵਿਚਾਰ ਵਟਾਂਦਰਾ ਅਕਸਰ ਲੰਮਾ ਹੁੰਦਾ ਸੀ। ਉਨ੍ਹਾਂ ਨੂੰ ਥੋੜ੍ਹੀਆਂ ਦੁਨਿਆਵੀ ਲੋੜਾਂ ਵਿਚ ਰਹਿਣ ਦੀ ਮੁਹਾਰਤ ਸੀ। ਅਕਸਰ ਉਹ ਸਿਹਤ ਸਬੰਧੀ ਚਿੰਤਤ ਰਹਿੰਦੇ ਸਨ ਅਤੇ ਖੁਰਾਕ ਦੇ ਗੁਣਾਂ ਨੂੰ ਵਿਗਿਆਨ ਦੀ ਕਸਵੱਟੀ ਤੇ ਤੋਲਦੇ ਸਨ। ਉਨ੍ਹਾਂ ਦੀ ਮੁਢਲੀ ਪੜ੍ਹਾਈ ਵਿਗਿਆਨ ਦੇ ਖੇਤਰ ਵਿਚ ਹੋਣ ਕਰਕੇ ਉਹ ਹਰ ਕੰਮ ਨੂੰ ਵਿਗਿਆਨਕ ਦ੍ਰਿਸ਼ਟੀ ਨਾਲ ਦੇਖਦੇ ਸਨ। ਆਪਣੀ ਖੁਰਾਕ ਨੂੰ ਆਪ ਤਿਆਰ ਕਰਨਾ ਅਤੇ ਸਮੇਂ ਬੱਧ ਲੈਣਾ ਉਨ੍ਹਾਂ ਦੀ ਰੋਜ਼ਾਨਾ ਜੀਵਨ ਜਾਚ ਦਾ ਹਿੱਸਾ ਸੀ। ਉਨ੍ਹਾਂ ਦੀ ਜੀਵਨ ਪੱਧਤੀ ਤੇ ਅੰਗਰੇਜ਼ੀ ਅਸਰ ਦੀ ਛਾਪ ਪ੍ਰਤੱਖ ਸੀ। ਪਰ ਇਸ ਦੇ ਬਾਵਜੂਦ ਉਹ ਪੰਜਾਬੀ ਖਾਣੇ ਅਤੇ ਇਨ੍ਹਾਂ ਦੇ ਇਤਿਹਾਸਕ ਪਿਛੋਕੜ ਬਾਰੇ ਜਾਣੂੰ ਸਨ। ਇਹ ਉਨ੍ਹਾਂ ਦੇ ਸਡੌਲ ਸਰੀਰ ਤੋਂ ਸਪਸ਼ਟ ਹੁੰਦਾ ਸੀ।

ਉਨ੍ਹਾਂ ਦੀ ਸੋਚ ਵਿਸ਼ਵ-ਵਿਆਪੀ ਸੀ। ਉਹ ਅਕਸਰ ਸਮਾਜਾਂ ਅਤੇ ਕੌਮਾਂ ਦੇ ਉਭਾਰ ਅਤੇ ਗਿਰਾਵਟ ਬਾਰੇ ਇਤਿਹਾਸਕ ਬਿਰਤੀ ਰੱਖਦੇ ਸਨ। ਉਨ੍ਹਾਂ ਲਈ ਅਰਥ-ਸ਼ਾਸਤਰ ਭਾਵੇਂ ਤਕਨੀਕੀ ਅਤੇ ਗੁੰਝਲਦਾਰ ਸੀ ਪਰ ਉਹ ਇਸ ਨੂੰ ਸਮਾਜ ਦੀ ਭਲਾਈ ਲਈ ਢਾਲਣ ਲਈ ਹਮੇਸ਼ਾ ਤਿਆਰ ਰਹਿੰਦੇ ਸਨ। ਉਹ ਪੰਜਾਬੀ ਸਮਾਜ ਅਤੇ ਖਾਸ ਕਰਕੇ ਪੇਂਡੂ ਖੇਤਰ ਬਾਰੇ ਜਾਣੂੰ ਸਨ ਅਤੇ ਇਸ ਨੂੰ ਇਤਿਹਾਸਕ ਪਿਛੋਕੜ ਨਾਲ ਜੋੜਦੇ ਸਨ। ਉਨ੍ਹਾਂ ਲਈ ਪੰਜਾਬ ਦਾ ਆਰਥਿਕ ਨਿਘਾਰ, ਪਰਵਾਸ, ਮਨੁੱਖੀ ਪੂੰਜੀ ਦੀ ਦੁਰਦਸ਼ਾ ਆਦਿ ਮੁੱਖ ਵਿਸ਼ੇ ਸਨ। ਉਹ ਪ੍ਰੋਫੈਸਰਾਂ ਦੇ ਪ੍ਰੋਫੈਸਰ ਸਨ।

ਉਨ੍ਹਾਂ ਦਾ ਸਦੀਵੀ ਵਿਛੋੜਾ ਪੰਜਾਬੀ ਸਮਾਜ ਅਤੇ ਅਕਾਦਮਿਕ ਖੇਤਰ ਵਿਚ ਲੰਮੇ ਸਮੇਂ ਲਈ ਮਹਿਸੂਸ ਹੋਵੇਗਾ। ਉਹ ਇਕ ਸੰਸਥਾ ਸਨ ਅਤੇ ਉਨ੍ਹਾਂ ਦੀ ਸੋਚ ਨੂੰ ਭਵਿੱਖ ਲਈ ਸੰਭਾਲਣਾ ਆਪਣੇ ਆਪ ਵਿਚ ਇਕ ਸਮਾਜ ਸੇਵਾ ਹੋਵੇਗੀ। ਅਲਵਿਦਾ ਪ੍ਰੋਫੈਸਰ ਔਤਾਰ ਸਿੰਘ ਢੇਸੀ।

### ਅੰਤਿਮ ਅਰਦਾਸ

ਪ੍ਰੋਫੈਸਰ ਢੇਸੀ ਦੀ ਅੰਤਿਮ ਅਰਦਾਸ 3 ਮਈ ਨੂੰ ਉਨ੍ਹਾਂ ਦੇ ਪਿੰਡ ਬਾਬਾ ਸ਼ਹੀਦ ਗੁਰਦੁਆਰਾ ਵਿਖੇ ਹੋਈ, ਜਿਸ ਵਿਚ ਵੱਡੀ ਗਿਣਤੀ ਵਿਚ ਲੋਕਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਤੇ ਪ੍ਰੋਫੈਸਰ ਬੀ. ਐਸ. ਘੁੰਮਣ, ਸਾਬਕਾ ਵੀ. ਸੀ., ਪੰਜਾਬੀ ਯੂਨੀਵਰਸਿਟੀ ਪਟਿਆਲਾ, ਪ੍ਰੋਫੈਸਰ ਐਚ. ਐਸ. ਸਿੱਧੂ, ਸਾਬਕਾ ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ, ਪ੍ਰੋ. ਗੁਰਮੇਲ ਸਿੰਘ, ਵੀ. ਸੀ., ਅਕਾਲ ਯੂਨੀਵਰਸਿਟੀ, ਦਮਦਮਾ ਸਾਹਿਬ, ਪ੍ਰੋਫੈਸਰ ਸੁਖਦੇਵ ਸਿੰਘ ਸੋਹਲ, ਸਾਬਕਾ ਮੁਖੀ, ਇਤਿਹਾਸ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਅਤੇ ਪ੍ਰੋਫੈਸਰ ਰੌਣਕੀ ਰਾਮ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨੇ ਸ਼ਰਧਾ ਦੇ ਫੁੱਲ ਭੇਂਟ ਕੀਤੇ ਅਤੇ ਪ੍ਰੋਫੈਸਰ ਦੇ ਵੱਖਰੇ ਵੱਖਰੇ ਪੱਖਾਂ 'ਤੇ ਚਾਨਣਾ ਪਾਇਆ। ਆਖਿਰ ਵਿਚ ਉਨ੍ਹਾਂ ਦੇ ਛੋਟੇ ਭਰਾ ਬਲਰਾਜ ਸਿੰਘ ਢੇਸੀ ਨੇ ਸਾਰਿਆਂ ਦਾ ਧੰਨਵਾਦ ਕੀਤਾ। ਸਾਰਿਆਂ ਨੇ ਲੰਗਰ ਛਕਿਆ।

---

**ਪੰਜਾਬੀ ਮਾਂ ਬੋਲੀ ਦੀ ਮਹਾਨ ਸਿਰਮੌਰ ਅਤੇ ਮਾਣਮੱਤੀ ਕਲਮ ਪਦਮ ਸ਼੍ਰੀ ਡਾ। ਸੁਰਜੀਤ ਪਾਤਰ ਜੀ ਦੇ ਇਸ ਫਾਨੀ ਸੰਸਾਰ ਤੋਂ ਰੁਖਸਤ ਹੋ ਜਾਣ ਮਗਰੋਂ ਉਹਨਾਂ ਦੀ ਯਾਦ ਵਿੱਚ ਤੁਹਾਡੇ ਆਪਣੇ ਕਲਾਕਾਰ ਕੁਲਦੀਪ ਚੁੰਬਰ ਕਨੇਡਾ ਦੀ ਕਲਮ ਤੋਂ ਲਿਖੇ ਕੁਝ ਸ਼ੇਅਰ ਅਤੇ ਯਾਦਾਂ ਦਾ ਸਰਮਾਇਆ ਆਪ ਸਭ ਪਾਠਕਾਂ ਨਾਲ ਸਾਂਝਾ ਕਰ ਰਿਹਾ ਹਾਂ ਜੀ.....**

ਸਾਹਿਤ ਦਾ ਅਨਮੋਲ ਖ਼ਜ਼ਾਨਾ, ਤੁਰ ਗਿਆ ਹੱਥ ਛੁਡਾ ਕੇ ਪਾਤਰ ।
ਮਾਂ ਬੋਲੀ ਦਾ ਯਾਰ ਦੀਵਾਨਾ, ਤੁਰ ਗਿਆ ਪੰਧ ਮੁਕਾਕੇ ਪਾਤਰ ।
ਲੋਕ ਚੇਤਿਆਂ ਵਿੱਚ ਰਹੂ ਵਸਦਾ, ਇੰਝ ਗਿਆ ਕਲਮ ਚਲਾਕੇ ਪਾਤਰ ।
ਸਾਹਿਤ ਸਿਰਜ ਕੇ ਪਦਮ ਸ੍ਰੀ ਦਾ, ਉੱਚਾ ਰੁਤਬਾ ਪਾ ਗਿਆ ਪਾਤਰ ।

*******

ਚਾਰ ਚੁਫ਼ੇਰੇ ਪਾਤਰ ਪਾਤਰ, ਉਹ ਲਿਖ ਤੁਰ ਗਿਆ ਬਹੁਤ ਕਿਤਾਬਾਂ ।
ਉਸ ਦੇ ਰਚੇ ਹੋਏ ਹਰਫ਼ ਮਹਿਕ ਦੇ, ਮਹਿਕਾਂ ਵਿੱਚ ਨੇ ਜਿਉਂ ਗੁਲਾਬਾਂ ।
ਪਾਤਰ ਲਿਖ ਜੋ ਮੰਜ਼ਿਲ ਪਾ ਗਿਆ, ਕਵੀਆਂ ਵਿੱਚ ਸੀ ਵਾਂਗ ਨਵਾਬਾਂ ।
ਤਰਜਮਾਨੀ ਜ਼ਿੰਦਗੀ ਦੀ ਕਰਦੇ, ਬੋਲ ਘੁਲੇ ਉਸਦੇ ਪੰਜ ਆਬਾਂ।

*******

ਪੱਤੜ ਕਲਾਂ 'ਚ ਜਨਮਿਆ ਪਾਤਰ, ਨੇੜੇ ਹੀ ਕਰਤਾਰ ਦਾ ਪੁਰ ਹੈ ।
ਰੋਮ ਰੋਮ ਮਾਂ ਬੋਲੀ ਗੂੰਜੇ, ਕਲਮ ਦੀ ਬੜੀ ਨਵੇਕਲੀ ਸੁਰ ਹੈ ।

ਜ਼ਿੰਦਗੀ ਦੇ ਸੀ ਸੱਚ ਦਾ ਸ਼ੀਸ਼ਾ, ਹਰਫ ਉਸ ਦਾ ਇੱਕ ਇੱਕ ਧੁਰ ਹੈ ।
ਜੀਵਨ ਦਾ ਹਰ ਪਹਿਲੂ ਲਿਖ ਗਿਆ, ਲਿਖੇ ਵੀ ਕਿਉਂ ਨਾ ਲਿਖਣ ਦਾ ਗੁਰ ਹੈ।

******

ਸਾਹਿਤ ਕਲਾ ਵਿਰਾਸਤ ਵਿਰਸੇ, ਦਾ ਸੀ ਪਹਿਰੇਦਾਰ ਦੀਵਾਨਾ ।
ਹਰਫਾਂ ਦਾ ਸੌਦਾਗਰ ਸੀ ਉਹ, ਸ਼ਬਦਾਂ ਦੇ ਸੀ ਨਾਲ ਯਰਾਨਾ।
ਐਸੀਆਂ ਲਿਖਤਾਂ ਲਿਖ ਕੇ ਦੇ ਗਿਆ, ਜੋ ਅੱਜ ਬਣੀਆਂ ਕਲਾ ਖ਼ਜ਼ਾਨਾ ।
ਸੱਚਮੁੱਚ ਹੀ ਸੁਰਜੀਤ ਪਾਤਰ ਸੀ, ਮਾਂ ਬੋਲੀ ਦਾ ਇਕ ਪਰਵਾਨਾ ।

******

ਇੱਕ ਵਾਰੀ ਜੋ ਮਿਲਿਆ ਉਸ ਨੂੰ, ਉਹ ਨਹੀਂ ਸੀ ਉਹਦੇ ਚੇਤਿਓਂ ਭੁੱਲਦਾ ।
ਕਵੀਆਂ ਦਾ ਸਰਦਾਰ ਕਵੀ ਸੀ, ਲਿਖਤਾਂ ਵਿੱਚ ਸੀ ਰੱਜ ਰੱਜ ਖੁੱਲ੍ਹਦਾ ।
ਮਾਂ ਬੋਲੀ ਦੇ ਦਰਦ ਦਾ ਹੰਝੂ , ਉਸ ਦੀ ਕਲਮ ਚੋਂ ਪਲ ਪਲ ਡੁੱਲ੍ਹਦਾ ।
ਕਿਸ ਨਾਲ ਕਰਾਂ ਪਾਤਰ ਦੀ ਤੁਲਨਾ, ਦਿਸਦਾ ਨਹੀਂ ਕੋਈ ਉਸ ਦੇ ਤੁੱਲਦਾ ।

ਇਕ ਸਮਾਗਮ ਸ਼ਾਮ ਚੁਰਾਸੀ , ਵਿੱਚ ਸੀ ਸਾਹਿਤ ਸਭਾ ਰਚਾਇਆ ।
ਜਿਥੇ ਖਾਨਪੁਰੀ ਸਾਹਬ ਨੇ, ਮੈਨੂੰ ਪਾਤਰ ਸਾਹਿਬ ਮਿਲਾਇਆ ।
ਮਿਲ ਕੇ ਰੂਹ ਸੀ ਗੱਦ ਗੱਦ ਹੋਈ, ਚਾਅ ਅੰਦਰ ਸੀ ਦੂਣ ਸਵਾਇਆ ।
'ਚੁੰਬਰਾ' ਇੱਕ ਮਿਲਣੀ ਹੀ ਮੇਰੀਆਂ, ਸੱਚਮੁੱਚ ਯਾਦਾਂ ਦਾ ਸਰਮਾਇਆ।

ਪੇਸ਼ਕਸ਼ ਲੇਖਕ –
ਕੁਲਦੀਪ ਚੁੰਬਰ ਕਨੇਡਾ



# ਦਲ ਬਦਲੂਆਂ ਨੂੰ ਟਿਕਟਾਂ ਦੇਣਾ ਕਿੰਨਾ ਕੁ ਜਾਇਜ਼



ਮੇਜਰ ਸਿੰਘ ਨਾਭਾ
91-94635-53962

ਭਾਰਤ ਨੂੰ ਲੋਕਤੰਤਰੀ ਦੇਸ਼ ਮੰਨਿਆ ਗਿਆ ਹੈ। ਭਾਰਤੀ ਸੰਵਿਧਾਨ ਅੰਦਰ ਨਿਰਪੱਖ ਚੋਣਾਂ ਕਰਵਾਉਣ ਲਈ ਆਰਟੀਕਲ 324 ਅਧੀਨ ਚੋਣ ਕਮਿਸ਼ਨਰ ਦੀ ਵਿਵਸਥਾ ਕੀਤੀ ਗਈ ਹੈ ਜਿਸ ਨੂੰ ਸਮੇਂ ਤੋਂ ਪਹਿਲਾਂ ਹਟਾਉਣਾ ਮੁਸਕਿਲ ਹੈ।ਇਹ ਔਖੀ ਪ੍ਰਕ੍ਰਿਆ ਕਰਕੇ ਚੋਣ ਪ੍ਰਕ੍ਰਿਆ ਵਿਚ ਵੀ ਕਾਫੀ ਸੁਧਾਰ ਆਏ ਹਨ। ਸੰਨ 1950 'ਚ ਇੱਕ ਮੈਂਬਰੀ ਚੋਣ ਕਮਿਸ਼ਨਰ ਹੋਂਦ 'ਚ ਆ ਗਿਆ ਸੀ ਸਮੇਂ ਦੇ ਨਾਲ ਨਾਲ ਮੈਂਬਰਾਂ ਦੀ ਗਿਣਤੀ 'ਚ ਬਦਲਾਅ ਵੀ ਹੁੰਦਾ ਆ ਰਿਹਾ ਹੈ। ਚੋਣ ਪ੍ਰਕ੍ਰਿਆ ਵਿੱਚ ਸੁਧਾਰ ਕਰਨ ਲਈ ਸਮੇਂ ਦੇ ਨਾਲ ਨਾਲ ਚੋਣ ਕਮਿਸ਼ਨ ਵਲੋਂ ਨਵਾਂ ਚੋਣ ਜਾਬਤਾ ਲਾਇਆ ਜਾਂਦਾ ਹੈ। ਪਿਛਲੇ ਦੋ ਦਹਾਕੇ ਦੌਰਾਣ ਜਿੰਨੀਆਂ ਵੀ ਰਾਜਾਂ ਅਤੇ ਲੋਕ ਸਭਾ ਦੀਆਂ ਚੋਣਾਂ ਹੋਈਆਂ ਹਨ ਉਨ੍ਹਾਂ ਵਿੱਚ ਝੂਠੇ ਵਾਅਦੇ, ਇੱਕ ਦੂਜੇ ਤੇ ਚਿੱਕੜ ਉਛਾਲਣਾ, ਗੁੰਡਾਗਰਦੀ, ਅਸਭਿਅਕ ਬੋਲਣਾ, ਦਲ ਬਦਲੀ, ਆਦਿ ਦਾ ਬੋਲਬਾਲਾ ਵੱਧਦਾ ਹੀ ਆ ਰਿਹਾ ਹੈ। ਪਿਛਲੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਤਾਂ ਪੰਜਾਬ 'ਚ ਦਲ ਬਦਲੂਆਂ ਨੇ ਹੱਦ ਹੀ ਕਰ ਦਿੱਤੀ।ਕਿਸੇ ਰਾਜਨੀਤਕ ਨੇਤਾ ਨੂੰ ਇੱਕ ਪਾਰਟੀ ਪਹਿਲਾਂ ਮਾੜੀ ਲੱਗੀ, ਦੂਜੀ 'ਚ ਜਾ ਕੇ ਖੂਬ ਪਹਿਲੀ ਪਾਰਟੀ ਦੇ ਪ੍ਰਧਾਨ ਅਤੇ ਹੋਰ ਨੇਤਾਵਾਂ ਤੇ ਭਾਂਤ ਸਭਾਂਤੇ ਦੋਸ਼ ਲਾਏ । ਪਰ ਜਦੋਂ ਉਸ ਨੂੰ ਦੂਜੀ ਪਾਰਟੀ 'ਚ ਵੀ ਉਸ ਤੋਂ ਵੀ ਵੱਧ ਮਾੜਾ ਲੱਗਿਆ ਤਾਂ ਫਸਿਆ ਮਹਿਸੂਸ ਕੀਤਾ ਤਾਂ ਫਿਰ ਉਸੇ ਪਹਿਲੀ ਪਾਰਟੀ 'ਚ ਆਉਣ ਦਾ ਮਨ ਬਣਾ ਲਿਆ,ਇਹੋ ਜਿਹੇ ਮੌਕੇ 'ਘਰ ਵਾਪਸੀ' ਕਹਿ ਕੇ ਖੁਸ਼ੀ ਮਨਾਈ ਜਾਂਦੀ ਹੈ। ਕਈਆਂ ਨੇ ਕਈ ਕਈ ਪਾਰਟੀਆਂ 'ਚ ਸਮੂਲੀਅਤ ਕੀਤੀ ਹੈ। ਕਈਆਂ ਨੇ ਨਵੀਂ ਪਾਰਟੀ ਬਣਾ ਕੇ ਆਪਣੀ ਵੱਖਰੀ ਹੋਂਦ ਨੂੰ ਬਰਕਰਾਰ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਨਵੀਂ ਪਾਰਟੀ ਬਨਾਉਣ ਵਾਲਾ ਉਂਝ ਤਾਂ ਦਲ ਬਦਲੂਆਂ ਤੋਂ ਵਧੀਆ ਸੋਚ ਦਾ ਹੋ ਸਕਦਾ ਹੈ ਪਰ ਉਸ ਨੂੰ ਵੀ ਮਜਬੂਰਨ ਦਲ ਬਦਲੀ ਵਾਲੇ ਨੇਤਾ ਆਪਣੀ ਪਾਰਟੀ ਵਿੱਚ ਸਾਮਲ ਕਰਨੇ ਪੈ ਜਾਂਦੇ ਹਨ। ਇਸ ਤਰ੍ਹਾਂ ਇਹੋ ਜਿਹੀਆਂ ਬਣੀਆਂ ਪਾਰਟੀਆਂ ਹਮੇਸ਼ਾਂ ਤਕਰੀਬਨ ਖਤਮ ਹੁੰਦੀਆਂ ਆਈਆਂ ਹਨ ਜਾਂ ਕਿਸੇ ਪਾਰਟੀ ਵਿੱਚ ਰਲੇਵਾਂ ਕਰਨ ਲਈ ਮਜਬੂਰ ਹੋ ਜਾਂਦੀਆਂ ਹਨ। ਪਿਛਲੇ ਦੌਰ 'ਚ ਇਥੋਂ ਤੱਕ ਸਾਬਕਾ ਮੁੱਖ ਮੰਤਰੀ ਅਤੇ ਪਾਰਟੀਆਂ ਦੇ ਪ੍ਰਧਾਨ ਵੀ ਦਲ -ਬਦਲੂਆਂ ਦਾ ਠੱਪਾ ਲਵਾ ਚੁੱਕੇ ਹਨ । ਇਹ ਨੇਤਾ ਇੱਕ ਦਿਨ ਪਹਿਲਾਂ ਪਾਰਟੀ 'ਚ ਸਾਮਲ ਹੁੰਦੇ ਹਨ ਦੂਸਰੇ ਦਿਨ ਉਨ੍ਹਾਂ ਨੂੰ ਪਾਰਟੀ ਦੀ ਟਿਕਟ ਚੋਣ ਲੜਨ ਲਈ ਮਿਲ ਜਾਂਦੀ ਹੈ । ਕਿਸੇ ਵੀ ਪਾਰਟੀ ਦੇ ਮਿਹਨਤੀ ਵਰਕਰਾਂ ਲਈ ਇਹੋ ਜਿਹੇ ਹਾਲਾਤ ਨਾਮੋਸ਼ੀ ਪੈਦਾ ਕਰਦੇ ਹਨ । ਪੰਜਾਬ 'ਚ ਸਾਰੀਆਂ ਪਾਰਟੀਆਂ ਦੂਜੀਆਂ ਪਾਰਟੀਆਂ 'ਚੋਂ ਤੋੜ ਵਿਛੋੜਾ ਕਰਨ ਲਈ ਲੀਡਰਾਂ / ਮੈਂਬਰਾਂ ਨੂੰ ਗੰਢਣ 'ਚ ਲੱਗੀਆਂ ਰਹੀਆਂ । ਸੰਸਦ ਚੋਣਾਂ 'ਚ ਐਤਕੀਂ ਪਿਛਲੇ ਸਮੇਂ ਦੌਰਾਨ ਹੋਈਆਂ ਚੋਣਾਂ ਨਾਲੋਂ ਵਧੇਰੇ ਦਲ ਬਦਲੂਆਂ ਨੂੰ ਟਿਕਟਾਂ ਮਿਲੀਆਂ ਹਨ । ਲੋਕਤੰਤਰ ਨੂੰ ਬਚਾਉਣ ਲਈ ਸਾਰੀਆਂ ਰਾਜਨੀਤਕ ਪਾਰਟੀਆਂ ਨੂੰ ਇੱਕਠੇ ਹੋ ਕੇ ਕੁਝ ਸ਼ਰਤਾਂ ਅਧੀਨ ਦੂਸਰੇ ਪਾਰਟੀ ਮੈਂਬਰਾਂ ਦੀ ਸਮੂਲੀਅਤ ਲਈ ਸਹਿਮਤੀ ਬਣਾਉਣੀ ਚਾਹੀਦੀ ਹੈ । ਹੁਣ ਤਾਂ ਜਣੇ-ਖਣੇ ਦੇ ਗਲ 'ਚ ਦੋ ਮੀਟਰ ਕਪੜਾ ਪਾ ਕੇ ਆਪਣੀ ਪਾਰਟੀ 'ਚ ਸ਼ਾਮਲ ਕਰ ਲਿਆ ਜਾਂਦਾ ਹੈ । ਮੈਥ ਵਿੱਚ ਥਿਊਰਮਾਂ ਨੂੰ ਹੱਲ ਕਰਦੇ ਸਮੇਂ ਐਕਸ ਵਾਈ ਜ਼ੈਡ ਨੂੰ ਇੱਕ ਦੂਜੇ ਦੇ ਬਰਾਬਰ ਮੰਨ ਕੇ ਆਪਸ 'ਚ ਸਾਰੇ ਬਰਾਬਰ ਸਿੱਧ ਹੋ ਜਾਂਦੇ ਹਨ ਉਸੀ ਤਰ੍ਹਾਂ ਰਾਜਨੀਤਕ ਨੇਤਾਵਾਂ ਉੱਪਰ ਵੀ ਇਹੀ ਫਾਰਮੂਲਾ ਲਾਗੂ ਹੁੰਦਾ ਜਾਪਦਾ ਹੈ ।ਜਿਸ ਨਾਲ ਇਹ ਵੀ ਸਭ ਬਰਾਬਰ ਹੀ ਜਾਪਣ ਲੱਗ ਪਏ ਹਨ।

ਅੱਜ ਦੇ ਵੋਟਰ ਲਈ ਕਿਸੇ ਵੀ ਚੋਣ ਲਈ ਸਹੀ ਉਮੀਦਵਾਰ ਦੀ ਚੋਣ ਕਰਨੀ ਮੁਸ਼ਕਿਲ ਕੰਮ ਹੋ ਗਿਆ ਹੈ। ਪਹਿਲਾਂ ਬਹੁਤੇ ਉਮੀਦਵਾਰਾਂ ਦਾ ਕਿਰਦਾਰ ਸਾਫ ਹੁੰਦਾ ਸੀ ਪਰ ਹੁਣ ਇਹ ਉਲਟ ਜਾਪਦਾ ਲੱਗ ਰਿਹਾ ਹੈ।ਭਾਰਤੀ ਚੋਣ ਕਮਿਸ਼ਨ ਨੇ ਚੋਣ ਪ੍ਰਕ੍ਰਿਆ ਵਿੱਚ ਭਾਵੇਂ ਬਹੁਤ ਸਾਰੇ ਸੁਧਾਰ ਕੀਤੇ ਹਨ ਪਰ ਅਜੇ ਵੀ ਹੋਰ ਸਖਤ ਕਦਮ ਪੁੱਟਣ ਦੀ ਲੋੜ ਹੈ।ਭਾਵੇਂ 1985 'ਚ ਦਲ-ਬਦਲੂ ਵਿਰੋਧੀ ਐਕਟ 52ਵੀਂ ਸੋਧ ਕਰਕੇ ਹੋਂਦ ਵਿੱਚ ਆ ਚੁੱਕਾ ਹੈ ਜਿਸ ਅਨੁਸਾਰ ਕਿਸੇ ਸੰਸਦ ਜਾਂ ਰਾਜ ਵਿਧਾਨ ਸਭਾ ਮੈਂਬਰ ਵਲੋਂ ਸਵੈ-ਇੱਛਾ ਨਾਲ ਦਲ ਨੂੰ ਤਿਆਗਣ ਕਰਕੇ ਜਾਂ ਪਾਰਟੀ ਵਿਪ੍ਹ ਦੀ ਉਲੰਘਣਾ ਕਰਨ ਕਰਕੇ ਉਸ ਦੀ ਮੈਂਬਰਸ਼ਿਪ ਖਤਮ ਹੋ ਸਕਦੀ ਹੈ। ਇਸ ਐਕਟ ਅਧੀਨ ਜੇਕਰ ਇੱਕ ਤਿਹਾਈ ਮੈਂਬਰ ਕਿਸੇ ਪਾਰਟੀ ਤੋਂ ਅਲੱਗ ਹੁੰਦੇ ਹਨ ਤਾਂ ਉਹ ਆਯੋਗ ਨਹੀਂ ਠਹਿਰਾਏ ਜਾ ਸਕਦੇ ਪਰ ਬਾਦ 'ਚ 91ਵੀਂ ਸੋਧ ਕਰਕੇ ਇਹ ਅਨੁਪਾਤ ਦੋ ਤਿਹਾਈ ਕਰ ਦਿੱਤਾ ਗਿਆ। ਇਸ ਅਨੁਸਾਰ ਉਹ ਨਵਾਂ ਗਰੁੱਪ ਨਹੀਂ ਬਣਾ ਸਕਦੇ ਸਗੋਂ ਕਿਸੇ ਦਲ ਵਿੱਚ ਸਾਮਲ ਹੋ ਸਕਦੇ ਹਨ।ਕਿਸੇ ਮੈਂਬਰ ਬਾਰੇ ਇਹ ਫੈਸਲਾ ਵਿਧਾਨ ਸਭਾ ਜਾਂ ਲੋਕ ਸਭਾ ਦੇ ਸਪੀਕਰ ਜਾਂ ਚੇਅਰਮੈਨ ਨੇ ਆਪਣੇ ਵਿਵੇਕ ਤੇ ਕਰਨਾ ਹੁੰਦਾ ਹੈ।ਭਾਵੇਂ ਇਸ ਪ੍ਰਕ੍ਰਿਆ ਨੂੰ ਨਿਆਂ ਪਾਲਿਕਾ ਦੇ ਘੇਰੇ ਤੋਂ ਮੁਕਤ ਰੱਖਿਆ ਗਿਆ ਪਰ ਫਿਰ ਵੀ ਨਿਆਂ ਪਾਲਿਕਾ ਨੂੰ ਕਈ ਕੇਸਾਂ ਵਿੱਚ ਦਖਲ ਦੇਣਾ ਪਿਆ ਹੈ। ਇਸ ਨਾਲ ਦਲ ਬਦਲੂਆਂ ਲਈ ਵੋਟਰ ਨੂੰ ਬੜਾ ਕੁਝ ਸੋਚਣ ਲਈ ਮਜਬੂਰ ਹੋਣਾ ਪੈ ਰਿਹਾ ਹੈ ਪਰ ਪੰਜਾਬ ਅੰਦਰ ਇਹ ਰੁਝਾਣ ਦਿਨੋ ਦਿਨ ਵੱਧਦਾ ਜਾ ਰਿਹਾ ਹੈ ਜੋ ਕਿ ਲੋਕਤੰਤਰ ਲਈ ਚਿੰਤਾ ਦਾ ਵਿਸ਼ਾ ਹੈ।ਦਲ ਬਦਲੂ ਜਦੋਂ ਕਿਸੇ ਅਹੁੱਦੇ ਤੇ ਲੋਕਾਂ ਦੇ ਲੋਕ ਮੱਤ ਨਾਲ ਜੇਤੂ ਹੋਏ ਹੁੰਦੇ ਹਨ ਪਰ ਜਦੋਂ ਉਹੀ ਜੇਤੂ ਮੈਂਬਰ ਚੋਣਾਂ ਸਮੇਂ ਜਿਸ ਪਾਰਟੀ / ਪ੍ਰਧਾਨ ਦੇ ਖਿਲਾਫ ਮਾੜੇ ਤੋਂ ਮਾੜੇ ਸ਼ਬਦ ਬੋਲਦੇ ਸੀ ਹੁਣ ਦਲ ਬਦਲ ਕੇ ਉਨ੍ਹਾਂ ਨਾਲ ਜੱਫੀਆਂ ਪਾਉਂਦੇ ਦਿਖਾਈ ਦਿੰਦੇ ਹਨ।ਦਲ ਬਦਲੂਆਂ ਨੂੰ ਪੈਸੇ ਨਾਲ ਜਾਂ ਅਹੁੱਦਿਆਂ ਦੇ ਲਾਲਚ ਦੇ ਕੇ ਖਰੀਦਣ ਦੇ ਦੋਸ਼ ਵਿਰੋਧੀਆਂ ਵਲੋਂ ਆਮ ਲਗਾਏ ਜਾਂਦੇ ਹਨ।

ਦਲ ਬਦਲਣ ਵਾਲੇ ਉਮੀਦਵਾਰਾਂ ਦਾ ਚੋਣਾਂ 'ਚ ਉਨ੍ਹਾਂ ਲਈ ਦਿਨ ਰਾਤ ਮਿਹਨਤ ਕਰਨੇ ਵਾਲੇ ਦੋਹਾਂ ਪਾਸਿਆਂ ਤੋਂ ਵਿਰੋਧ ਕਰ ਰਹੇ ਹੁੰਦੇ ਹਨ ਕਿਉਂ ਕਿ ਉਨ੍ਹਾਂ ਨਾਲ ਵਿਸ਼ਵਾਸ਼ਘਾਤ ਕੀਤਾ ਹੁੰਦਾ ਹੈ, ਜਿਸ ਨਾਲ ਹਲਕੇ ਅੰਦਰ ਤਣਾਅ ਪੈਦਾ ਹੋਣ ਦਾ ਖਤਰਾ ਹੈ।ਹੁਣ ਇਹ ਸਾਡੇ ਦੇਸ਼ ਦੇ ਨੇਤਾਵਾਂ ਲਈ ਗੰਭੀਰਤਾ ਨਾਲ ਸੋਚਣ ਦਾ ਮਾਮਲਾ ਹੈ।ਕਿਸੇ ਵੀ ਪਾਰਟੀ ਦਾ ਅਨੁਸ਼ਾਸਨ ਸਾਰਿਆਂ ਲਈ ਮਹੱਤਵ ਰੱਖਦਾ ਹੈ।ਜੇਕਰ ਕਿਸੇ ਮੈਂਬਰ ਨੂੰ ਪਾਰਟੀ ਦਾ ਕੰਮ, ਨੀਤੀਆਂ ਆਦਿ ਚੰਗੀਆਂ ਨਹੀਂ ਲੱਗਦੀਆਂ ਤਾਂ ਉਹ ਪਾਰਟੀ ਤਾਂ ਛੱਡ ਸਕਦਾ ਹੋਵੇ ਪਰ ਹੋਰ ਪਾਰਟੀ 'ਚ ਜਾਣ ਲਈ ਉਸ ਲਈ ਸਮਾਂ ਤੈਅ ਕੀਤਾ ਜਾਣਾ ਚਾਹੀਦਾ ਹੈ, ਕਿ ਕਿੰਨਾ ਸਮਾਂ ਹੋਰ ਕਿਸੇ ਪਾਰਟੀ ਵਿੱਚ ਨਹੀਂ ਜਾ ਸਕਦਾ। ਇਹ ਤਾਂ ਉਂਝ ਉਸ ਨੇਤਾ ਨੂੰ ਵੀ ਚਾਹੀਦਾ ਕਿ ਜਲਦੀ 'ਚ ਦੂਜੀ ਪਾਰਟੀ 'ਚ ਨਾ ਜਾਵੇ ਜਿਸ ਬਾਰੇ ਉਹ ਪਹਿਲਾਂ ਮੰਦਾ ਬੋਲ ਚੁੱਕਿਆ ਹੈ। ਇਸ ਨਾਲ ਉਸ ਦਾ ਅਕਸ਼ ਵੀ ਲੋਕਾਂ ਸਾਹਮਣੇ ਖਰਾਬ ਨਹੀਂ ਹੋਵੇਗਾ। ਇਸ ਤਰ੍ਹਾਂ ਦਾ ਵਰਤਾਰਾ ਸਾਡੇ ਸਮਾਜ ਅੰਦਰ ਨੈਤਿਕ ਕਦਰਾਂ ਕੀਮਤਾਂ ਦਾ ਘਾਣ ਕਰਨ ਲਈ ਰੋਲ ਅਦਾ ਕਰਦਾ ਹੈ।ਚੋਣ ਕਮਿਸਨ ਦਲ ਬਦਲੂਆਂ ਤੇ ਘੱਟੋ ਘੱਟ ਪੰਜ ਸਾਲ ਲਈ ਉਨ੍ਹਾਂ ਦੀਆਂ ਰਾਜਨੀਤਕ ਸਰਗਰਮੀਆਂ ਤੇ ਰੋਕ ਲਾਏ।ਦਲ ਬਦਲਣ ਵਾਲੇ ਨੇਤਾ ਆਪਣੀ ਸੰਸਦ ਜਾਂ ਵਿਧਾਨ ਸਭਾ ਮੈਂਬਰੀ ਤੋਂ ਤਿਆਗ ਪੱਤਰ ਦੇ ਕੇ ਜਿਮਨੀ ਚੋਣਾਂ ਦਾ ਰਾਹ ਪੱਧਰਾ ਕਰ ਦਿੰਦੇ ਹਨ ਭਾਵੇਂ ਟਰਮ ਮੁਤਾਬਕ ਚੋਣਾਂ 'ਚ ਥੋੜਾ ਸਮਾਂ ਹੀ ਰਹਿੰਦਾ ਹੋਵੇ ਇਸ ਤਰ੍ਹਾਂ ਕਰੋੜਾਂ ਰੁਪਿਆ ਸਰਕਾਰ ਅਤੇ ਨੇਤਾਵਾਂ ਦਾ ਫਜ਼ੂਲ ਖਰਚਿਆ ਜਾਂਦਾ ਹੈ ।

ਚੋਣਾਂ ਦੌਰਾਣ ਵਾਅਦਿਆਂ ਦੀਆਂ ਉਮੀਦਵਾਰਾਂ ਵਲੋਂ ਝੜੀਆਂ ਲਾ ਦਿੱਤੀਆਂ ਜਾਦੀਆਂ ਹਨ।ਅਸੰਭਵ ਨੂੰ ਸੰਭਵ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਪਰ ਜਿੱਤਣ ਬਾਅਦ ਉਮੀਦਵਾਰ ਵੋਟਰਾਂ ਦੀ ਪਹੁੰਚ ਤੋਂ ਦੂਰ ਰਹਿਣ ਲੱਗਦਾ ਹੈ। ਵੋਟਰ ਨੂੰ ਹੁਣ ਇਨ੍ਹਾਂ ਗਿਰਗਟ ਵਾਂਗ ਰੰਗ ਬਦਲਣ ਵਾਲੇ ਨੇਤਾਵਾਂ ਤੇ ਉਨ੍ਹਾਂ ਦੀ ਕਹੀ ਕਿਸੇ ਵੀ ਗੱਲ ਤੇ ਕੋਈ ਵਿਸ਼ਵਾਸ਼ ਨਹੀਂ ਰਿਹਾ। ਜਿਹੜੇ ਰਾਤੋ ਰਾਤ ਆਪਣੇ ਵਿਚਾਰ ਬਦਲ ਕੇ ਪਾਲਾ ਬਦਲ ਲੈਣ ਉਨ੍ਹਾਂ ਤੋਂ ਲੋਕਾਂ ਨੂੰ ਕੀ ਆਸਾਂ ਹੋ ਸਕਦੀਆਂ ਹਨ? ਲੋਕਤੰਤਰ ਦਾ ਭਵਿੱਖ ਭਾਰਤ ਵਿੱਚ ਧੁੰਦਲਾ ਦਿਖਾਈ ਦੇ ਰਿਹਾ ਹੈ। ਲੋਕਾਂ ਦੁਆਰਾ ਚੁਣੇ ਸੱਤਾ ਦਾ ਆਨੰਦ ਮਾਣ ਰਹੇ ਮੁੱਖ ਮੰਤਰੀ ਤੱਕ ਹੁਣ ਲੋਕਾਂ ਨਾਲ ਕੀਤੇ ਵਾਅਦਿਆਂ ਤੋਂ ਮੁੱਕਰਨ ਨੂੰ ਵੀ ਟਿੱਚ ਸਮਝਦੇ ਹਨ ।

ਸ਼ੋਸਲ ਮੀਡੀਏ 'ਚ ਉਨ੍ਹਾਂ ਦੇ ਆਪਾ ਵਿਰੋਧੀ ਬੋਲ ਸੁਣ ਕੇ ਕੀ ਉਨ੍ਹਾਂ ਨੂੰ ਸ਼ਰਮ ਨਹੀਂ ਆਉਂਦੀ ਹੋਵੇਗੀ, ਸ਼ਾਇਦ ਹੋਲੀ ਹੋਲੀ ਪੱਥਰ ਦਿਲ ਬਣਨ ਵੱਲ ਚਲੇ ਜਾਂਦੇ ਹਨ । ਭਾਵੇਂ ਵੋਟਰ ਨੂੰ ਵੀ ਆਪਣੀ ਵੋਟ ਸ਼ਕਤੀ ਨਾਲ ਬਦਲਾਅ ਕਰਨ ਦਾ ਅਧਿਕਾਰ ਹੈ ਪਰ ਯੋਗ ਉਮੀਦਵਾਰ ਪਛਾਨਣਾ ਉਸ ਲਈ ਚੁਣੌਤੀ ਭਰਿਆ ਕੰਮ ਹੈ,ਇਹੋ ਤ੍ਰਾਸ਼ਦੀ ਹੈ ਜੋ ਕਿ ਬਹੁਤੇ ਵੋਟਰ ਕਰ ਨਹੀਂ ਪਾਉਂਦੇ ਜੋ ਕਿ ਲੋਕਤੰਤਰ ਲਈ ਮਾੜਾ ਰੁਝਾਨ ਜਾਪਦਾ ਹੈ ।

## ਪੁਸਤਕ ਸਮੀਖਿਆ


**ਬਿਰਹੋਂ ਦੇ ਡੰਗ**

**ਰੀਵਿਊਕਾਰ: ਬਲਜਿੰਦਰ ਮਾਨ 98150-18947**

**ਕਵੀ: ਮਾਸਟਰ ਕੁਲਵਿੰਦਰ ਸਿੰਘ ਜੰਡਾ**

**ਪ੍ਰਕਾਸ਼ਕ: ਟਾਈਮਸ ਪਬਲੀਕੇਸ਼ਨਜ਼, ਪੰਨੇ: 88, ਮੁੱਲ : 200 ਰੁਪਏ**

ਇਕ ਦਰਜਨ ਕਾਵਿ ਪੁਸਤਕਾਂ ਦੇ ਰਚਨਹਾਰੇ ਮਾਸਟਰ ਕੁਲਵਿੰਦਰ ਸਿੰਘ ਜੰਡਾ ਨੇ ਸਾਹਿਤਕ ਖੇਤਰ ਵਿੱਚ ਸੰਦਲੀ ਪੈੜਾਂ ਪਾਈਆਂ ਹਨ। ਆਪਣੀਆਂ ਸਾਹਿਤਕ ਕਿਰਤਾਂ ਨਾਲ ਉਹ ਮਹਿਫਲਾਂ ਦਾ ਸ਼ਿੰਗਾਰ ਬਣਦੇ ਹਨ। ਵਾਤਾਵਰਣ ਸੰਭਾਲ ਸੁਸਾਇਟੀ ਦੇ ਪ੍ਰਧਾਨ ਹੋਣ ਦੇ ਨਾਤੇ ਉਹ ਜਿੱਥੇ ਉਹ ਕੁਦਰਤੀ ਵਾਤਾਵਰਣ ਨੂੰ ਬਚਾਉਣ ਦਾ ਸੁਨੇਹਾ ਦਿੰਦੇ ਹਨ ਉੱਥੇ ਨਵੀਂ ਪਨੀਰੀ ਨੂੰ ਨਰੋਈਆਂ ਕਦਰਾਂ ਕੀਮਤਾਂ ਦੇ ਧਾਰਨੀ ਵੀ ਬਣਾਉਂਦੇ ਹਨ। ਕਾਵਿ ਕਲਾ ਨਾਲ ਭਰਪੂਰ ਉਹਨਾਂ ਦੀਆਂ ਕਿਰਤਾਂ ਵਿੱਚ ਮਨੋਰੰਜਨ, ਪ੍ਰੇਰਨਾ ਅਤੇ ਉਚ ਪਾਏ ਦਾ ਸੁਨੇਹਾ ਮਿਲਦਾ ਹੈ। ਹੱਥਲੀ ਪੁਸਤਕ 'ਬਿਰਹੋਂ ਡੇ ਡੰਗ' ਤੋਂ ਪਹਿਲਾਂ ਉਹਨਾਂ ਦੀਆਂ ਪੁਸਤਕਾਂ ਪਿਆਸਾ ਦਰਿਆ, ਪੀੜਾਂ ਦੀ ਬਰਸਾਤ, ਗ਼ਮ ਦੀ ਦੁਪਹਿਰ, ਬਿਰਹੋ ਦਾ ਝੱਖੜ, ਤਨਹਾਈ ਦਾ ਖੰਡਰ, ਅਣਖਿੜਿਆ ਫੁੱਲ, ਹਿਜ਼ਰ ਦੇ ਘੁੱਟ, ਪੀੜਾਂ ਦੇ ਫੁੱਲ,ਜ਼ਖਮੀ ਰੂਹਾਂ,ਹਸਰਤਾਂ ਦੇ ਅੰਗਾਰ ਅਤੇ ਯਾਦਾਂ ਦੀ ਛੰਨ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਇਹਨਾਂ ਪੁਸਤਕਾਂ ਨੂੰ ਪਾਠਕਾਂ ਨੇ ਦੋਨੀਂ ਹੱਥੀਂ ਕਬੂਲਿਆ ਹੈ।



ਹੱਥਲੀ ਪੁਸਤਕ "ਬਿਰਹੋ ਦੇ ਡੰਗ" ਪਿਆਰ ਮੁਹੱਬਤ ਦੇ ਆਨੰਦ ਅਤੇ ਦਰਦ ਵਿਛੋੜੇ ਨੂੰ ਪੇਸ਼ ਕਰਦੀ ਹੈ। ਅਲ੍ਹੜ ਬਰੇਸ ਦੀ ਯਾਰੀ ਨਾ ਆਰ ਦੀ ਰਹਿੰਦੀ ਹੈ ਤੇ ਨਾ ਪਾਰ ਦੀ ਰਹਿੰਦੀ ਹੈ। ਦੋਨੋਂ ਪ੍ਰੇਮੀ ਇਸ ਪਿਆਰ ਦੇ ਭੰਵਰ ਵਿੱਚ ਫਸੇ ਇੱਕ ਦੂਜੇ ਨੂੰ ਮਿਲਣ ਲਈ ਤੜਫਦੇ ਰਹਿੰਦੇ ਹਨ। ਇਸ ਦਰਦ ਨੂੰ ਕਵੀ ਨੇ ਡੂੰਘੀਆ ਰਮਜ਼ਾਂ ਰਾਹੀਂ ਪੇਸ਼ ਕੀਤਾ ਹੈ। ਸ਼ਾਇਰੀ ਦੇ ਇਹਨਾਂ ਵੰਨ-ਸਵੰਨੇ ਰੰਗਾਂ ਵਿੱਚ ਬਿਰਹੋਂ ਦਾ ਰੰਗ ਪ੍ਰਧਾਨ ਹੈ। ਇਸ ਦੇ ਨਾਲ ਹੀ ਉਹ ਫੋਕੇ ਰਸਮ ਰਿਵਾਜ਼ਾਂ ਨੂੰ ਭੰਡਦੇ ਹੋਏ ਨਵੀਆਂ ਲੀਹਾਂ ਸਿਰਜਦੇ ਹਨ।

ਆਪ ਸੱਚੀਆਂ ਮੁਹੱਬਤਾਂ ਦੇ ਪ੍ਰਚਾਰਕ ਹੀ ਨਹੀਂ ਸਗੋਂ ਸਮੁੱਚੇ ਸਮਾਜ ਨੂੰ ਪਾਕ ਮੁਹੱਬਤ ਕਰਦੇ ਹਨ। ਉਹਨਾਂ ਦਾ ਵਿਚਾਰ ਹੈ ਕਿ ਇਸ ਮੁਹੱਬਤ ਸਦਕਾ ਹੀ ਸੋਹਣਾ ਤੇ ਸੁਚੱਜਾ ਸਮਾਜ ਸਿਰਜਿਆ ਜਾ ਸਕਦਾ ਹੈ। ਸੱਚੇ ਪ੍ਰੇਮੀਆਂ ਦੇ ਰਾਹ ਵਿੱਚ ਆਉਂਦੀਆਂ ਔਕੜਾਂ ਨੂੰ ਵੀ ਬੇਬਾਕੀ ਨਾਲ ਬਿਆਨਿਆ ਹੈ। ਸੱਜਣਾਂ ਦੀ ਯਾਦ ਵਿੱਚ ਬਰਸਦਾ ਸਾਵਣ ਹਰ ਕਿਸੇ ਦਾ ਮਨ ਪਿਘਲਾ ਦਿੰਦਾ ਹੈ ਅਤੇ ਜਵਾਨੀ ਵੇਲੇ ਦੀਆਂ ਯਾਦਾਂ ਤਾਜ਼ੀਆਂ ਹੋ ਜਾਂਦੀਆਂ ਹਨ। ਉਹ ਇਸ ਵਰਤਾਏ ਨੂੰ ਕੁਦਰਤੀ ਮੰਨਦੇ ਹੋਏ ਲਿਖਦੇ ਨੇ :-

ਰੋਣਾ ਜਿਨਾਂ ਦੇ ਕਰਮੀ ਲਿਖਿਆ ਹੱਸ ਕਿਦਾਂ ਸਕਦੇ ਨੇ।
ਇਸ਼ਕ ਜਿਨਾਂ ਦੇ ਹੱਡੀਂ ਰਚਿਆ ਦੱਸ ਕਿੱਦਾਂ ਸਕਦੇ ਨੇ।

ਕਵੀ ਨੂੰ ਇਸ ਗੱਲ ਦਾ ਵੀ ਦੁੱਖ ਹੈ ਕਿ ਸਮਾਜ ਵਿੱਚ ਪਿਆਰ ਦੀ ਪਰਿਭਾਸ਼ਾ ਹੀ ਬਦਲ ਗਈ ਹੈ। ਗਰਜ਼ਾਂ ਨਾਲ ਪਿਆਰ ਹੁੰਦਾ ਹੈ ਤੇ ਮਤਲਬ ਪੂਰਾ ਹੋਣ ਤੋਂ ਬਾਅਦ ਪਿਆਰ ਟੁੱਟ ਜਾਂਦਾ ਹੈ। ਕਵੀ ਕੋਲ ਜੀਵਨ ਦੇ ਗਹਿਰੇ ਤਜਰਬੇ ਹੋਣ ਕਰਕੇ ਉਹ ਹਰ ਵਿਸ਼ੇ ਨੂੰ ਬੜੀ ਮਹੀਨ ਨਜ਼ਰ ਨਾਲ ਵਿਚਾਰਦੇ ਅਤੇ ਨਿਖਾਰਦੇ ਹਨ। ਆਪਣਿਆਂ ਦਾ ਬੇਗਾਨੇ ਬਣਨਾ ਕਵੀ ਲਈ ਦੁਖਦਾਈ ਹੈ। ਵਿਛੋੜੇ ਦੀ ਅੱਗ ਵਿੱਚ ਤੜਫਦੇ ਪ੍ਰੇਮੀਆਂ ਨੂੰ ਸਮਾਜ ਦੇ ਤਾਹਨੇ ਮਿਹਣੇ ਵੀ ਸਤਾਉਂਦੇ ਹਨ। ਇਸ ਤਰ੍ਹਾਂ ਇਹ ਕਾਵਿ ਸੰਗ੍ਰਹਿ ਪ੍ਰੇਮੀਆਂ ਦੇ ਵਿਛੋੜੇ ਦੇ ਦਰਦ ਨੂੰ ਪੇਸ਼ ਕਰਦਾ ਹੋਇਆ ਸਮਾਜ ਦੀਆਂ ਮਨੋਵਿਗਿਆਨਿਕ ਪਰਤਾਂ ਨੂੰ ਫਰੋਲਦਾ ਹੈ। ਕਵੀ ਨੇ ਆਪਣੇ ਸਭ ਗੀਤ ਗ਼ਜ਼ਲ ਉਸ ਦੇ ਨਾਮ ਕੀਤੇ ਹਨ। ਬਿਰਹੋਂ ਦੇ ਡੰਗ ਹਰ ਕਿਸੇ ਦੇ ਵੱਜਦੇ ਹਨ ਪਰ ਕੋਈ ਸੀਨੇ ਵਿੱਚ ਛੁਪਾਈ ਰੱਖਦਾ ਹੈ ਤੇ ਕੋਈ ਪ੍ਰਗਟ ਕਰਦਾ ਹੈ।ਇਹ ਦਰਦ ਛੁਪਾਏ ਨਹੀਂ ਜਾਂਦੇ ਆਪਣੇ ਆਪ ਪ੍ਰਗਟ ਹੋ ਜਾਂਦੇ ਨੇ। ਅਜਿਹੇ ਵਰਤਾਰਿਆਂ ਨੂੰ ਸਿਰਜਦੀਆਂ ਇਹ ਗ਼ਜ਼ਲਾਂ ਹਰ ਪਾਠਕ ਨੂੰ ਆਪਣੀਆਂ ਲੱਗਦੀਆਂ ਹਨ। ਕਵੀ ਨੇ ਇਹਨਾਂ ਦੀ ਸਿਰਜਣਾ ਵਿੱਚ ਕਾਵਿ ਸ਼ਾਸਤਰ ਦੇ ਨਿਯਮਾਂ ਵਿੱਚ ਬੱਝਣ ਦੀ ਬਜਾਏ ਖੁੱਲ੍ਹ ਵੀ ਲਈ ਹੈ।

## ਗੁਰਦੁਆਰਾ ਸ੍ਰੀ ਰਜਾਣਾ ਸਾਹਿਬ ਪਾਤਸ਼ਾਹੀ ਛੇਵੀਂ ਤੇ ਦਸਵੀਂ, ਪਿੰਡ ਅਜਨੇਰ (ਸ੍ਰੀ ਫਤਹਿਗੜ੍ਹ ਸਾਹਿਬ)

ਪੰਜਾਬ ਦੀ ਧਰਤੀ ਗੁਰੂਆਂ-ਪੀਰਾਂ ਦੀ ਚਰਨ ਛੋਹ ਪ੍ਰਾਪਤ ਧਰਤੀ ਹੈ। ਜਿੱਥੇ-ਜਿੱਥੇ ਵੀ ਗੁਰੂ ਸਾਹਿਬਾਨਾਂ ਨੇ ਪੈਰ ਧਰੇ, ਉੱਥੇ ਹੀ ਕੋਈ ਨਾ ਕੋਈ ਇਤਿਹਾਸ ਸਿਰਜਿਆ ਗਿਆ। ਫਿਰ ਉਸ ਥਾਂ ਉੱਤੇ ਗੁਰਦੁਆਰਾ ਸਾਹਿਬ ਸੁਸ਼ੋਭਿਤ ਕੀਤੇ ਗਏ। ਅਜਿਹਾ ਹੀ ਇੱਕ ਇਤਿਹਾਸਕ ਗੁਰਦੁਆਰਾ ਸਾਹਿਬ ਹੈ ਸ੍ਰੀ ਰਜਾਣਾ ਸਾਹਿਬ ਜੀ। ਗੁਰਦੁਆਰਾ ਰਜਾਣਾ



ਸਾਹਿਬ ਖੰਨਾ ਤੋ 10 ਕਿਲੋਮੀਟਰ ਦੂਰ ਖੰਨਾ-ਭੜੀ ਰੋਡ ਉੱਤੇ ਪਿੰਡ ਅਜਨੇਰ ਵਿਖੇ ਸਥਿਤ ਹੈ। ਇਹ ਗੁਰਦੁਆਰਾ ਸਾਹਿਬ ਜਿਸ ਥਾਂ ਉੱਤੇ ਹੁਣ ਸੁਸ਼ੋਭਿਤ ਹੈ, ਉੱਥੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਪਏ ਹੋਏ ਹਨ। ਇਸ ਗੁਰਦੁਆਰਾ ਸਾਹਿਬ ਜੀ ਦਾ ਇਤਿਹਾਸ ਇਸ ਤਰ੍ਹਾਂ ਹੈ। ਜਿਸ ਸਮੇਂ ਗੁਰੂ ਹਰਗੋਬਿੰਦ ਸਾਹਿਬ ਮਹਾਰਾਜ ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾਅ ਹੋ ਕੇ 52 ਰਾਜਿਆਂ ਸਮੇਤ ਪੰਜਾਬ ਦੀ ਧਰਤੀ ਨੂੰ ਤਾਰਦੇ ਹੋਏ ਪਿੰਡ ਅਜਨੇਰ ਦੀ ਢਾਬ 'ਤੇ ਪਹੁੰਚੇ ਸਨ। ਇਸ ਪਿੰਡ ਵਿੱਚ ਮੁਸਲਮਾਨਾਂ ਦਾ ਜਿਆਦਾ ਜ਼ੋਰ ਸੀ। ਜਦੋਂ ਸੰਗਤਾਂ ਨੂੰ ਗੁਰੂ ਜੀ ਦੇ ਆਉਣ ਦੀ ਖਬਰ ਮਿਲੀ ਤਾਂ ਸੰਗਤਾਂ ਗੁਰੂ ਜੀ ਦੇ ਦਰਸ਼ਨਾਂ ਲਈ ਆਉਣ ਲੱਗੀਆਂ। ਪਿੰਡ ਜੱਲ੍ਹਣਪੁਰ ਤੋਂ ਇੱਕ ਬ੍ਰਾਹਮਣਾ ਦੀ ਲੜਕੀ, ਜਿਸ ਦਾ ਨਾਂਅ ਰਾਮੇਸ਼ਵਰੀ ਦੇਵੀ ਸੀ, ਵੀ ਆਉਣ ਲੱਗੀ, ਜਿਸ ਨੂੰ ਕੋਹੜ ਦਾ ਰੋਗ ਲੱਗਾ ਹੋਇਆ ਸੀ। ਇਸ ਅਸਥਾਨ 'ਤੇ ਗੁਰੂ ਜੀ ਨੇ ਸਸ਼ਤਰ ਮਾਰ ਕੇ ਚਸਮਾਂ ਚਲਾਇਆ ਜਿਸ ਦੇ ਜਲ ਨਾਲ ਇਸ਼ਨਾਨ ਕਰਨ ਨਾਲ ਬੀਬੀ ਰਾਮੇਸ਼ਵਰੀ ਦੇਵੀ ਦੇ ਕੋਹੜ ਦਾ ਰੋਗ ਦੂਰ ਹੋਇਆ। ਇਹ ਚਸਮਾਂ ਅੱਜ ਵੀ ਮੌਜੂਦ ਹੈ, ਜੋ ਦਰਬਾਰ ਸਾਹਿਬ ਦੇ ਅੰਦਰ ਹੈ। ਕੁੱਝ ਸਮਾਂ ਅਜਨੇਰ ਰਹਿਣ ਤੋਂ ਬਾਅਦ ਗੁਰੂ ਜੀ ਪਿੰਡ ਮਲਕਪੁਰ, ਬਰਮਾਲੀਪੁਰ ਨਗਰਾਂ 'ਚੋ ਹੁੰਦੇ ਹੋਏ ਪਿੰਡ ਘੁਡਾਣੀ ਪਹੁੰਚੇ ਸਨ।



ਇਸੇ ਤਰ੍ਹਾਂ ਹੀ ਇਸ ਧਰਤ ਨੂੰ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਵੀ ਪ੍ਰਾਪਤ ਹੈ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਉੱਚ ਦੇ ਪੀਰ ਬਣ ਕੇ ਇੱਥੇ ਆਏ ਸਨ। ਗੁਰੂ ਜੀ ਦਾ ਅਜਨੇਰ ਆਉਣ ਦਾ ਕਾਰਨ ਇਹ ਹੈ ਕਿ ਗੁਰੂ ਜੀ ਦੇ ਸੀਸ ਤੇ ਮੋਰ ਪੰਖ ਦਾ ਮੁਠਾ ਝੁਲਾਉਣ ਵਾਲਾ ਹਾਜੀ ਚਰਾਗ ਸਾਹ ਪਿੰਡ ਅਜਨੇਰ ਦਾ ਰਹਿਣ ਵਾਲਾ ਸੀ। ਗੁਰੂ ਜੀ ਉਨ੍ਹਾਂ ਨੂੰ ਹੀ ਮਿਲਣ ਇਸ ਪਿੰਡ ਵਿਚ ਆਏ ਸਨ। ਗੁਰੂ ਕੀਆਂ ਸਾਖੀਆਂ ਵਿੱਚ ਇਸ ਦਾ ਜ਼ਿਕਰ ਮਿਲਦਾ ਹੈ, ਪਰ ਇਤਿਹਾਸਕ ਗਰੰਥਾਂ ਵਿੱਚ ਇਸ ਦਾ ਜ਼ਿਕਰ ਨਹੀਂ। ਇਤਿਹਾਸਕ ਗਰੰਥਾਂ ਅਨੁਸਾਰ ਗੁਰੂ ਜੀ ਮਾਛੀਵਾੜੇ ਤੋਂ ਸਿੱਧਾ ਪਿੰਡ ਘੁਲਾਲ ਗਏ ਸਨ। ਪਰ ਗੁਰੂ ਕੀਆਂ ਸਾਖੀਆਂ ਅਨੁਸਾਰ ਗੁਰੂ ਜੀ ਮਾਛੀਵਾੜੇ ਤੋਂ ਪਿੰਡ ਕੀੜੀ ਪਠਾਣਾਂ, ਘੁੰਗਰਾਲੀ ਅਤੇ ਪਿੰਡ ਮਾਨੂੰਪਰ ਵਿੱਚੀ ਹੁੰਦੇ ਹੋਏ ਪਹਿਲਾਂ ਪਿੰਡ ਅਜਨੇਰ ਗਏ ਤੇ ਉਥੋਂ ਪਿੰਡ ਮਲਕਪੁਰ ਰਾਹੀਂ ਪਿੰਡ ਘੁਲਾਲ ਪਹੁੰਚੇ ਸਨ। ਗੁਰੂ ਜੀ ਨੂੰ ਹਾਜੀ ਚਰਾਗ ਸਾਹ ਨੇ ਤਲਾਅ ਦੇ ਕਿਨਾਰੇ ਆਪਣੇ ਤਕੀਏ ਵਿਚ ਠਹਿਰਾਇਆ ਸੀ। ਪਿੰਡ ਅਜਨੇਰ ਵਿੱਚ ਹਾਜੀ ਚਰਾਗ ਸਾਹ ਦਾ ਮਜਾਰ (ਕਬਰ) ਅੱਜ ਵੀ ਤਲਾਅ ਦੇ ਕਿਨਾਰੇ 'ਤੇ ਹੈ।

ਇਨ੍ਹਾਂ ਦੋਵੇਂ ਪਾਤਸ਼ਾਹੀਆਂ ਦੀ ਯਾਦ ਵਿੱਚ ਇਸ ਪਾਵਨ-ਪਵਿੱਤਰ ਅਸਥਾਨ 'ਤੇ ਇੱਕ ਬਹੁਤ ਹੀ ਸ਼ਾਨਦਾਰ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। ਪਵਿੱਤਰ ਸਰੋਵਰ, ਰਿਹਾਇਸ਼ੀ ਕਮਰੇ, ਲੰਗਰ ਹਾਲ ਤੇ ਪ੍ਰਬੰਧਕੀ ਕਮਰੇ ਵੀ ਬਣੇ ਹੋਏ ਹਨ। ਇਸ ਅਸਥਾਨ ਦੀ ਪਵਿੱਤਰਤਾ ਨੂੰ ਮੁੱਖ ਰੱਖਦਿਆਂ ਹਰ ਮਹੀਨੇ ਦੀ ਪੂਰਨਮਾਸੀ ਵਿਸ਼ੇਸ ਤੌਰ 'ਤੇ ਇਸ ਅਸਥਾਨ 'ਤੇ ਮਨਾਈ ਜਾਂਦੀ ਹੈ।



**ਤਸਵਿੰਦਰ ਸਿੰਘ ਬੜੈਚ**
**7527931887**

# ਜੇਈਈ ਐਡਵਾਂਸ -2024 ਵਿੱਚ ਚੋਟੀ ਦਾ ਰੈਂਕ ਪ੍ਰਾਪਤ ਕਰਨ ਲਈ ਸੁਝਾਅ



**ਵਿਜੈ ਗਰਗ (ਪੀ.ਈ.ਐਸ.)**
**ਸਾਬਕਾ ਪ੍ਰਿੰਸੀਪਲ**

ਹਰ ਜੇਈਈ ਐਡਵਾਂਸ ਉਮੀਦਵਾਰ ਇਹ ਜਾਣਨਾ ਚਾਹੁੰਦਾ ਹੈ ਕਿ 'ਜੇਈਈ 2024 ਵਿੱਚ ਚੋਟੀ ਦਾ ਰੈਂਕ ਕਿਵੇਂ ਪ੍ਰਾਪਤ ਕਰਨਾ ਹੈ'। ਉਨ੍ਹਾਂ ਦੀ ਚਿੰਤਾ ਸਮਝਣ ਯੋਗ ਹੈ, ਕਿਉਂਕਿ ਜੇਈਈ ਨੂੰ ਤੋੜਨਾ ਵੱਕਾਰੀ ਇੰਜੀਨੀਅਰਿੰਗ ਸੰਸਥਾਵਾਂ ਵਿੱਚ ਦਾਖਲਾ ਲੈਣ ਦਾ ਰਾਹ ਖੋਲ੍ਹਦਾ ਹੈ। ਜੇਈਈ ਵਿੱਚ ਦੋ ਪੜਾਅ ਹੁੰਦੇ ਹਨ, ਜੇਈਈ ਮੇਨ ਅਤੇ ਜੇਈਈ ਐਡਵਾਂਸਡ। ਉਹ ਉਮੀਦਵਾਰ ਜੋ ਮੁੱਖ ਪ੍ਰੀਖਿਆ ਪਾਸ ਕਰਨ ਦਾ ਪ੍ਰਬੰਧ ਕਰਦੇ ਹਨ, ਉਹ ਐਡਵਾਂਸਡ ਪੜਾਅ ਲਈ ਯੋਗ ਹੁੰਦੇ ਹਨ। ਹਰ ਸਾਲ ਲੱਖਾਂ ਵਿਦਿਆਰਥੀ ਇਹਨਾਂ ਪ੍ਰੀਖਿਆਵਾਂ ਲਈ ਅਪਲਾਈ ਕਰਦੇ ਹਨ, ਜੋ ਕਿ ਪ੍ਰਤੀਯੋਗੀ ਪ੍ਰੀਖਿਆ ਦੇ ਪੈਟਰਨ ਦੀ ਪਾਲਣਾ ਕਰਦੇ ਹਨ। ਪਰ ਸਿਰਫ਼ ਕੁਝ ਹੀ ਇਨ੍ਹਾਂ ਨੂੰ ਤੋੜਨ ਅਤੇ ਆਪਣੇ ਪਸੰਦੀਦਾ ਕਾਲਜਾਂ ਵਿੱਚ ਸੀਟ ਹਾਸਲ ਕਰਨ ਵਿੱਚ ਕਾਮਯਾਬ ਹੁੰਦੇ ਹਨ। ਜੇ ਤੁਸੀਂ ਜੇਈਈ ਐਡਵਾਂਸਡ 2024 ਵਿੱਚ ਉੱਤਮ ਹੋਣ ਬਾਰੇ ਗੰਭੀਰ ਹੋ, ਤਾਂ ਤੁਹਾਨੂੰ ਇੱਕ ਰਣਨੀਤਕ ਤਿਆਰੀ ਸ਼ੁਰੂ ਕਰਨੀ ਚਾਹੀਦੀ ਹੈ। ਸੁਝਾਅ ਜੋ ਜੇਈਈ ਦੀ ਤਿਆਰੀ ਅਤੇ ਤੁਹਾਡੇ ਟੀਚੇ ਨੂੰ ਪ੍ਰਾਪਤ ਕਰਨ ਲਈ ਜ਼ਰੂਰੀ ਹਨ। ਜੇਈਈ ਵਿੱਚ ਚੋਟੀ ਦਾ ਦਰਜਾ: ਸਿਲੇਬਸ ਨੂੰ ਜਾਣੋ ਜੇਈਈ ਸਿਲੇਬਸ ਨੂੰ ਸਮਝਣਾ ਪ੍ਰੀਖਿਆ ਦੀ ਤਿਆਰੀ ਦੀ ਰਣਨੀਤੀ ਬਣਾਉਣ ਦਾ ਮੁਢਲਾ ਕਦਮ ਹੈ। ਇਮਤਿਹਾਨ ਲਈ ਤੁਹਾਨੂੰ ਸਿੱਖਣ ਲਈ ਲੋੜੀਂਦੇ ਸਾਰੇ ਅਧਿਆਵਾਂ ਅਤੇ ਵਿਸ਼ਿਆਂ ਦਾ ਪਤਾ ਲਗਾਓ। ਇਹਨਾਂ ਵਿੱਚ 11ਵੀਂ ਅਤੇ 12ਵੀਂ ਜਮਾਤ ਵਿੱਚ ਸ਼ਾਮਲ ਭੌਤਿਕ ਵਿਗਿਆਨ, ਰਸਾਇਣ ਅਤੇ ਗਣਿਤ ਦੇ ਅਧਿਆਇ ਸ਼ਾਮਲ ਹਨ। ਅੱਗੇ, ਤੁਹਾਨੂੰ ਹਰੇਕ ਵਿਸ਼ੇ ਨੂੰ ਪੂਰਾ ਕਰਨ ਲਈ ਢੁਕਵਾਂ ਸਮਾਂ ਦੇਣਾ ਚਾਹੀਦਾ ਹੈ। ਵਿਸ਼ਿਆਂ ਨੂੰ ਸਿੱਖਣ ਲਈ ਸਮਾਂ ਵੰਡਦੇ ਹੋਏ, ਤੁਹਾਨੂੰ ਉਹਨਾਂ ਦੇ ਮੁਸ਼ਕਲ ਪੱਧਰ ਦਾ ਪਤਾ ਲਗਾਉਣਾ ਚਾਹੀਦਾ ਹੈ। ਇਹ ਪਹੁੰਚ ਹਰੇਕ ਅਧਿਆਇ ਨੂੰ ਖਤਮ ਕਰਨ ਲਈ ਇੱਕ ਯਥਾਰਥਵਾਦੀ ਸਮਾਂ ਸੀਮਾ ਸਥਾਪਤ ਕਰਨ ਵਿੱਚ ਮਦਦ ਕਰਦੀ ਹੈ। ਉੱਚ-ਉਪਜ ਵਾਲੇ ਵਿਸ਼ਿਆਂ 'ਤੇ ਫੋਕਸ ਕਰੋ ਜੇਈਈ ਐਡਵਾਂਸਡ 2024 ਵਿੱਚ ਚੋਟੀ ਦਾ ਦਰਜਾ ਪ੍ਰਾਪਤ ਕਰਨ ਲਈ, ਤੁਹਾਨੂੰ 90 ਪ੍ਰਤੀਸ਼ਤ ਤੋਂ ਉੱਪਰ ਸੁਰੱਖਿਅਤ ਹੋਣਾ ਚਾਹੀਦਾ ਹੈ। ਇਸ ਸਕੋਰ ਨੂੰ ਪ੍ਰਾਪਤ ਕਰਨ ਲਈ ਤੁਹਾਨੂੰ ਆਪਣੀ ਤਿਆਰੀ ਨੂੰ ਉੱਚ-ਉਪਜ ਵਾਲੇ ਅਧਿਆਵਾਂ 'ਤੇ ਕੇਂਦਰਿਤ ਕਰਨ ਦੀ ਲੋੜ ਹੈ। ਇਨ੍ਹਾਂ ਅਧਿਆਵਾਂ ਵਿੱਚ ਮਹੱਤਵਪੂਰਨ ਵਿਸ਼ੇ ਸ਼ਾਮਲ ਹਨ ਜਿਨ੍ਹਾਂ ਤੋਂ ਪ੍ਰੀਖਿਆ ਵਿੱਚ ਜ਼ਿਆਦਾਤਰ ਸਵਾਲ ਪੁੱਛੇ ਜਾਂਦੇ ਹਨ। ਜੇਈਈ ਵਿੱਚ ਆਪਣੀ ਰੈਂਕ ਨੂੰ ਵਧਾਉਣ ਲਈ, ਤੁਹਾਨੂੰ ਮਹੱਤਵਪੂਰਨ ਵਿਸ਼ਿਆਂ ਦੀ ਇੱਕ ਠੋਸ ਕਮਾਂਡ ਨੂੰ ਸਮਝਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਤੁਹਾਨੂੰ ਉਹਨਾਂ ਤੋਂ ਕਈ ਸਵਾਲ ਹੱਲ ਕਰਨੇ ਚਾਹੀਦੇ ਹਨ। ਜੇਕਰ ਤੁਹਾਨੂੰ ਕੋਈ ਵਿਸ਼ਾ ਚੁਣੌਤੀਪੂਰਨ ਲੱਗਦਾ ਹੈ, ਤਾਂ ਇਸ ਨੂੰ ਸਮਝਣ ਲਈ ਮਾਹਰ ਮਾਰਗਦਰਸ਼ਨ ਲੈਣ ਬਾਰੇ ਵਿਚਾਰ ਕਰੋ। ਐਨਸੀਆਰਟੀ ਨਾਲ ਤਿਆਰੀ ਕਰੋ ਐਨਸੀਆਰਟੀ ਪਾਠ ਪੁਸਤਕਾਂ ਜੇਈਈ ਉਮੀਦਵਾਰਾਂ ਲਈ ਸਭ ਤੋਂ ਵਧੀਆ ਮਾਰਗਦਰਸ਼ਕ ਹਨ। ਇਹ ਕਿਤਾਬਾਂ ਹਰੇਕ ਸੰਕਲਪ ਨੂੰ ਆਸਾਨੀ ਨਾਲ ਸਮਝਣਯੋਗ ਭਾਸ਼ਾ ਵਿੱਚ ਸਮਝਾਉਂਦੀਆਂ ਹਨ। ਇਸ ਤੋਂ ਇਲਾਵਾ, ਜੇਈਈ ਪੇਪਰ ਵਿੱਚ ਬਹੁਤ ਸਾਰੇ ਸਵਾਲ ਇਹਨਾਂ ਕਿਤਾਬਾਂ ਤੋਂ ਤਿਆਰ ਕੀਤੇ ਗਏ ਹਨ।

ਇਸ ਲਈ, ਤੁਹਾਨੂੰ ਆਪਣੀ ਜੇਈਈ ਤਿਆਰੀ ਯੋਜਨਾ ਵਿੱਚ ਐਨਸੀਆਰਟੀ ਨੂੰ ਸ਼ਾਮਲ ਕਰਨਾ ਚਾਹੀਦਾ ਹੈ। ਮਾਹਰ ਸਿਫਾਰਸ਼ ਕਰਦੇ ਹਨ ਕਿ ਚਾਹਵਾਨਾਂ ਨੂੰ ਐਨਸੀਆਰਟੀ ਦੇ ਅਧਿਆਇ ਪੜ੍ਹਨਾ ਸ਼ੁਰੂ ਕਰੋ ਅਤੇ ਮਹੱਤਵਪੂਰਨ ਨੁਕਤੇ ਨੋਟ ਕਰੋ। ਇਸ ਤੋਂ ਇਲਾਵਾ, ਉਹਨਾਂ ਨੂੰ ਹਰੇਕ ਅਧਿਆਇ ਤੋਂ ਅਭਿਆਸ ਦੇ ਸਵਾਲਾਂ ਨੂੰ ਹੱਲ ਕਰਨਾ ਚਾਹੀਦਾ ਹੈ। ਵਧੀਆ ਸਕੋਰ ਕਰਨ ਲਈ, ਤੁਹਾਨੂੰ ਆਪਣੀ ਤਿਆਰੀ ਯੋਜਨਾ ਵਿੱਚ ਇਸ ਪਹੁੰਚ ਨੂੰ ਸ਼ਾਮਲ ਕਰਨਾ ਚਾਹੀਦਾ ਹੈ। ਸੰਕਲਪਾਂ ਨੂੰ ਸਮਝੋ ਜੇਈਈ ਪ੍ਰਸ਼ਨ ਗੁੰਝਲਦਾਰ ਹੁੰਦੇ ਹਨ ਅਤੇ ਡੂੰਘੇ ਵਿਸ਼ਲੇਸ਼ਣ ਦੇ ਹੁਨਰ ਦੀ ਲੋੜ ਹੁੰਦੀ ਹੈ।

ਜੇ ਤੁਹਾਡੀਆਂ ਬੁਨਿਆਦੀ ਧਾਰਨਾਵਾਂ ਸਪੱਸ਼ਟ ਨਹੀਂ ਹਨ ਤਾਂ ਤੁਸੀਂ ਜੇਈਈ ਪ੍ਰੀਖਿਆ ਵਿੱਚ ਉੱਤਮ ਨਹੀਂ ਹੋ ਸਕਦੇ। ਭਾਵੇਂ ਇਹ ਭੌਤਿਕ ਵਿਗਿਆਨ ਜਾਂ ਗਣਿਤ ਹੈ, ਤੁਹਾਨੂੰ ਸਮੱਸਿਆਵਾਂ ਨੂੰ ਹੱਲ ਕਰਨ ਲਈ ਸੰਕਲਪਾਂ ਅਤੇ ਉਹਨਾਂ ਦੀ ਵਰਤੋਂ ਦੀ ਪੂਰੀ ਤਰ੍ਹਾਂ ਨਾਲ ਕਮਾਂਡ ਪ੍ਰਾਪਤ ਕਰਨੀ ਚਾਹੀਦੀ ਹੈ। ਸੰਕਲਪਿਕ ਸਮਝ ਨੂੰ ਮਜ਼ਬੂਤ ਕਰਨ ਲਈ, ਤੁਹਾਨੂੰ ਫੈਕਲਟੀ ਜਾਂ ਕੋਚਿੰਗ ਮਾਹਰਾਂ ਤੋਂ ਮਾਰਗਦਰਸ਼ਨ ਲੈਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਤੁਹਾਨੂੰ ਸਪੀਡ ਅਤੇ ਸ਼ੁੱਧਤਾ ਨੂੰ ਬਿਹਤਰ ਬਣਾਉਣ ਲਈ ਜੇਈਈ ਵਿਸ਼ਿਆਂ ਤੋਂ ਕਈ ਸਵਾਲ ਹੱਲ ਕਰਨ ਦਾ ਅਭਿਆਸ ਕਰਨਾ ਚਾਹੀਦਾ ਹੈ। ਵਧੀਆ ਅਧਿਐਨ ਸਮੱਗਰੀ ਦੀ ਵਰਤੋਂ ਕਰੋ ਹਾਲਾਂਕਿ ਐਨਸੀਆਰਟੀ ਤੁਹਾਡੇ ਬੁਨਿਆਦੀ ਗਿਆਨ ਨੂੰ ਮਜ਼ਬੂਤ ਕਰਨ ਵਿੱਚ ਮਦਦ ਕਰਦਾ ਹੈ, ਤੁਹਾਨੂੰ ਹੋਰ ਹਵਾਲਾ ਪੁਸਤਕਾਂ ਦੀ ਲੋੜ ਹੈ। ਪਰ ਤੁਹਾਨੂੰ ਜੇਈਈ ਦੀ ਤਿਆਰੀ ਨੂੰ ਵਧਾਉਣ ਲਈ ਸਿਰਫ਼ ਸੰਬੰਧਿਤ ਕਿਤਾਬਾਂ ਦੀ ਚੋਣ ਕਰਨੀ ਚਾਹੀਦੀ ਹੈ। ਜੇਈਈ ਅਧਿਐਨ ਸਮੱਗਰੀ ਦੀ ਚੋਣ ਕਰਨ ਲਈ ਆਪਣੇ ਫੈਕਲਟੀ ਮੈਂਬਰਾਂ ਦੀ ਸਲਾਹ ਲੈਣਾ ਸਭ ਤੋਂ ਵਧੀਆ ਤਰੀਕਾ ਹੈ। ਤੁਸੀਂ ਵਧੀਆ ਜੇਈਈ ਕੋਚਿੰਗ ਕਲਾਸਾਂ ਵਿੱਚ ਵੀ ਸ਼ਾਮਲ ਹੋ ਸਕਦੇ ਹੋ ਜੋ ਸ਼ਾਨਦਾਰ ਅਧਿਐਨ ਸਮੱਗਰੀ ਪ੍ਰਦਾਨ ਕਰਦੀਆਂ ਹਨ। ਇਹ ਸਰੋਤ ਸਾਵਧਾਨੀ ਨਾਲ ਉਮੀਦਵਾਰਾਂ ਦੀਆਂ ਸਿੱਖਣ ਦੀਆਂ ਲੋੜਾਂ ਨਾਲ ਮੇਲ ਕਰਨ ਲਈ ਬਣਾਏ ਗਏ ਹਨ। ਇਸ ਤੋਂ ਇਲਾਵਾ, ਉਹਨਾਂ ਵਿੱਚ ਸਵੈ-ਮੁਲਾਂਕਣ ਲਈ ਉੱਤਰ ਕੁੰਜੀਆਂ ਦੇ ਨਾਲ ਨਮੂਨਾ ਪੇਪਰ ਅਤੇ ਪਿਛਲੇ ਸਾਲਾਂ ਦੇ ਪ੍ਰਸ਼ਨ ਪੱਤਰ ਸ਼ਾਮਲ ਹੁੰਦੇ ਹਨ।

ਨੋਟਸ ਤਿਆਰ ਕਰੋ ਜਦੋਂ ਤੁਸੀਂ ਇੱਕ ਨਵੇਂ ਅਧਿਆਏ ਨੂੰ ਕਵਰ ਕਰਦੇ ਹੋ, ਤਾਂ ਵਿਅਕਤੀਗਤ ਨੋਟਸ ਤਿਆਰ ਕਰਨ ਬਾਰੇ ਵਿਚਾਰ ਕਰੋ, ਜਿਸ ਵਿੱਚ ਮਹੱਤਵਪੂਰਨ ਨੁਕਤੇ, ਫਾਰਮੂਲੇ ਅਤੇ ਸਮੀਕਰਨ ਸ਼ਾਮਲ ਹਨ।ਕਿਸੇ ਵਿਸ਼ੇ ਨੂੰ ਆਪਣੇ ਸ਼ਬਦਾਂ ਵਿੱਚ ਸਮਝਾਉਣਾ ਤੁਹਾਡੇ ਗਿਆਨ ਨੂੰ ਮਜ਼ਬੂਤ ਕਰਨ ਵਿੱਚ ਮਦਦ ਕਰਦਾ ਹੈ। ਇਹ ਪਹੁੰਚ ਖਾਸ ਵਿਸ਼ਿਆਂ ਨੂੰ ਯਾਦ ਕਰਨ ਵਿੱਚ ਵੀ ਸੁਧਾਰ ਕਰਦੀ ਹੈ। ਨੋਟਸ ਤਿਆਰ ਕਰਦੇ ਸਮੇਂ, ਤੁਹਾਨੂੰ ਹਰੇਕ ਵਿਸ਼ੇ ਲਈ ਵੱਖਰੀ ਨੋਟਬੁੱਕ ਰੱਖਣੀ ਚਾਹੀਦੀ ਹੈ। ਤੁਹਾਨੂੰ ਮਹੱਤਵਪੂਰਨ ਬਿੰਦੂਆਂ ਨੂੰ ਵੀ ਉਜਾਗਰ ਕਰਨਾ ਚਾਹੀਦਾ ਹੈ ਜਾਂ ਉਹਨਾਂ ਲਈ ਫਲੈਸ਼ਕਾਰਡ ਬਣਾਉਣੇ ਚਾਹੀਦੇ ਹਨ। ਇਸ ਤਰ੍ਹਾਂ, ਤੁਸੀਂ ਘੱਟ ਸਮੇਂ ਵਿੱਚ ਪੂਰੇ ਸਿਲੇਬਸ ਨੂੰ ਆਸਾਨੀ ਨਾਲ ਸੋਧ ਸਕਦੇ ਹੋ। ਮੌਕ ਟੈਸਟ ਲਓ ਮੌਕ ਟੈਸਟ ਪ੍ਰੀਖਿਆ ਦੇ ਢਾਂਚੇ ਅਤੇ ਵਾਤਾਵਰਣ ਦੀ ਨਕਲ ਕਰਦੇ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਪ੍ਰੀਖਿਆ ਦੇ ਮਾਹੌਲ ਤੋਂ ਜਾਣੂ ਕਰਵਾਇਆ। ਜੇਈਈ ਮੌਕ ਟੈਸਟਾਂ ਵਿੱਚ ਭਾਗੀਦਾਰੀ ਉਮੀਦਵਾਰਾਂ ਨੂੰ ਇੱਕ ਟੈਸਟ ਲੈਣ ਦੀ ਰਣਨੀਤੀ ਵਿਕਸਿਤ ਕਰਨ ਵਿੱਚ ਮਦਦ ਕਰਦੀ ਹੈ। ਰਣਨੀਤੀ ਦੀ ਪਾਲਣਾ ਕਰਕੇ, ਉਹ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਪ੍ਰੀਖਿਆ ਨੂੰ ਪੂਰਾ ਕਰ ਸਕਦੇ ਹਨ। ਜੇਈਈ ਮੌਕ ਟੈਸਟ ਦਿੰਦੇ ਸਮੇਂ, ਤੁਹਾਨੂੰ ਸਹੀ ਸਮਾਂ ਪ੍ਰਬੰਧਨ 'ਤੇ ਧਿਆਨ ਦੇਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਤੁਹਾਨੂੰ ਆਪਣੇ ਕਮਜ਼ੋਰ ਭਾਗਾਂ ਨੂੰ ਮਜ਼ਬੂਤ ਕਰਨ ਲਈ ਆਪਣੇ ਪ੍ਰਦਰਸ਼ਨ ਦਾ ਵਿਸ਼ਲੇਸ਼ਣ ਕਰਨ ਦੀ ਲੋੜ ਹੈ। ਮੌਕ ਟੈਸਟਾਂ ਵਿੱਚ ਵਾਰ-ਵਾਰ ਭਾਗ ਲੈਣ ਨਾਲ, ਤੁਸੀਂ ਆਪਣੀ ਗਤੀ ਅਤੇ ਸ਼ੁੱਧਤਾ ਨੂੰ ਵਧਾ ਸਕਦੇ ਹੋ। ਨਿਯਮਿਤ ਤੌਰ 'ਤੇ ਸੋਧ ਕਰੋ ਜੇਈਈ ਐਡਵਾਂਸ 2024 ਦੇ ਸਿਲੇਬਸ ਵਿੱਚ ਕੁੱਲ 64 ਅਧਿਆਏ ਹਨ। ਤੁਸੀਂ ਮਹੱਤਵਪੂਰਨ ਵਿਸ਼ਿਆਂ ਅਤੇ ਸੰਕਲਪਾਂ ਨੂੰ ਭੁੱਲ ਸਕਦੇ ਹੋ ਜੇਕਰ ਤੁਸੀਂ ਉਹਨਾਂ ਤੋਂ ਪ੍ਰਸ਼ਨਾਂ ਦਾ ਅਭਿਆਸ ਨਹੀਂ ਕਰਦੇ ਹੋ। ਇਸ ਲਈ, ਤੁਹਾਨੂੰ ਸਾਰੇ ਸਿੱਖੇ ਗਏ ਅਧਿਆਵਾਂ ਦੀ ਨਿਯਮਤ ਸੋਧ ਦੀ ਪਾਲਣਾ ਕਰਨੀ ਚਾਹੀਦੀ ਹੈ। ਇੱਕ ਵਾਰ-ਵਾਰ ਸੰਸ਼ੋਧਨ ਪਹੁੰਚ ਮਹੱਤਵਪੂਰਨ ਅਧਿਆਵਾਂ ਦੀ ਤੁਹਾਡੀ ਸਮਝ ਨੂੰ ਮਜ਼ਬੂਤ ਕਰਨ ਵਿੱਚ ਮਦਦ ਕਰਦੀ ਹੈ। ਇਸ ਤੋਂ ਇਲਾਵਾ, ਤੁਸੀਂ ਇਮਤਿਹਾਨ ਤੋਂ ਪਹਿਲਾਂ ਹਰੇਕ ਅਧਿਆਇ ਨੂੰ ਚੰਗੀ ਤਰ੍ਹਾਂ ਮੁੜ ਵਿਚਾਰਨ 'ਤੇ ਤਣਾਅ ਤੋਂ ਬਚ ਸਕਦੇ ਹੋ। ਨੈਗੇਟਿਵ ਮਾਰਕਿੰਗ ਤੋਂ ਬਚੋ ਨੈਗੇਟਿਵ ਮਾਰਕਿੰਗ ਘੱਟ ਜੇਈਈ ਸਕੋਰ ਦਾ ਸਭ ਤੋਂ ਮਹੱਤਵਪੂਰਨ ਕਾਰਨ ਹੈ। ਤੁਹਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਉਮੀਦਵਾਰ ਅਕਸਰ ਅੰਦਾਜ਼ਾ ਲਗਾਉਣ ਦੁਆਰਾ ਇੱਕ ਔਖੇ ਸਵਾਲ ਦੀ ਕੋਸ਼ਿਸ਼ ਕਰਦੇ ਹਨ। ਉਨ੍ਹਾਂ ਵਿੱਚੋਂ ਜ਼ਿਆਦਾਤਰ ਸੋਚਦੇ ਹਨ ਕਿ ਇੱਕ ਪ੍ਰਸ਼ਨ ਛੱਡਣ ਨਾਲ ਉਨ੍ਹਾਂ ਨੂੰ 0 ਅੰਕ ਮਿਲਣਗੇ।

ਜਵਾਬ ਦਾ ਅਨੁਮਾਨ ਲਗਾਉਂਦੇ ਹੋਏ ਉਹਨਾਂ ਨੂੰ 4 ਅੰਕ ਮਿਲ ਸਕਦੇ ਹਨ। ਹਾਲਾਂਕਿ ਜਵਾਬ ਦਾ ਅਨੁਮਾਨ ਲਗਾਉਣ ਨਾਲ ਜੇਈਈ ਸਕੋਰ ਵਧ ਸਕਦਾ ਹੈ, ਪਰ ਸਹੀ ਵਿਕਲਪ ਚੁਣਨ ਦੀ ਸੰਭਾਵਨਾ ਬਹੁਤ ਘੱਟ ਹੈ। ਇਸ ਤੋਂ ਇਲਾਵਾ, ਗਲਤ ਜਵਾਬ ਚੁਣਨਾ ਕਿਸੇ ਦੇ ਸਮੁੱਚੇ ਤੌਰ 'ਤੇ ਘਟਾਉਂਦਾ ਹੈ। ਕਿਉਂਕਿ ਜੇਈਈ ਇੱਕ ਬਹੁਤ ਹੀ ਪ੍ਰਤੀਯੋਗੀ ਪ੍ਰੀਖਿਆ ਹੈ, 1 ਅੰਕ ਗੁਆਉਣ ਨਾਲ ਚੋਟੀ ਦੇ ਰੈਂਕ ਨੂੰ ਪ੍ਰਾਪਤ ਕਰਨ ਦੀਆਂ ਸੰਭਾਵਨਾਵਾਂ ਘੱਟ ਜਾਣਗੀਆਂ। ਇਸ ਲਈ, ਤੁਹਾਨੂੰ ਸਿਰਫ਼ ਉਨ੍ਹਾਂ ਸਵਾਲਾਂ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਜਿਨ੍ਹਾਂ ਦੇ ਜਵਾਬ ਤੁਸੀਂ ਜਾਣਦੇ ਹੋ।

# ਬੋ.ਲੇ ਅਤੇ ਗੂੰਗਿਆਂ ਵਿੱਚ ਸਿੱਖਿਆ ਦੀਆਂ ਚੁਣੌਤੀਆਂ ਅਤੇ ਮੌਕੇ

ਸਿੱਖਿਆ ਇੱਕ ਬੁਨਿਆਦੀ ਮਨੁੱਖੀ ਅਧਿਕਾਰ ਹੈ, ਪਰ ਇਸ ਤੱਕ ਸਾਰੇ ਵਿਅਕਤੀਆਂ ਦੀ ਬਰਾਬਰ ਪਹੁੰਚ ਨਹੀਂ ਹੈ। ਸੁਣਨ ਅਤੇ ਬੋਲਣ ਦੀ ਕਮਜ਼ੋਰੀ ਵਾਲੇ ਬੱਚਿਆਂ ਲਈ, ਢੁਕਵੇਂ ਅਨੁਕੂਲਤਾਵਾਂ ਦੀ ਘਾਟ ਕਾਰਨ ਮੁੱਖ ਧਾਰਾ ਦੇ ਸਕੂਲਾਂ ਵਿੱਚ ਜਾਣਾ ਇੱਕ ਚੁਣੌਤੀ ਹੋ ਸਕਦਾ ਹੈ। ਬੋ.ਲੇ ਅਤੇ ਗੂੰਗੇ ਸਕੂਲ ਇੱਕ ਵਿਕਲਪ ਪੇਸ਼ ਕਰਦੇ ਹਨ, ਪਰ ਉਹ ਆਪਣੀਆਂ ਚੁਣੌਤੀਆਂ ਦੇ ਨਾਲ ਆਉਂਦੇ ਹਨ। ਇਸ ਲੇਖ ਵਿੱਚ, ਅਸੀਂ ਬੋ.ਲੇ ਅਤੇ ਗੂੰਗੇ ਸਕੂਲਾਂ ਵਿੱਚ ਸਿੱਖਿਆ ਦੀਆਂ ਚੁਣੌਤੀਆਂ ਅਤੇ ਮੌਕਿਆਂ ਦੀ ਪੜਚੋਲ ਕਰਾਂਗੇ।

### ਚੁਣੌਤੀਆਂ

ਬੋ.ਲੇ ਅਤੇ ਗੂੰਗੇ ਸਕੂਲਾਂ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਯੋਗਤਾ ਪ੍ਰਾਪਤ ਅਧਿਆਪਕਾਂ ਦੀ ਘਾਟ ਹੈ। ਬੋ.ਲੇ ਵਿਦਿਆਰਥੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸਿਖਾਉਣ ਲਈ ਅਧਿਆਪਕਾਂ ਨੂੰ ਸੈਨਤ ਭਾਸ਼ਾ ਵਿੱਚ ਨਿਪੁੰਨ ਹੋਣਾ ਚਾਹੀਦਾ ਹੈ ਅਤੇ ਬੋ.ਲੇ ਸੱਭਿਆਚਾਰ ਦੀ ਡੂੰਘੀ ਸਮਝ ਹੋਣੀ ਚਾਹੀਦੀ ਹੈ। ਹਾਲਾਂਕਿ, ਬਹੁਤ ਸਾਰੇ ਸਕੂਲ ਲੋੜੀਂਦੀਆਂ ਯੋਗਤਾਵਾਂ ਵਾਲੇ ਅਧਿਆਪਕਾਂ ਨੂੰ ਲੱਭਣ ਲਈ ਸੰਘਰਸ਼ ਕਰਦੇ ਹਨ। ਨਤੀਜੇ ਵਜੋਂ, ਵਿਦਿਆਰਥੀ ਉਹ ਸਿੱਖਿਆ ਪ੍ਰਾਪਤ ਨਹੀਂ ਕਰ ਸਕਦੇ ਜੋ ਉਹਨਾਂ ਨੂੰ ਸਫਲ ਹੋਣ ਲਈ ਲੋੜੀਂਦੀ ਹੈ।

ਬੋ.ਲੇ ਅਤੇ ਗੂੰਗੇ ਸਕੂਲਾਂ ਦੇ ਸਾਹਮਣੇ ਇੱਕ ਹੋਰ ਚੁਣੌਤੀ ਤਕਨਾਲੋਜੀ ਤੱਕ ਪਹੁੰਚ ਦੀ ਘਾਟ ਹੈ। ਟੈਕਨੋਲੋਜੀ ਬੋ.ਲੇ ਵਿਦਿਆਰਥੀਆਂ ਲਈ ਇੱਕ ਕੀਮਤੀ ਸਾਧਨ ਹੋ ਸਕਦੀ ਹੈ, ਜਿਸ ਨਾਲ ਉਹ ਦੂਜਿਆਂ ਨਾਲ ਸੰਚਾਰ ਕਰ ਸਕਦੇ ਹਨ ਅਤੇ ਵਧੇਰੇ ਆਸਾਨੀ ਨਾਲ ਜਾਣਕਾਰੀ ਤੱਕ ਪਹੁੰਚ ਕਰ ਸਕਦੇ ਹਨ। ਹਾਲਾਂਕਿ, ਬਹੁਤ ਸਾਰੇ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਲੋੜੀਂਦੀ ਤਕਨਾਲੋਜੀ ਪ੍ਰਦਾਨ ਕਰਨ ਲਈ ਸਰੋਤਾਂ ਦੀ ਘਾਟ ਹੁੰਦੀ ਹੈ, ਜਿਸ ਨਾਲ ਉਹਨਾਂ ਨੂੰ ਨੁਕਸਾਨ ਹੁੰਦਾ ਹੈ।

### ਮੌਕੇ

ਇਹਨਾਂ ਚੁਣੌਤੀਆਂ ਦੇ ਬਾਵਜੂਦ, ਬੋ.ਲੇ ਅਤੇ ਗੂੰਗੇ ਸਕੂਲ ਵਿਦਿਆਰਥੀਆਂ ਲਈ ਵਿਲੱਖਣ ਮੌਕੇ ਪ੍ਰਦਾਨ ਕਰਦੇ ਹਨ। ਉਦਾਹਰਨ ਲਈ, ਇਹ ਸਕੂਲ ਉਹਨਾਂ ਵਿਦਿਆਰਥੀਆਂ ਲਈ ਭਾਈਚਾਰੇ ਅਤੇ ਸਬੰਧਤ ਹੋਣ ਦੀ ਭਾਵਨਾ ਪ੍ਰਦਾਨ ਕਰਦੇ ਹਨ ਜੋ ਮੁੱਖ ਧਾਰਾ ਦੇ ਸਕੂਲਾਂ ਵਿੱਚ ਅਲੱਗ-ਥਲੱਗ ਮਹਿਸੂਸ ਕਰ ਸਕਦੇ ਹਨ।

ਉਹ ਵਿਸ਼ੇਸ਼ ਪ੍ਰੋਗਰਾਮ ਵੀ ਪੇਸ਼ ਕਰਦੇ ਹਨ ਜੋ ਬੋ.ਲੇ ਵਿਦਿਆਰਥੀਆਂ ਦੀਆਂ ਲੋੜਾਂ ਨੂੰ ਪੂਰਾ ਕਰਦੇ ਹਨ, ਜਿਵੇਂ ਕਿ ਸੈਨਤ ਭਾਸ਼ਾ ਦੀਆਂ ਕਲਾਸਾਂ ਅਤੇ ਸਪੀਚ ਥੈਰੇਪੀ।

ਬੋ.ਲੇ ਅਤੇ ਗੂੰਗੇ ਸਕੂਲ ਵਿਦਿਆਰਥੀਆਂ ਨੂੰ ਆਪਣੇ ਸੱਭਿਆਚਾਰ ਵਿੱਚ ਪਛਾਣ ਅਤੇ ਮਾਣ ਦੀ ਮਜ਼ਬੂਤ ਭਾਵਨਾ ਪੈਦਾ ਕਰਨ ਦਾ ਮੌਕਾ ਵੀ ਪ੍ਰਦਾਨ ਕਰਦੇ ਹਨ। ਬੋ.ਲੇ ਸੱਭਿਆਚਾਰ ਆਪਣੀ ਭਾਸ਼ਾ, ਪਰੰਪਰਾਵਾਂ ਅਤੇ ਇਤਿਹਾਸ ਨਾਲ ਇੱਕ ਅਮੀਰ ਅਤੇ ਜੀਵੰਤ ਭਾਈਚਾਰਾ ਹੈ। ਇੱਕ ਬੋ.ਲੇ ਸਕੂਲ ਵਿੱਚ ਜਾ ਕੇ, ਵਿਦਿਆਰਥੀ ਉਹਨਾਂ ਲੋਕਾਂ ਨਾਲ ਜੁੜ ਸਕਦੇ ਹਨ ਜੋ ਆਪਣੇ ਤਜ਼ਰਬੇ ਸਾਂਝੇ ਕਰਦੇ ਹਨ ਅਤੇ ਉਹਨਾਂ ਦੇ ਸੱਭਿਆਚਾਰ ਬਾਰੇ ਹੋਰ ਸਿੱਖਦੇ ਹਨ।

### ਸਫਲਤਾ ਲਈ ਰਣਨੀਤੀਆਂ

ਇਹ ਯਕੀਨੀ ਬਣਾਉਣ ਲਈ ਕਿ ਬੋ.ਲੇ ਅਤੇ ਗੂੰਗੇ ਸਕੂਲਾਂ ਦੇ ਵਿਦਿਆਰਥੀ ਸਭ ਤੋਂ ਵਧੀਆ ਸਿੱਖਿਆ ਪ੍ਰਾਪਤ ਕਰਦੇ ਹਨ, ਕਈ ਰਣਨੀਤੀਆਂ ਹਨ ਜੋ ਸਕੂਲ ਅਪਣਾ ਸਕਦੇ ਹਨ। ਸਭ ਤੋਂ ਮਹੱਤਵਪੂਰਨ ਵਿੱਚੋਂ ਇੱਕ ਹੈ ਅਧਿਆਪਕ ਸਿਖਲਾਈ ਨੂੰ ਤਰਜੀਹ ਦੇਣਾ। ਸਕੂਲਾਂ ਨੂੰ ਸਿਖਲਾਈ ਪ੍ਰੋਗਰਾਮਾਂ ਵਿੱਚ ਨਿਵੇਸ਼ ਕਰਨਾ ਚਾਹੀਦਾ ਹੈ ਜੋ ਅਧਿਆਪਕਾਂ ਨੂੰ ਸੈਨਤ ਭਾਸ਼ਾ ਵਿੱਚ ਨਿਪੁੰਨ ਬਣਾਉਣ ਅਤੇ ਬੋ.ਲੇ ਸੱਭਿਆਚਾਰ ਦੀ ਡੂੰਘੀ ਸਮਝ ਪ੍ਰਾਪਤ ਕਰਨ ਵਿੱਚ ਮਦਦ ਕਰਦੇ ਹਨ। ਇਹ ਯਕੀਨੀ ਬਣਾਉਣ ਵਿੱਚ ਮਦਦ ਕਰੇਗਾ ਕਿ ਵਿਦਿਆਰਥੀ ਯੋਗ ਅਧਿਆਪਕਾਂ ਤੋਂ ਉੱਚ-ਗੁਣਵੱਤਾ ਵਾਲੀ ਸਿੱਖਿਆ ਪ੍ਰਾਪਤ ਕਰਦੇ ਹਨ।

ਇੱਕ ਹੋਰ ਮਹੱਤਵਪੂਰਨ ਰਣਨੀਤੀ ਵਿਦਿਆਰਥੀਆਂ ਨੂੰ ਤਕਨਾਲੋਜੀ ਤੱਕ ਪਹੁੰਚ ਪ੍ਰਦਾਨ ਕਰਨਾ ਹੈ। ਸਕੂਲਾਂ ਨੂੰ ਵੀਡੀਓ ਕਾਨਫਰੰਸਿੰਗ ਸੌਫਟਵੇਅਰ, ਸਪੀਚ-ਟੂ-ਟੈਕਸਟ ਸੌਫਟਵੇਅਰ, ਅਤੇ ਹੋਰ ਸਹਾਇਕ ਤਕਨੀਕਾਂ ਵਰਗੇ ਸਾਧਨਾਂ ਵਿੱਚ ਨਿਵੇਸ਼ ਕਰਨਾ ਚਾਹੀਦਾ ਹੈ ਜੋ ਵਿਦਿਆਰਥੀਆਂ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਸੰਚਾਰ ਕਰਨ ਅਤੇ ਜਾਣਕਾਰੀ ਨੂੰ ਵਧੇਰੇ ਆਸਾਨੀ ਨਾਲ ਪਹੁੰਚ ਕਰਨ ਵਿੱਚ ਮਦਦ ਕਰ ਸਕਦੀਆਂ ਹਨ।

ਅੰਤ ਵਿੱਚ, ਸਕੂਲਾਂ ਨੂੰ ਇੱਕ ਸੱਭਿਆਚਾਰ ਪੈਦਾ ਕਰਨ ਲਈ ਕੰਮ ਕਰਨਾ ਚਾਹੀਦਾ ਹੈ ਜੋ ਬੋ.ਲੇ ਵਿਦਿਆਰਥੀਆਂ ਦੀ ਕਦਰ ਕਰਦਾ ਹੈ ਅਤੇ ਸਮਰਥਨ ਕਰਦਾ ਹੈ। ਇਸ ਵਿੱਚ ਬੋ.ਲੇ ਸੱਭਿਆਚਾਰ ਅਤੇ ਇਤਿਹਾਸ ਨੂੰ ਉਤਸ਼ਾਹਿਤ ਕਰਨਾ, ਇੱਕ ਸੁਆਗਤ ਅਤੇ ਸੰਮਲਿਤ ਮਾਹੌਲ ਬਣਾਉਣਾ, ਅਤੇ ਸਲਾਹ ਅਤੇ ਸਲਾਹ ਵਰਗੀਆਂ ਸਹਾਇਤਾ ਸੇਵਾਵਾਂ ਪ੍ਰਦਾਨ ਕਰਨਾ ਸ਼ਾਮਲ ਹੈ।

### ਸਿੱਟਾ

ਬੋ.ਲੇ ਅਤੇ ਗੂੰਗੇ ਸਕੂਲਾਂ ਵਿੱਚ ਸਿੱਖਿਆ ਚੁਣੌਤੀਪੂਰਨ ਹੋ ਸਕਦੀ ਹੈ, ਪਰ ਇਹ ਵਿਦਿਆਰਥੀਆਂ ਨੂੰ ਆਪਣੇ ਸੱਭਿਆਚਾਰ ਨਾਲ ਜੁੜਨ ਅਤੇ ਵਿਸ਼ੇਸ਼ ਸਿੱਖਿਆ ਪ੍ਰਾਪਤ ਕਰਨ ਦੇ ਵਿਲੱਖਣ ਮੌਕੇ ਵੀ ਪ੍ਰਦਾਨ ਕਰਦੀ ਹੈ। ਇਹ ਯਕੀਨੀ ਬਣਾਉਣ ਲਈ ਕਿ ਬੋ.ਲੇ ਵਿਦਿਆਰਥੀ ਸਭ ਤੋਂ ਵਧੀਆ ਸਿੱਖਿਆ ਪ੍ਰਾਪਤ ਕਰਦੇ ਹਨ, ਸਕੂਲਾਂ ਨੂੰ ਅਧਿਆਪਕ ਸਿਖਲਾਈ ਨੂੰ ਤਰਜੀਹ ਦੇਣੀ ਚਾਹੀਦੀ ਹੈ, ਤਕਨਾਲੋਜੀ ਵਿੱਚ ਨਿਵੇਸ਼ ਕਰਨਾ ਚਾਹੀਦਾ ਹੈ, ਅਤੇ ਇੱਕ ਸਹਾਇਕ ਸੱਭਿਆਚਾਰ ਪੈਦਾ ਕਰਨਾ ਚਾਹੀਦਾ ਹੈ। ਅਜਿਹਾ ਕਰਨ ਨਾਲ, ਅਸੀਂ ਇਹ ਯਕੀਨੀ ਬਣਾਉਣ ਵਿੱਚ ਮਦਦ ਕਰ ਸਕਦੇ ਹਾਂ ਕਿ ਸਾਰੇ ਵਿਦਿਆਰਥੀਆਂ ਨੂੰ ਉੱਚ-ਗੁਣਵੱਤਾ ਵਾਲੀ ਸਿੱਖਿਆ ਤੱਕ ਬਰਾਬਰ ਪਹੁੰਚ ਹੋਵੇ।

**– ਵਿਜੈ ਗਰਗ**

# ਸੂਦ ਵਿਰਕ ਦੇ ਤੀਸਰੇ ਕਾਵਿ ਸੰਗ੍ਰਹਿ "ਸੱਚ ਵਾਂਗ ਕੱਚ" ਨੂੰ ਜਨਾਬ ਸਤਪਾਲ ਸਾਹਲੋਂ ਨੇ ਕਿਹਾ ਖੁਸ਼ ਆਮਦੀਦ

**ਫਿਲੌਰ, (ਜੱਸੀ)–** ਮਹਿੰਦਰ ਸੂਦ ਵਿਰਕ ਇਕ ਉਭਰਦਾ ਨਾਮਵਰ ਨੌਜਵਾਨ ਸ਼ਾਇਰ ਹੈ। ਜਿਸ ਨੇ ਥੋੜ੍ਹੇ ਸਮੇਂ ਵਿੱਚ ਹੀ ਸਖ਼ਤ ਮਿਹਨਤ ਕਰਕੇ ਅਨੇਕਾਂ ਕਾਵਿ ਰਚਨਾਂਵਾਂ ਨੂੰ ਜਨਮ ਦਿੱਤਾ ਅਤੇ ਡਿਜ਼ੀਟਲ ਕ੍ਰਾਂਤੀ ਦਾ ਸਹਾਰਾ ਲੈਂਦੇ ਹੋਏ ਉਨ੍ਹਾਂ ਨੂੰ ਪੰਜਾਬੀ ਪਾਠਕਾਂ ਦੀਆਂ ਬਰੂਹਾਂ ਤੱਕ ਪਹੁੰਚਾਇਆ। ਇਸ ਨੇ ਆਪਣੀਆਂ ਕਾਵਿ ਰਚਨਾਂਵਾਂ ਵਿੱਚ ਆਪਣੇ ਖਿਆਲਾਂ ਨੂੰ ਭਾਰੂ ਕਰਦੇ ਹੋਏ ਕਿਸੇ ਵੀ ਬੰਦਸ਼ ਤੋਂ ਦੂਰ ਰਹਿਣ ਨੂੰ ਤਰਜ਼ੀਹ ਦਿੱਤੀ ਹੈ। ਇਸ ਨੇ ਥੋੜ੍ਹੇ ਸਮੇਂ ਵਿੱਚ ਹੀ ਆਪਣੇ ਦੇ ਕਾਵਿ ਸੰਗ੍ਰਹਿ ਈ ਬੁੱਕ ਦੇ ਰੂਪ ਵਿੱਚ " ਸੱਚ ਦਾ ਹੋਕਾ " ਅਤੇ " ਸੱਚ ਕੌੜਾ ਆ " ਪਾਠਕਾਂ ਦੀ ਝੋਲੀ ਵਿੱਚ ਪਾ ਕੇ ਆਪਣਾ ਨਾਮ ਸਥਾਪਤ ਕਵੀਆਂ ਦੀ ਕਤਾਰ ਵਿੱਚ ਲੈ ਕੇ ਆਂਦਾ ਹੈ। ਪਿਤਾ ਦੀ ਮੌਤ ਤੋਂ ਬਾਅਦ ਲਿੱਖਣ ਦੀ ਪ੍ਰਕਿਰਿਆ ਨੂੰ ਤੇਜੀ ਨਾਲ ਚਲਾਉਂਦੇ ਹੋਏ ਕਿਸੇ ਵੀ ਤਰ੍ਹਾਂ ਦੇ ਪ੍ਰਵਾਹ ਕੀਤੇ ਬਿਨਾਂ ਪੂਰੀ ਸਪੀਡ ਨਾਲ ਲਿੱਖਣ ਦੇ ਕਾਰਜਾਂ ਨੂੰ ਅਮਲੀ ਜਾਮਾ ਪਹਿਨਾਇਆ ਅਤੇ ਇਨ੍ਹਾਂ ਦੇ ਈ ਬੁੱਕਾਂ ਨੇ ਪਾਠਕਾਂ ਦਾ ਅਥਾਹ ਪਿਆਰ ਇਸਦੀ ਝੋਲੀ ਵਿੱਚ ਪਾਇਆ । ਮਹਿੰਦਰ ਸੂਦ ਤੋਂ ਮਹਿੰਦਰ ਸੂਦ ਵਿਰਕ ਬਣੇ ਇਸ ਨੌਜਵਾਨ ਸ਼ਾਇਰ ਨੂੰ ਤੀਸਰਾ ਕਾਵਿ ਸੰਗ੍ਰਹਿ ਈ ਬੁੱਕ ਦੇ ਰੂਪ ਵਿੱਚ ਪਾਠਕਾਂ ਦੀਆਂ ਬਰੂਹਾਂ ਤੱਕ ਪਹੁੰਚਾਉਣ ਦਾ ਬੱਲ ਮਿਲਿਆ।ਇਸ ਦਾ ਤੀਸਰਾ ਕਾਵਿ ਸੰਗ੍ਰਹਿ ਈ ਬੁੱਕ ਦੇ ਰੂਪ ਵਿੱਚ " ਸੱਚ ਵਾਂਗ ਕੱਚ " ਨੂੰ ਖੁਸ਼ ਆਮਦੀਦ ਕਹਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਪਾਠਕ ਇਸ ਨੂੰ ਪਹਿਲਾਂ ਵਰਗਾ ਹੀ ਪਿਆਰ ਦੇਣਗੇ ਅਤੇ ਇਸ ਦੀ ਕਲਮ ਨੂੰ ਹੋਰ ਬਲ ਬਖਸ਼ਣਗੇ।




ਮਹਿੰਦਰ ਸੂਦ ਵਿਰਕ ਨੇ ਡਿਜ਼ੀਟਲ ਕ੍ਰਾਂਤੀ ਨੂੰ ਅਪਣਾਉਂਦੇ ਹੋਏ ਆਪਣੇ ਚਾਰ ਆਨਲਾਈਨ ਪੇਪਰ ਵੀ ਸ਼ੁਰੂ ਕੀਤੇ ਹਨ ਤਾਂ ਕਿ ਇਹ ਹੋਰ ਸ਼ਾਇਰਾਂ ਅਤੇ ਲੇਖਕਾਂ ਦੀ ਪਾਠਕਾਂ ਨਾਲ ਸਾਂਝ ਪਵਾ ਸਕੇ।

ਉਸ ਵੱਲੋਂ ਪ੍ਰਕਾਸ਼ਿਤ ਕੀਤੇ ਪੇਪਰ " ਤਾਂਘ ਸਾਹਿਤ ਦੀ" ਹਫਤਾਵਾਰੀ ਆਨਲਾਈਨ ਮੈਗਜ਼ੀਨ, "ਕਲਮ ਦੀ ਤਾਕਤ" ਆਨਲਾਈਨ ਨਿਊਜ਼, "ਹਰਫ਼ਾਂ ਦੀ ਡਾਰ" ਮਹੀਨਾਵਾਰ ਆਨਲਾਈਨ ਮੈਗਜ਼ੀਨ ਅਤੇ "ਸ਼ਬਦਾਂ ਦਾ ਸ਼ਹਿਰ" ਹਫਤਾਵਾਰੀ ਆਨਲਾਈਨ ਮੈਗਜ਼ੀਨ ਹਨ।

ਮਹਿੰਦਰ ਸੂਦ ਵਿਰਕ ਧਾਰਮਿਕ ਗੀਤ ਵੀ ਲਿੱਖਦਾ ਹੈ ਜਿਨ੍ਹਾਂ ਵਿੱਚੋਂ ਇੱਕ ਧਾਰਮਿਕ ਗੀਤ "ਮੇਰੇ ਮਾਲਕਾ" ਨੂੰ ਸ੍ਰੀ 108 ਸੰਤ ਹਰਵਿੰਦਰ ਦਾਸ ਜੀ ਇਸਪੁਰ ਵਾਲਿਆਂ ਨੇ ਆਵਾਜ਼ ਦਿੱਤੀ ਹੈ। ਇਸ ਦੇ ਬਾਕੀ ਧਾਰਮਿਕ ਗੀਤ ਨੂੰ ਗਾਇਕ ਪ੍ਰੀਤ ਬਲਿਹਾਰ, ਕੁਲਦੀਪ ਮਹਿਸੋਪੁਰੀਆ, ਸੂਦ ਸੀਸਟਰਸ, ਭਾਈ ਕੁਲਵਿੰਦਰ ਸਿੰਘ ਸੂਦ ਸੁੰਨੀ ਪਿੰਡ ਵਾਲੇ ਅਤੇ ਮਾਹੀ ਜਮਾਲਪੁਰੀ ਨੇ ਆਪਣੀ ਆਵਾਜ਼ ਦੇ ਕੇ ਸੰਗੀਤ ਦੇ ਰਾਹੀਂ ਸਰੋਤਿਆਂ ਤੱਕ ਪਹੁੰਚਾਇਆ ਹੈ। ਮਹਿੰਦਰ ਸੂਦ ਵਿਰਕ ਬਹੁਤ ਹੀ ਮਿਲਾਪੜਾ, ਮਿਹਨਤੀ ਤੇ ਮਿਲਣਸਾਰ ਹਸਮੁੱਖ ਸ਼ਾਇਰ ਹੈ ਜਿਸ ਨੂੰ ਹਰ ਕੋਈ ਪਿਆਰ ਕਰਦਾ ਹੈ।

ਅਜਿਹੇ ਸ਼ਾਇਰ ਦੀਆਂ ਕਿਰਤਾਂ ਨੂੰ ਖੁਸ਼ ਆਮਦੀਦ ਕਹਿਣਾ ਤਾਂ ਬਣਦਾ ਹੈ। ਆਮੀਨ।

**ਸਤਪਾਲ ਸਾਹਲੋਂ**
**ਸੰਪਾਦਕ ਅਦਬੀ ਮਹਿਕ**

# ਸਿੱਖ ਇਤਿਹਾਸ ਦਾ ਖ਼ੂਨੀ ਪੰਨਾ : ਛੋਟਾ ਘੱਲੂਘਾਰਾ



ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਘਲੂਘਾਰਾ ਦਾ ਮਤਲਬ ਹੈ ਤਬਾਹੀ, ਗ਼ਾਰਤੀ, ਸਰਵਨਾਸ਼। ਉਨ੍ਹਾਂ ਅਨੁਸਾਰ 2 ਜੇਠ ਸੰਮਤ 1803 ਵਿਚ ਦੀਵਾਨ ਲਖਪਤ ਰਾਇ ਨਾਲ ਜੋ ਖਾਲਸੇ ਦੀ ਲੜਾਈ ਕਾਨੂੰਵਾਣ ਦੇ ਛੰਭ ਪਾਸ ਹੋਈ ਉਹ ਛੋਟਾ ਘਲੂਘਾਰਾ ਅਤੇ 28 ਮਾਘ ਸੰਮਤ 1818 (5 ਫਰਵਰੀ 1762) ਨੂੰ ਅਹਿਮਦ ਸ਼ਾਹ ਦੁਰਾਨੀ ਨਾਲ ਰਾਇਪੁਰ ਗੁਜਰਵਾਲ ਪਾਸ ਕੁੱਪਰਹੀਕੇ ਦੇ ਮਕਾਮ ਹੋਈ ਉਹ ਵੱਡਾ ਘੱਲੂਘਾਰਾ ਸਿੱਖ ਇਤਿਹਾਸ ਵਿਚ ਪ੍ਰਸਿੱਧ ਹੈ।

ਜਿੱਥੋਂ ਤੀਕ ਛੋਟੇ ਘੱਲੂਘਾਰੇ ਦਾ ਸਬੰਧ ਹੈ ,ਇਸ ਦੇ ਇਤਿਹਾਸਿਕ ਪਿਛੋਕੜ 'ਤੇ ਜਦ ਅਸੀਂ ਝਾਤ ਪਾਉਂਦੇ ਹਾਂ ਤਾਂ ਪਤਾ ਲਗਦਾ ਹੈ ਕਿ 1 ਜੁਲਾਈ 1745 ਨੂੰ ਜ਼ਕਰੀਆ ਖ਼ਾਨ ਦੀ ਮੌਤ ਹੋ ਗਈ। ਉਸ ਦੇ ਤਿੰਨ ਪੁੱਤਰ ਸਨ ਤੇ ਤਿੰਨੋਂ ਹੀ ਆਪਣੇ ਆਪ ਨੂੰ ਯੋਗ ਵਾਰਸ ਸਮਝਦੇ ਸਨ। ਸਭ ਤੋਂ ਵੱਡੇ ਦਾ ਨਾਂ ਯਾਹੀਆ ਖ਼ਾਨ ਸੀ, ਦੂਜੇ ਦਾ ਹਿਯਾਤ ਉੱਲਾ ਖ਼ਾਨ (ਉਸ ਨੂੰ ਸ਼ਾਹਨਵਾਜ ਵੀ ਕਹਿੰਦੇ ਸਨ) ਤੇ ਤੀਸਰੇ ਦਾ ਨਾਮ ਮੀਰ ਬੱਕੀਯ ਸੀ।



ਡਾ. ਚਰਨਜੀਤ ਸਿੰਘ ਗੁਮਟਾਲਾ
91-94175-33060

ਯਹੀਆ ਖ਼ਾਨ ਨੇ ਤਾਕਤ ਹੱਥ ਵਿਚ ਲੈਂਦੇ ਸਾਰ ਹੀ ਦੀਵਾਨ ਲਖਪਤ ਰਾਇ ਨੂੰ ਦੀਵਾਨ ਥਾਪਿਆ ਜੋ ਕਿ ਜਸਪਤ ਰਾਇ ਦਾ ਵੱਡਾ ਭਰਾ ਸੀ। ਜਦ ਲਖਪਤ ਰਾਇ ਨੇ ਸਿੱਖਾਂ ਦਾ ਰੋੜੀ ਸਾਹਿਬ ਜੁੜਨਾ ਸੁਣਿਆ ਤਾਂ ਉਸ ਖ਼ਾਸ ਹਦਾਇਤਾਂ ਜਸਪਤ ਰਾਇ ਵੱਲ ਭੇਜੀਆਂ। ਜਸਪਤ ਰਾਇ ਨੇ ਇਕੱਠੇ ਸਿੱਖਾਂ ਉੱਤੇ ਹੱਲਾ ਕਰ ਦਿੱਤਾ। ਸਿੱਖ ਵੀ ਟਾਕਰੇ 'ਤੇ ਡਟ ਗਏ। ਜਸਪਤ ਰਾਇ ਹਾਥੀ ਉੱਤੇ ਚੜ੍ਹਿਆ, ਫੌਜਾਂ ਨੂੰ ਹਮਲਾ ਕਰਨ ਦੇ ਹੁਕਮ ਦੇ ਰਿਹਾ ਸੀ ਕਿ ਭਾਈ ਨਿਬਾਹੂ ਸਿੰਘ ਨੇ ਅੱਗੇ ਵੱਧ ਕੇ ਜਸਪਤ ਰਾਇ ਉੱਤੇ ਹਮਲਾ ਕਰ ਦਿੱਤਾ। ਹਾਥੀ ਦੀ ਪੂਛ ਪਕੜ ਕੇ ਹੁੱਦੇ ਵਿੱਚ ਉਹ ਜਾ ਵੜਿਆ ਅਤੇ ਜਸਪਤ ਰਾਇ ਦਾ ਸਿਰ ਵੱਢ ਆਂਦਾ। ਸਿੰਘਾਂ ਸ਼ਹਿਰ ਵਿੱਚੋਂ ਰਸਦ ਪਾਣੀ ਲਿਆ ਲੰਗਰ ਚਲਾਏ ਅਤੇ ਅੱਗੇ ਚਲੇ ਗਏ। ਜਸਪਤ ਰਾਇ ਦਾ ਸਿਰ ਗੁਸਾਈਂ ਕਿਰਪਾ ਰਾਮ ਬਦੋਂਕੀ ਨੂੰ 500 ਰੁਪਏ ਲੈ ਕੇ ਵਾਪਸ ਕੀਤਾ।

ਲਖਪਤ ਰਾਇ ਨੇ ਜਦ ਜਸਪਤ ਰਾਇ ਦੀ ਮੌਤ ਦੀ ਖ਼ਬਰ ਸੁਣੀ ਤਾਂ ਲੋਹਾ ਲਾਖਾ ਹੋ ਗਿਆ। ਭਰੇ ਦਰਬਾਰ ਵਿੱਚ ਲਖਪਤ ਰਾਇ ਨੇ ਪੱਗੜੀ ਉਤਾਰੀ ਤੇ ਪਾਨ ਦਾ ਬੀੜਾ ਚੁੱਕ ਕੇ ਕਸਮ ਉਠਾਈ ਕਿ ਉਸ ਦਿਨ ਤੱਕ ਪੱਗੜੀ ਸਿਰ ਉੱਤੇ ਨਹੀਂ ਰੱਖਾਂਗਾ ਜਦ ਤੱਕ ਸਿੱਖਾਂ ਨੂੰ ਨਹੀਂ ਮੁਕਾ ਲੈਂਦਾ।ਨਵਾਬ ਯਾਹੀਆ ਖ਼ਾਨ ਨੇ 'ਯਿਹ ਅੱਛੀ ਕਾਰ' ਕਹਿ ਹੱਲਾ ਸ਼ੇਰੀ ਦਿੱਤੀ। ਆਪਣੇ ਕੰਮ ਦਾ ਅਰੰਭ ਕਰਨ ਲਈ ਲਾਹੌਰ ਸ਼ਹਿਰ ਦੇ ਸਾਰੇ ਵਸਨੀਕ ਸਿੱਖ ਪਕੜ ਮੰਗਾਏ ਤੇ 10 ਮਾਰਚ 1746 ਦੀ ਤਰੀਕ ਨਿਯਤ ਕੀਤੀ ਗਈ ਕਿ ਉਨ੍ਹਾਂ ਸਭਨਾਂ ਦੇ ਖੋਪਰ ਉਤਾਰ ਸ਼ਹੀਦ ਕਰ ਦਿੱਤਾ ਜਾਏ। ਐਸੀ ਭਿਆਨਕ ਖ਼ਬਰ ਸੁਣ ਕੇ ਸ਼ਹਿਰੀ ਪਤਵੰਤੇ ਹਿੰਦੂ, ਗੁਸਾਈਂ ਜਗਤ ਭਗਤ ਦੀਵਾਨ ਕੌੜਾ ਮਲ, ਦੀਵਾਨ ਲਛੀ ਰਾਮ, ਸੂਰਤ ਸਿੰਘ, ਦੀਵਾਨ ਦੇਸ ਰਾਜ, ਚੌਧਰੀ ਜਵਾਹਰ ਮੱਲ ਦੀ ਅਗਵਾਈ ਹੇਠਾਂ ਲਖਪਤ ਰਾਇ ਨੂੰ ਬੇਦੋਸਿਆਂ ਦੇ ਖ਼ੂਨ ਕਰਨ ਤੋਂ ਰੋਕਣ ਆਏ ਅਤੇ ਇੱਥੋਂ ਤੱਕ ਕਿਹਾ ਕਿ ਸਾਡੀ ਖ਼ਾਤਰ ਛੱਡ ਦਿਓ। ਉਨ੍ਹਾਂ ਇਹ ਵੀ ਕਿਹਾ ਕਿ 10 ਮਾਰਚ ਨੂੰ ਸੋਮਾਵਤੀ ਅਮਾਵਸ ਹੈ ਉਸ ਦਿਨ ਮਾਰਨਾ ਵੀ ਠੀਕ ਨਹੀਂ, ਪਰ ਉਸ ਆਖਿਆ ਕਿ ਜੇ ਰੱਬ ਵੀ ਕਹੇ ਤਾਂ ਵੀ ਨਹੀਂ ਛੱਡਾਂਗਾ।

ਜ਼ਕਰੀਆ ਖਾਂ ਨੇ ਡੱਲੇਵਾਲ ਦਾ ਕਿਲ੍ਹਾ ਢਾਹ ਦਿੱਤਾ ਸਿੱਖਾਂ ਨੂੰ ਚੁਣ ਚੁਣ ਕੇ ਮਾਰਿਆ ਗਿਆ।ਉਨ੍ਹਾਂ ਦੇ ਸਿਰਾਂ ਦੇ ਇਨਾਮ ਰਖੇ ਗਏ ।ਸੈਂਕੜੇ ਹੀ ਸਿੱਖ ਹੱਥਕੜੀਆਂ ਲਾ ਕੇ ਲਿਆਂਦੇ ਗਏ ਜਿੱਥੇ ਓਨ੍ਹਾਂ ਨੂੰ ਸ਼ਰੇਆਮ ਨਖਾਸ (ਘੋੜਾ ਮੰਡੀ) ਵਿੱਚ ਸਿਰ ਵੱਢ ਕੇ ਮਾਰ ਦਿੱਤਾ ਗਿਆ। ਇਸ ਥਾਂ ਦਾ ਨਾਂ ਮਗਰੋਂ ਸ਼ਹੀਦ ਗੰਜ਼ ਪੈ ਗਿਆ। ਲਖਪਤ ਰਾਇ ਲਾਹੌਰ ਦੇ ਵਸਨੀਕਾਂ ਨੂੰ ਸ਼ਹੀਦ ਕਰਨ ਉਪਰੰਤ ਅੰਮ੍ਰਿਤਸਰ ਵੱਲ ਵਧਿਆ। ਅੰਮ੍ਰਿਤਸਰ ਵੀ ਇੱਕ ਦਮ ਫੌਜਾਂ ਦਾ ਹੱਲਾ ਹੋ ਜਾਣ ਕਾਰਨ ਸਿੱਖ ਟਿਕ-ਾਣਿਆਂ ਵੱਲ ਨਾ ਜਾ ਸਕੇ। ਸਿੱਖਾਂ ਦੀ ਸੋਚ ਬਣੀ ਕਿ ਕਾਹਨੂੰਵਾਨ ਦੇ ਛੰਭਾਂ ਵੱਲ ਚਲਿਆ ਜਾਏ।ਕਾਹਨੂੰਵਾਨ ਦੇ ਛੰਭਾਂ ਵੱਲ ਜਾਂਦੇ ਹੀ ਰਸਤੇ ਵਿੱਚ ਫੌਜਾਂ ਨੇ ਰੋਕ ਪਾ ਕੇ ਸਿੱਖਾਂ ਦੀ ਵਹੀਰ ਦਾ ਮੂੰਹ ਰਾਵੀ ਵੱਲ ਕਰ ਦਿੱਤਾ। ਲਖਪਤ ਰਾਇ ਨੇ ਜੰਗਲ ਕਟਵਾਣੇ ਅਰੰਭ ਕਰ ਦਿੱਤੇ ਤੇ ਝਲ ਸਾੜ ਕੇ ਤੋਪਾਂ ਸੇਧ ਕੇ ਸਿੰਘਾਂ 'ਤੇ ਚਲਾਈਆਂ।

ਸਿੰਘਾਂ ਫੈਸਲਾ ਕਰ ਲਿਆ ਕਿ ਝੱਲਾਂ ਵਿੱਚ ਲੁਕਿਆਂ ਸ਼ਹੀਦੀਆਂ ਲੈਣੀਆਂ ਠੀਕ ਨਹੀਂ। ਇਸ ਲਈ ਸੂਰਮੇ ਝੱਲਾਂ ਤੋਂ ਬਾਹਰ ਆ ਗਏ। ਪਰ ਕੁਝ ਵੱਡਿਆਂ ਨੇ ਸਲਾਹ ਦਿੱਤੀ ਕਿ ਤੁਹਾਡੀ ਕੁਰਬਾਨੀ ਅਥਾਹ ਹੈ ਪਰ ਸਿਆਣਪ ਇਸ ਵਿੱਚ ਹੈ ਕਿ ਦਾਅ ਨਾਲ ਲੜਿਆ ਜਾਏ।ਵਿਚਾਰ ਇਹ ਬਣੀ ਕਿ ਬਸੌਲੀ ਦੀਆਂ ਪਹਾੜੀਆਂ ਵਿੱਚ ਪਨਾਹ ਲਈ ਜਾਏ। 'ਬਸੌਲੀ' ਵਿੱਚ ਸਿੱਖਾਂ ਦਾ ਸਵਾਗਤ ਗੋਲੀਆਂ ਅਤੇ ਪੱਥਰਾਂ ਨਾਲ ਹੋਇਆ। ਸਿੱਖਾਂ ਨੇ ਆਪਣੇ ਆਪ ਨੂੰ ਚਾਰੇ ਪਾਸਿਓਂ ਘਿਰੇ ਹੋਏ ਪਾਇਆ ।ਇਹ ਵਿਚਾਰ ਬਣੀ ਕਿ ਇੱਕ ਜਥਾ ਪਹਾੜੀ ਚੜ੍ਹੇ, ਦੂਜਾ ਰਾਵੀ ਪਾਰ ਕਰੇ, ਭਾਈ ਸੁੱਖਾ ਸਿੰਘ ਮਾੜੀ ਕੰਬੋ ਦੀ ਅਗਵਾਈ ਹੇਠਾਂ ਲਖਪਤ ਰਾਇ ਦਾ ਟਾਕਰਾ ਕਰੇ।

ਕਈ ਪਹਾੜੀ ਚੜ੍ਹ ਗਏ ।ਦੂਜੇ ਪਾਸੇ ਰਾਵੀ ਲੰਘਣੀ ਇੱਕ ਔਖੀ ਗੱਲ ਹੋ ਗਈ। ਇਹ ਹੀ ਵਿਚਾਰ ਬਣੀ ਕਿ ਪੈਦਲ ਜਥੇ ਪਹਾੜੀਆਂ ਟੱਪ ਕੇ ਕੁਲੂ ਤੇ ਮੰਡੀ ਵੱਲ ਨਿਕਲ ਜਾਣ ਅਤੇ ਜੋ ਘੋੜਿਆਂ ਉੱਤੇ ਹਨ ਉਹ ਪਿੱਛੇ ਮੁੜ ਕੇ ਟਾਕਰਾ ਕਰਨ। ਇਸੇ ਤਰ੍ਹਾਂ ਕੁਝ ਤਾਂ ਪਹਾੜੀਆਂ ਉੱਤੇ ਚੜ੍ਹ ਗਏ ਤੇ ਮੁਸੀਬਤਾਂ ਝਾਗ ਕੇ ਤਕਰੀਬਨ ਛੇ ਮਹੀਨਿਆਂ ਉਪਰੰਤ ਕੀਰਤਪੁਰ ਆ ਸਿੱਖਾਂ ਨੂੰ ਮਿਲੇ। ਬਾਕੀ ਸਿੰਘ ਰਹਿ ਗਏ ਉਨ੍ਹਾਂ ਨਿਰਣਾ ਕੀਤਾ ਕਿ ਗੋਲਕਾਰ ਕਿਲ੍ਹੇ ਦੀ ਸ਼ਕਲ ਬਣਾ ਕੇ ਲਖਪਤ ਰਾਇ ਦੀਆਂ ਫੌਜਾਂ 'ਤੇ ਹੱਲਾ ਬੋਲ ਦਿੱਤਾ ਜਾਏ। ਇੰਝ ਹੀ ਕੀਤਾ ਗਿਆ। ਨਵਾਬ ਕਪੂਰ ਸਿੰਘ ਜੀ ਅਗਵਾਈ ਕਰ ਰਹੇ ਸਨ, ਸਰਦਾਰ ਜੱਸਾ ਸਿੰਘ ਇੱਕ ਸਿਰੇ ਨੂੰ ਸਾਂਭ ਰਹੇ ਸਨ ਤੇ ਸਰਦਾਰ ਸੁੱਖਾ ਸਿੰਘ ਜੀ ਅੱਗੇ ਵੱਧ ਕੇ ਮੋਹਰਲਾ ਪੱਖ ਤੋੜ ਰਹੇ ਸਨ। ਨੇੜੇ ਹੀ ਸੀ ਕਿ ਸੁਰਦਾਰ ਸੁੱਖਾ ਸਿੰਘ ਲਖਪਤ ਰਾਇ ਨੂੰ ਮਾਰ ਮੁਕਾਉਂਦੇ ਕਿ ਉਨ੍ਹਾਂ ਦੇ ਘੋੜੇ ਨੂੰ ਤੋਪ ਦਾ ਇੱਕ ਐਸਾ ਗੋਲਾ ਲੱਗਾ ਕਿ ਉਹਨਾਂ ਦੀ ਲੱਤ ਸਖ਼ਤ ਜ਼ਖ਼ਮੀ ਹੋ ਗਈ ਤੇ ਉਹ ਪਿੱਛੇ ਹਟ ਗਏ। ਪਿੱਛੋਂ ਲੱਤ ਵੱਢ ਕੇ ਲੱਕੜ ਦੀ ਲਗਾਈ ਗਈ।

ਸਰਦਾਰ ਜੱਸਾ ਸਿੰਘ ਜੀ ਦੇ ਪੱਟ ਵਿੱਚ ਵੀ ਗੋਲੀ ਲੱਗੀ ਪਰ ਆਪ ਜੀ ਨੇ ਪੱਟ ਨੂੰ ਹੰਨੇ ਨਾਲ ਬੰਨ੍ਹ ਲਿਆ ਤੇ ਉਸੇ ਤਰ੍ਹਾਂ ਲੜਦੇ ਰਹੇ, ਜਿਵੇਂ ਸੱਟ ਲੱਗੀ ਹੀ ਨਹੀਂ ਹੁੰਦੀ। ਨਵਾਬ ਕਪੂਰ ਸਿੰਘ ਜੀ ਤੇ ਸਿੱਧਾ ਵਾਰ ਹੋਇਆ ਪਰ ਗੁਰੂ ਕ੍ਰਿਪਾ ਨਾਲ ਉਹ ਬਚ ਗਏ। ਇਹ ਮਨਸੂਬਾ ਬਣਾਇਆ ਕਿ ਹੁਣ ਤਾਂ ਖਿੰਡ ਪੁੰਡ ਜਾਓ ਤੇ ਫਿਰ ਇਕੱਠੇ ਹੋ ਕੇ ਮਾਝੇ ਮੁੜ ਸ਼ੋਰ ਮਚਾਵੋ । ਇਹ ਘਟਨਾ ਪਹਿਲੀ ਜੂਨ 1746 ਨੂੰ ਹੋਈ। ਬਾਕੀ ਸਿੱਖ ਜੋ ਦੋ ਹਜ਼ਾਰ ਦੇ ਕਰੀਬ ਸਨ, ਪੂਰਬੀ ਕਿਨਾਰੇ ਤੋਂ ਰਾਵੀ ਪਾਰ ਕਰਕੇ ਰੇਤਲੇ ਮੈਦਾਨ ਵਿੱਚ ਨਿਕਲ ਗਏ। ਪਹਿਲੀ ਜੂਨ 1746ਨੂੰ ਛੋਟੇ ਘੱਲੂਘਾਰੇ ਦਾ ਅਰੰਭ ਸੀ ਤੇ ਦੁੱਖ ਭੁੱਖ ਦੀਆਂ ਮਾਰਾਂ ਸ਼ੁਰੂ ਹੋਈਆਂ ਸਨ। ਰੇਤਲੇ ਮੈਦਾਨਾਂ ਨੂੰ ਜੇਠ ਹਾੜ ਦੀਆਂ ਧੁੱਪਾਂ ਵਿੱਚ ਪਾਰ ਕਰਕੇ ਬਿਆਸ ਤੱਕ ਪੁੱਜਣਾ ਇੱਕ ਹੋਰ ਔਖੀ ਘਾਟੀ ਸੀ।

ਸਿੱਖਾਂ ਪਗੜੀਆਂ ਉਤਾਰ ਕੇ ਪੈਰਾਂ ਵਿੱਚ ਬੰਨ੍ਹੀਆਂ ਤੇ ਧੁੱਪਾਂ ਤਨ ਬਦਨ ਤੇ ਸਹਾਰਦੇ ਤੁਰੀ ਗਏ। ਸ੍ਰੀ ਹਰਿਗੋਬਿੰਦਪੁਰ ਦੇ ਲਾਗੇ ਤੋਂ ਬਿਆਸ ਪਾਰ ਕਰ ਗਏ। ਕਈ ਦਿਨਾਂ ਦੇ ਭੁੱਖੇ ਹੋਣ ਕਾਰਨ ਆਪਣੀਆਂ ਢਾਲਾਂ ਨੂੰ ਤਵੇ ਬਣਾ ਕੇ ਰੋਟੀਆਂ ਪਕਾਉਣ ਲੱਗੇ। ਅੱਗ ਦੀ ਥਾਂ ਤਪਦੀ ਰੇਤ ਵਿੱਚ ਢਾਲਾਂ ਗਰਮ ਕਰਨ ਲਈ ਰੱਖੀਆਂ ਤਾਂ ਕਿ ਢਾਲਾਂ ਉੱਤੇ ਰੋਟੀ ਪਕਾਈ ਜਾ ਸਕੇ। ਅਜੇ ਰੋਟੀਆਂ ਪਕਾਉਣ ਹੀ ਲੱਗੇ ਸਨ ਕਿ ਪਠਾਣਾਂ ਦੇ ਇੱਕ ਦਸਤੇ ਨੇ ਹਮਲਾ ਕਰ ਦਿੱਤਾ। ਉਹ ਪਠਾਣਾਂ ਨਾਲ ਸਿੱਝ ਸਕਦੇ ਸਨ ਪਰ ਉਨ੍ਹਾਂ ਨੂੰ ਇਹ ਖ਼ਬਰ ਵੀ ਪੁੱਜ ਚੁੱਕੀ ਸੀ ਕਿ ਲਖਪਤ ਰਾਇ ਫੌਜਾਂ ਨਾਲ ਪਿੱਛੇ ਆ ਰਿਹਾ ਹੈ। ਸਿੱਖ ਸਤਲੁਜ ਪਾਰ ਕਰਨ ਲਈ ਅਲੀਵਾਲ ਵੱਲ ਭੱਜ ਉਠੇ। ਸਤਲੁਜ ਪਾਰ ਕਰਕੇ ਮਾਲਵਾ ਦੀ ਧਰਤੀ ਜਾ ਪੁੱਜੇ। ਮਾਲਵੇ ਦੇ ਸਿੰਘਾਂ ਚੰਗੀ ਦੇਖਭਾਲ ਕੀਤੀ ਅਤੇ ਜਥਿਆਂ ਨੂੰ ਵੰਡ ਕੇ ਸੇਵਾ ਕੀਤੀ। ਜੈਤੋ-ਸਰਦਾਰ ਸੁੱਖਾ ਸਿੰਘ, ਕੋਟਕਪੂਰਾ-ਸਰਦਾਰ ਜੱਸਾ ਸਿੰਘ, ਵਿੰਝੂ ਕੇ-ਸਰਦਾਰ ਤਰਲੋਕ ਸਿੰਘ, ਦਯਾਲਪੁਰੇ-ਭਾਈ ਹਰੀ ਸਿੰਘ ਭੰਗੀ, ਬਠਿੰਡੇ-ਨਕਈ ਸਰਦਾਰ ਦਮਦਮੇ ਸਾਹਿਬ-ਬਾਬਾ ਦੀਪ ਸਿੰਘ, ਨਵਾਬ ਕਪੂਰ ਸਿੰਘ-ਬਰਨਾਲੇ ਅਤੇ ਸਰਦਾਰ ਚੜ੍ਹਤ ਸਿੰਘ ਪੱਕੇ-ਪਥਰਾਲੇ।

ਇਸ ਤਰ੍ਹਾਂ ਖਿੰਡ ਕੇ ਕੁਝ ਦਿਨ ਕੱਟੇ। ਲਖਪਤ ਰਾਇ ਵੀ ਵਾਪਸ ਮੁੜ ਗਿਆ ਸੀ ਕਿਉਂਜੋ ਉਹ ਖਿਆਲ ਕਰਦਾ ਸੀ ਕਿ ਸਿੱਖਾਂ ਦੀ ਕਮਰ ਤੋੜ ਦਿੱਤੀ ਗਈ ਹੈ। ਨਾਲੇ ਲਾਹੌਰ ਦੇ ਹਾਲਾਤ ਮੁੜਨ ਦੀ ਪ੍ਰੇਰਨਾ ਕਰ ਰਹੇ ਸਨ। ਇਸ ਘੱਲੂ-ਘਾਰੇ ਵਿੱਚ 10,000 ਦੇ ਕਰੀਬ ਸਿੱਖਾਂ ਦਾ ਜਾਨੀ ਨੁਕਸਾਨ ਹੋਇਆ ਅਤੇ ਇਹ ਘੁੱਲੂਘਾਰਾ 30 ਜੂਨ ਤੱਕ ਹੁੰਦਾ ਰਿਹਾ। ਇਸ ਲੜਾਈ ਵਿੱਚ ਬਹੁਤ ਭਾਰੀ ਨੁਕਸਾਨ ਹੋਣ ਕਰਕੇ ਸਿੱਖ ਇਸ ਨੂੰ ਛੋਟਾ ਘੱਲੂਘਾਰਾ ਕਹਿੰਦੇ ਹਨ। ਕਈ ਸਿੱਖਾਂ ਦੇ ਸਿਰਾਂ ਦੇ ਗੱਡੇ ਭਰ ਕੇ ਲਖਪਤ ਰਾਇ ਲਾਹੌਰ ਲੈ ਗਿਆ। ਉੱਥੇ ਹੀ ਸਿਰਾਂ ਦਾ ਮੀਨਾਰ ਉਸਾਰਿਆ। ਕਈ ਸੌ ਜਿਊਂਦੇ ਵੀ ਪਕੜ ਕੇ ਲੈ ਗਿਆ ਅਤੇ ਉਹਨਾਂ ਨੂੰ ਘੋੜਿਆਂ ਦੀ ਮਾਰਕੀਟ (ਨਖਾਸ) ਦੇ ਲਾਗੇ ਸ਼ਹੀਦ ਕੀਤਾ, ਜਿਥੇ ਅੱਜ ਕੱਲ੍ਹ ਸ਼ਹੀਦ ਗੰਜ ਹੈ। ਇਸ ਘਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿਚ ਇਸ ਸਥਾਨ 'ਤੇ ਗੁਰਦੁਆਰਾ ਬਣਾਇਆ ਗਿਆ ਹੈ।

ਇਸ ਪਹਿਲੇ ਘਲੂਘਾਰੇ ਦੌਰਾਨ ਉਜਾੜੇ ਗਏ 44 ਪਿੰਡਾਂ ਦੀ ਸੂਚੀ ਸਵਰਨ ਸਿੰਘ ਨੇ ਆਪਣੀ ਪੁਸਤਕ, ਪਹਿਲਾ ਘੱਲੂਘਾਰਾ( ਲੱਖੂ ਭੱਸੂ ਦੇ ਹੰਕਾਰ ਤੇ ਜ਼ਿੱਦ ਦਾ ਸਿੱਟਾ), ਪ੍ਰਕਾਸ਼ਿਤ ਸਿੰਘ ਬ੍ਰਦਰਜ਼, ਅੰਮ੍ਰਿਤਸਰ ਵਿਚ ਦਿੱਤੀ ਹੈ।

ਹਵਾਲਾ ਪੁਸਤਕਾਂ : 1 ਸਤਿਬੀਰ ਸਿੰਘ, ਪ੍ਰਿੰਸੀਪਲ, ਸਾਡਾ ਇਤਿਹਾਸ (ਭਾਗ ਦੂਜਾ), ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ, 2010.
2.ਖ਼ੁਸ਼ਵੰਤ ਸਿੰਘ, (ਅਨੁਵਾਦਕ ਡਾ. ਗੁਰਚਰਨ ਸਿੰਘ ਔਲਖ). ਸਿੱਖ ਇਤਿਹਾਸ ਭਾਗ ਪਹਿਲਾ (1469-1839), ਲਾਹੌਰ ਬੁੱਕ ਸ਼ਾਪ, ਲੁਧਿਆਣਾ, 2013
3 ਨਾਭਾ, ਭਾਈ ਕਾਨ੍ਹ ਸਿੰਘ, ਗੁਰੁਸ਼ਬਦ ਰਤਾਨਕਰ ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, 1990

## ਜਰਖੜ ਵਿਖੇ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦਾ ਚੌਥਾ ਦਿਨ

**ਲੁਧਿਆਣਾ-** ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਪਿੰਡ ਜਰਖੜ ਵੱਲੋਂ ਕਰਵਾਏ ਜਾ ਰਹੇ 14ਵਾਂ ਓਲੰਪਿਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੇ ਚੌਥੇ ਦਿਨ ਜਿੱਥੇ ਸੀਨੀਅਰ ਵਰਗ ਵਿੱਚ ਜਰਖੜ ਹਾਕੀ ਅਕੈਡਮੀ ਅਤੇ ਡਾਕਟਰ ਕੁਲਦੀਪ ਸਿੰਘ ਕਲੱਬ ਮੋਗਾ ਨੇ ਆਪਣੇ ਜੇਤੂ ਕਦਮ ਅੱਗੇ ਵਧਾਏ। ਉੱਥੇ ਜੂਨੀਅਰ ਵਰਗ ਵਿੱਚ ਚਚਰਾੜੀ ਅਤੇ ਨਨਕਾਣਾ ਸਾਹਿਬ ਪਬਲਿਕ ਸਕੂਲ ਰਾਮਪੁਰ ਛੰਨਾ ਅਮਰਗੜ੍ਹ ਜੇਤੂ ਰਹੇ।



ਮਾਤਾ ਸਾਹਿਬ ਕੌਰ ਖੇਡ ਕੰਪਲੈਕਸ ਜਰਖੜ ਵਿਖੇ ਨੀਲੇ ਰੰਗ ਦੇ ਐਸਟਰੋਟਰਫ ਉੱਪਰ ਫਲੱਡ ਲਾਈਟਾਂ ਦੀ ਰੋਸ਼ਨੀ ਵਿੱਚ ਖੇਡੇ ਜਾ ਰਹੇ ਹਨ।ਇਸ ਫੈਸਟੀਵਲ ਦੇ ਚੌਥੇ ਦਿਨ ਅੱਜ ਸੀਨੀਅਰ ਵਰਗ ਵਿੱਚ ਜਿੱਥੇ ਜਰਖੜ ਹਾਕੀ ਅਕੈਡਮੀ ਅਤੇ ਸਪੋਰਟਸ ਸੈਂਟਰ ਕਿਲਾ ਰਾਇਪਰ ਵਿਚਕਾਰ ਗਹਿਗੱਚ ਮੁਕਾਬਲਾ ਹੋਇਆ ਜਿਸ ਵਿੱਚ ਜਰਖੜ ਅਕੈਡਮੀ 6-4 ਗੋਲਾਂ ਨਾਲ ਜੇਤੂ ਰਹੀ। ਅੱਧੇ ਸਮੇਂ ਤੱਕ ਕਿਲਾ ਰਾਇਪਰ 3-2 ਨਾਲ ਅੱਗੇ ਚੱਲ ਰਿਹਾ ਸੀ। ਜਰਖੜ ਅਕੈਡਮੀ ਦਾ ਪਵਨਦੀਪ ਸਿੰਘ ਹੀਰੋ ਆਫ ਦਾ ਮੈਚ ਬਣਿਆ। ਅੱਜ ਦੇ ਦੂਸਰੇ ਮੈਚ ਵਿੱਚ ਡਾਕਟਰ ਕੁਲਦੀਪ ਸਿੰਘ ਕਲੱਬ ਮੋਗਾ ਨੇ ਬਹੁਤ ਹੀ ਸੰਘਰਸ਼ ਪੂਰਨ ਮੁਕਾਬਲੇ ਮਗਰੋਂ ਅਮਰਗੜ੍ਹ ਨੂੰ 5-4 ਨਾਲ ਹਰਾ ਕੇ ਟੂਰਨਾਮੈਂਟ ਵਿੱਚ ਆਪਣੀ ਪਹਿਲੀ ਜਿੱਤ ਹਾਸਿਲ ਕੀਤੀ। ਮੋਗਾ ਦਾ ਹਰਪੰਤ ਪ੍ਰੀਤ ਹੀਰੋ ਆਫ ਦਾ ਮੈਚ ਬਣਿਆ। ਜਦ ਕਿ ਜੂਨੀਅਰ ਵਰਗ ਵਿੱਚ ਗੁਰੂ ਤੇਗ ਬਹਾਦਰ ਅਕੈਡਮੀ ਚਚਰਾੜੀ ਨੇ ਸਪੋਰਟ ਸੈਂਟਰ ਕਿਲਾ ਰਾਏਪੁਰ ਨੂੰ 3-0 ਨਾਲ ਹਰਾ ਕੇ ਦੂਜੀ ਜਿੱਤ ਹਾਸਿਲ ਕੀਤੀ। ਚਚਰਾੜੀ ਦਾ ਗੁਰਸਿਮਰਨ ਸਿੰਘ ਹੀਰੋ ਆਫ ਦਾ ਮੈਚ ਬਣਿਆ। ਜੂਨੀਅਰ ਵਰਗ ਦੇ ਇੱਕ ਹੋਰ ਮੁਕਾਬਲੇ ਵਿੱਚ ਨਨਕਾਣਾ ਸਾਹਿਬ ਪਬਲਿਕ ਸਕੂਲ ਰਾਮਪੁਰ ਛੰਨਾ ਅਮਰਗੜ੍ਹ ਨੇ ਘਵੱਦੀ ਸਕੂਲ ਨੂੰ 2-1 ਨਾਲ ਹਰਾ ਕੇ ਆਪਣੇ ਸੈਮੀ ਫਾਈਨਲ ਵੱਲ ਕਦਮ ਵਧਾਏ। ਅੱਜ ਦੇ ਮੈਚਾਂ ਦੌਰਾਨ ਲੁਧਿਆਣਾ ਪਲੈਨਿੰਗ ਬੋਰਡ ਦੇ ਚੇਅਰਮੈਨ ਸਰਦਾਰ ਸ਼ਰਨਪਾਲ ਸਿੰਘ ਮੱਕੜ ਨੇ ਮੁੱਖ ਮਹਿਮਾਨ ਵਜੋਂ ਵੱਖ-ਵੱਖ ਟੀਮਾਂ ਦੇ ਨਾਲ ਜਾਣ ਪਹਿਚਾਣ ਕੀਤੀ। ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਆਏ ਮਹਿਮਾਨਾਂ ਨੂੰ ਜੀ ਆਇਆ ਆਖਿਆ।

ਇਸ ਮੌਕੇ ਰਘਵੀਰ ਸਿੰਘ ਖਾਨਪੁਰ ਯੂਐਸਏ, ਪਰਮਜੀਤ ਸਿੰਘ ਨੀਟੂ, ਤਜਿੰਦਰ ਸਿੰਘ ਜਰਖੜ, ਗੁਰਸਤਿੰਦਰ ਸਿੰਘ ਪ੍ਰਗਟ, ਮਨਦੀਪ ਸਿੰਘ ਜਰਖੜ, ਸ਼ਿੰਗਾਰਾ ਸਿੰਘ ਜਰਖੜ, ਗੁਰਦੀਪ ਸਿੰਘ ਕਿਲਾ ਰਾਏਪੁਰ ਜ਼ਿਲਾ ਖੇਡ ਅਫਸਰ ਮਲੇਰ ਕੋਟਲਾ, ਕੁਲਦੀਪ ਸਿੰਘ ਘਵੱਦੀ, ਪਰਮ ਗਰੇਵਾਲ ਗਿੱਲ, ਬਾਬਾ ਰੁਲਦਾ ਸਿੰਘ ਸਾਇਆ ਕਲਾ, ਗੁਰਵਿੰਦਰ ਸਿੰਘ ਕਿਲਾ ਰਾਇਪਰ, ਅਜੀਤ ਪਾਲ ਸਿੰਘ ਨਾਰੰਗਵਾਲ ਆਦਿ ਇਲਾਕੇ ਦੀਆਂ ਹੋਰ ਸ਼ਖਸੀਅਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਜਗਰੂਪ ਸਿੰਘ ਜਰਖੜ ਨੇ ਦੱਸਿਆ ਕਿ ਓਲੰਪੀਅਨ ਪ੍ਰਿੰਸੀਪਲ ਹਾਕੀ ਫੈਸਟੀਵਲ ਦੇ ਅਗਲੇ ਗੇੜ ਦੇ ਮੁਕਾਬਲੇ 18 ਅਤੇ 19 ਮਈ ਨੂੰ ਹੋਣਗੇ। ਇਸ ਮੌਕੇ 19 ਮਈ ਨੂੰ ਓਲੰਪੀਅਨ ਪ੍ਰਿਥੀਪਾਲ ਸਿੰਘ ਦੀ 41ਵੀਂ ਬਰਸੀ ਸ਼ਰਧਾ ਅਤੇ ਸਤਿਕਾਰ ਦੇ ਨਾਲ ਮਨਾਈ ਜਾਵੇਗੀ।

## ਜਰਖੜ ਖੇਡਾਂ-ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦਾ ਤੀਸਰਾ ਦਿਨ

**ਲੁਧਿਆਣੇ (ਜਸਪਾਲ ਕੁਮਾਰ ਆਜਾਦ)** ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਪਿੰਡ ਜਰਖੜ ਵੱਲੋਂ ਕਰਵਾਏ ਜਾ ਰਹੇ 14ਵਾਂ ਓਲੰਪਿਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੇ ਤੀਸਰੇ ਦਿਨ ਬਹੁਤ ਹੀ ਰੋਮਾਂਚਿਕ ਅਤੇ ਸੰਘਰਸ਼ ਪੂਰਨ ਹਾਕੀ ਮੁਕਾਬਲੇ ਹੋਏ।




ਅੱਜ ਮਾਤਾ ਸਾਹਿਬ ਕੌਰ ਖੇਡ ਕੰਪਲੈਕਸ ਸਟੇਡੀਅਮ ਵਿਖੇ ਫਲੱਡ ਲਾਈਟਾਂ ਦੀ ਰੋਸ਼ਨੀ ਵਿੱਚ ਖੇਡੇ ਗਏ ਮੈਚਾਂ ਵਿੱਚ ਜਿੱਥੇ ਜੂਨੀਅਰ ਵਰਗ ਵਿੱਚ ਏਬੀਸੀ ਅਕੈਡਮੀ ਭਵਾਨੀਗੜ੍ਹ ਅਤੇ ਜਰਖੜ ਹਾਕੀ ਅਕੈਡਮੀ ਨੇ ਆਪਣੇ ਜੇਤੂ ਕਦਮ ਅੱਗੇ ਵਧਾਏ ਉਥੇ ਸੀਨੀਅਰ ਵਰਗ ਵਿੱਚ ਐਚਟੀਸੀ ਰਾਮਪੁਰ ਅਤੇ ਯੰਗ ਕਲੱਬ ਉਟਾਲਾ ਜੇਤੂ ਰਹੇ।

ਅੱਜ ਜੂਨੀਅਰ ਵਰਗ ਦੇ ਪਹਿਲੇ ਮੈਚ ਵਿੱਚ ਏਬੀਸੀ ਅਕੈਡਮੀ ਭਵਾਨੀਗੜ ਨੇ ਏਕ ਨੂਰ ਅਕੈਡਮੀ ਤਹਿੰਗ ਨੂੰ 3-2 ਨਾਲ ਹਰਾਇਆ। ਭਵਾਨੀਗੜ੍ਹ ਦਾ ਸੁਖਮਨ ਹੀਰੋ ਆਫ ਦਾ ਮੈਚ ਬਣਿਆ, ਜਦ ਕਿ ਦੂਸਰੇ ਮੈਚ ਵਿੱਚ ਜਰਖੜ ਹਾਕੀ ਅਕੈਡਮੀ ਨੇ ਐਚਟੀਸੀ ਰਾਮਪਰ ਨੂੰ 7-1 ਨਾਲ ਹਰਾਇਆ। ਜਰਖੜ ਹਾਕੀ ਅਕੈਡਮੀ ਦਾ ਹਰਸਿਮਰਨ ਹੀਰੋ ਆਫ ਦਾ ਮੈਚ ਬਣਿਆ। ਸੀਨੀਅਰ ਵਰਗ ਦੇ ਖੇਡੇ ਗਏ ਮੁਢਲੇ ਮੈਚ ਵਿੱਚ ਐਚਟੀਸੀ ਰਾਮਪੁਰ ਨੇ ਸਟਿਕ ਸਟਾਰ ਬੇਕਰਜ ਫੀਲਡ ਕੈਲੀਫੋਰਨੀਆ ਨੂੰ 8-3 ਗੋਲਾਂ ਨਾਲ ਹਰਾਇਆ। ਰਾਮਪੁਰ ਦਾ ਕਮਲਜੀਤ ਸਿੰਘ ਹੀਰੋ ਆਫ ਦਾ ਮੈਚ ਬਣਿਆ ਜਦ ਕਿ ਆਖਰੀ ਲੀਗ ਮੈਚ ਵਿੱਚ ਯੰਗ ਕਲੱਬ ਉਟਾਲਾ ਨੇ ਏਕ ਨੂਰ ਅਕੈਡਮੀ ਤੇਹਿੰਗ ਨੂੰ ਬਹੁਤ ਹੀ ਫਸਵੇਂ ਅਤੇ ਸੰਘਰਸ਼ ਪੂਰਨ ਮੁਕਾਬਲੇ ਵਿੱਚ 3-2 ਗੋਲਾਂ ਨੂੰ ਹਰਾ ਕੇ ਪਹਿਲੀ ਜਿੱਤ ਹਾਸਿਲ ਕੀਤੀ। ਏਕ ਨੂਰ ਅਕੈਡਮੀ ਦਾ ਖੁਸ਼ਪ੍ਰੀਤ ਸਿੰਘ ਹੀਰੋ ਆਫ ਦਾ ਮੈਚ ਬਣਿਆ।

ਅੱਜ ਦੇ ਮੈਚਾਂ ਦੌਰਾਨ ਪ੍ਰੋਫੈਸਰ ਰਜਿੰਦਰ ਸਿੰਘ ,ਉਘੇ ਖੇਡ ਪ੍ਰਮੋਟਰ ਹਰਨੇਕ ਸਿੰਘ ਬੁਟਹਾਰੀ ਨੇ ਵੱਖ ਵੱਖ ਮੈਚਾਂ ਦੌਰਾਨ ਟੀਮਾਂ ਦੇ ਨਾਲ ਮੁੱਖ ਮਹਿਮਾਨ ਵਜੋਂ ਜਾਣ ਪਹਿਚਾਣ ਕੀਤੀ। ਇਸ ਮੌਕੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਆਏ ਮਹਿਮਾਨਾਂ ਨੂੰ ਜੀ ਆਇਆ ਆਖਿਆ । ਉਹਨਾਂ ਦੱਸਿਆ ਕਿ ਓਲੰਪੀਅਨ ਪ੍ਰਥੀਪਾਲ ਸਿੰਘ ਦੀ 41ਵੀਂ ਬਰਸੀ 19 ਮਈ ਨੂੰ ਜਰਖੜ ਖੇਡ ਸਟੇਡੀਅਮ ਵਿਖੇ ਬਹੁਤ ਹੀ ਸ਼ਰਧਾ ਤੇ ਸਤਿਕਾਰ ਦੇ ਨਾਲ ਮਨਾਈ ਜਾਵੇਗੀ।




ਇਸ ਮੌਕੇ ਸਵਰਗੀ ਓਲੰਪੀਅਨ ਪ੍ਰਿਥੀਪਾਲ ਸਿੰਘ ਦੇ ਪਰਿਵਾਰ ਅਤੇ ਉਨਾਂ ਦੇ ਚੇਤਿਆਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।

# ਪੰਜਾਬ ਲੋਕ ਸਭਾ ਚੋਣਾਂ-ਅਣਦਿਖਵੇਂ ਪੱਖ



ਗੁਰਮੀਤ ਪਲਾਹੀ
91-98158-02070

ਪੰਜਾਬ ਲੋਕ ਸਭਾ ਚੋਣਾਂ-2024, ਸਰਹੱਦੀ ਸੂਬੇ ਪੰਜਾਬ ਲਈ ਇਸ ਵੇਰ ਨਵੇਂ ਤਜ਼ਰਬੇ ਵਜੋਂ ਵੇਖੀਆਂ ਜਾ ਰਹੀਆਂ ਹਨ। ਪਿਛਲਾ ਲੰਮਾ ਸਮਾਂ ਪੰਜਾਬ ਵਿੱਚ ਲੋਕ ਸਭਾ, ਵਿਧਾਨ ਸਭਾ ਚੋਣਾਂ, ਸਿਆਸੀ ਪਾਰਟੀਆਂ ਦੇ ਆਪਸੀ ਗੱਠਜੋੜ ਦਾ ਰਿਹਾ ਹੈ, ਪਰ ਐਤਕਾਂ ਪੰਜਾਬ ਦੀਆਂ ਸਾਰੀਆਂ ਛੋਟੀਆਂ-ਵੱਡੀਆਂ ਸਿਆਸੀ ਪਾਰਟੀਆਂ ਆਪੋ-ਆਪਣੀ ਤਾਕਤ ਨਾਲ ਲੋਕ ਸਭਾ ਚੋਣਾਂ ਲੜ ਰਹੀਆਂ ਹਨ ਅਤੇ ਹੈਰਾਨੀਜਨਕ ਤਾਂ ਇਹ ਹੈ ਕਿ ਲਗਭਗ ਸੱਭੋ ਪਾਰਟੀਆਂ 13-0 ਜਿੱਤ ਦਾ ਦਾਅਵਾ ਕਰ ਰਹੀਆਂ ਹਨ। ਪੰਜਾਬ ਵਿੱਚ ਲੋਕ ਸਭਾ ਦੀਆਂ 13 ਸੀਟਾਂ ਹਨ।

ਪੰਜਾਬ ਵਿੱਚ ਰਾਸ਼ਟਰੀ, ਇਲਾਕਾਈ, ਰਿਵਾਇਤੀ, ਗੈਰ-ਰਿਵਾਇਤੀ, ਲੋਕਾਂ ਨਾਲ ਜ਼ਮੀਨੀ ਪੱਧਰ 'ਤੇ ਜੁੜੀਆਂ ਜਾਂ ਕਾਗਜ਼ੀ ਪਾਰਟੀਆਂ ਚੋਣ ਮੈਦਾਨ ਵਿੱਚ ਹਨ। ਸਿਆਸੀ ਪਾਰਟੀਆਂ ਦੇ ਰੰਗ-ਬਰੰਗੇ ਬਿਆਨ ਪੜ੍ਹਨ ਨੂੰ ਮਿਲ ਰਹੇ ਹਨ। ਕਿਧਰੇ-ਕਿਧਰੇ "ਲੋਕਾਂ ਦੀ ਗੱਲ" ਕਰਨ ਵਾਲੇ ਬਿਆਨ ਵੀ ਦਿੱਸਦੇ ਹਨ, ਪਰ ਬਹੁਤਾਤ ਉਹਨਾ ਬਿਆਨਾਂ, ਭਾਸ਼ਣਾ ਦੀ ਹੈ, ਜਿਹਨਾ ਵਿੱਚ ਇਹ ਸਿਆਸੀ ਨੇਤਾ ਇੱਕ-ਦੂਜੇ ਨੂੰ ਭੰਡਦੇ ਹਨ, ਇੱਕ-ਦੂਜੇ ਦੇ ਪੋਤੜੇ ਫੋਲਦੇ ਹਨ, ਇੱਕ-ਦੂਜੇ 'ਤੇ ਕਿੱਚੜ ਸੁੱਟਦੇ ਹਨ। ਇੱਕ-ਦੂਜੇ ਦੀ ਬਦਨਾਮੀ ਕਰਦੇ ਹਨ, ਪਰਿਵਾਰਕ ਪਿਛੋਕੜ ਨਿੰਦਦੇ ਹਨ ਅਤੇ ਕਈ ਵੇਰ ਵਿਰੋਧੀ ਧਿਰ ਵਾਲੇ ਇਹੋ ਜਿਹੇ ਪੱਖ ਲੋਕਾਂ ਸਾਹਵੇਂ ਲੈ ਆਉਂਦੇ ਹਨ, ਜਿਹਨਾ ਦਾ ਸੰਬੰਧਤ ਉਮੀਦਵਾਰਾਂ ਨੂੰ ਵੀ ਪਤਾ ਨਹੀਂ ਹੁੰਦਾ।

ਪਰ ਹੈਰਾਨੀ ਦੀ ਗੱਲ ਹੈ ਕਿ ਕੋਈ ਵੀ ਪੰਜਾਬ ਦੇ ਮੁੱਦਿਆਂ ਦੀ ਗੱਲ ਗੰਭੀਰਤਾ ਨਾਲ ਨਹੀਂ ਕਰ ਰਿਹਾ, ਕੋਈ ਪੰਜਾਬ ਨਾਲ ਹੋਈ ਬੇਇਨਸਾਫੀ ਲੋਕਾਂ ਸਾਹਵੇਂ ਨਹੀਂ ਲਿਆ ਰਿਹਾ। ਕੋਈ ਉਜੜ ਰਹੇ ਪੰਜਾਬ ਨੂੰ ਥਾਂ-ਸਿਰ ਕਿਵੇਂ ਲਿਆਉਣਾ ਹੈ, ਬਾਰੇ ਆਪਣਾ ਰੋਡ ਮੈਪ ਨਹੀਂ ਦੱਸ ਰਿਹਾ। ਸਿਰਫ਼ ਆਪੋ-ਧਾਪੀ ਦਾ ਮਾਹੌਲ ਬਣਿਆ ਹੋਇਆ ਹੈ। ਕਿਧਰੇ-ਕਿਧਰੇ ਕੋਈ ਸੰਜੀਦਾ ਉਮੀਦਵਾਰ, ਜਾਂ ਸਿਆਸੀ ਪਾਰਟੀ ਲੋਕ ਮੁੱਦਿਆਂ ਦੀ ਬਾਤ ਪਾਉਂਦੀ ਹੈ, ਕਿਸਾਨਾਂ , ਮੁਲਾਜ਼ਮਾਂ ਦਾ ਦਰਦ ਬਿਆਨਦੀ ਹੈ, ਪਰ ਨਗਾਰੇ 'ਚ ਤੂਤੀ ਦੀ ਅਵਾਜ਼ ਇੰਨੀ ਧੀਮੀ ਹੈ ਕਿ ਕੁਝ ਹੋਰ ਸੁਣਦਾ ਹੀ ਨਹੀਂ।

ਇੱਕ ਪੱਖ ਜਿਹੜਾ ਪੰਜਾਬ ਦੇ ਲੋਕਾਂ ਲਈ ਉਤਸ਼ਾਹਤ ਕਰਨ ਵਾਲਾ ਹੈ, ਉਹ ਇਹ ਹੈ ਕਿ ਪਿੰਡਾਂ 'ਚ ਕਿਸਾਨ, ਮਜ਼ਦੂਰ, ਚੋਣਾਂ 'ਚ ਖੜੇ ਉਮੀਦਵਾਰਾਂ ਤੋਂ ਸਵਾਲ ਪੁੱਛਣ ਲੱਗ ਪਏ ਹਨ। ਉਹਨਾ ਨੂੰ ਘੇਰਦੇ ਹਨ। ਉਹ ਲੋਕ ਜਿਹੜੇ ਪਾਰਟੀਆਂ ਦੇ ਉਮੀਦਵਾਰਾਂ ਦੇ ਇਕੱਠਾਂ 'ਚ ਮੂਕ-ਦਰਸ਼ਕ ਬਣੇ ਦਿਖਦੇ ਸਨ, ਹਰ ਘਰ, ਜਾਂ ਪਿੰਡ ਆਏ ਉਮੀਦਵਾਰ ਨੂੰ ਉਹਨਾ ਵਾਂਗਰ ਹੀ ਲਾਰਾ ਲੱਪਾ ਲਾਕੇ ਕਹਿੰਦੇ ਸਨ, "ਤੁਹਾਡੀ ਹੀ ਵੋਟ ਹੈ" ਉਹ ਹੁਣ ਮੂੰਹ 'ਤੇ ਹੀ ਕਹਿਣ ਲੱਗੇ ਹਨ ਕਿ ਉਹਨਾ ਨੂੰ ਅੰਦੋਲਨਾਂ 'ਚ ਪਈਆਂ ਲਾਠੀਆਂ ਦਾ ਹਿਸਾਬ ਚਾਹੀਦਾ ਹੈ। ਸ਼ਹੀਦ ਹੋਏ ਸਾਥੀਆਂ ਦਾ ਕੀ ਕਸੂਰ ਸੀ, ਉਹ ਪੁੱਛਣ ਲੱਗੇ ਹਨ। ਚੁੱਪ ਦੀ ਗਾਥਾ ਜਿਹੜੀ ਉਹ ਵਰ੍ਹਿਆਂ ਬੱਧੀ ਸੀਨੇ 'ਚ ਲਕੋਈ ਬੈਠੇ ਸਨ, ਉਹ ਇੱਕ ਚੀਖ ਬਣੀ, ਇੱਕ ਦਹਾੜ ਬਣੀ ਦਿਖਾਈ ਦੇ ਰਹੀ ਹੈ।

ਦੇਸ਼ ਦੇ ਵੱਡੇ ਹਾਕਮਾਂ ਨੇ ਪੰਜਾਬ ਨੂੰ ਅਣਦਿਖਵੇਂ ਢੰਗ ਨਾਲ ਆਪਣੇ ਸ਼ਿਕੰਜੇ ਕੱਸਣ ਦਾ ਦੌਰ ਚਲਾਇਆ ਹੈ। ਕੇਂਦਰੀ ਗ੍ਰਾਂਟਾਂ ਰੋਕਕੇ ਪੰਜਾਬ ਦੇ ਵਿਕਾਸ ਦਾ ਰੰਗ ਫਿੱਕਾ ਪਾਉਣ ਦਾ ਯਤਨ ਹੋਇਆ ਹੈ। ਵੱਡੀ ਪੱਧਰ 'ਤੇ ਦਲ ਬਦਲ ਨੇ ਜਿਵੇਂ ਪੰਜਾਬੀਆਂ ਦੀ ਅਣਖ ਨੂੰ ਖੋਰਾ ਲਾ ਦਿੱਤਾ ਹੈ। ਜਿਵੇਂ ਪੰਜਾਬ ਨੂੰ ਕਦੇ ਕੁੜੀਮਾਰਾਂ ਵਜੋਂ ਬਦਨਾਮ ਕੀਤਾ ਗਿਆ। ਨਸ਼ੱਈਆਂ ਵਜੋਂ ਉਹਨਾ ਦੀ ਦਿੱਖ ਵਿਗਾੜਨ ਦਾ ਕੋਝਾ ਯਤਨ ਹੋਇਆ। ਕਿਸਾਨ ਅੰਦੋਲਨ ਨੂੰ "ਖਾਲਿਸਤਾਨੀ" ਅੰਦੋਲਨ ਗਰਦਾਨਣ ਦੀ ਕੋਸ਼ਿਸ਼ ਹੋਈ, ਉਵੇਂ ਹੀ ਤਾਕਤ ਹਥਿਆਉਣ ਦੀ ਖਾਤਰ, ਪੰਜਾਬ ਨੂੰ ਕਾਬੂ ਕਰਨ ਦੀ ਖਾਤਰ ਨੇਤਾਵਾਂ ਨੂੰ ਹਰ ਹੀਲਾ ਵਸੀਲਾ ਵਰਤਕੇ ਦਲ-ਬਦਲ ਦੇ ਰਾਹ ਪਾ ਦਿੱਤਾ ਗਿਆ।

ਸਾਬਕਾ ਮੁੱਖ ਮੰਤਰੀ, ਪਾਰਟੀ ਦੇ ਪ੍ਰਧਾਨ, ਸਾਬਕਾ ਐਮ.ਪੀ., ਸਾਬਕਾ ਵਿਧਾਇਕ, ਪਾਰਟੀ ਕਾਰਕੁਨ ਇਸੇ ਰਾਹ ਤੋਰ ਦਿੱਤੇ ਗਏ। ਸਿਰਫ਼ ਕੇਂਦਰੀ ਹਾਕਮਾਂ ਨੇ ਹੀ ਨਹੀਂ, ਸਗੋਂ ਸੂਬੇ ਦੇ ਹਾਕਮਾਂ ਅਤੇ ਦੂਜੀਆਂ ਸਿਆਸੀ ਧਿਰਾਂ ਨੇ ਵੀ ਇਹੋ ਖੇਡ ਖੇਡੀ। ਅੱਜ ਜੇਕਰ ਕੋਈ ਅਕਾਲੀ ਸੀ, ਕੱਲ ਭਾਜਪਾਈ ਜਾ ਬਣਿਆ। ਅੱਜ ਜੇਕਰ ਕੋਈ ਕਾਂਗਰਸੀ ਸੀ ਉਹ "ਆਪ" ਨਾਲ ਜਾ ਰਲਿਆ। ਅੱਜ ਕੋਈ "ਆਪ" 'ਚ ਸੀ, ਉਹ ਭਾਜਪਾ ਦੇ ਦਰ ਜਾ ਬੈਠਾ। ਲੋਕ ਸਭਾ ਉਮੀਦਵਾਰ ਦੀ ਖੇਡ ਵਿੱਚ ਐਡੀ ਵੱਡੀ ਦਲ-ਬਦਲੀ ਖੇਡ, ਜੋ ਪੰਜਾਬ 'ਚ ਖੇਡੀ ਗਈ, ਮੁਲਕ ਦੇ ਕਿਸੇ ਹੋਰ ਹਿੱਸੇ 'ਚ ਨਹੀਂ ਖੇਡੀ ਗਈ। ਦਲ-ਬਦਲੂਆਂ ਨੇ ਨੈਤਿਕਤਾ ਨੂੰ ਪੱਲਿਓਂ ਛੱਡ ਦਿੱਤਾ। ਅਸੂਲਾਂ ਨੂੰ ਤਿਲਾਂਜਲੀ ਦੇ ਦਿੱਤੀ। ਸਿਰਫ਼ ਆਪਣੀ ਕੁਰਸੀ ਨੂੰ ਹੀ ਅਹਿਮੀਅਤ ਦੇ ਦਿੱਤੀ।

**ਪੰਜਾਬ ਵਿੱਚ ਬਾਹਰੀ ਤੌਰ 'ਤੇ ਤਾਂ ਦਿਖਦਾ ਹੈ ਕਿ ਪਾਰਟੀਆਂ ਦੇ ਉਮੀਦਵਾਰਾਂ ਦੇ ਆਪਸੀ ਗਹਿਗੱਚ ਮੁਕਾਬਲੇ ਹੋਣਗੇ। ਪਰ ਕੁਝ ਅਣਦਿਖਦਾ ਪੱਖ ਇਹ ਵੀ ਹੈ ਕਿ ਸਾਬਕਾ ਭਾਈਵਾਲਾਂ ਦੇ ਅੰਦਰੋਗਤੀ ਸਮਝੌਤੇ ਵੀ ਹੋਣਗੇ ਜਾਂ ਪਹਿਲਾਂ ਹੀ ਉਮੀਦਵਾਰ ਖੜੇ ਕਰਨ ਵੇਲੇ, ਜਿੱਤਣ ਵਾਲੇ ਉਮੀਦਵਾਰ ਦੇ ਮੁਕਾਬਲੇ ਸਾਬਕਾ ਭਾਈਵਾਲਾਂ ਵਲੋਂ ਕਮਜ਼ੋਰ ਉਮੀਦਵਾਰ ਖੜੇ ਕੀਤੇ ਹਨ ਅਤੇ ਇਸਦੀ ਚਰਚਾ ਵੀ ਆਮ ਹੈ ਅਤੇ ਅੱਗੇ ਪੰਜਾਬ ਵਿਧਾਨ ਸਭਾ ਚੋਣਾਂ 'ਚ ਕੌਣ ਕਿੰਨੀਆਂ ਸੀਟਾਂ ਲੜੇਗਾ ਇਸਦੀ ਚਰਚਾ ਹੁਣੇ ਹੈ।**

ਇਸ ਸਭ ਕੁਝ ਦੇ ਵਿਚਕਾਰ ਪੰਜਾਬ ਦੇ ਵੋਟਰ ਸ਼ਸ਼ੋਪੰਜ ਵਿੱਚ ਪੈ ਗਏ। ਉਹ ਜਿਹੜੇ ਪਿੰਡਾਂ 'ਚ ਕਾਂਗਰਸੀ ਸਨ, ਭਾਜਪਾ ਨੂੰ ਗਾਲਾਂ ਕੱਢਦੇ ਸਨ, ਆਪਣੇ ਕਾਂਗਰਸੀ ਆਕਾ ਦੇ ਦਲ ਬਦਲਣ ਨਾਲ ਭਾਜਪਾਈ ਕਿਵੇਂ ਬਨਣ, ਜਿਹਨਾ ਨੂੰ ਉਹ ਗਾਲਾਂ ਕੱਢਿਆ ਕਰਦੇ ਸਨ? ਉਹ ਪੇਂਡੂ ਅਕਾਲੀ, ਜਿਹੜੇ ਆਪ ਵਾਲਿਆਂ ਨੂੰ ਸ਼ਰੇ ਬਜ਼ਾਰ ਨਿੰਦਦੇ ਸਨ, ਆਪਣੇ ਆਕਾ ਵਲੋਂ ਆਪ ਵਾਲਿਆਂ ਦਾ ਲੜ ਫੜੇ ਜਾਣ 'ਤੇ ਕਿਹੋ ਜਿਹਾ ਮਹਿਸੂਸ ਕਰਦੇ ਹਨ, ਇਹ ਤਾਂ ਉਹ ਹੀ ਜਾਣ ਸਕਦੇ ਹਨ। ਨੇਤਾ ਨੂੰ ਇਸ ਨਾਲ ਕੋਈ ਫਰਕ ਨਹੀਂ ਪੈਣ ਵਾਲਾ। ਪਰ ਇੱਕ ਗੱਲ ਸਾਫ ਹੋਈ ਦਿਸਦੀ ਹੈ ਕਿ ਆਮ ਲੋਕਾਂ ਦਾ "ਨੇਤਾਵਾਂ " ਉਤੇ ਵਿਸ਼ਵਾਸ ਡਗਮਗਾ ਗਿਆ ਹੈ। ਉਹਨਾ ਵਿੱਚ ਮਾਯੂਸੀ ਦਿੱਖ ਰਹੀ ਹੈ। ਖ਼ਾਸ ਕਰਕੇ ਪਿੰਡਾਂ 'ਚ ਇਹੋ ਜਿਹੇ ਦਲ-ਬਦਲੂਆਂ ਦੇ ਇਕੱਠਾਂ 'ਚ ਭੀੜ ਘੱਟ ਗਈ ਹੈ। ਇਹ ਅਸਲ ਅਰਥਾਂ 'ਚ ਲੋਕਤੰਤਰੀ ਕਦਰਾਂ ਕੀਮਤਾਂ ਦਾ ਇੱਕ ਕਿਸਮ ਦਾ ਘਾਣ ਹੋਇਆ ਹੈ, ਜਿਸਨੂੰ ਪੰਜਾਬ ਦੇ ਲੋਕਾਂ ਨੇ ਮਨੋਂ ਜੀਅ ਆਇਆਂ ਨਹੀਂ ਆਖਿਆ।

ਪੰਜਾਬ ਵਿੱਚ ਅਕਾਲੀ-ਭਾਜਪਾ ਗੱਠਜੋੜ ਦੀ ਇੱਕ ਧਿਰ ਭਾਜਪਾ ਉਤਸ਼ਾਹਤ ਹੋਕੇ 1 3 ਸੀਟਾਂ ਉਤੇ ਚੋਣ ਲੜ ਰਹੀ ਹੈ। ਦੂਜੀ ਧਿਰ ਅਕਾਲੀ ਦਲ (ਬਾਦਲ) ਵਾਲੇ ਵੱਖਰੇ ਸਾਰੀਆਂ ਸੀਟਾਂ ਲੜ ਰਹੇ ਹਨ। ਅਕਾਲੀ ਦਲ (ਮਾਨ) ਤੋਂ ਇਲਾਕਾ ਪੰਥਕ ਦਲ ਵੀ ਆਪਣੇ ਉਮੀਦਵਾਰ ਖੜੇ ਕਰ ਰਿਹਾ ਹੈ। ਕਾਂਗਰਸ ਵੀ ਸਾਰੀਆਂ ਸੀਟਾਂ ਤੇ ਜ਼ੋਰ ਅਜ਼ਮਾਈ ਕਰ ਰਹੀ ਹੈ। "ਆਪ" ਨੇ ਸਾਰੀਆਂ ਸੀਟਾਂ 'ਤੇ ਸਿਰ ਧੜ ਦੀ ਬਾਜੀ ਲਾਈ ਹੋਈ ਹੈ। ਬਹੁਜਨ ਸਮਾਜ ਪਾਰਟੀ ਨੇ ਵੀ ਆਪਣੇ ਉਮੀਦਵਾਰਾਂ ਦੀ ਲਿਸਟ ਜਾਰੀ ਕਰ ਦਿੱਤੀ ਹੈ। ਖੱਬੀਆਂ ਧਿਰਾਂ, ਕਮਿਊਨਿਸਟ ਪਾਰਟੀਆਂ ਆਪਣੇ ਉਮੀਦਵਾਰ ਖੜੇ ਕਰ ਚੁੱਕੀਆਂ ਹਨ। ਗੱਲ ਕੀ ਪੰਜਾਬ 'ਚ ਐਂਤਕੀ ਪਹਿਲੀ ਵੇਰ ਚਾਰ ਕੋਨੀ, ਜਾਂ ਪੰਜ ਕੋਨੀ, ਟੱਕਰ ਵੇਖਣ ਨੂੰ ਮਿਲੇਗੀ। ਪਰ ਇੱਕ ਗੱਲ ਪੰਜਾਬੀਆਂ ਨੂੰ ਪ੍ਰੇਸ਼ਾਨ ਕਰਨ ਵਾਲੀ ਹੈ ਕਿ ਕਹਿੰਦੀਆਂ ਕਹਾਉਂਦੀਆਂ ਸਿਆਸੀ ਪਾਰਟੀਆਂ ਜਿਹੜੀ ਔਰਤਾਂ ਨੂੰ ਸਿਆਸਤ ਵਿੱਚ ਬਰਾਬਰ ਦਾ ਭਾਈਵਾਲ ਹੋਣ ਦਾ ਦਾਅਵਾ ਕਰਦੀਆਂ ਹਨ, ਉਹਨਾ ਨੂੰ ਟਿਕਟਾਂ 'ਚ ਵਾਜਬ ਨੁਮਾਇੰਦਗੀ ਨਹੀਂ ਮਿਲੀ। ਕਾਂਗਰਸ ਨੇ ਦੋ ਔਰਤਾਂ, ਹੁਸ਼ਿਆਰਪੁਰ ਤੋਂ ਯਾਮਨੀ ਗੁਮਰ, ਫਰੀਦਕੋਟ ਤੋਂ ਅਮਰਜੀਤ ਕੌਰ ਸਾਹੋਕੇ, ਭਾਜਪਾ ਨੇ ਤਿੰਨ ਔਰਤਾਂ ਹੁਸ਼ਿਆਰਪੁਰ ਤੋਂ ਅਨੀਤਾ ਸੋਮ ਪ੍ਰਕਾਸ਼, ਬਠਿੰਡਾ ਤੋਂ ਪਰਮਪਾਲ ਕੌਰ ਸਿੱਧੂ, ਪਟਿਆਲਾ ਤੋਂ ਪਰਨੀਤ ਕੌਰ ਨੂੰ ਲੋਕ ਸਭਾ ਚੋਣਾਂ 'ਚ ਉਮੀਦਵਾਰ ਬਣਾਇਆ ਅਤੇ ਆਮ ਆਦਮੀ ਪਾਰਟੀ ਨੇ ਕਿਸੇ ਵੀ ਔਰਤ ਨੂੰ ਲੋਕ ਸਭਾ ਚੋਣਾਂ 'ਚ ਉਮੀਦਵਾਰ ਨਹੀਂ ਬਣਾਇਆ।

ਇਸ ਤੋਂ ਵੀ ਵੱਡੀ ਗੱਲ ਵੇਖਣ ਵਾਲੀ ਇਹ ਹੈ ਕਿ ਪਾਰਟੀਆਂ ਦੇ ਬਹੁਤੇ ਉਮੀਦਵਾਰਾਂ ਵਿੱਚ ਸਧਾਰਨ ਉਮੀਦਵਾਰਾਂ ਦੀ ਕਮੀ ਹੈ। ਬਹੁਤੇ ਵੱਡੀਆਂ ਢੁੱਠਾਂ ਵਾਲੇ, ਅਮੀਰ ਕਰੋੜਪਤੀ ਹੀ ਉਮੀਦਵਾਰ ਹਨ।

ਇੱਕ ਰਿਪੋਰਟ ਵੇਖੋ. ਬਠਿੰਡਾ ਤੋਂ ਜੀਤ ਮਹਿੰਦਰ ਸਿੰਘ ਸਿੱਧੂ 30.45 ਕਰੋੜ, ਪਟਿਆਲਾ ਤੋਂ ਐਨ.ਕੇ. ਸ਼ਰਮਾ 31.91 ਕਰੋੜ, ਲੁਧਿਆਣਾ ਤੋਂ ਰਵਨੀਤ ਬਿੱਟੂ 5.87 ਕਰੋੜ, ਗੁਰਦਾਸਪੁਰ ਤੋਂ ਸੁਖਵਿੰਦਰ ਸਿੰਘ ਰੰਧਾਵਾ 7.12 ਕਰੋੜ, ਪਟਿਆਲਾ ਤੋਂ ਧਰਮਵੀਰ ਗਾਂਧੀ 8.50 ਕਰੋੜ, ਫਰੀਦਕੋਟ ਤੋਂ ਹੰਸ ਰਾਜ ਹੰਸ 16.33 ਕਰੋੜ, ਬਠਿੰਡਾ ਤੋਂ ਗੁਰਮੀਤ ਸਿੰਘ ਖੁਡੀਆਂ 1.17 ਕਰੋੜ ਦੀ ਜਾਇਦਾਦ ਦੇ ਮਾਲਕ ਹਨ। ਇਹ ਕੁਝ ਨੇਤਾਵਾਂ ਦੀ ਜਾਇਦਾਦ ਦੇ ਅੰਕੜੇ ਹਨ, ਜਿਹੜੇ ਉਹਨਾ ਨੇ ਲੋਕ ਸਭਾ ਦੀਆਂ ਚੋਣਾਂ ਵੇਲੇ ਆਪਣੇ ਨਾਮਜ਼ਦਗੀ ਪੱਤਰ ਭਰਨ ਵੇਲੇ, ਵੇਰਵੇ ਵਜੋਂ ਦਿੱਤੇ ਹਨ। ਜਿਸ ਤੋਂ ਜ਼ਾਹਰ ਹੁੰਦਾ ਹੈ ਕਿ ਨੇਤਾਵਾਂ ਦੀ ਜ਼ਾਇਦਾਦ ਪਿਛਲੀ ਚੋਣਾਂ ਤੋਂ ਹੁਣ ਤੱਕ ਬੇਇੰਤਹਾ ਵਧੀ ਹੈ। ਸਾਫ ਹੈ ਕਿ ਪੰਜਾਬ ਗਰੀਬ ਹੋ ਰਿਹਾ ਹੈ ਅਤੇ ਇਸਦੇ ਨੇਤਾ ਅਮੀਰ ਹੋ ਰਹੇ ਹਨ।

ਪੰਜਾਬ ਵਿੱਚ ਬਾਹਰੀ ਤੌਰ 'ਤੇ ਤਾਂ ਦਿਖਦਾ ਹੈ ਕਿ ਪਾਰਟੀਆਂ ਦੇ ਉਮੀਦਵਾਰਾਂ ਦੇ ਆਪਸੀ ਗਹਿਗੱਚ ਮੁਕਾਬਲੇ ਹੋਣਗੇ। ਪਰ ਕੁਝ ਅਣਦਿਖਦਾ ਪੱਖ ਇਹ ਵੀ ਹੈ ਕਿ ਸਾਬਕਾ ਭਾਈਵਾਲਾਂ ਦੇ ਅੰਦਰੋਗਤੀ ਸਮਝੌਤੇ ਵੀ ਹੋਣਗੇ ਜਾਂ ਪਹਿਲਾਂ ਹੀ ਉਮੀਦਵਾਰ ਖੜੇ ਕਰਨ ਵੇਲੇ, ਜਿੱਤਣ ਵਾਲੇ ਉਮੀਦਵਾਰ ਦੇ ਮੁਕਾਬਲੇ ਸਾਬਕਾ ਭਾਈਵਾਲਾਂ ਵਲੋਂ ਕਮਜ਼ੋਰ ਉਮੀਦਵਾਰ ਖੜੇ ਕੀਤੇ ਹਨ ਅਤੇ ਇਸਦੀ ਚਰਚਾ ਵੀ ਆਮ ਹੈ ਅਤੇ ਅੱਗੇ ਪੰਜਾਬ ਵਿਧਾਨ ਸਭਾ ਚੋਣਾਂ 'ਚ ਕੌਣ ਕਿੰਨੀਆਂ ਸੀਟਾਂ ਲੜੇਗਾ ਇਸਦੀ ਚਰਚਾ ਹੁਣੇ ਹੈ।

ਕਾਂਗਰਸ, 'ਆਪ' ਦੇ ਇੰਡੀਆ ਗੱਠਜੋੜ 'ਚ ਭਾਈਵਾਲੀ ਤੇ ਪੰਜਾਬ 'ਚ ਕਾਂਗਰਸ , "ਆਪ" ਵਲੋਂ ਆਪੋ-ਆਪਣੀ ਤਫਲੀ ਵਜਾਉਣਾ ਬਹੁਤੇ ਲੋਕਾਂ ਨੂੰ ਹਜ਼ਮ ਨਹੀਂ ਹੋ ਰਿਹਾ। ਜਦੋਂ ਉਮੀਦਵਾਰ ਆਪੋ-ਆਪਣੇ ਨਾਮਜ਼ਦਗੀ ਪੇਪਰ ਦਾਖ਼ਲ ਕਰ ਦੇਣਗੇ, ਕੁਝ ਸਥਿਤੀ ਉਸ ਵੇਲੇ ਅਤੇ ਕੁਝ ਚੋਣਾਂ ਤੋਂ ਕੁਝ ਦਿਨ ਪਹਿਲਾ ਸਾਫ਼ ਹੋਏਗੀ ਕਿ ਕੌਣ ਕਿਹੜੀ ਧਿਰ ਨਾਲ ਖੜਦਾ ਹੈ। ਪਰ ਇਸ ਭੰਬਲ ਭੂਸੇ ਵਾਲੀ ਸਥਿਤੀ ਵਿੱਚ ਜਦੋਂ ਕਿ ਭਾਜਪਾ ਦੇ ਉਮੀਦਵਾਰਾਂ ਦਾ ਪਿੰਡਾਂ 'ਚ ਖਾਸ ਕਰਕੇ ਕਿਸਾਨਾਂ ਵਲੋਂ ਵਿਰੋਧ ਹੋ ਰਿਹਾ ਹੈ, ਕਿਸਾਨ ਕਿਧਰ ਭੁਗਤਣਗੇ, ਇਹ ਆਉਣ ਵਾਲੇ ਸਮੇਂ 'ਚ ਤਹਿ ਹੋਏਗਾ । ਪਰ ਇਕ ਗੱਲ ਸਾਫ ਦਿਖਣ ਲੱਗੀ ਹੈ ਕਿ ਲੋਕਾਂ ਦਾ ਵੋਟਾਂ ਪਾਉਣ ਵੱਲ ਰੁਝਾਨ ਘਟੇਗਾ।

ਇੱਕ ਹੋਰ ਪੱਖ ਇਹ ਵੀ ਹੈ ਕਿ ਸਿਆਸੀ ਪਾਰਟੀਆਂ ਵਿੱਚ ਬਾਹਰਲੀਆਂ ਪਾਰਟੀਆਂ ਦੇ ਵੱਡੇ ਨੇਤਾਵਾਂ ਦੀ ਆਮਦ ਨਾਲ ਪਾਰਟੀਆਂ ਦੇ ਕਾਡਰ ਵਿਚ ਨਿਰਾਸ਼ਤਾ ਵੇਖਣ ਨੂੰ ਮਿਲ ਰਹੀ ਹੈ । ਇਹ ਨਿਰਾਸ਼ ਕਾਡਰ ਦੀ ਚੁੱਪੀ ਵੋਟਾਂ ਨੂੰ ਪ੍ਰਭਾਵਤ ਕਰੇਗੀ, ਕਿਉਂਕਿ ਕਿਸੇ ਨਵੇਂ ਨੇਤਾ ਦੀ ਆਮਦ ਪਾਰਟੀ ਵਿੱਚ ਨਵੀਆਂ ਸਮੀਕਰਨਾਂ ਨਵੇਂ ਧੜੇ ਪੈਦਾ ਕਰਦੀ ਹੈ। ਉਂਜ ਵੀ ਜਿਹੜੇ ਲੋਕ ਵਰ੍ਹਿਆਂ ਤੋਂ ਕਿਸੇ ਇਕ ਧਿਰ ਨਾਲ ਖੜਕੇ ਦੂਜੀ ਧਿਰ ਦਾ ਤਿੱਖਾ ਵਿਰੋਧ ਕਰਦੇ ਰਹੇ ਹੋਣ, ਉਹ ਮਾਨਸਿਕ ਤੌਰ 'ਤੇ ਨਵੀਂ ਧਿਰ ਨਾਲ ਕਿਵੇਂ ਇੱਕ-ਮਿਕ ਹੋ ਸਕਦੇ ਹਨ?

ਪੰਜਾਬ 'ਚ ਇਹਨਾਂ ਚੋਣਾਂ 'ਚ ਇਕ ਨਵਾਂ ਪੱਖ ਸਾਹਮਣੇ ਆ ਰਿਹਾ ਹੈ, ਉਹ ਇਹ ਹੈ ਕਿ ਸੂਬੇ ਦੇ ਵੱਡੇ ਕਾਰੋਬਾਰੀ ਸਿਆਸੀ ਪਾਰਟੀਆਂ ਦੀ ਧਿਰ ਬਣਕੇ ਉਹਨਾਂ ਦੇ ਜਲਸਿਆਂ ,ਬੈਠਕਾਂ 'ਚ ਹਾਜ਼ਰੀ ਭਰ ਰਹੇ ਹਨ । ਉਹ ਆਪਣੇ ਬਾਹੂ-ਬਲ ਨਾਲ ਵੱਡੀ ਭੂਮਿਕਾ ਨਿਭਾਉਂਦੇ ਦਿਖ ਰਹੇ ਹਨ। ਕੇਂਦਰੀ ਹਾਕਮਾਂ ਨਾਲ ਜੁੜੇ ਕਾਰੋਬਾਰੀ ਭਾਜਪਾ ਦੇ ਹੱਕ 'ਚ ਭੁਗਤ ਰਹੇ ਹਨ ਅਤੇ ਉਹਨਾਂ ਨੂੰ ਹਰ ਕਿਸਮ ਦੀ ਸਹਾਇਤਾ ਪ੍ਰਦਾਨ ਕਰ ਰਹੇ ਹਨ ਜਦੋਂ ਕਿ ਸੂਬੇ ਦੀ ਹਾਕਮ ਪਾਰਟੀ "ਆਪ" ਨਾਲ ਵੀ ਕਾਰੋਬਾਰੀ ਖੜੇ ਹਨ, ਜਿਹੜੇ ਉਮੀਦਵਾਰਾਂ ਤੋਂ ਆਪੋ-ਆਪਣੀਆਂ ਸਮੱਸਿਆਵਾਂ ਦੇ ਹੱਕ ਲਈ ਵਾਇਦੇ ਲੈ ਰਹੇ ਹਨ । ਉਂਜ ਵੀ ਚੋਣਾਂ ਵਿੱਚ ਧੰਨ ਦੀ ਵਰਤੋਂ ਵੱਡੇ ਪੱਧਰ 'ਤੇ ਹੁੰਦੀ ਹੈ, ਜਿਸ ਵਿੱਚ ਉਮੀਦਵਾਰ ਵਲੋਂ ਚੋਣ ਪ੍ਰਚਾਰ, ਬੈਠਕਾਂ ਆਦਿ ਦਾ ਖ਼ਰਚਾ ਸ਼ਾਮਲ ਹੁੰਦਾ ਹੈ, ਅਤੇ ਕਾਰੋਬਾਰੀਆਂ ਅਤੇ ਧੰਨ ਕੁਬੇਰਾਂ ਦੀ ਮਦਦ ਉਤੇ ਬਿਨਾਂ ਵੱਡੀ ਗਿਣਤੀ ਉਮੀਦਵਾਰ ਟੇਕ ਰੱਖਦੇ ਹਨ।

ਪਿਛਲੀਆਂ ਲੋਕ ਸਭਾ ਚੋਣਾਂ ਦੇ ਮੁਕਾਬਲੇ ਇਸ ਵੇਰ ਲੋਕ ਸਭਾ ਉਮੀਦਵਾਰ ਵਲੋਂ ਚੋਣਾਂ 'ਚ ਖ਼ਰਚੇ ਦੀ ਹੱਦ ਵਧਾ ਕੇ 95 ਲੱਖ ਕਰ ਦਿੱਤੀ ਗਈ ਹੈ, ਜਿਸਨੂੰ ਸਧਾਰਨ ਉਮੀਦਵਾਰ ਬਾਹਰੀ ਸਹਾਇਤਾ ਤੋਂ ਬਿਨ੍ਹਾਂ ਇਕੱਲਿਆਂ ਪੂਰਿਆਂ ਨਹੀਂ ਕਰ ਸਕਦਾ।

ਆਮ ਤੌਰ 'ਤੇ ਪੰਜਾਬ ਦੇ ਲੋਕ "ਦਿੱਲੀ ਹਾਕਮਾਂ" ਨਾਲ ਭੇੜ 'ਚ ਰਹਿੰਦੇ ਹਨ ਅਤੇ ਪਿਛਲਿਆਂ ਗੇੜਾਂ 'ਚ ਜਦੋਂ ਮੋਦੀ ਦੀ ਲਹਿਰ ਦਿਖਦੀ ਸੀ ਜਾਂ ਕਾਂਗਰਸ ਦੇ ਹੱਕ 'ਚ ਵੱਡੀ ਗਿਣਤੀ 'ਚ ਲੋਕ ਕਿਸੇ ਸਮੇਂ ਭੁਗਤੇ ਸਨ, ਪੰਜਾਬ ਦੇ ਲੋਕਾਂ ਨੇ ਆਪਣੇ ਢੰਗ ਨਾਲ ਵੋਟ ਪਾਈ ਸੀ । ਇਸ ਵਾਰ ਵੀ ਰੁਝਾਨ ਉਸ ਤੋਂ ਵੱਖਰਾ ਹੋਣ ਦੀ ਸੰਭਾਵਨਾ ਨਹੀਂ ਦਿਖਦੀ, ਪਰ ਇਕ ਗੱਲ ਪੱਕੀ ਹੈ, ਉਹ ਇਹ ਕਿ ਪੰਜਾਬੀਆਂ ਨੇ ਦਲ-ਬਦਲੂ ਸਿਆਸਤ ਨੂੰ ਪਸੰਦ ਨਹੀਂ ਕੀਤਾ, ਉਹ ਦਲ-ਬਦਲੂਆਂ ਨੂੰ ਸਬਕ ਸਿਖਾਉਣਾ ਮਿਥੀ ਬੈਠੇ ਹਨ।

# ਜਮਹੂਰੀ ਅਧਿਕਾਰ ਸਭਾ ਪੰਜਾਬ ਵੱਲੋਂ ਚੋਣਾਂ ਮੌਕੇ ਕਿਸਾਨ ਆਗੂਆਂ ਦੀਆਂ ਗ੍ਰਿਫਤਾਰੀਆਂ ਦੀ ਸਖ਼ਤ ਨਿੰਦਾ

**ਚੰਡੀਗੜ੍ਹ, (ਦਲਜੀਤ ਕੌਰ)** ਜਮਹੂਰੀ ਅਧਿਕਾਰ ਸਭਾ ਪੰਜਾਬ ਸੂਬੇ ਅੰਦਰ ਭਾਜਪਾ ਤੇ ਹੋਰ ਪਾਰਟੀਆਂ ਤੋਂ ਸੁਆਲ ਪੁੱਛਣ ਵਾਲੇ ਕਿਸਾਨ ਆਗੂਆਂ ਦੀਆਂ ਗ੍ਰਿਫਤਾਰੀਆਂ ਤੇ ਪੁਲੀਸ ਤਸ਼ੱਦਦ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦੀ ਹੈ। ਸਭਾ ਪੰਜਾਬ ਦੇ ਚੋਣ ਕਮਿਸ਼ਨ ਤੋਂ ਪੁੱਛਣਾ ਚਾਹੁੰਦੀ ਹੈ ਕਿ, ਕੀ ਨਾਗਰਿਕਾਂ ਨੂੰ ਸੰਸਦ ਲਈ ਚੁਣੇ ਜਾਣ ਵਾਲੇ ਉਮੀਦਵਾਰਾਂ ਤੋਂ ਸੁਆਲ ਪੁੱਛਣ ਦਾ ਵੀ ਅਧਿਕਾਰ ਨਹੀਂ ਹੈ? ਯਾਦ ਰਹੇ ਕਿਸਾਨਾਂ ਤੇ ਹੋਰ ਜਥੇਬੰਦੀਆਂ ਦੇ ਆਗੂਆਂ ਦੀਆਂ ਗ੍ਰਿਫਤਾਰੀਆਂ, ਘਰ੍ਹਾਂ 'ਚ ਨਜਰਬੰਦੀਆਂ ਅਤੇ ਪੁਲੀਸ ਵੱਲੋਂ ਕੀਤੇ ਜਾ ਰਹੇ ਤਸ਼ੱਦਦ ਨੂੰ ਪੰਜਾਬ ਪੁਲੀਸ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੇ ਬਹਾਨੇ ਵਾਜਿਬ ਠਹਿਰਾਅ ਰਿਹਾ ਹੈ।

ਇਹ ਬਿਆਨ ਜਾਰੀ ਕਰਦਿਆਂ ਸਭਾ ਦੇ ਸੂਬਾ ਪ੍ਰਧਾਨ ਪ੍ਰੋ: ਜਗਮੋਹਨ ਸਿੰਘ, ਜਨਰਲ ਸਕੱਤਰ ਪ੍ਰਿਤਪਾਲ ਤੇ ਪ੍ਰੈੱਸ ਸਕੱਤਰ ਅਮਰਜੀਤ ਸ਼ਾਸਤਰੀ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਫੈਸਲੇ ਮੁਤਾਬਕ ਕਿਸਾਨ ਜਥੇਬੰਦੀਆਂ ਦੇ ਕਾਰਕੁਨ ਆਪਣੇ ਇਲਾਕੇ ਦੇ ਉਮੀਦਵਾਰਾਂ ਵਿਸ਼ੇਸ਼ ਕਰਕੇ ਭਾਜਪਾ ਦੇ ਉਮੀਦਵਾਰਾਂ ਤੋਂ ਸੁਆਲ ਪੁੱਛ ਰਹੇ ਹਨ ਕਿ ਪਿਛਲੇ ਕਿਸਾਨ ਸੰਘਰਸ਼ ਦੌਰਾਨ ਹੋਏ ਸਮਝੌਤੇ ਮੁਤਾਬਕ ਕਿਸਾਨਾਂ ਦੀਆਂ ਮੰਗਾਂ ਵਿਸ਼ੇਸ਼ ਕਰਕੇ ਐਮਐਸਪੀ ਦੀ ਗਰੰਟੀ, ਕਰਜਾ ਮੁਆਫੀ, ਲਖੀਮਪੁਰ ਦੇ ਕਿਸਾਨਾਂ ਨੂੰ ਇਨਸਾਫ਼ ਤੇ ਅਜੈ ਮਿਸ਼ਰਾ ਬਰਤਰਫੀ ਤੇ ਗ੍ਰਿਫਤਾਰੀ ਅਤੇ ਮੁਆਵਜੇ ਅਤੇ ਸਬਸਿਡੀਆਂ ਆਦਿ ਹੋਰ ਮੰਗਾਂ ਬਾਰੇ ਕੀਤੇ ਵਾਅਦਿਆਂ ਉੱਤੇ ਭਾਜਪਾ ਸਰਕਾਰ ਦੇ ਅਮਲ ਦੀ ਜੁਆਬਦੇਹੀ ਦੀ ਮੰਗ ਕਰ ਰਹੇ ਹਨ। ਇਸ ਤਰ੍ਹਾਂ ਮਜਦੂਰਾਂ ਮੁਲਾਜਮਾਂ ਤੇ ਬੇਰੁਜਗਾਰ ਨੌਜਵਾਨਾਂ ਤੇ ਦੁਕਾਨਦਾਰਾਂ ਛੋਟੇ ਕਾਰਬਾਰੀਆਂ ਦੇ ਆਪਣੇ ਜ਼ਿੰਦਗੀ ਨਾਲ ਜੁੜੇ ਸਵਾਲ ਹਨ, ਜਿਨ੍ਹਾਂ ਬਾਰੇ ਉਹਨਾਂ ਦੀ ਪਿਛਲੀ ਕਾਰਗੁਜਾਰੀ ਦੇ ਹਿਸਾਬ ਬਾਰੇ



ਵੋਟ ਮੰਗਣ ਵਾਲਿਆਂ ਤੋਂ ਜੁਆਬ ਮੰਗਣਾ ਨਾਗਰਿਕਾਂ ਦਾ ਬੁਨਿਆਦੀ ਅਧਿਕਾਰ ਹੈ। ਇਹ ਹਰ ਵਰਗ ਦੇ ਉਸ ਨਾਗਰਿਕ ਦਾ ਅਧਿਕਾਰ ਹੈ ਜੋ ਵੋਟ ਦੇਣ ਦਾ ਅਧਿਕਾਰ ਰੱਖਦਾ ਹੈ। ਚੋਣ ਕਮਿਸ਼ਨ ਨੇ ਕੇਵਲ ਉਮੀਦਵਾਰਾਂ ਦੇ ਇੱਕ ਪਾਸੜ ਪ੍ਰਚਾਰ ਨੂੰ ਹੀ ਯਕੀਨੀ ਬਨਾਉਣਾ ਸਗੋਂ ਜਮਹੂਰੀਅਤ ਦੇ ਕਾਇਦੇ ਮੁਤਾਬਕ ਸੁਆਲ ਪੁੱਛਣ ਦੇ ਹੱਕ ਦੀ ਰਾਖੀ ਕਰਨੀ ਹੈ। ਪੰਜਾਬ ਚੋਣ ਕਮਿਸ਼ਨ ਦੀ ਅਜਿਹੀ ਹਦਾਇਤ ਕਿ ਭਾਜਪਾ ਤੇ ਹੋਰਨਾਂ ਉਮੀਦਵਾਰਾਂ ਪੁੱਛਣ ਵਾਲਿਆਂ ਨੂੰ ਪੁਲੀਸ ਸਖਤੀ ਨਾਲ ਰੋਕੇ ਉਨ੍ਹਾਂ ਦੇ ਬੁਨਿਆਦੀ ਅਧਿਕਾਰਾਂ ਦੀ ਨੰਗੀ ਚਿੱਟੀ ਉਲੰਘਣਾ ਹੈ। ਉਸ ਤਹਿਤ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ (ਧਨੇਰ) ਦੇ ਸੂਬਾ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ, ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਰਜਿੰਦਰ ਸਿੰਘ ਦੀਪ ਸਿੰਘਵਾਲਾ ਤੇ ਫਰੀਦਕੋਟ 'ਚ ਨੌਜਵਾਨ ਭਾਰਤ ਸਭਾ ਦੇ ਨੌਨਿਹਾਲ ਦੀ ਗ੍ਰਿਫਤਾਰੀ ਤੋਂ ਇਲਾਵਾ ਡੈਮੋਕਰੇਟਿਕ ਮੁਲਾਜ਼ਮ ਫੈਡਰੇਸਨ ਦੇ ਆਗੂ ਕੁਲਵਿੰਦਰ ਸਿੰਘ ਦੀ ਨੂੰਹ ਦੀ ਘਰ ਨਜਰਬੰਦੀ ਤੇ ਪੰਜਾਬ ਦੇ ਹੋਰਨਾਂ ਕਈ ਜ਼ਿਲ੍ਹਿਆਂ ਵਿੱਚ ਉਮੀਦਵਾਰਾਂ ਨੂੰ ਕਾਲੇ ਝੰਡੇ ਦਿਖਾਉਣ, ਸੁਆਲ ਪੁੱਛਣ ਉਤੇ ਜ਼ਬਰ ਤਸ਼ੱਦਦ ਦਾ ਸ਼ਿਕਾਰ ਬਨਾਉਣਾ ਜਿਸ ਵਿੱਚ ਪਟਿਆਲਾ ਦੇ ਇੱਕ ਕਿਸਾਨ ਦੀ ਮੌਤ ਵੀ ਹੋ ਗਈ ਆਦਿ ਤੋਂ ਇਲਾਵਾ ਸ਼ਾਹਕੋਟ ਤੇ ਫਗਵਾੜਾ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਸੁਆਲ ਪੁੱਛਣ ਵਾਲੇ ਪੇਂਡੂ ਮਜ਼ਦੂਰ ਯੂਨੀਅਨ ਤੇ ਆਸ਼ਾ ਵਰਕਰਾਂ ਮਿਡ-ਡੇ-ਮੀਲ ਕੁੱਕ ਬੀਬੀਆਂ ਦੇ ਘੱਟੋ ਘੱਟ 50 ਵਰਕਰਾਂ ਦੀ ਦਿਨ ਭਰ ਗਿਫ੍ਰਤਾਰੀ ਕੁੱਝ ਮਿਸਾਲ ਹਨ। ਬਠਿੰਡਾ ਜ਼ਿਲ੍ਹੇ ਵਿੱਚ ਬੀਕੇਯੂ ਉਗਰਾਹਾਂ ਤੇ ਡਕੌਂਦਾ ਕਿਸਾਨ ਨੁਮਾਇੰਦਿਆਂ ਨਾਲ ਤਿੱਖੀ ਬਹਿਸਬਾਜੀ, ਹੱਥੋ ਪਾਈ, ਲਾਠੀਚਾਰਜ਼, ਫਾਜਲਿਕਾ ਵਿੱਚ 50 ਤੋਂ ਵੱਧ ਕਿਸਾਨਾਂ ਦੀਆਂ ਗ੍ਰਿਫਤਾਰੀਆਂ, ਮਾਨਸਾ ਜ਼ਿਲ੍ਹੇ ਦੇ ਕੁਲਰੀਆਂ ਇਲਾਕੇ ਵਿੱਚ ਕਿਸਾਨਾਂ ਨਾਲ ਧੱਕਾ ਮੁੱਕੀ ਕਰਕੇ ਅਖੀਰ ਵਿੱਚ ਬੀਕੇਯੂ ਡਕੌਂਦਾ ਧਨੇਰ ਦੇ ਆਗੂ ਕੁਲਵੰਤ ਸਿੰਘ ਕਿਸ਼ਨਗੜ੍ਹ ਨਾਲ ਕੀਤਾ ਦੁਰ ਵਿਵਹਾਰ ਸ਼ਾਮਲ ਹੈ। ਜਮਹੂਰੀ ਅਧਿਕਾਰ ਸਭਾ ਇਨ੍ਹਾਂ ਘਟਨਾਵਾਂ ਦੀ ਨਿਖੇਧੀ ਕਰਦੀ ਹੋਈ ਪੰਜਾਬ ਚੋਣ ਕਮਿਸ਼ਨ ਤੋਂ ਮੰਗ ਕਰਦੀ ਹੈ ਕਿ ਵੋਟਰਾਂ ਤੇ ਨਾਗਰਿਕਾਂ ਦੇ ਉਮੀਦਵਾਰਾਂ ਤੋਂ ਸੁਆਲ ਪੁੱਛਣ ਦੇ ਸੰਵਿਧਾਨਕ ਅਧਿਕਾਰ ਦੀ ਗਰੰਟੀ ਯਕੀਨੀ ਬਣਾਈ ਜਾਵੇ ਅਤੇ ਸਭਾ ਸਮੂਹ ਇਨਸਾਫ ਪਸੰਦ ਲੋਕਾਂ ਤੇ ਜਥੇਬੰਦੀਆਂ ਨੂੰ ਇਸ ਅਧਿਕਾਰ ਦੀ ਰਾਖੀ ਲਈ ਆਵਾਜ ਬੁਲੰਦ ਕਰਨ ਦਾ ਸੱਦਾ ਦਿੰਦੀ ਹੈ।

## ਬੈਂਤ/ ਪਾਤਰ ਜੀ ਪਰਤ ਗਏ ਨੇ !

ਐਹੋ ਜਿਹਾ ਕੋਈ ਟਾਵਾਂ ਹੀ ਸ਼ਾਇਰ ਹੁੰਦਾ
ਜਿਹੜਾ ਸਭ ਦੇ ਦਿਲਾਂ ਵਿੱਚ ਵੱਸ ਜਾਂਦਾ।
ਸ਼ਾਇਰੀ ਸਮੇਂ ਸਥਾਨ ਤੋਂ ਪਾਰ ਲਿਖਕੇ
ਕਿਹਨੂੰ ਆਖਦੇ ਕਵੀ ਇਹ ਦੱਸ ਜਾਂਦਾ।
ਛੱਡ ਧਿਰਾਂ ਨੂੰ ਮਾਨਵ ਦੇ ਗੀਤ ਗਾ ਕੇ
ਸਾਹਿਤ ਪਿੜ 'ਚੋਂ ਖੱਟ ਕੇ ਜੱਸ ਜਾਂਦਾ।
ਅਚਨਚੇਤ ਜਦ ਅੱਖਾਂ ਉਹ ਮੀਟ ਜਾਵੇ
ਜੱਗ ਸੋਗ ਵਿਯੋਗ ਵਿੱਚ ਗ੍ਰੱਸ ਜਾਂਦਾ।
ਏਨਾਂ ਲੋਇਣੀ ਦੇਖ ਲਏ ਬਹੁਤ ਸਦਮੇ
ਭਾਣੇ ਕਈਆਂ ਦੇ ਸਿਰਾਂ 'ਤੇ ਵਰਤ ਗਏ ਨੇ।
ਆਪਣਾ 'ਰੋਲ' ਸਟੇਜ 'ਤੇ ਖਤਮ ਕਰਕੇ
ਪਰਦੇ ਪਿੱਛੇ ਨੂੰ ਪਾਤਰ ਜੀ ਪਰਤ ਗਏ ਨੇ!



ਤਰਲੋਚਨ ਸਿੰਘ ਦੁਪਾਲ ਪੁਰ
78146-92724

# ਖ਼ਾਨਦਾਨੀ ਇਤਿਹਾਸਕਾਰ ਦਾ ਕੈਲੰਡਰ ਗਿਆਨ



ਸਰਵਜੀਤ ਸਿੰਘ ਸੈਕਰਾਮੈਂਟੋ
sarbjits@gmail.com>

ਖ਼ਾਨਦਾਨੀ ਇਤਿਹਾਸਕਾਰ (ਤਜਰਬਾ 101 ਸਾਲ), "ਗੁਰੂ ਸਾਹਿਬ ਵੱਲੋਂ ਸਥਾਪਿਤ ਕੀਤਾ ਮੂਲ ਸਿੱਖ ਕੈਲੰਡਰ" ਦੀ ਪ੍ਰਸਤਾਵਨਾ ਵਿੱਚ ਲਿਖਦਾ ਹੈ, "ਇਤਿਹਾਸ ਨੂੰ ਕਿਵੇਂ ਕਰੂਪ ਕਰਕੇ ਸਿੱਖ ਸਿਧਾਂਤ-ਗੁਰੂ ਸਾਹਿਬ ਵੱਲੋਂ ਆਪਣੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਆਪਣਾ ਉੱਤਰਾਧਿਕਾਰੀ ਥਾਪਣ ਤੋਂ ਬੇਮੁਖ ਹੋ ਕੇ ਨਵੀਨ ਇਤਿਹਾਸ ਦੇ ਨਾਮ 'ਤੇ ਨਵੀਨ ਕੁਚੇਸ਼ਟਾ ਕੀਤੀ ਹੈ ਉਹ ਹੇਠਾਂ ਵਿਸਥਾਰ ਸਾਹਿਤ ਦਿੱਤਾ ਜਾ ਰਿਹਾ ਹੈ": (ਪੰਨਾ 13)

ਇਥੇ ਅਨੁਰਾਗ ਸਿੰਘ ਨੇ, ਗੁਰੂ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦੀਆਂ ਤਾਰੀਖਾਂ ਅਤੇ ਗੁਰੂ ਸਾਹਿਬ ਜੀ ਵੱਲੋਂ, ਆਪਣੇ ਉੱਤਰਾਧਿਕਾਰੀ ਨੂੰ ਗੁਰਗੱਦੀ ਸੌਂਪਣ ਦੀਆਂ ਤਾਰੀਖਾਂ ਦਾ ਜਿਕਰ ਕੀਤਾ ਹੈ। ਸਿੱਟਾ ਇਹ ਕੱਢਿਆ ਹੈ ਕਿ ਸ। ਪਾਲ ਸਿੰਘ ਪੁਰੇਵਾਲ ਨੇ ਭਾਈ ਗੁਰਦਾਸ ਜੀ ਵੱਲੋਂ ਲਿਖੇ, "ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰਿਛਤ੍ਰ ਫਿਰਾਇਆ" ਦੀ ਅਵੱਗਿਆ ਕੀਤੀ ਹੈ।


ਖ਼ਾਨਦਾਨੀ ਇਤਿਹਾਸਕਾਰ ਲਿਖਦਾ ਹੈ, "ਗੁਰੂ ਨਾਨਕ ਦੇਵ ਜੀ 7 ਸਤੰਬਰ ਨੂੰ ਜੋਤੀ ਜੋਤਿ ਸਮਾਉਂਦੇ ਹਨ, ਪਰ ਗੁਰੂ ਅੰਗਦ ਦੇਵ ਜੀ ਨੂੰ ਆਪਣੇ ਜੋਤੀ ਜੋਤਿ ਸਮਾਵਣ ਤੋਂ 11 ਦਿਨ ਬਾਅਦ 18 ਸਤੰਬਰ ਨੂੰ ਗੱਦੀ ਤੇ ਬਿਠਾਂਦੇ ਹਨ"। (ਪੰਨਾ 13)

ਕੈਲੰਡਰ ਸਬੰਧੀ ਜਾਣਕਾਰੀ ਤੋਂ ਅਣਜਾਣ ਕੋਈ ਵੀ ਵਿਅਕਤੀ, ਸਹਿਜੇ ਹੀ ਇਸ ਖ਼ਾਨਦਾਨੀ ਇਤਿਹਾਸਕਾਰਦੀ ਲਿਖਤ ਨਾਲ ਸਹਿਮਤ ਹੋ ਜਾਵੇਗਾ ਕਿ ਜਦੋਂ ਗੁਰੂ ਨਾਨਕ ਸਾਹਿਬ ਜੀ 7 ਸਤੰਬਰ ਨੂੰ ਜੋਤੀ ਜੋਤ ਸਮਾਏ ਸਨ ਤਾਂ ਇਸ ਤੋਂ 11 ਦਿਨ ਪਿਛੋਂ ਭਾਵ 18 ਸਤੰਬਰ ਨੂੰ, ਗੁਰੂ ਅੰਗਦ ਸਾਹਿਬ ਜੀ ਨੂੰ ਗੁਰਗੱਦੀ ਕਿਵੇਂ ਦੇ ਸਕਦੇ ਸਨ? ਜਦੋਂ ਕਿ ਇਹ ਕੋਰਾ ਝੂਠ ਹੈ। ਖ਼ਾਨਦਾਨੀ ਇਤਿਹਾਸਕਾਰ ਜਾਂ ਤਾਂ ਸਿਰੇ ਦਾ ਮੂਰਖ ਹੈ, ਜਾਂ ਸਿਰੇ ਦਾ ਕਪਟੀ।

ਆਓ ਇਨ੍ਹਾਂ ਤਾਰੀਖਾਂ ਦੀ ਅਸਲੀਅਤ ਨੂੰ ਸਮਝੀਏ;

ਗੁਰੂ ਸਾਹਿਬਾਨ ਦੇ ਜਨਮ ਦੀਆਂ ਤਾਰੀਖਾਂ ਬਾਰੇ ਭਾਵੇ ਵਿਦਵਾਨਾਂ ਵਿੱਚ ਮੱਤ ਭੇਦ ਹਨ, ਪਰ ਜੋਤੀ ਜੋਤ ਸਮਾਉਣ ਅਤੇ ਸ਼ਹੀਦੀ ਦਿਹਾੜੇ ਦੀਆਂ ਤਰੀਖਾਂ ਬਾਰੇ ਕੋਈ ਮੱਤ-ਭੇਦ ਨਹੀਂ ਹੈ। ਇਸ ਗੱਲ ਤੇ ਵੀ ਸਹਿਮਤੀ ਹੈ ਕਿ ਗੁਰੂ ਜੀ ਨੇ ਆਪਣੇ ਉੱਤਰਾਧਿਕਾਰੀ ਦੀ ਨਿਯੁਕਤੀ ਆਪ ਹੀ ਕਰ ਦਿੱਤੀ ਸੀ। ਆਪਣੇ ਖਿੱਤੇ ਵਿੱਚ ਪ੍ਰਚੱਲਤ, ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ(ਸੂਰਜੀ ਸਿਧਾਂਤ, 365।2587 ਦਿਨ) ਦੇ ਮੁਤਾਬਕ ਗੁਰੂ ਨਾਨਕ ਜੀ 8 ਅੱਸੂ, ਅੱਸੂ ਵਦੀ 10 ਸੰਮਤ 1596 ਬਿਕ੍ਰਮੀ ਦਿਨ ਐਤਵਾਰ ਨੂੰ ਜੋਤੀ ਜੋਤ ਸਮਾਏ ਸਨ। ਚੰਦ ਦੇ ਕੈਲੰਡਰ ਮੁਤਾਬਕ ਲਿਖੀਆਂ ਤਾਰੀਖਾਂ ਵਿੱਚ ਵਦੀ-ਸੁਦੀ ਦਾ ਭੁਲੇਖਾ ਅਕਸਰ ਹੀ ਮਿਲਦਾ ਹੈ। ਇਸੇ ਭੁਲੇਖੇ ਕਾਰਨ, ਗੁਰੂ ਨਾਨਕ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ ਅੱਸੂ ਸੁਦੀ 10 ਵੀ ਮਿਲਦੀ ਹੈ ਪਰ ਇਹ ਪ੍ਰਵਾਣਿਤ ਨਹੀਂ ਹੈ।

ਅੰਗਰੇਜੀ ਰਾਜ ਵੇਲੇ, ਜਦੋਂ ਅੰਗਰੇਜੀ ਤਾਰੀਖਾਂ ਲਿਖਣ ਦਾ ਰਿਵਾਜ ਪ੍ਰਚੱਲਤ ਹੋਇਆ ਤਾਂ ਗੁਰੂ ਨਾਨਕ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ, 7 ਸਤੰਬਰ 1539 ਈ: (ਜੂਲੀਅਨ) ਲਿਖੀ ਗਈ। ਯਾਦ ਰਹੇ, ਜੂਲੀਅਨ ਕੈਲੰਡਰ ਕਦੇ ਵੀ ਆਪਣੇ ਦੇਸ਼ ਵਿੱਚ ਲਾਗੂ ਨਹੀਂ ਹੋਇਆ। ਆਪਣੇ ਦੇਸ਼ ਵਿੱਚ ਅੰਗਰੇਜਾਂ ਦੇ ਆਉਣ ਪਿਛੋਂ ਗਰੈਗੋਰੀਅਨ ਕੈਲੰਡਰ ਹੀ ਆਇਆ ਸੀ। ਜੂਲੀਅਨ ਕੈਲੰਡਰ ਦੀ ਸੋਧ (ਅਕਤੂਬਰ ,1582 ਈ:) ਨੂੰ ਇੰਗਲੈਂਡ ਨੇ ਸਤੰਬਰ 1752 ਈ: ਵਿੱਚ ਪ੍ਰਵਾਨ ਕੀਤਾ ਸੀ। ਅੰਗਰੇਜਾਂ ਨੇ ਆਪਣੇ ਦੇਸ ਦੇ ਇਤਿਹਾਸ ਨੂੰ ਸਮਝਣ ਲਈ, 2 ਸਤੰਬਰ 1752 ਈ: ਤੋਂ ਪਹਿਲੀਆਂ ਤਾਰੀਖਾਂ ਨੂੰ ਜੂਲੀਅਨ ਵਿੱਚ ਅਤੇ 14 ਸਤੰਬਰ 1752 ਈ: ਤੋਂ ਪਿਛਲੀਆਂ ਤਾਰੀਖਾਂ ਨੂੰ ਗਰੈਗੋਰੀਅਨ ਕੈਲੰਡਰ ਵਿੱਚ ਬਦਲੀ ਕਰ/ਕਰਵਾ ਲਿਆ ਸੀ।



ਪ੍ਰਸਤਾਵਨਾ / 13

ਇਤਿਹਾਸ ਨੂੰ ਕਿਵੇਂ ਕਰੂਪ ਕਰਕੇ ਸਿੱਖ ਸਿਧਾਂਤ-ਗੁਰੂ ਸਾਹਿਬ ਵੱਲੋਂ ਆਪਣੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਆਪਣਾ ਉਤਰਾਧਿਕਾਰੀ ਥਾਪਣ :- ਤੋਂ ਬੇਮੁਖ ਹੋ ਕੇ ਨਵੀਨ ਇਤਿਹਾਸ ਦੇ ਨਾਮ 'ਤੇ ਨਵੀਨ ਕੁਚੇਸ਼ਟਾ ਕੀਤੀ ਹੈ ਉਹ ਹੇਠਾਂ ਵਿਸਥਾਰ ਸਾਹਿਤ ਦਿੱਤਾ ਜਾ ਰਿਹਾ ਹੈ:

(i) ਗੁਰੂ ਨਾਨਕ ਦੇਵ ਜੀ ੭ ਸਤੰਬਰ ਨੂੰ ਜੋਤੀ-ਜੋਤਿ ਸਮਾਉਂਦੇ ਹਨ, ਪਰ ਗੁਰੂ ਅੰਗਦ ਦੇਵ ਜੀ ਨੂੰ ਆਪਣੇ ਜੋਤੀ-ਜੋਤਿ ਸਮਾਵਣ ਤੋਂ 11 ਦਿਨ ਬਾਅਦ 18 ਸਤੰਬਰ ਨੂੰ ਗੱਦੀ ਤੇ ਬਿਠਾਂਦੇ ਹਨ।

(ii) ਗੁਰੂ ਅੰਗਦ ਦੇਵ ਜੀ ੨੯ ਮਾਰਚ ਨੂੰ ਜੋਤੀ ਜੋਤਿ ਸਮਾਉਂਦੇ ਹਨ, ਪਰ ਗੁਰੂ ਅਮਰਦਾਸ ਜੀ ਨੂੰ ਆਪਣੇ ਜੋਤੀ ਜੋਤਿ ਸਮਾਵਣ ਤੋਂ 18 ਦਿਨ ਬਾਅਦ 16 ਅਪ੍ਰੈਲ ਨੂੰ ਭਾਦੋਂ ਦੀ ਬਜਾਏ ਵੈਸਾਖ ਮਹੀਨੇ ਵਿਚ ਗੱਦੀ 'ਤੇ ਬਿਰਾਜਮਾਨ ਕਰਦੇ ਹਨ।

(iii) ਗੁਰੂ ਅਮਰਦਾਸ ਜੀ 01 ਸਤੰਬਰ ਨੂੰ ਜੋਤੀ ਜੋਤਿ ਸਮਾਵਦੇ ਹਨ, ਪਰ ਗੁਰੂ ਰਾਮਦਾਸ ਜੀ ਨੂੰ ਆਪਣੇ ਜੋਤੀ ਜੋਤਿ ਸਮਾਉਣ ਤੋਂ 15 ਦਿਨ ਬਾਅਦ 16 ਸਤੰਬਰ ਨੂੰ ਭਾਦੋਂ ਦੀ ਬਜਾਏ ਅਸੂ ਦੇ ਮਹੀਨੇ ਵਿਚ ਗੱਦੀ ਸੌਂਪਦੇ ਹਨ।

ਚੰਦਰ-ਸੂਰਜੀ ਬਿਕ੍ਰਮੀ (ਸੂਰਜੀ ਸਿਧਾਂਤ) ਕੈਲੰਡਰ ਮੁਤਾਬਕ ਗੁਰੂ ਨਾਨਕ ਸਾਹਿਬ ਜੀ ਨੇ ਭਾਈ ਲਹਿਣਾ ਜੀ ਨੂੰ 4 ਅੱਸੂ, ਅੱਸੀ ਵਦੀ 5, ਸੰਮਤ 1596 ਬਿਕ੍ਰਮੀ, ਦਿਨ ਬੁੱਧਵਾਰ ਨੂੰ ਗੁਰਗੱਦੀ ਦੀ ਜਿੰਮੇਵਾਰੀ ਸੌਂਪ ਦਿੱਤੀ ਸੀ। ਗੁਰੂ ਨਾਨਕ ਸਾਹਿਬ ਜੀ 8 ਅੱਸੂ, ਅੱਸੂ ਵਦੀ 10 ਸੰਮਤ 1596 ਬਿਕ੍ਰਮੀ ਦਿਨ ਐਤਵਾਰ ਨੂੰ ਜੋਤੀ ਜੋਤ ਸਮਾਏ ਸਨ। ਜਦੋਂ ਇਨ੍ਹਾਂ ਤਾਰੀਖਾਂ ਨੂੰ ਜੂਲੀਅਨ ਕੈਲੰਡਰ ਵਿੱਚ ਬਦਲੀ ਕਰਕੇ ਲਿਖਿਆ ਗਿਆ ਤਾਂ ਇਹ 3 ਸਤੰਬਰ ਅਤੇ 7 ਸਤੰਬਰ ਲਿਖੀਆਂ ਗਈਆਂ। ਇਥੋਂ ਸਪੱਸ਼ਟ ਹੈ ਕਿ ਗੁਰੂ ਨਾਨਕ ਸਾਹਿਬ ਜੀ ਨੇ ਜੋਤੀ ਜੋਤ ਸਮਾਉਣ ਤੋਂ 4 ਦਿਨ ਪਹਿਲਾ ਭਾਈ ਲਹਿਣਾ ਜੀ ਨੂੰ ਗੁਰਗੱਦੀ ਬਖ਼ਸ਼ ਦਿੱਤੀ ਸੀ। ਇਥੇ ਇਕ ਹੋਰ ਸਮੱਸਿਆ ਆ ਗਈ ਹੈ। ਉਹ ਇਹ ਕਿ ਪ੍ਰਵਿਸ਼ਟਿਆਂ ਅਤੇ ਤਾਰੀਖਾਂ ਮੁਤਾਬਕ ਤਾਂ 4 ਦਿਨ ਦਾ ਅੰਤਰ ਹੈ ਪਰ ਵਦੀ-ਸੁਦੀ ਮੁਤਾਬਕ 5 ਦਿਨਾਂ ਦਾ ਅੰਤਰ ਹੈ। ਇਸ ਦਾ ਕਾਰਨ ਇਹ ਹੈ ਕਿ ਅੱਸੂ ਵਦੀ 5 ਤੋਂ ਪਿਛੋਂ ਅੱਸੂ ਵਦੀ 6 ਨਹੀਂ, ਸਗੋਂ ਅੱਸੂ ਵਦੀ 7 ਆਈ ਸੀ। ਅੱਸੂ ਵਦੀ 5 ਅਤੇ 6 ਦੋਵੇਂ, ਇਕ ਦਿਨ ਹੀ ਸਨ। ਅੱਸੂ ਵਦੀ 6 ਗਿਣੀ ਨਹੀਂ ਸੀ ਗਈ।

ਨਾਨਕਸ਼ਾਹੀ ਕੈਲੰਡਰ ਬਣਾਉਣ ਵਾਲੀ ਕਮੇਟੀ ਵੱਲੋਂ ਕੀਤੇ ਗਏ ਫੈਸਲੇ ਮੁਤਾਬਕ, "ਤਿੱਥਾਂ ਨੂੰ ਨਾਨਕਸ਼ਾਹੀ ਕੈਲੰਡਰ ਵਿੱਚ ਬਦਲਣ ਲਈ ਅੰਗਰੇਜੀ ਤਾਰੀਖਾਂ ਨੂੰ ਨਹੀਂ ਬਲਕਿ ਪ੍ਰਵਿਸ਼ਟਿਆਂ ਨੂੰ ਮੁੱਖ ਰੱਖਿਆ ਜਾਵੇਗਾ", ਗੁਰੂ ਨਾਨਕ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦਾ ਪ੍ਰਵਿਸ਼ਟਾ 8 ਅੱਸੂ ਅਤੇ ਗੁਰੂ ਗੱਦੀ ਗੁਰੂ ਅੰਗਦ ਦੇਵ ਜੀ, 4 ਅੱਸੂ ਮੁੱਖ ਰੱਖਿਆ ਗਿਆ ਹੈ। ਜੇ ਇਨ੍ਹਾਂ ਨੂੰ ਅੰਗਰੇਜੀ ਤਾਰੀਖਾਂ (ਜੂਲੀਅਨ) ਵਿੱਚ ਵੇਖੀਏ ਤਾਂ ਇਹ 7 ਸਤੰਬਰ ਅਤੇ 3 ਸਤੰਬਰ ਬਣਦੀਆਂ ਹਨ। ਨਾਨਕਸ਼ਾਹੀ ਕੈਲੰਡਰ ਵਿੱਚ ਗੁਰੂ ਅੰਗਦ ਸਾਹਿਬ ਜੀ ਦਾ ਗੁਰਗੱਦੀ ਦਿਵਸ 4 ਅੱਸੂ ਅਤੇ ਗੁਰੂ ਨਾਨਕ ਸਾਹਿਬ ਜੀ ਦਾ ਜੋਤੀ ਜੋਤ ਦਿਹਾੜਾ 8 ਅੱਸੂ ਦਾ ਦਰਜ ਹੈ। ਇਸ ਦੇ ਨਾਲ ਅੰਗਰੇਜੀ ਤਾਰੀਖਾਂ ਵੀ ਦਰਜ ਹਨ। ਜੋ 18 ਸਤੰਬਰ ਅਤੇ 22 ਸਤੰਬਰ (ਗਰੈਗੋਰੀਅਨ) ਬਣਦੀਆਂ ਹਨ। ਕਿਸੇ ਵੀ ਕੈਲੰਡਰ ਵਿੱਚ ਵੇਖੋ, ਗੁਰਤਾਗੱਦੀ ਦਿਹਾੜਾ, ਜੋਤੀ ਜੋਤ ਸਮਾਉਣ ਤੋਂ 4 ਦਿਨ ਪਹਿਲਾ ਬਣਦਾ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਹ ਹਿਸਾਬ ਖ਼ਾਨਦਾਨੀ ਇਤਿਹਾਸਕਾਰ ਨੂੰ ਕਿਉ ਨਹੀਂ ਸਮਝ ਆਇਆ, ਉਹ 4 ਅੱਸੂ ਨੂੰ 8 ਅੱਸੂ ਤੋਂ 11 ਦਿਨ ਪਿੱਛੋਂ ਕਿਵੇਂ ਮੰਨ ਰਿਹਾ ਹੈ? ਇਹ ਤਾਂ ਹੋ ਨਹੀਂ ਸਕਦਾ ਕਿ ਅਨੁਰਾਗ ਸਿੰਘ ਨੂੰ ਘਟਾਓ ਕਰਨੀ (8-4=4) ਨਹੀਂ ਆਉਂਦੀ ਹੋਵੇਗੀ ? ਜੇ ਘਟਾਓ ਆਉਂਦੀ ਹੈ ਤਾਂ ਦਾਵੇ ਨਾਲ ਕਿਹਾ ਜਾ ਸਕਦਾ ਹੈ ਕਿ ਖ਼ਾਨਦਾਨੀ ਇਤਿਹਾਸਕਾਰ ਸਿਰੇ ਦਾ ਕਪਟੀ ਹੈ। ਜਿਹੜਾ ਇਹ ਲਿਖ ਰਿਹਾ ਹੈ, "ਗੁਰੂ ਨਾਨਕ ਦੇਵ ਜੀ 7 ਸਤੰਬਰ ਨੂੰ ਜੋਤੀ-ਜੋਤਿ ਸਮਾਉਂਦੇ ਹਨ, ਪਰ ਗੁਰੂ ਅੰਗਦ ਦੇਵ ਜੀ ਨੂੰ ਆਪਣੇ ਜੋਤੀ-ਜੋਤਿ ਸਮਾਵਣ ਤੋਂ 11 ਦਿਨ ਬਾਅਦ 18 ਸਤੰਬਰ ਨੂੰ ਗੱਦੀ ਤੇ ਬਿਠਾਂਦੇ ਹਨ" (ਪੰਨਾ 13)

ਅਨੁਰਾਗ ਸਿੰਘ ਨੇ, ਗੁਰੂ ਨਾਨਕ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ 7 ਸਤੰਬਰ ਤਾਂ ਜੂਲੀਅਨ ਕੈਲੰਡਰ ਮੁਤਾਬਕ ਲੈ ਲਈ ਅਤੇ ਗੁਰੂ ਅੰਗਦ ਸਾਹਿਬ ਦੇ ਗੁਰਗੱਦੀ ਦਿਹਾੜੇ ਦੀ ਤਾਰੀਖ 18 ਸਤੰਬਰ, ਗਰੈਗੋਰੀਅਨ ਕੈਲੰਡਰ ਦੀ ਲੈ ਕੇ ਇਸ ਨਤੀਜੇ ਤੇ ਪੁੱਜ ਗਿਆ (18-7=11) ਕਿ, ਸ। ਪਾਲ ਸਿੰਘ ਪੁਰੇਵਾਲ ਨੇ ਗੁਰੂ ਨਾਨਕ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਤੋਂ 11 ਦਿਨ ਪਿਛੋਂ, ਗੁਰੂ ਅੰਗਦ ਸਾਹਿਬ ਜੀ ਨੂੰ ਗੁਰਗੱਦੀ ਦੇ ਕੇਸਿੱਖ ਇਤਿਹਾਸ ਨੂੰ ਵਿਗਾੜ ਦਿੱਤਾ ਹੈ। ਵਾਹ, ਅੰਧੇ ਕੋ ਅੰਧੇਰੇ ਮੇਂ ਬੜੀ ਦੂਰ ਕੀ ਸੂਝੀ।

ਨਾਨਕਸ਼ਾਹੀ ਕੈਲੰਡਰ ਵਿੱਚ ਗੁਰੂ ਅੰਗਦ ਸਾਹਿਬ ਜੀ ਦਾ ਗੁਰਗੱਦੀ ਦਿਵਸ 4 ਅੱਸੂ (18 ਸਤੰਬਰ) ਅਤੇ ਗੁਰੂ ਨਾਨਕ ਸਾਹਿਬ ਜੀ ਦਾ ਜੋਤੀ ਜੋਤ ਦਿਹਾੜਾ 8 ਅੱਸੂ (22 ਸਤੰਬਰ) ਦਰਜ ਹੈ। ਦੋਵਾਂ ਦਿਹਾੜਿਆਂ ਵਿੱਚ 4 ਦਿਨਾਂ ਦਾ ਅੰਤਰ ਹੈ। ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਜੋਤੀ ਜੋਤ ਸਮਾਉਣ ਤੋਂ 4 ਦਿਨ ਪਹਿਲਾ, ਭਾਈ ਲਹਿਣਾ ਜੀ ਨੂੰ ਗੁਰਗੱਦੀ ਦੀ ਜਿੰਮੇਵਾਰੀ ਸੌਂਪ ਦਿੱਤੀ ਸੀ। ਇਸ ਲਈ ਖ਼ਾਨਦਾਨੀ ਇਤਿਹਾਸਕਾਰ (ਅਨੁਰਾਗ ਸਿੰਘ) ਦਾ ਲਿਖਤੀ ਦਾਅਵਾ, "ਗੁਰੂ ਅੰਗਦ ਦੇਵ ਜੀ ਨੂੰ ਆਪਣੇ ਜੋਤੀ ਜੋਤਿ ਸਮਾਵਣ ਤੋਂ 11 ਦਿਨ ਬਾਅਦ, ਗੱਦੀ ਤੇ ਬਿਠਾਂਦੇ ਹਨ" ਕੋਰਾ ਝੂਠ ਹੈ।

# ਹਿੱਕ ਦੇ ਜ਼ੋਰ ਨਾਲ ਗਾਉਣ ਵਾਲਾ ਗਾਇਕ-ਸੁਖਵੰਤ ਲਵਲੀ



ਇੰਜੀ. ਸਤਨਾਮ ਸਿੰਘ ਮੱਟੂ
9779708257

ਬਹੁਤ ਸਾਰੇ ਗਾਇਕਾਂ ਨੇ ਮਿਹਨਤ ਅਤੇ ਸਿਰੜ ਦਾ ਮੁਜੱਸਮਾ ਕਿਸਾਨੀ ਪਰਿਵਾਰਾਂ ਚੋਂ ਉੱਠਕੇ ਦ੍ਰਿੜਤਾ ਅਤੇ ਹੱਠੀ ਮਿਹਨਤ ਨਾਲ ਗਾਇਕੀ ਦੀਆਂ ਬੁਲੰਦੀਆਂ ਛੂਹੀਆਂ ਹਨ ਅਤੇ ਉਨ੍ਹਾਂ ਮੰਜ਼ਿਲ ਦੀ ਦਹਿਲੀਜ਼ ਤੇ ਖਲੋਅ ਕੇ ਵੀ ਸੱਭਿਆਚਾਰਕ ਕਦਰਾਂ-ਕੀਮਤਾਂ ਅਤੇ ਪਰਿਵਾਰਕ ਰਿਸ਼ਤਿਆਂ ਤੋਂ ਗਾਇਕੀ ਨੂੰ ਥਿੜਕਣ ਨਹੀਂ ਦਿੱਤਾ। ਅਜਿਹੇ ਹੀ ਗਾਇਕਾਂ ਦੀ ਕਤਾਰ ਚੋਂ ਇਕ ਨਾਮ ਉੱਭਰ ਕੇ ਸਾਹਮਣੇ ਆਉਂਦਾ ਹੈ-ਸੁਖਵੰਤ ਲਵਲੀ।

ਯਾਰਾਂ ਦੇ ਯਾਰ, ਇਨਸਾਨੀਅਤ ਦੇ ਪੁਤਲੇ, ਪੰਜਾਬੀ ਮਾਂ ਬੋਲੀ ਦੇ ਸਪੂਤ ਅਤੇ ਪੰਜਾਬੀ ਲੋਕ ਤੱਥ ਅਤੇ ਜ਼ਿੰਦਗੀ ਦੀ ਕੌੜੀਆਂ ਸੱਚਾਈਆਂ ਤੇ ਆਧਾਰਿਤ ਗੀਤਾਂ ਦੀ ਗਾਇਕੀ ਦੇ ਮੁਦੱਈ ਗਾਇਕ ਸੁਖਵੰਤ ਲਵਲੀ ਨੇ ਸ਼ਾਹੀ ਸ਼ਹਿਰ ਜ਼ਿਲ੍ਹਾ ਪਟਿਆਲਾ ਦੇ ਬਲਾਕ ਭੁੱਨਰਹੇੜੀ ਦੇ ਪਿੰਡ ਖਾਕਟਾਂ ਕਲਾਂ ਵਿਖੇ ਪਿਤਾ ਸ੍ਰ।ਅਰਜਣ ਸਿੰਘ ਦੇ ਘਰ ਮਾਤਾ ਸ੍ਰੀਮਤੀ ਜੀਤ ਕੌਰ ਦੇ ਵਿਹੜੇ ਖੁਸ਼ੀਆਂ ਦੀ ਮਹਿਕ ਖਿਲਾਰੀ।ਉਸਦੀ ਸੰਗੀਤ ਦੀਆਂ ਸੁਰਾਂ ਚ ਬੱਝੀ ਆਵਾਜ਼ ਸੁਣ ਕੇ ਲੱਗਦਾ ਹੈ ਕਿ ਉਸਨੇ ਜਨਮ ਵਕਤ ਵੀ ਕਿਲਕਾਰੀ ਸੁਰ ਚ ਹੀ ਮਾਰੀ ਹੋਵੇਗੀ।ਆਪਣੀ ਜ਼ਿੰਦਗੀ ਦੀਆਂ 44 ਕੁ ਬਸੰਤ ਰੁੱਤ ਹੁਸੀਨ ਬਹਾਰਾਂ ਅਤੇ ਪੱਤਝੜਾਂ ਦਾ ਆਨੰਦ ਮਾਣ ਚੁੱਕੇ ਸੁਖਵੰਤ ਲਵਲੀ ਦਾ ਬਚਪਨ ਪੁਆਧੀ ਮਾਂ ਬੋਲੀ ਦੇ ਰੰਗ ਚ ਪਿੰਡ ਗੁਜ਼ਰਿਆ। ਸਰਕਾਰੀ ਮਹਿੰਦਰਾ ਕਾਲਜ ਪਟਿਆਲਾ ਦੇ ਗਰੈਜੂਏਟ ਇਸ ਗਾਇਕ ਨੇ ਬਚਪਨ ਚ ਸਵ:ਕੁਲਦੀਪ ਮਾਣਕ ਦੀਆਂ ਕਲੀਆਂ ਸੁਣ ਕੇ ਗਾਇਕੀ ਦਾ ਸੁਪਨਾ ਪਾਲ ਲਿਆ। ਪੰਜਾਬੀਆਂ ਦੀ ਸ਼ੌਕੀ ਬਚਪਨੀ ਖੇਡ ਕਬੱਡੀ ਦੇ ਪੰਜਾਬ ਪੱਧਰੀ ਖਿਡਾਰੀ ਇਸ ਗਾਇਕ ਨੇ ਕਬੱਡੀ ਦੇ ਨਾਲ ਨਾਲ ਪ੍ਰੋ।ਨਿਰਮਲ ਸਿੰਘ ਮਹਿੰਦਰਾ ਕਾਲਜ ਪਟਿਆਲਾ ਦੀ ਅਗਵਾਈ ਗਾਇਕੀ ਚ ਵੀ ਆਪਣੀ ਆਵਾਜ਼ ਦੀ ਅਜਮਾਇਸ਼ ਜਾਰੀ ਰੱਖੀ।



ਪਰ ਉਸਦੀ ਪਕੜ ਆਵਾਜ਼ ਤੇ ਜਿਆਦਾ ਹੋਣ ਕਾਰਣ ਕਬੱਡੀ ਦੀ ਬਜਾਇ ਗਾਇਕੀ ਨੂੰ ਪਹਿਲ ਦੇ ਆਧਾਰ ਤੇ ਆਧਾਰ ਤੇ ਅਪਣਾ ਲਿਆ।ਪ੍ਰੋ ਨਿਰਮਲ ਸਿੰਘ ਦੀ ਯੋਗ ਅਗਵਾਈ ਲਵਲੀ ਦੀ ਸਖ਼ਤ ਮਿਹਨਤ, ਰਿਆਜ਼, ਦ੍ਰਿੜ ਇਰਾਦੇ ਅਤੇ ਯਾਰਾਂ, ਦੋਸਤਾਂ ਦੇ ਹੌਸਲੇ ਨੇ ਉਸਨੂੰ ਉਤਸ਼ਾਹਿਤ ਕੀਤਾ ਅਤੇ ਉਹ ਗਾਇਕੀ ਦੇ ਪਿੜ ਚ ਸਾਬਤ ਅਤੇ ਮਜ਼ਬੂਤ ਕਦਮੀਂ ਕੁੱਦ ਪਿਆ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਗਾਇਕੀ ਚ ਗੋਲਡ ਮੈਡਲਿਸਟ ਸੁਖਵੰਤ ਲਵਲੀ ਨੇ 1997 ਚ ਕੈਸੇਟ ਕਲਚਰ ਦੌਰ ਚ ਆਪਣੀ ਪਹਿਲੀ ਕੈਸੇਟ "ਤੇਰੀ ਫੁੱਲਾਂ ਜਿਹੀ ਮਸ਼ੂਕ" ਪੰਜਾਬੀ ਸਰੋਤਿਆਂ ਦੀ ਝੋਲੀ ਪਾਈ। ਉਸਦੀ ਸੁਰੀਲੀ, ਪ੍ਰਪੱਕ ਅਤੇ ਕਸ਼ਿਸ਼ ਭਰਪੂਰ ਆਵਾਜ਼ ਦਾ ਜਾਦੂ ਸਰੋਤਿਆਂ ਦੇ ਸਿਰ ਚੜਕੇ ਬੋਲਿਆ ਅਤੇ ਗਾਇਕੀ ਦੀਆਂ ਮੂਹਰਲੀਆਂ ਸਫ਼ਾ ਚ ਖੜੋ ਗਿਆ।ਸਰੋਤਿਆਂ ਦੇ ਮਿਲੇ ਭਰਪੂਰ ਪਿਆਰ ਤੋਂ ਉਤਸ਼ਾਹਿਤ ਹੋ ਕੇ "ਕਰਦੇ ਤੂੰ ਹਾਂ" ਦੂਸਰੀ ਕੈਸਿਟ ਨਾਲ ਗਾਇਕੀ ਚ ਬੁਲੰਦੀਆਂ ਦੇ ਫਿਰ ਝੰਡੇ ਗੱਡ ਗਿਆ।

ਲੋਕ ਤੱਥ ਅਤੇ ਮਿਰਜ਼ਾ ਸਮੇਤ ਲੋਕ ਗਾਥਾਵਾਂ ਹਾਰੀ ਸਾਰੀ ਗਾਇਕ ਦੇ ਵੱਸ ਦਾ ਰੋਗ ਨਹੀਂ,ਪਰ ਹਿੱਕ ਦੇ ਜ਼ੋਰ ਨਾਲ ਗਾਉਣ ਵਾਲਾ ਸੁਰੀਲੀ ਅਤੇ ਬੁਲੰਦ ਆਵਾਜ਼ ਦਾ ਮਾਲਕ ਸੁਖਵੰਤ ਲਵਲੀ ਇਹਨਾਂ ਨੂੰ ਨਿੱਠ ਕੇ ਗਾਉਂਦਾ ਹੈ।ਇਸਤੋਂ ਬਾਅਦ ਟਰੈਂਡ ਤੋਂ ਹਟਕੇ "ਸਕੀ ਮਾਂ ਦਾ ਪਿਆਰ" ਪਰਿਵਾਰਕ ਗੀਤ ਨਾਲ ਉਸਨੇ ਨਿਵੇਕਲੀ ਛਵੀ ਬਣਾਈ। ਗੀਤਕਾਰ ਅਤੇ ਗਾਇਕ ਸੁਖਵੰਤ ਲਵਲੀ ਨੇ ਗੀਤ 'ਸ਼ੇਰਾਂ ਵਰਗੇ ਜਿਗਰੇ','ਚੜ੍ਹਦੇ ਸਿਆਲ਼','ਮਾਪੇ' ਆਦਿ ਨਾਲ ਸੱਭਿਆਚਾਰਕ, ਸਮਾਜਿਕ, ਪਰਿਵਾਰਕ ਕਦਰਾਂ-ਕੀਮਤਾਂ ਦੇ ਹਾਮੀ ਹੋਣ ਦਾ ਸਬੂਤ ਦਿੱਤਾ।ਇਸ ਗਾਇਕ ਨੇ ਆਪਣੇ ਲਿਖੇ ਗੀਤਾਂ ਤੋਂ ਇਲਾਵਾ ਮਦਨ ਜਲੰਧਰੀ,ਅਲਮਸਤ ਦੇਸਰਪੁਰੀ, ਮਨਜੀਤ ਗੋਪਾਲਪੁਰੀ,ਪਵਨ ਚੋਟੀਆਂ ਵਰਗੇ ਸੁਪ੍ਰਸਿੱਧ ਗੀਤਕਾਰਾਂ ਦੀਆਂ ਕਲਮਾਂ ਦੇ ਸ਼ਬਦਾਂ ਨੂੰ ਦਿਲਟੁੰਬਵੀ ਆਵਾਜ਼ ਚ ਗਾਕੇ ਮਾਣ ਦਿੱਤਾ ਹੈ।ਉਸ ਦੇ ਲਿਖੇ ਆਪਣੇ ਲਿਖੇ ਅਤੇ ਗਾਏ ਗੀਤ "ਮਾਪੇ" ਨਾਲ ਇੱਕ ਵਾਰ ਫਿਰ ਆਪਣੀ ਮਾਂ ਬੋਲੀ ਅਤੇ ਪਰਿਵਾਰਕ ਰਿਸ਼ਤਿਆਂ ਦੇ ਨਿੱਘ ਦਾ ਅਹਿਸਾਸ ਕਰਵਾਉਣ ਚ ਕਾਮਯਾਬ ਰਿਹਾ ਹੈ।ਇਸ ਤੋਂ ਬਾਅਦ ਉਸ ਨੇ ਕਿੰਗ ਜੱਟ,ਜੱਟ ਐਂਡ ਟਰੈਂਡਿੰਗ,ਮੇਲ,ਪਟਿਆਲੇ ਵਾਲੇ ਆਦਿ ਸਿੰਗਲ ਟਰੈਕ ਨਾਲ ਆਪਣਾ ਗਾਇਕੀ ਦਾ ਝੰਡਾ ਬਰਦਾਰ ਰੱਖਿਆ ਹੈ। "ਮੁੜਾਂਗੇ ਪੰਜਾਬ ਦਿੱਲੀ ਫਤਹਿ ਕਰਕੇ"ਗੀਤ ਨਾਲ ਕਿਸਾਨੀ ਸੰਘਰਸ਼ ਵਿੱਚ ਵੀ ਆਪਣਾ ਯੋਗਦਾਨ ਪਾਇਆ ਹੈ ਜ਼ੋ ਕਾਫੀ ਚਰਚਿਤ ਰਿਹਾ ਹੈ।

ਹੁਣੇ ਹੁਣੇ ਉਸਦਾ ਪੁੱਤ ਪ੍ਰਦੇਸੀ ਗੀਤ ਗੀਤ ਆਇਆ ਹੈ ,ਜੋਂ ਮਜਬੂਰੀ ਵੱਸ ਵਿਦੇਸ਼ ਗਏ ਬੱਚਿਆਂ ਦੇ ਮਾਪਿਆਂ ਦੇ ਦਰਦ ਨੂੰ ਬਿਆਨ ਕਰਦਾ ਹੈ।

ਉਹਨੇ ਇੱਕ ਸੰਖੇਪ ਮੁਲਾਕਾਤ ਦੌਰਾਨ ਦੱਸਿਆ ਕਿ ਗਾਇਕੀ ਦੇ ਖੇਤਰ ਚ ਉਸਦੀ ਮਾਤਾ ਅਤੇ ਭਤੀਜਿਆਂ ਦਾ ਵਿਸ਼ੇਸ਼ ਯੋਗਦਾਨ ਹੈ। ਉਸਦੀ ਗੰਭੀਰ,ਸੁਚੱਜੀ, ਉੱਚੀ ਸੁੱਚੀ ਅਤੇ ਪਾਏਦਾਰ ਸੋਚ ਹੀ ਉਸਨੂੰ ਯਾਰਾਂ ਦਾ ਯਾਰ, ਚੰਗੀ ਸ਼ਖ਼ਸੀਅਤ ਦੀ ਮਾਲਕ ਬਣਾਉਦੀ ਹੈ।ਉਹ ਪਰਿਵਾਰਕ, ਸਮਾਜਿਕ ਰਿਸ਼ਤਿਆਂ,ਪੰਜਾਬੀ ਸੱਭਿਆਚਾਰਕ ਕਦਰਾਂ-ਕੀਮਤਾਂ ਦੇ ਮਿਆਰ ਨੂੰ ਉੱਚਾ ਚੁੱਕਣ ਵਾਲੇ ਗੀਤ ਅਤੇ ਸਿਆਣਿਆਂ ਦੀਆਂ ਅਟੱਲ ਸੱਚਾਈਆਂ ਲੋਕ ਤੱਥਾਂ ਨੂੰ ਗਾਉਣ ਦਾ ਹਾਮੀ ਹੈ। ਭਵਿੱਖ ਚ ਉਹਦੇ ਗਾਏ ਗੀਤ ਬਾਲੀਵੁੱਡ ਦੀਆਂ ਫਿਲਮਾਂ 'ਚ ਵੀ ਸੁਣਨ ਨੂੰ ਮਿਲਣਗੇ ਅਤੇ ਕਈ ਫਿਲਮਾਂ 'ਚ ਅਦਾਕਰੀ ਦੇ ਜਲਵੇ ਵੀ ਦੇਖਣ ਨੂੰ ਮਿਲਣਗੇ।ਉਸਦਾ ਮੰਨਣਾ ਹੈ ਕਿ ਸਰੋਤਿਆਂ ਦਾ ਪਿਆਰ ਹੀ ਸਭ ਤੋਂ ਵੱਡਾ ਮਾਣ ਅਤੇ ਸਨਮਾਨ ਹੈ।ਇਹ ਸੁਰੀਲੀ ਆਵਾਜ਼ ਨੂੰ ਸੱਤ ਸਮੁੰਦਰੋਂ ਪਾਰ ਵੀ ਬੇਰੋਕ ਗੂੰਜੇ।

# ਪੰਜਾਬ ਰੋਡਵੇਜ ਰਿਟਾਇਰਡ ਇੰਪਲਾਈਜ਼ ਵੈਲਫੇਅਰ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਹੋਈ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**- ਪੰਜਾਬ ਰੋਡਵੇਜ਼ ਰਿਟਾਇਰਡ ਇੰਪਲਾਈਜ਼ ਵੈਲਫੇਅਰ ਐਸੋਸੀਏਸ਼ਨ (ਰਜਿ) ਹੁਸ਼ਿਆਰਪੁਰ ਦੀ ਮਹੀਨਾਵਾਰ ਮੀਟਿੰਗ ਅਵਤਾਰ ਸਿੰਘ ਝਿੰਗੜ ਚੇਅਰਮੈਨ ਦੀ ਪ੍ਰਧਾਨਗੀ ਹੇਠ ਬੱਸ ਸਟੈਂਡ ਹੁਸ਼ਿਆਰਪੁਰ ਵਿਖੇ ਹੋਈ। ਮੀਟਿੰਗ ਸ਼ੁਰੂ ਹੋਣ ਤੇ ਅੱਜ ਇਸ ਜੱਥੇਬੰਦੀ ਵਿੱਚ ਨਵੇ ਆਏ ਮੈਂਬਰ ਖੜਕਾ ਸਿੰਘ ਸਬ ਇੰਸਪੈਕਟਰ ਪੰਜਾਬ ਰੋਡਵੇਜ਼ ਨਵਾਂਸ਼ਹਿਰ ਨੂੰ ਸਨਮਾਨਿਤ ਕਰਕੇ ਜੱਥੇਬੰਦੀ ਵਿਚ ਸ਼ਾਮਿਲ ਕੀਤਾ ਗਿਆ। ਇਸ ਤੋਂ ਉਪਰੰਤ ਚੇਅਰਮੈਨ ਅਵਤਾਰ ਸਿੰਘ ਝਿੰਗੜ, ਰਜਿੰਦਰ ਸਿੰਘ ਅਜ਼ਾਦ ਕਾਨੂੰਨੀ



ਸਲਾਹਕਾਰ, ਗਿਆਨ ਸਿੰਘ ਭਲੇਠੂ ਜਨਰਲ ਸਕੱਤਰ, ਸ਼ਿਵ ਕੁਮਾਰ, ਗੁਰਬਖਸ਼ ਸਿੰਘ ਸੁਪਰਡੈਂਟ ਦਫਤਰ ਸਕੱਤਰ ਅਤੇ ਐਚ।ਐਸ।ਗਿਲ ਵਾਈਸ ਪ੍ਰਧਾਨ ਨੇ ਆਪਣੇ ਸਾਂਝੇ ਬਿਆਨਾਂ ਵਿਚ ਸਾਥੀਆਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੌਜੂਦ ਸਰਕਾਰ ਮੁਲਾਜ਼ਮਾ ਪ੍ਰਤੀ ਬਹੁਤ ਬੇਰੁਖੀ ਹੈ। ਅੱਜ ਤੱਕ ਕੇਂਦਰ ਸਰਕਾਰ 50 ਪ੍ਰਤੀਸ਼ਤ ਡੀ।ਏ।ਦੇ ਰਹੀ ਹੈ, ਜਦਕਿ ਪੰਜਾਬ ਸਰਕਾਰ ਖਾਲੀ ਖਜਾਨੇ ਦਾ ਬਹਾਨਾ ਬਣਾ ਕੇ ਟਾਲ ਮਟੋਲ ਕਰ ਰਹੀ ਹੈ। ਮੁਲਾਜ਼ਮ-ਪੈਨਸ਼ਨਰ ਜੱਥੇਬੰਦੀਆਂ ਦਾ 6ਵੇਂ ਪੇਅ ਕਮਿਸ਼ਨ ਦਾ ਬਕਾਇਆ ਪੈਂਡਿੰਗ ਪਿਆ ਹੈ। ਕੱਚੇ ਮੁਲਾਜ਼ਮਾਂ ਦਾ ਪੱਕਾ ਕਰਨਾ ਇਕ ਜੁਮਲਾ ਹੈ। ਪੁਰਾਣੀ ਪੈਨਸ਼ਨ ਬਹਾਲ ਕਰਨ ਦੇ ਲਾਰੇ ਲਗਾ ਕੇ ਆਪ ਸਰਕਾਰ ਤਾਕਤ ਵਿਚ ਆਈ ਸੀ। ਮੁਲਾਜ਼ਮ-ਪੈਨਸ਼ਨਰ ਨੇ ਫੈਸਲਾ ਕੀਤਾ ਹੈ, ਕਿ ਇਸ ਵਾਰੀ ਦੀਆਂ ਲੋਕ ਸਭਾ ਦੀਆਂ ਚੋਣਾ ਵਿੱਚ ਆਪ ਸਰਕਾਰ ਅਤੇ ਕੇਂਦਰ ਸਰਕਾਰ ਦਾ ਸਮੱਰਥਨ ਨਹੀਂ ਕਰਨਗੇ। ਕੇਂਦਰ ਸਰਕਾਰ ਨੇ ਲੋਕਾਂ ਨਾਲ ਨੌਕਰੀਆਂ ਦੇਣ ਦਾ ਵਾਅਦਾ ਕੀਤਾ ਸੀ, ਜਦਕਿ ਕੋਈ ਵੀ ਨੌਕਰੀ ਨਹੀ ਮਿਲੀ। ਇਥੋਂ ਤਕ ਕਿ ਕੇਂਦਰ ਨੇ ਸਾਰੇ ਮਹਿਕਮੇ ਨਿੱਜੀ ਹੱਥਾਂ ਵਿੱਚ ਦੇ ਦਿੱਤੇ ਹਨ। ਆਮ ਜਨਤਾ ਦੋਨਾਂ ਸਰਕਾਰਾਂ ਤੋਂ ਦੁਖੀ ਹੋਈ ਬੈਠੀ ਹੈ। ਇਸ ਮੀਟਿੰਗ ਵਿੱਚ ਗੁਰਬਖਸ਼ ਸਿੰਘ, ਅਵਤਾਰ ਸਿੰਘ, ਦਰਸ਼ਨ ਸਿੰਘ ਢਾਡਾ ਐਨ।ਆਰ।ਆਈ।, ਰਜਿੰਦਰ ਸਿੰਘ ਗਿਲ, ਹਰਦਿਆਲ ਸਿੰਘ, ਸਰਵਣ ਸਿੰਘ ਯਾਰਡ ਮਾਸਟਰ, ਜਗਜੀਤ ਸਿੰਘ, ਸੋਹਣ ਲਾਲ, ਸ਼ਿਵ ਲਾਲ, ਰਤਨ ਸਿੰਘ, ਮਹਿੰਦਰ ਕੁਮਾਰ, ਗਰੀਬ ਦਾਸ, ਜਗਦੀਸ਼ ਸਿੰਘ ਇੰਸਪੈਕਟਰ, ਜੈਰਾਮ ਭਾਟੀਆ, ਬਾਲ ਕ੍ਰਿਸ਼ਨ, ਹਰਦੀਪ ਸਿੰਘ, ਹਰਮੇਸ਼ ਕੁਮਾਰ, ਦਿਆਲ ਸਿੰਘ, ਕੁਲਦੇਵ ਸਿੰਘ, ਖੜਕਾ ਸਿੰਘ, ਬਲਜੀਤ ਸਿੰਘ, ਮੁਖਤਿਆਰ ਸਿੰਘ, ਕਮਲਜੀਤ ਮਿਨਹਾਸ, ਕਰਨੈਲ ਸਿੰਘ ਅਜੜਾਮ, ਮਨਮੋਹਨ ਸਿੰਘ ਵਾਲੀਆ, ਕੁਲਭੂਸ਼ਨ ਸਿੰਘ ਵੀ ਹਾਜ਼ਰ ਸਨ। ਅਖੀਰ ਵਿੱਚ ਗਿਆਨ ਸਿੰਘ ਭਲੇਠੂ ਨੇ ਜਾਣਕਾਰੀ ਦਿੱਤੀ ਅਗਲੇ ਮਹੀਨੇ ਮੀਟਿੰਗ 11 ਜੂਨ, ਦਿਨ ਮੰਗਲਵਾਰ ਬੱਸ ਸਟੈਂਡ ਵਿਖੇ ਹੋਵੇਗੀ ਅਤੇ ਮੀਟਿੰਗ ਵਿੱਚ ਹਾਜ਼ਰ ਸਾਥੀਆਂ ਦਾ ਧੰਨਵਾਦ ਕੀਤਾ।

## ਅਵਤਾਰ ਪੁਰਬ 'ਤੇ ਵਿਸ਼ੇਸ਼

# ਸ੍ਰੀ ਗੁਰੂ ਅਮਰਦਾਸ ਜੀ



ਸਿੱਖ ਧਰਮ ਦੇ ਤੀਸਰੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਦਾ ਜਨਮ ਅੰਮ੍ਰਿਤਸਰ ਜ਼ਿਲ੍ਹੇ ਦੇ ਬਾਸਰਕੇ ਪਿੰਡ ਵਿੱਚ ਵਸਾਖ ਸੁਦੀ 11, 1536 ਬਿਕਰਮੀ (5 ਮਈ 1479 ਈ.) ਨੂੰ ਭੱਲਾ ਖੱਤਰੀ ਪ੍ਰਵਾਰ ਵਿੱਚ ਹੋਇਆ। ਆਪ ਜੀ ਦੇ ਪਿਤਾ ਦਾ ਨਾਂ ਤੇਜ ਭਾਨ ਅਤੇ ਮਾਤਾ ਦਾ ਨਾਂ ਸੁਲੱਖਣੀ ਸੀ, ਜਿਸਨੂੰ ਕਈ ਇਤਿਹਾਸਕਾਰ ਵੱਖ ਵੱਖ ਨਾਂ ਦੇਂਦੇ ਹਨ ਜਿਵੇਂ ਲੱਛਮੀ, ਭੂਪ ਕੌਰ ਅਤੇ ਰੂਪ ਕੌਰ। ਆਪ ਜੀ ਦੀ ਸ਼ਾਦੀ 11 ਮਾਘ 1559 ਬਿਕਰਮੀ ਨੂੰ ਸਿਆਲਕੋਟ ਜ਼ਿਲ੍ਹੇ ਦੇ ਪਿੰਡ ਸੰਖਤਰਾ ਦੇ ਇੱਕ ਬਹਿਲ ਖੱਤਰੀ ਦੇਵੀ ਚੰਦ ਦੀ ਧੀ ਮਨਸਾ ਦੇਵੀ ਨਾਲ ਕਰ ਦਿੱਤੀ ਗਈ। ਆਪ ਜੀ ਦੇ ਚਾਰ ਬੱਚੇ-ਦੋ ਪੁੱਤਰ ਮੋਹਰੀ ਜੀ ਅਤੇ ਮੋਹਨ ਜੀ ਅਤੇ ਦੋ ਧੀਆਂ ਦਾਨੀ ਜੀ ਅਤੇ ਭਾਨੀ ਜੀ ਸਨ।



ਡਾ. ਚਰਨਜੀਤ ਸਿੰਘ ਗੁਮਟਾਲਾ
91-94175-33060

ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਆਪ ਜੀ ਦੇ ਭਤੀਜੇ ਨਾਲ ਵਿਆਹੀ ਹੋਈ ਸੀ। ਬੀਬੀ ਅਮਰੋ ਨੇ ਹੀ ਆਪ ਜੀ ਨੂੰ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿੱਚ ਲਿਆਂਦਾ।ਸੰਪਰਕ ਵਿੱਚ ਆਉਣ ਪਿੱਛੋਂ ਆਪ ਜੀ ਉੱਥੇ ਹੀ ਖਡੂਰ ਸਾਹਿਬ ਰਹਿਣ ਲੱਗ ਪਏ। ਇਹ ਵਾਕਿਆ 1597 ਬਿਕਰਮੀ/1540 ਈ. ਦਾ ਹੈ।

ਰੋਜ਼ਾਨਾ ਬਿਆਸ ਦਰਿਆ ਤੋਂ ਗੁਰੂ ਜੀ ਦੇ ਇਸ਼ਨਾਨ ਲਈ ਤੜਕੇ ਪਾਣੀ ਦੀ ਗਾਗਰ ਭਰ ਕੇ ਲਿਆਉਣਾ, ਸਾਰਾ ਦਿਨ ਭਾਂਡੇ ਮਾਂਜਣੇ, ਪਾਣੀ ਢੋਣਾ ਅਤੇ ਸੰਗਤ ਦੀ ਸੇਵਾ ਕਰਨੀ ਆਪ ਜੀ ਦਾ ਨਿਤਨੇਮ ਬਣ ਗਿਆ।

ਆਪਣੇ ਗੁਰੂ ਉਪਰ ਪੂਰਨ ਸ਼ਰਧਾ ਦੀਆਂ ਕਈ ਸਾਖੀਆਂ ਮਿਲਦੀਆਂ ਹਨ, ਜਿਨ੍ਹਾਂ ਵਿੱਚ ਇੱਕ ਬਹੁਤ ਮਹੱਤਵਪੂਰਨ ਹੈ ਕਿ ਕਿਵੇਂ ਇੱਕ ਝੱਖੜ ਵਾਲੀ ਰਾਤ ਨੂੰ ਤੇਜ਼ ਹਵਾਵਾਂ, ਮੀਂਹ ਅਤੇ ਕੜਕਦੀ ਬਿਜਲੀ ਦੀ ਪ੍ਰਵਾਹ ਨਾ ਕਰਦੇ ਹੋਏ ਆਪ ਜੀ ਨੇ ਗੁਰੂ ਜੀ ਲਈ ਦਰਿਆ ਬਿਆਸ ਤੋਂ ਪਾਣੀ ਲਿਆਂਦਾ। ਖਡੂਰ ਦੇ ਜੁਲਾਹਿਆਂ ਦੀ ਖੱਡੀ ਵਿੱਚ ਆਪ ਠੇਡਾ ਖਾ ਕੇ ਡਿੱਗ ਪਏ, ਪਰ ਆਪਣੇ ਸਿਰ 'ਤੇ ਚੁੱਕੀ ਗਾਗਰ ਦਾ ਪਾਣੀ ਇਨ੍ਹਾਂ ਨੇ ਡੁੱਲਣ ਨਾ ਦਿੱਤਾ। ਖੜਾਕ ਸੁਣ ਲੇ ਜੁਲਾਹੇ ਨੇ ਆਪਣੀ ਵਹੁੱਟੀ ਨੂੰ ਪੁੱਛਿਆ ਕਿ ਖੜਾਕ ਹੋਇਆ ਹੈ, ਅੱਗੋਂ ਜੁਲਾਹੀ ਨੇ ਆਖਿਆ ਕਿ ਇਹ ਉਹੋ 'ਅਮਰੂ ਨਿਥਾਵਾ' ਹੋਵੇਗਾ, ਜੋ ਰਾਤ ਵੀ ਚੈਨ ਨਹੀਂ ਲੈਂਦਾ।ਇਹ ਗੱਲ ਸੰਨ 1552 ਦੀ ਹੈ ਜਦ ਆਪ ਜੀ ਦੀ ਉਮਰ 73 ਸਾਲ ਦੀ ਸੀ। ਜਦ ਗੁਰੂ ਅੰਗਦ ਦੇਵ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਆਪ ਦੀ ਸਰਾਹਨਾ ਕੀਤੀ ਅਤੇ ਆਪ ਨੂੰ 'ਨਿਥਾਵਿਆਂ ਦਾ ਥਾਂ', 'ਨਿਮਾਣਿਆਂ ਦਾ ਮਾਣ', 'ਨਿਤਾਣਿਆ ਦਾ ਤਾਣ', 'ਨਿਆਸਰਿਆਂ ਦਾ ਆਸਰਾ', 'ਨਿਉਟਿਆਂ ਦੀ ਓਟ', 'ਨਿਧਰਿਆ ਦੀ ਧਿਰ', 'ਨਿਗਤਿਆਂ ਦੀ ਗਤ' ਕਿਹਾ।

ਇਸ ਘਟਨਾ ਨੇ ਗੁਰੂ ਅੰਗਦ ਦੇਵ ਜੀ ਦੇ ਜਾਨਸ਼ੀਨ ਦੀ ਚੋਣ ਕਰਨ ਦੇ ਮਸਲੇ ਨੂੰ ਹੱਲ ਕਰ ਦਿੱਤਾ। ਗੁਰੂ ਅੰਗਦ ਦੇਵ ਜੀ ਨੇ ਪ੍ਰਚਲਿਤ ਮਰਯਾਦਾ ਅਨੁਸਾਰ ਨਾਰੀਅਲ ਅਤੇ ਪੰਜ ਪੈਸੇ ਅਮਰਦਾਸ ਜੀ ਅੱਗੇ ਰੱਖ ਕੇ ਮੱਥਾ ਟੇਕਿਆ। ਗੁਰੂ ਗੱਦੀ ਉੱਤੇ ਬਿਰਾਜਮਾਨ ਕਰਨ ਲਈ ਗੁਰਗੱਦੀ ਦਾ ਟਿੱਕਾ ਸਤਿਕਾਰਯੋਗ ਭਾਈ ਬੁੱਢਾ ਜੀ ਨੇ ਲਗਾਇਆ। ਛੇਤੀ ਹੀ ਪਿੱਛੋਂ 1609 ਬਿਕਰਮੀ ਸਾਲ ਦੇ ਚੇਤ ਦੇ ਪਹਿਲੇ ਚਾਨਣੇ ਪੱਖ ਦੇ ਚੌਥੇ ਦਿਨ (29 ਮਾਰਚ 1552 ਈ.) ਨੂੰ ਗੁਰੂ ਅੰਗਦ ਦੇਵ ਜੀ ਜੋਤੀ ਜੋਤ ਸਮਾ ਗਏ।

ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਨੂੰ ਆਪਣਾ ਮੁੱਖ ਕੇਂਦਰ ਬਣਾਇਆ ਤੇ ਇੱਥੇ ਹੀ ਰਹਿ ਕੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਪ੍ਰਚਾਰ ਕੀਤਾ। ਆਪ ਜੀ ਨੇ ਧਰਮ ਪ੍ਰਚਾਰ ਲਈ ਇੱਕ ਦ੍ਰਿੜ ਮੰਜੀ ਪ੍ਰਣਾਲੀ ਸ਼ੁਰੂ ਕੀਤੀ ਅਤੇ ਭਾਰਤ ਦੇ ਵੱਖ ਵੱਖ ਭਾਗਾਂ ਵਿੱਚ ਪ੍ਰਚਾਰ ਕਰਨ ਲਈ 22 ਮੰਜੀਆਂ ਸਥਾਪਿਤ ਕੀਤੀਆਂ ਭਾਵ ਕਿ ਪ੍ਰਚਾਰ ਕੇਂਦਰ ਕਾਇਮ ਕੀਤੇ। ਹਰ ਮੰਜੀ ਇੱਕ ਗੁਰਮੁਖ ਸਿੱਖ ਦੇ ਅਧੀਨ ਸੀ ਜੋ ਕਿ ਪ੍ਰਚਾਰ ਕਰਨ ਤੋਂ ਇਲਾਵਾ ਆਪਣੇ ਅਧਿਕਾਰ ਖੇਤਰ ਵਿੱਚ ਸੰਗਤ ਦੀ ਸੇਵਾ ਸੰਭਾਲ ਕਰਦਾ ਸੀ ਅਤੇ ਸਿੱਖਾਂ ਦੀਆਂ ਭੇਟਾਵਾਂ ਗੋਇੰਦਵਾਲ ਭੇਜਦਾ ਸੀ।ਹੇਠ ਲਿਖੇ ਗੁਰਸਿੱਖਾਂ ਨੂੰ ਮੰਜੀਆਂ (ਉਪਦੇਸ਼ਕ-ਗੱਦੀਆਂ) ਬਖ਼ਸ਼ੀਆਂ ਗਈਆਂ ਸਨ :-1 ਅੱਲਾਯਾਰ ਪਠਾਣ ਸੌਦਾਗਰ 2.ਸੱਚਨ ਸੱਚ ਪਿੰਡ ਮੰਦਰ ਤਸੀਲ ਸ਼ਕਰਪੁਰ 3. ਸਾਧਾਰਨ ਗੋਇੰਦਵਾਲ 4. ਸਾਵਣ ਮਲ ਗੋਇੰਦਵਾਲ 5. ਸੁੱਖਣ ਧਮਿਆਲ 6. ਹੰਦਾਲ ਜੰਡਿਆਲਾ 7. ਕੇਦਾਰੀ ਬਟਾਲਾ 8. ਖੇਡਾ ਖੇਮਕਰਨ 9. ਗੰਗੂਸ਼ਾਹ ਗੜ੍ਹ ਸ਼ੰਕਰ 10.ਦਰਬਾਰੀ ਮਜੀਠਾ 11. ਪਾਰੋ ਡੱਲਾ 12. ਫੇਰਾ ਮੀਰਪੁਰ 13. ਬੂਆ ਹਰਿ ਗੋਬਿੰਦਪੁਰ ਇਸਦੀ ਸੰਤਾਨ 14. ਬੇਣੀ ਚੂਹਨੀਆਂ 15. ਮਹੇਸ਼ਾ ਸੁਲਤਾਨਪੁਰ 16. ਮਾਈਦਾਸ ਨਰੋਲੀ (ਮਾਝਾ) 17. ਮਾਣਕ ਚੰਦ ਵੈਰੋਵਾਲ 18. ਮੁਰਾਰੀ ਖਾਈ (ਲਾਹੌਰ) 19. ਰਾਜਾ ਰਾਮ ਸੰਧਮਾ (ਜਲੰਧਰ) ਇਸ ਦੀ ਸੰਤਾਨ 20. ਰੰਗ ਸ਼ਾਹ ਮੱਲੂ ਪੋਤਾ (ਜਲੰਧਰ) 21.ਰੰਗ ਦਾਸ ਘੜੂਆਂ (ਅੰਬਾਲਾ) 22. ਲਾਲੋ ਡੱਲਾ।

ਆਪ ਜੀ ਨੇ ਵਸਾਖ ਅਤੇ ਮਾਘ ਦੇ ਪਹਿਲੇ ਦਿਨ ਅਤੇ ਦਿਵਾਲੀ, ਗੋਇੰਦਵਾਲ ਵਿਖੇ ਸਿੱਖਾਂ ਦੇ ਇਕੱਠੇ ਹੋਣ ਲਈ ਨੀਯਤ ਕਰ ਦਿੱਤੇ। ਪਾਣੀ ਦੀ ਤੰਗੀ ਨੂੰ ਦੂਰ ਕਰਨ ਲਈ ਇੱਕ ਬਉਲੀ ਬਣਾਈ। ਲੰਗਰ ਦੀ ਪ੍ਰਥਾ ਪਹਿਲਾਂ ਹੀ ਸੀ। ਇਸ ਨੂੰ ਹੋਰ ਵੱਡੇ ਪੈਮਾਨੇ 'ਤੇ ਸ਼ੁਰੂ ਕੀਤਾ ਗਿਆ। ਇਸ ਤੋਂ ਇਨ੍ਹਾਂ ਦਾ ਭਾਵ ਜਾਤ ਪਾਤ ਅਤੇ ਆਹੁਦੇ ਦੀ ਭਾਵਨਾ ਨੂੰ ਘਟਾਉਣਾ ਸੀ। ਇੱਕ ਵਾਰੀ ਅਕਬਰ ਬਾਦਸ਼ਾਹ ਗੋਇੰਦਵਾਲ ਆਇਆ ਤਾਂ ਉਸ ਨੇ ਵੀ ਲੰਗਰ ਵਿੱਚ ਬੈਠ ਕੇ ਪ੍ਰਸ਼ਾਦਾ ਛਕਿਆ। ਆਪ ਰੁੱਖੀ ਮਿੱਸੀ ਰੋਟੀ ਖਾਂਦੇ ਸਨ। ਜੋ ਕੁਝ ਦਿਨ ਵੇਲੇ ਲੰਗਰ ਵਿੱਚ ਆਉਂਦਾ ਸੀ ਰਾਤ ਤੱਕ ਵਰਤ ਜਾਂਦਾ ਸੀ।

ਗੁਰੂ ਜੀ ਨੇ ਉਸ ਸਮੇਂ ਹਿੰਦੂ ਧਰਮ ਵਿੱਚ ਫੈਲੀਆਂ ਕੁਰੀਤੀਆਂ ਵੱਲ ਧਿਆਨ ਦੇਣਾ ਸ਼ੁਰੂ ਕੀਤਾ। ਉਸ ਸਮੇਂ ਸਤੀ ਦੀ ਰਸਮ ਸੀ, ਜਿਸ ਵਿੱਚ ਪਤੀ ਦੇ ਮਰਨ 'ਤੇ ਵਿਧਵਾ ਨੂੰ ਪਤੀ ਦੀ ਚਿੱਖਾ 'ਤੇ ਸੜਨਾ ਪੈਂਦਾ ਸੀ। ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ ਬਾਦਸ਼ਾਹ ਅਕਬਰ ਪਾਸ ਭੇਜਿਆ ਕਿ ਉਹ ਇਸ ਰਸਮ ਨੂੰ ਰੋਕਣ ਲਈ ਸ਼ਾਹੀ ਤਾਕਤ ਵਰਤਣ। ਗੁਰੂ ਅਮਰਦਾਸ ਜੀ ਨੇ ਸਿੱਖਾਂ ਵਿੱਚ ਪਰਦੇ ਦੀ ਰਸਮ ਤੋਂ ਵੀ ਵਰਜਿਆ। ਗੁਰੂ ਅਮਰਦਾਸ ਜੀ ਨੇ ਹਿੰਦੂਆਂ ਪਾਸੋਂ ਤੀਰਥ ਯਾਤਰਾ 'ਤੇ ਲਿਆ ਜਾਂਦਾ ਕਰ ਵੀ ਬੰਦ ਕਰਵਾਇਆ। ਗੁਰੂ ਜੀ ਕੁਰੀਤੀਆਂ ਨੂੰ ਦੂਰ ਕਰਾਉਣ ਲਈ ਵੱਖ ਵੱਖ ਤੀਰਥ ਅਸਥਾਨਾਂ 'ਤੇ ਗਏ । ਕਰ ਤੋਂ ਛੋਟ ਮਿਲਣ ਕਰਕੇ ਅਨੇਕਾਂ ਹਿੰਦੂ ਵੀ ਉਨ੍ਹਾਂ ਦੇ ਨਾਲ ਤੀਰਥ ਯਾਤਰਾ ਨੂੰ ਗਏ। ਉਨ੍ਹਾਂ ਨਾਲ ਗੁਰੂ ਰਾਮਦਾਸ ਜੀ ਤੇ ਹੋਰ ਮੁੱਖੀ ਸਿੱਖ ਵੀ ਗਏ। ਉਹ ਪਹਿਲਾਂ ਕੁਰਕਸ਼ੇਤਰ, ਫਿਰ ਜਮਨਾ ਅਤੇ ਫਿਰ ਹਰਿਦੁਆਰ ਗਏ। ਗੁਰੂ ਨਾਨਕ ਜੀ ਵਾਂਗ ਆਪ ਦਾ ਮਕਸਦ ਵੀ ਕੁਰਾਹੇ ਪਈ ਜਨਤਾ ਨੂੰ ਸਿੱਧੇ ਰਾਹ ਲਿਆਉਣਾ ਸੀ।

ਗੁਰੂ ਜੀ ਨੇ ਜਾਤ ਪਾਤ ਦਾ ਭਰਮ ਮਿਟਾਕੇ ਭਰੇ ਦਰਬਾਰ ਵਿੱਚ ਕਈ ਅੰਤਰ-ਜਾਤੀ ਵਿਆਹ ਕੀਤੇ। ਭਾਈ ਸ਼ੀਂਹੇ ਦੀ ਲੜਕੀ ਇੱਕ ਗਰੀਬ ਸਿੱਖ 'ਪ੍ਰੇਮੇ' ਨਾਲ ਵਿਆਹੀ। ਇੱਕ ਰਾਜਪੂਤ ਲੜਕੇ ਦੀ ਸ਼ਾਦੀ 'ਸੱਚਨ ਸੱਚ' ਨਾਮੀ ਲਕੜਹਾਰੇ ਨਾਲ ਕੀਤੀ। ਗੁਰੂ ਸਾਹਿਬ ਨੇ ਵੀ ਆਪਣੀ ਲੜਕੀ ਬੀਬੀ ਭਾਨੀ ਦੀ ਸ਼ਾਦੀ ਲਈ ਇੱਕ ਘੁੰਗਣੀਆਂ ਵੇਚਣ ਵਾਲੇ ਕਿਰਤੀ ਗੱਭਰੂ ਭਾਈ ਜੇਠੇ ਨਾਲ ਕੀਤੀ।

ਮਾਝੇ ਵਿੱਚ ਗੁਰੂ ਅਮਰਦਾਸ ਜੀ ਨੇ ਸਿੱਖਾਂ ਦੇ ਕੇਂਦਰ ਲਈ ਅੰਮ੍ਰਿਤਸਰ ਵਾਲੀ ਜਗ੍ਹਾ ਚੁਣੀ। ਚਹੁੰ ਪਿੰਡਾਂ ਗੁਮਟਾਲਾ, ਤੁੰਗ, ਸੁਲਤਾਨਵਿੰਡ ਤੇ ਗਿਲਵਾਲੀ ਦੇ ਪੈਂਚ ਸਦਵਾ ਲਏ ਅਤੇ ਉਨ੍ਹਾਂ ਸਾਹਮਣੇ ਮੋੜੀ ਗਡਵਾ ਕੇ ਪਿੰਡ ਦਾ ਨਾਮ ਗੁਰੂ-ਚੱਕ ਰੱਖ ਦਿੱਤਾ। ਇਹ ਸਮ੍ਹਾਂ ਹਾੜ ਸੰਮਤ 1627 (ਜੂਨ ਸੰਨ 1570) ਦਾ ਹੈ। ਇਸ ਨੂੰ ਵਸਾਉਣ ਦਾ ਕੰਮ ਆਪ ਜੀ ਨੇ (ਗੁਰੂ) ਰਾਮਦਾਸ ਜੀ ਦੀ ਨਿਗਰਾਨੀ ਵਿੱਚ ਕਰਵਾਇਆ।

ਆਪ ਜੀ ਨੇ ਪਹਿਲੇ ਗੁਰੂਆਂ ਦੀ ਤਰ੍ਹਾਂ ਪੰਜਾਬੀ ਵਿੱਚ ਬਾਣੀ ਰਚੀ।ਗਿਣਤੀ ਪੱਖੋਂ ਗੁਰਬਾਣੀ ਰਚਨਾ ਵਿੱਚ ਪਹਿਲਾ ਸਥਾਨ ਗੁਰੂ ਨਾਨਕ ਦੇਵ ਜੀ ਦਾ ਤੇ ਦੂਜਾ ਸਥਾਨ ਗੁਰੂ ਅਰਜਨ ਦੇਵ ਜੀ ਦਾ ਹੈ। ਆਪ ਜੀ ਦਾ ਸਥਾਨ ਤੀਸਰਾ ਹੈ। ਆਪ ਜੀ ਨੇ ਸਤਾਰਾਂ ਰਾਗਾਂ ਵਿੱਚ ਬਾਣੀ ਰਚੀ ਜਿਨ੍ਹਾਂ ਦੇ ਨਾਂ ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਭੈਰਉ, ਬਸੰਤ, ਸਾਰੰਗ, ਮਲਾਰ ਅਤੇ ਪ੍ਰਭਾਤੀ। ਸਭ ਤੋਂ ਪ੍ਰਸਿੱਧ ਇਨ੍ਹਾਂ ਦੀ ਬਾਣੀ ਅਨੰਦ ਸਾਹਿਬ ਹੈ । ਕਾਵਿ ਰੂਪਾਂ ਵਿੱਚੋਂ ਆਪ ਜੀ ਨੇ ਪਦੇ, ਛੰਤ, ਅਸ਼ਪਦੀਆਂ, ਸਲੋਕ ਅਤੇ ਵਾਰਾਂ ਦੇ ਰੂਪ ਵਰਤੇ ਹਨ।

ਗੁਰੂ ਜੀ ਨੇ ਆਪਣਾ ਸਰੀਰਕ ਅੰਤ ਨੇੜੇ ਆਇਆ ਜਾਣ ਕੇ ਆਪਣੇ ਸਾਰੇ ਪਰਿਵਾਰ ਨੂੰ ਸੱਦਿਆ ਤੇ ਆਦੇਸ਼ ਦਿੱਤਾ ਕਿ ਕੋਈ ਵੀ ਉਨ੍ਹਾਂ ਦੇ ਅਕਾਲ ਚਲਾਣੇ 'ਤੇ ਨਾ ਹੀ ਅਫ਼ਸੋਸ ਕਰੇ ਅਤੇ ਨਾ ਹੀ ਰੋਏ ਕੁਰਲਾਏ। ਸਗੋਂ ਗੁਰੂ ਦੀ ਬਾਣੀ ਦਾ ਪਾਠ ਕਰਕੇ ਵਾਹਿਗੁਰੂ ਦਾ ਨਾਮ ਜਪੇ। ਗੁਰੂ ਜੀ ਦੀ ਇਹ ਅੰਤਮ ਸਿੱਖਿਆ ਉਨ੍ਹਾਂ ਦੇ ਪੜਪੋਤਰੇ ਬਾਬਾ ਸੁੰਦਰ ਜੀ ਨੇ 6 ਪੌੜੀਆਂ ਦੀ ਇੱਕ ਨਿੱਕੀ ਜਿਹੀ ਬਾਣੀ ਦੇ ਰੂਪ ਵਿੱਚ ਲਿਖੀ ਹੈ ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ ਰਾਮਕਲੀ ਰਾਗ ਵਿੱਚ 'ਸੱਦ' ਸਿਰਲੇਖ ਹੇਠ ਦਰਜ ਕੀਤਾ ਹੈ।

ਆਪ ਜੀ ਨੇ ਆਪਣੇ ਪੂਰਬਲੇ ਗੁਰੂ ਸਾਹਿਬਾਨ ਅਤੇ ਕੁਝ ਭਗਤਾਂ ਦੀਆਂ ਰਚਨਾਵਾਂ ਇਕੱਤਰ ਕੀਤੀਆਂ ਤੇ ਇਨ੍ਹਾਂ ਨੂੰ ਪੋਥੀਆਂ ਦੇ ਰੂਪ ਵਿੱਚ ਇਕੱਠਾ ਕੀਤਾ। ਇਨ੍ਹਾਂ ਪੋਥੀਆਂ ਵਿੱਚੋਂ ਦੋ ਅੱਜ ਵੀ ਉਨ੍ਹਾਂ ਦੇ ਵਾਰਸਾਂ ਕੋਲ ਹਨ। ਇਹ ਕਾਰਜ (ਗੁਰੂ) ਗ੍ਰੰਥ ਸਾਹਿਬ ਦੇ ਵਿਧੀ ਪੂਰਬਕ ਸੰਕਲਨ ਵੱਲ ਚੁਕਿਆ ਇੱਕ ਮਹੱਤਵਪੂਰਨ ਕਦਮ ਸੀ।

ਆਪ 95 ਸਾਲ ਦੀ ਉਮਰ ਪੂਰੀ ਕਰਨ ਪਿੱਛੋਂ ਆਪਣੇ ਜੁਆਈ ਜੇਠਾ ਜੀ ਨੂੰ ਗੁਰਗੱਦੀ ਸੌਂਪ ਕੇ ਭਾਦੋਂ ਸੁਦੀ 15, 1631 ਬਿਕਰਮੀ(1 ਸਤੰਬਰ 1574 ਈ.) ਜੋਤੀ ਜੋਤ ਸਮਾ ਗਏ। ਭਾਈ ਜੇਠਾ ਜੀ ਸਿੱਖਾਂ ਦੇ ਚੌਥੇ ਗੁਰੂ, ਗੁਰੂ ਰਾਮਦਾਸ ਜੀ ਬਣੇ।

**ਸਹਾਇਕ ਪੁਸਤਕਾਂ**

* ਸਾਹਿਬ ਸਿੰਘ, ਪ੍ਰੋਫ਼ੈਸਰ, ਗੁਰ-ਇਤਿਹਾਸ, ਪਾਤਸ਼ਾਹੀ 2 ਤੋਂ 9 , ਸਿੰਘ ਬ੍ਰਦਰਜ਼, ਅੰਮ੍ਰਿਤਸਰ, 2018
ਸੁਖਦਿਆਲ ਸਿੰਘ (ਡਾ.) ,ਪੰਜਾਬ ਦਾ ਇਤਿਹਾਸ (ਗੁਰੁ ਕਾਲ: 1469-1708),(ਜਿਲਦ ਪੰਜਵੀਂ), ਪੰਜਾਬੀ ਯੂਨੀਵਰਸਿਟੀ ਪਟਿਆਲਾ 2012
* ਜੋਧ ਸਿੰਘ ਡਾ., ਸਿੱਖ ਧਰਮ ਵਿਸ਼ਵ ਕੋਸ਼ (ਪਹਿਲੀ ਸੈਂਚੀ), ਪੰਜਾਬੀ ਯੂਨੀਵਰਸਿਟੀ ਪਟਿਆਲਾ 2008
* ਪਦਮ ਪਿਆਰਾ ਸਿੰਘ, ਸੰਖੇਪ ਸਿੱਖ ਇਤਿਹਾਸ, ਸਿੰਘ ਬਦਰਜ਼, ਅੰਮ੍ਰਿਤਸਰ 2014,
* ਮੈਕਾਲਿਫ਼, ਮੈਕਸ ਅਰਥਰ, ਅਨੁਵਾਦਕ ਅਜੈਬ ਸਿੰਘ, ਸੋਧਕ ਡਾ. ਜੀ ਐਸ ਔਲਖ, ਸਿੱਖ ਇਤਿਹਾਸ, ਭਾਗ 1-2, ਲਾਹੌਰ ਬੁਕ ਸ਼ਾਪ, ਲੁਧਿਆਣਾ, 2014

# ਜ਼ਿੰਦਗੀ

ਕੁਝ ਕੱਢ ਲਈ ਕੁਝ ਬਾਕੀ ਜ਼ਿੰਦਗੀ
ਤੇ ਬੜਾ ਕੁਝ ਜ਼ਿੰਦਗੀ ਤੋਂ ਸਿੱਖਿਆ ਏ
ਜ਼ਿੰਦਗੀ ਦੇ ਮੋੜਾਂ ਘੇੜਾਂ ਵਿਚ ਪਤਾ ਲੱਗਾ
ਕੁਝ ਦਾ ਪੈਸੇ ਨਾਲ, ਇਮਾਨ ਵੀ ਵਿਕਿਆ ਏ
ਬੇਵਫਾਈ ਦਾ ਵੀ ਬੋਲਬਾਲਾ ਏ
ਕੋਈ ਕੋਈ ਪਿੱਠ ’ਚ ਛੁਰਾ ਮਾਰਨ ਨੂੰ ਕਾਹਲਾ ਏ
ਪਰ ਨੇਕ ਲੋਕ ਵੀ ਬੜੇ ਨੇ ਇਸ ਦੁਨੀਆਂ ’ਚ
ਜਿਹਨਾਂ ਸਦਕਾ, ਜਹਾਨ ਇਹ ਟਿਕਿਆ ਏ
ਕੁਝ ਕੱਢ ਲਈ ਕੁਝ ਬਾਕੀ ਜ਼ਿੰਦਗੀ
ਤੇ ਬੜਾ ਕੁਝ ਜ਼ਿੰਦਗੀ ਤੋਂ ਸਿੱਖਿਆ ਏ।

ਕੁਝ ਲੋਕੀ ਗਰਜਾਂ ਦੇ ਰਿਸ਼ਤੇ ਬਣਾਈ ਜਾਂਦੇ
ਪਿਆਰ ਮੁਹੱਬਤ ਨੂੰ ਮਜ਼ਾਕ ਬਣਾਈ ਜਾਂਦੇ
ਪਿਆਰ ਮੁਹੱਬਤ, ਹੱਟੀਆਂ ਤੇ ਵਿਕਦਾ ਨਹੀਂ
ਰਿਸ਼ਤਾ ਗਰਜਾਂ ਦਾ, ਚਿਰ ਬਾਹਲਾ ਟਿਕਦਾ ਨਹੀਂ
ਸੱਚਾ ਪਿਆਰ ਵਿਕਾਊ ਨਹੀਂ ਕਦੇ ਹੁੰਦਾ
ਜਦ ਵਿਕਿਆ ਝੂਠਾ ਹੀ ਵਿਕਿਆ ਏ
ਕੁਝ ਕੱਢ ਲਈ ਕੁਝ ਬਾਕੀ ਜ਼ਿੰਦਗੀ
ਤੇ ਬੜਾ ਕੁਝ ਜ਼ਿੰਦਗੀ ਤੋਂ ਸਿੱਖਿਆ ਏ।

ਕੋਈ ਕੋਈ ਔਖੇ ਵੇਲੇ ਅੱਖਾਂ ਵੀ ਫੇਰ ਜਾਂਦਾ
ਸ਼ਾਇਦ ਉਤੋਂ ਉਤੋਂ ਕੁਝ ਵੀ ਕੇਰ ਜਾਂਦਾ
ਬੁਰੇ ਵਕਤ ਵੇਲੇ ਕਈ ਲੋਕ ਪਛਾਣਦੇ ਨਹੀਂ
ਵਿਹਾਰ ਕਰਦੇ ਜਿੱਦਾਂ ਕਦੇ ਜਾਣਦੇ ਨਹੀਂ
ਪਰ ਵਕਤ ਪੈਣ ਤੇ ਸਾਥ ਕਦੇ ਛੱਡੀਏ ਨਾ
ਇਹੋ ਵੱਡੇ ਵਡੇਰਿਆਂ ਦੀ ਸਿੱਖਿਆ ਏ
ਕੁਝ ਕੱਢ ਲਈ ਕੁਝ ਬਾਕੀ ਜ਼ਿੰਦਗੀ
ਤੇ ਬੜਾ ਕੁਝ ਜ਼ਿੰਦਗੀ ਤੋਂ ਸਿੱਖਿਆ ਏ।

ਅਸੀਂ ਆਪਸ ਵਿਚ ਐਵੇਂ ਲੜੀ ਜਾਨੇ ਆਂ
ਗੁੱਸੇ ਗਿਲੇ ਵਿਚ ਦਿਲਾਂ ’ਚ ਭਰੀ ਜਾਨੇ ਆਂ
ਰੰਗਲੀ ਫੁਲਵਾੜੀ ਮਾਲਕ ਦੀ ਵਿਚ ਆਪਾਂ
ਰੰਗ ਫਿੱਕੇ ਜਿਹੇ ਭਰੀ ਜਾਨੇ ਆਂ
ਪਰ ਜਿਹੜੇ ਮਾਲਕ ਦੇ ਰੰਗਾਂ ਵਿਚ ਰੰਗ ਜਾਂਦੇ
ਉਹਨਾਂ ਨੂੰ ਬੇਗਾਨਾ, ਕਦੋਂ ਕੋਈ ਦਿੱਸਿਆ ਏ
ਕੁਝ ਕੱਢ ਲਈ ਕੁਝ ਬਾਕੀ ਜ਼ਿੰਦਗੀ
ਤੇ ਬੜਾ ਕੁਝ ਜ਼ਿੰਦਗੀ ਤੋਂ ਸਿੱਖਿਆ ਏ।

ਆਪਣਿਆਂ ਤੋਂ ਦੂਰ ਕਦੇ ਵੀ ਹੋਈ ਨਾ
ਸ਼ੋਹਰਤ, ਪੈਸੇ ਕਰਕੇ ਮਗਰੂਰ ਤੂੰ ਹੋਈ ਨਾ
ਇਹ ਕਲਯੁੱਗ ਦੀ ਚਮਕ ਬੱਸ ਘੜੀਆਂ ਪਲ ਦੀ
ਇਹਦੇ ਨਸ਼ੇ ’ਚ ਦੇਖੀ ਚੂਰ ਹੋਈ ਨਾ
ਚੱਕੀ ਵਕਤ ਦੀ ਭਾਵੇਂ ਜ਼ਰਾ ਚਲਦੀ ਹੌਲੀ
ਪਰ ਜਦ ਪਿਸੀਆਂ ਬਰੀਕ ਬੜਾ ਪਿਸਿਆ ਏ
ਕੁਝ ਕੱਢ ਲਈ ਕੁਝ ਬਾਕੀ ਜ਼ਿੰਦਗੀ
ਤੇ ਬੜਾ ਕੁਝ ਜ਼ਿੰਦਗੀ ਤੋਂ ਸਿੱਖਿਆ ਏ।

ਤੇਰੇ ਹੱਥ ਵੱਸ ਕੁਝ ਵੀ ਨਹੀਂ ’ਜੁਗਿੰਦਰਾ’
ਬੱਸ ਤੇਰਾ ਮਾਣ ਗੁਮਾਣ ਤੈਨੂੰ ਉਲਝਾਈ ਜਾਂਦਾ
ਇਹ ਵੀ ਪਤਾ ਖਾਲੀ ਹੱਥੀ ਜਾਣਾ ਇੱਥੋਂ
ਪਰ ਮਨ ਚੰਚਲ ਪੈਸੇ ਪਿੱਛੇ ਭਜਾਈ ਜਾਂਦਾ
ਮਿਲਣਾ ਉਹੀ ਤੈਨੂੰ ਏਥੇ ਪਿੱਪਲਾਂਵਾਲੀਆ ਧਾਮੀ
ਜੋ ਵਿਚ ਕਿਸਮਤ ਦੇ ਮਾਲਕ ਨੇ ਲਿਖਿਆ ਏ
ਕੁਝ ਕੱਢ ਲਈ, ਕੁਝ ਬਾਕੀ ਜ਼ਿੰਦਗੀ
ਤੇ ਬੜਾ ਕੁਝ ਜ਼ਿੰਦਗੀ ਤੋਂ ਸਿੱਖਿਆ ਏ
ਜ਼ਿੰਦਗੀਦੇ ਮੋੜਾਂ ਘੇੜਾਂ ਵਿਚ ਪਤਾ ਲੱਗਾ
ਕੁਝ ਦਾ ਪੈਸਾ ਨਾਲ ਇਮਾਨ ਇੱਥੇ ਵਿਕਿਆ ਏ
ਬੇਵਫਾਈ ਦਾ ਵੀ ਬੋਲਬਾਲਾ ਏ
ਕੋਈ ਕੋਈ ਪਿੱਠ ’ਚ ਛੁਰਾ ਮਾਰਨ ਨੂੰ ਵੀ ਕਾਹਲਾ ਏ
ਪਰ ਨੇਕ ਲੋਕ ਵੀ ਬੜੇ ਨੇ ਇਸ ਦੁਨੀਆਂ ’ਚ
ਜਿਹਨਾਂ ਸਦਕਾ ਜਹਾਨ ਇਹ ਟਿਕਿਆ ਏ
ਕੁਝ ਕੱਢ ਲਈ ਕੁਝ ਬਾਕੀ ਜ਼ਿੰਦਗੀ
ਤੇ ਬੜਾ ਕੁਝ ਜ਼ਿੰਦਗੀ ਤੋਂ ਸਿੱਖਿਆ ਏ।



ਜੁਗਿੰਦਰ ਧਾਮੀ, ਪਿਪਲਾਂਵਾਲੀਆ

# ਵਾਇਕਾਟੋ ਸ਼ਹੀਦੇ ਆਜ਼ਿਮ ਭਗਤ ਸਿੰਘ ਟਰੱਸਟ ਹਮਿਲਟਨ ਵੱਲੋਂ ਮਦਰਜ਼ ਡੇਅ ਮਨਾਇਆ

**ਔਕਲੈਂਡ, (ਹਰਜਿੰਦਰ ਸਿੰਘ ਰਾਹੋਂ)-** ਵਾਇਕਾਟੋ ਸ਼ਹੀਦੇ ਆਜ਼ਿਮ ਭਗਤ ਸਿੰਘ ਟ੍ਰਸਟ ਹਮਿਲਟਨ ਵੱਲੋਂ ‘ਮਾਂ ਦਿਵਸ’ ਦੇ ਮੌਕੇ ਇੱਕ ਸੰਖੇਪ ਤੇ ਪ੍ਰਭਾਵਸ਼ਾਲੀ ਸਮਾਗਮ




ਕਰਵਾਇਆ ਗਿਆ। ਇਸ ਸਮੇਂ ਟਰੱਸਟ ਦੇ ਪ੍ਰਧਾਨ ਜਰਨੈਲ ਸਿੰਘ ਰਾਹੋਂ ਨੇ ਸਾਰੇ ਪਰਿਵਾਰਾਂ ਨੂੰ ਮੁਬਾਰਕਵਾਦ ਦਿੱਤੀ। ਮਾਂ ਦਿਵਸ ਦੀ ਮਹਾਨਤਾ ਬਾਰੇ ਆਪਣੇ ਵਿਚਾਰ ਸਾਂਝੇਂ ਕੀਤੇ ਤੇ ਦੱਸਿਆ ਕਿ ਗੁਰਬਾਣੀ ਵਿੱਚ ਵੀ ਔਰਤਾਂ ਨੂੰ ਉੱਚਾ ਤੇ ਸੁੱਚਾ ਦਰਜਾ ਦਿੱਤਾ ਗਿਆ। ਹਰਜੀਤ ਕੌਰ ਤੇ ਸੰਦੀਪ ਕੌਰ ਸੰਧੂ ਨੇ ਬਹੁੱਤ ਵਧੀਆ ਕਵਿਤਾਵਾਂ ਪੇਸ਼ ਕੀਤੀਆਂ ਇਸ ਸਮੇਂ ਹੋਰ ਬੁਲਾਰੇ ਰਵਨੀਤ ਸਿੰਘ ਐਡਵੋਕੇਟ ਤੇ ਸਿੱਮਰਤ ਕੌਰ ਪਨੇਸਰ ਨੇ ਵੀ ਆਪਣੇ ਭਾਸ਼ਨ ਵਿੱਚ ਮਾਂ ਦਿਵਸ ਦੀ ਮਹਾਨਤਾ ਵਾਰੇ ਦੱਸਿਆ। ਬੱਚਿਆਂ ਰੂਪ ਕੌਰ, ਨਿਹਾਲ ਸਿੰਘ, ਜੁਝਾਰ ਸਿੰਘ, ਕਬੀਰ ਸਿੰਘ ਨੇ ਕਵਿਤਾਵਾਂ ਤੇ ਗੀਤ ਪੇਸ਼ ਕੀਤੇ। ਸਮਾਇਰਾ ਰਾਵਤ ਛੋਟੀ ਬੱਚੀ ਨੇ ਮਦਰਜ਼ ਡੇਅ ਦੇ ਗੀਤ ਤੇ ਨਿਰਥ ਪੇਸ਼ ਕਰਕੇ ਦਰਸ਼ਕਾਂ ਦਾ ਮਨਮੋਹ ਲਿਆ। ਇਸ ਸਮੇਂ ਟਰੱਸਟ ਮੈਂਬਰ ਸੰਦੀਪ ਕਲਸੀ, ਹਰਗੁਣਜੀਤ ਸਿੰਘ, ਮਨਦੀਪ ਬਰਾੜ, ਪ੍ਰਿਆ ਬਿਰਲਾ, ਨਵਜੋਤਕੌਰ, ਅਮਨਦੀਪ ਕੌਰ, ਜਸਪ੍ਰੀਤ ਕੌਰ ਕਲਸੀ, ਰੀਹਾ ਸੂਦ, ਹਰਦੀਪ ਸਿੰਘ, ਸੁਖਵਿੰਦਰ ਸਿੰਘ, ਹਰੀਸ਼ ਬਿਰਲਾ, ਹਰਮਿੰਦਰ ਮਹਰੋਕ ਤੇ ਹੋਰ ਪ੍ਰੀਵਾਰ ਵੀ ਹਾਜ਼ਰ ਸਨ ਟਰੱਸਟ ਵੱਲੋਂ ਸਾਰਿਆ ਦਾ ਧੰਨਵਾਦ ਕਰਨ ਉਪਰੰਤ ਪ੍ਰੋਗਰਾਮ ਦੀ ਸਮਾਪਤੀ ਕੀਤੀ ਗਈ।

# ਕੇਂਦਰ ਦੀਆਂ ਸਰਕਾਰਾਂ ਹਮੇਸ਼ਾ ਧੱਕਾ ਹੀ ਕਰਦੀਆਂ ਰਹਿਣਗੀਆਂ !



ਜੰਗ ਸਿੰਘ
+1 415 603 7380

ਪੰਜਾਬ ਪਿਛਲੇ ਲਗ ਭਗ ਛੇ ਦਹਾਕਿਆਂ ਤੋਂ ਆਪਣੀਆਂ ਜਾਇਜ ਤੇ ਹੱਕੀ ਮੰਗਾਂ ਨੂੰ ਲੈਣ ਲਈ ਕੇਂਦਰ ਵਿੱਚ ਰਾਜ ਕਰ ਚੁੱਕੀਆਂ ਸਰਕਾਰਾਂ ਸਮੇਤ ਮੌਜੂਦਾ ਰਾਜ ਕਰ ਰਹੀ ਭਾਜਪਾ ਸਰਕਾਰ ਵਲੋਂ ਕੀਤੀ ਜਾ ਰਹੇ ਧੱਕੇ ਤੇ ਬੇਇਨਸਾਫੀਆਂ ਦਾ ਸ਼ਿਕਾਰ ਚਲਿਆ ਆ ਰਿਹਾ ਹੈ । ਕਿਸੇ ਵੀ ਸਰਕਾਰ ਨੇ ਉਸ ਦੀ ਹੁਣ ਤਕ ਸਾਰ ਨਹੀਂ ਲਈ। ਕੌਣ ਨਹੀਂ ਜਾਣਦਾ ਕਿ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਖੋਹ ਲਈ , ਉਸ ਦੇ ਪੰਜਾਬੀ ਬੋਲਦੇ ਇਲਾਕੇ ਨਹੀਂ ਦਿੱਤੇ ਗਏ, ਨਾ ਹੀ ਉਸ ਦੇ ਪਾਣੀਆਂ ਤੇ ਡੈਮਾਂ ਦੇ ਮਸੱਲੇ ਨੂੰ ਹੱਲ ਕੀਤਾ ਗਿਆ ।ਬਲਕਿ ਇਨਾਂ ਮੰਗਾਂ ਵਿੱਚ ਇਕ ਹੋਰ ਮੰਗ ਪੰਜਾਬੀ ਬੋਲੀ ਦੀ ਮੰਗ ਵੀ ਸ਼ਾਮਲ ਹੋ ਗਈ ਹੈ ਜਿਸ ਬੋਲੀ ਦੇ ਅਧਾਰ ਤੇ ਸੂਬੇ ਨੂੰ ਬਣਾਉਣ ਲਈ ਉਸ ਦੇ ਵਾਸੀਆਂ ਨੂੰ ਦੋ ਦਹਾਕੇ ਤਕ ਦੀ ਲੜਾਈ ਵੀ ਲੜਣੀ ਪਈ ਜਿਸ ਵਿੱਚ ਉਸ ਨੂੰ ਕਈ ਕੁਰਬਾਨੀਆਂ ਵੀ ਦੇਣੀਆ ਪਈਆਂ ਤੇ ਹਜਾਰਾਂ ਪੰਜਾਬੀਆਂ ਨੂੰ ਕਈ ਕਈ ਮਹੀਨੇ ਤਕ ਜੇਲਾਂ ਦੀ ਹਵਾ ਵੀ ਖਾਣੀ ਪਈ ਸੀ ਤੇ ਤਸ਼ਦੱਦ ਵੱਖਰਾ ਝੱਲਣਾ ਪਿਆ ।ਬਾਦਲਾਂ ਦੇ ਭਾਜਪਾ ਦੇ ਰਾਜ ਦੌਰਾਨ ਸਰਕਾਰੀ ਸਕੂਲਾਂ ਦੀ ਇਕ ਡੂੰਘੀ ਸਾਜਿਸ਼ ਤਹਿਤ ਅਧਿਆਪਕਾਂ ਦੀ ਭਰਤੀ ਬਾਦਲ ਸਰਕਾਰ ਦੇ ਸਿਖਿਆ ਮੰਤਰੀ ਕੋਲੋਂ ਬੰਦ ਕਰਵਾ ਕੇ ਇਕ ਤਾਂ ਸਰਕਾਰੀ ਸਕੂਲਾਂ ਦੀ ਇਸ ਪੱਧਰ ਤੇ ਹਾਲਤ ਨਿਘਾਰੀ ਗਈ, ਦੂਜੇ ਪਾਸੇ ਰ.ਸ.ਸ. ਦੀ ਨੀਤੀ ਅਨੁਸਾਰ ਚਲ ਰਹੇ ਕੇਂਦਰੀ ਸਕੂਲ ਧੜਾ ਧੜ ਪੰਜਾਬ ਵਿੱਚ ਖੋਹਲੇ ਗਏ ਤਾਂ ਕਿ ਪੰਜਾਬ ਦੇ ਵਾਸੀ ਜਿਹੜੇ ਆਪਣੇ ਬੱਚਿਆਂ ਨੂੰ ਜੋ ਪੰਜਾਬੀ ਮਾਧਿਅਮ ਵਿੱਚ ਸਰਕਾਰੀ ਸਕੂਲਾਂ ਵਿੱਚ ਪੜ੍ਹਾਈ ਕਰ ਰਹੇ ਹਨ ਉਨਾਂ ਦੇ ਮਾਪਿਆਂ ਵਿੱਚ ਸਰਕਾਰੀ ਸਕੂਲਾਂ ਦਾ ਪ੍ਰਬੰਧ ਠੀਕ ਨਾ ਹੋਣ ਦਾ ਰੌਲਾ ਪਾ ਕੇ ਸਰਕਾਰੀ ਸਕੂਲਾਂ ਵਿੱਚੋਂ ਕਢਵਾ ਕੇ ਅਤਿ ਦੇ ਮਹਿੰਗੀਆਂ ਫੀਸਾਂ ਵਾਲੇ ਹਿੰਦੀ ਮਾਧਿਅਮ ਵਾਲੇ ਕੇਂਦਰੀ ਸਕੂਲਾਂ ਵਿੱਚ ਭਰਤੀ ਕਰਾ ਕੇ ਪੰਜਾਬੀ ਬੋਲੀ ਦਾ ਘਾਣ ਵੀ ਇਸੇ ਅਕਾਲੀ ਸਰਕਾਰ ਕੋਲੋਂ ਕਰਵਾਇਆ ਜਾਵੇ। ਭਾਜਪਾ ਜਾਣ ਚੁੱਕੀ ਸੀ ਕਿ ਬਾਦਲਾਂ ਦੇ ਟੋਲੇ ਨੂੰ ਸਿਰਫ ਗੱਦੀ ਤੇ ਪੈਸੇ ਦੀ ਭੁੱਖ ਤੋਂ ਬਿਨਾ ਕੁਝ ਨਜਰ ਨਹੀਂ ਆਉਂਦਾ ਹੈ ਉਹ ਉਸ ਵੱਲ ਲਗੇ ਰਹਿਣ ਤੇ ਅਸੀ ਭਾਜਪਾ ਵਾਲੇ ਪੰਜਾਬ ਦੀ ਸਰਬ ਪੱਖੀ ਬਰਬਾਦੀ ਕਰਦੇ ਰਹੀਏ।

ਇਹ ਆਮ ਕਰਕੇ ਕਿਹਾ ਜਾਂਦਾ ਸੀ ਕਿ ਪੰਜਾਬ ਦੇ ਹੱਕਾਂ ਦੀ ਤਰਜਮਾਨੀ ਕਰਨ ਵਾਲੀ ਕੋਈ ਪਾਰਟੀ ਹੈ ਤਾਂ ਉਹ ਅਕਾਲੀ ਪਾਰਟੀ ਹੈ ਜਿਸ ਨੂੰ ਪੰਜਾਬ ਦੀ ਖੇਤਰੀ ਪਾਰਟੀ ਦਾ ਦਰਜਾ ਵੀ ਹਾਸਲ ਸੀ। ਜੇ ਕਰ ਸ਼੍ਰੋਮਣੀ ਅਕਾਲੀ ਦੱਲ ਦੇ ਇਤਿਹਾਸ ਤੇ ਝੱਲਕ ਮਾਰੀਏ ਤਾਂ ਇਸ ਦਾ ਕਾਫੀ ਸਮੇਂ ਤਕ ਇਤਿਹਾਸ ਸੁਨਹਿਰੀ ਰਿਹਾ ਹੈ। ਜਦੋਂ ਤਕ ਇਸ ਅਕਾਲੀ ਪਾਰਟੀ ਦੀ ਵਾਂਗਡੋਰ ਕੁਰਬਾਨੀ ਵਾਲੇ ਤੇ ਨਿਰਸੁਆਰਥ ਆਗੂਆਂ ਦੇ ਹੱਥ ਰਹੀ ਹੈ ਉਹ ਪੰਜਾਬ ਦੇ ਹੱਕਾਂ ਲਈ ਲੜ੍ਹਦੀ ਰਹੀ ।ਪਰ ਜਿਓਂ ਹੀ ਇਸ ਅਕਾਲੀ ਪਾਰਟੀ ਦੀ ਵਾਂਗਡੋਰ ਸ੍ਰ. ਪਰਕਾਸ਼ ਸਿਘ ਬਾਦਲ ਦੇ ਹੱਥ ਵਿੱਚ ਆਈ ਵਿਸ਼ੇਸ਼ ਕਰਕੇ ਜਦੋਂ ਤੋਂ ਇਸ ਪਾਰਟੀ ਨੇ ਭਾਜਪਾ ਨਾਲ ਸਮਝੌਤਾ ਕਰਕੇ ਰਾਜ ਕਰਨਾ ਸ਼ੁਰੂ ਕਰ ਦਿੱਤਾ। ਭਾਰਤੀ ਜਨਤਾ ਪਾਰਟੀ ਜਿਹੜੀ ਪਹਿਲਾਂ ਭਾਰਤੀ ਜੰਨ ਸੰਘ ਹੁੰਦੀ ਸੀ ਇਸ ਦਾ ਸ਼ੁਰੂ ਤੋਂ ਖਾਸਾ ਪੰਜਾਬ ਤੇ ਪੰਜਾਬੀ ਵਿਰੋਧੀ ਰਿਹਾ ਹੈ ਪੰਜਾਬ ਵਿੱਚ ਸਭ ਤੋਂ ਵੱਧ ਹਿੰਦੂ ਸਿੱਖਾਂ ਵਿੱਚ ਦੰਗੇ ਕਰਾਉਣ ਵਾਲੀ ਪਾਰਟੀ ਇਹ ਹੀ ਰਹੀ ਹੈ ਇਸ ਨੇ ਪੰਜਾਬ ਵਿੱਚ ਹਿੰਦੂ ਸਿੱਖ ਦੇ ਪਾੜੇ ਨੂੰ ਵਧਾਉਣ ਦੇ ਨਾਲ ਪੰਜਾਬ ਦੇ ਹਿੰਦੂਆ ਨੂੰ ਉਕਸਾਅ ਕੇ ਉਨਾਂ ਕੋਲੋਂ ਉਨਾਂ ਦੀ ਮਾਂ ਬੋਲੀ ਪੰਜਾਬੀ ਹੁੰਦਿਆਂ ਹੋਇਆਂ ਵੀ 'ਹਿੰਦੀ' ਲਿਖਵਾ ਕੇ ਪੰਜਾਬ ਨਾਲ ਧਰੋਹ ਕਮਾਇਆ। ਪੰਜਾਬ ਦੇ ਹੱਕੀ ਮੱਸਲਿਆਂ ਨਾਲ ਖੜਣ ਦੀ ਬਜਾਏ ਇਸ ਪਾਰਟੀ ਦੇ ਆਗੂ ਖਾਂਦੇ ਤਾਂ ਪੰਜਾਬ ਦਾ ਰਹੇ ਹਨ ਪਰ ਕੁੜ੍ਹ ਕੁੜ੍ਹ ਦੂਸਰੇ ਪ੍ਰਾਂਤਾਂ ਦੇ ਲੋਕਾਂ ਦੇ ਹੱਕਾਂ ਦੀ ਕਰਦੀ ਰਹੇ। ਦੂਜੇ ਪਾਸੇ ਬਾਦਲਾਂ ਨੇ ਸ਼੍ਰੋਮਣੀ ਅਕਾਲੀ ਦੱਲ ਨੂੰ ਆਪਣੇ ਘਰ ਦੀ ਪਾਰਟੀ ਬਣਾ ਕੇ ਪੰਜਾਬ ਦੇ ਮੁੱਦਿਆਂ ਤੇ ਮੋਰਚੇ ਲਗਾਉਣ ਦੀ ਥਾਂ ਤੇ ਗੱਦੀ ਹਥਿਆਉਣਾ ਤੇ ਪੈਸੇ ਕਮਾਉਣਾ ਸੋਚ ਬਣਾ ਲਈ। ਜਿਸ ਦਾ ਨਤੀਜਾ ਇਸ ਅਕਾਲੀ ਪਾਰਟੀ ਦੇ ਪੰਜ ਵਾਰ ਦੇ ਰਹੇ ਮੁੱਖ ਮੰਤਰੀ ਸ੍ਰ. ਪ੍ਰਕਾਸ਼ ਸਿੰਘ ਬਾਦਲ ਤੇ ਉਸ ਦੀ ਨੂੰਹ ਬੀਬੀ ਹਰਸਿਰਮਰਤ ਕੌਰ ਬਾਦਲ ਕੇਂਦਰ ਵਿੱਚ ਕੈਬਨਿਟ ਮੰਤਰੀ ਹੋਣ ਦੇ ਨਾਲ ਇਸੇ ਪਾਰਟੀ ਦੇ ਸ੍ਰ. ਸੁਖਦੇਵ ਸਿੰਘ ਢੀਂਡਸਾ ਜੋ ਕੇਂਦਰ ਵਿੱਚ ਖੇਡਾਂ ਦੇ ਰਾਜ ਮੰਤਰੀ ਰਹੇ ਇਨਾਂ ਕਿਸੇ ਨੇ ਵੀ ਪੰਜਾਬ ਦੇ ਇਕ ਵੀ ਮੱਸਲੇ ਨੂੰ ਹੱਲ ਨਹੀਂ ਕਰਵਾਇਆ।ਬਲਕਿ ਗੱਦੀਆਂ ਦਾ ਹੀ ਅਨੰਦ ਮਾਣਦੇ ਰਹੇ ਹਨ ਹਾਂ ਜਦੋਂ ਗੱਦੀ ਖੁੱਸ ਜਾਂਦੀ ਸੀ ਉਸ ਸਮੇਂ ਚੋਣਾਂ ਦੌਰਾਨ ਪੰਜਾਬ ਦੇ ਮੁੱਦਿਆਂ ਨੂੰ ਸਿਰਫ ਵੋਟਾਂ ਬਟੋਰਣ ਲਈ ਉਭਾਰਿਆ ਜਾਂਦਾ ਜਦੋਂ ਗੱਦੀ ਹਾਸਲ ਹੋ ਜਾਂਦੀ ਤਾਂ ਇਨਾਂ ਦੇ ਦਿੱਲ ਦਿਮਾਗ ਤੋਂ ਪੰਜਾਬ ਦੇ ਸਾਰੇ ਮੱਸਲੇ ਵੀ ਗਾਇਬ ਹੋ ਜਾਂਦੇ। ਇਹ ਸਿਲਸਿਲਾ ਪੰਜਾਬੀਆਂ ਨੂੰ ਮੂਰਖ ਬਣਾਉਣ ਲਈ ਕਈ ਦਹਾਕਿਆਂ ਤਕ ਚਲਦਾ ਰਿਹਾ ।ਜਦੋਂ ਪੰਜਾਬ ਦੇ ਲੋਕਾਂ ਨੇ ਵੇਖਿਆ ਕਿ ਇਹ ਤਾਂ ਸਿਰਫ ਗੱਦੀ ਦੀ ਖਾਤਰ ਸੌਦਾ ਸਾਧ ਨੂੰ ਅਤਿ ਵੱਡੇ ਗੁਨਾਹ ਵਿੱਚ ਸਿੱਖ ਪੰਥ ਦੇ ਜਥੇਦਾਰਾਂ ਕੋਲੋਂ ਮੁਆਫੀ ਦੁਆ ਕੇ ਨਿੱਜੀ ਮੁਫਾਦਾਂ ਲਈ ਸਿੱਖ ਪੰਥ ਦੇ ਘਾਣ ਕਰਵਾਉਣ ਤਕ ਜਾ ਸਕਦੇ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਦੋਸ਼ੀਆਂ ਨੂੰ ਫੜ੍ਹਣ ਦੀ ਬਜਾਏ ਬੇਅਦਬੀ ਕਰਨ ਦੇ ਦੋਸ਼ੀਆਂ ਨੂੰ ਫੜਣ ਲਈ ਸਰਕਾਰ ਵਿਰੁੱਧ ਸ਼ਾਂਤਮਈ ਤਰੀਕੇ ਨਾਲ ਸੰਘਰਸ਼ ਕਰ ਰਹੇ ਸਿੱਖ ਨੌਜੁਆਨਾਂ ਤ ਪੁਲੀਸ ਵਲੋਂ ਗੋਲੀਆਂ ਚਲਵਾ ਕੇ ਦੋ ਨੌਜੁਆਨਾਂ ਨੂੰ ਸ਼ਹੀਦ ਕਰਵਾ ਸਕਦੇ ਹਨ ਤਾਂ ਕਿਧਰੇ ਸਿੱਖ ਪੰਥ ਨੂੰ ਇਨਾਂ ਬਾਦਲਾਂ ਬਾਰੇ ਜਿਹੜੇ ਕਿ ਸ਼੍ਰੋਮਣੀ ਅਕਾਲੀ ਦੱਲ ਤੇ ਕਾਬਜ ਹਨ ਦੇ ਹਕੀਕੀ ਚਿਹਰੇ ਦਾ ਪਤਾ ਲਗਾ। ਸਿੱਖ ਪੰਥ ਨੇ ਜੋ ਹਾਲ ਇਸ ਬਾਦਲ ਅਕਾਲੀ ਦੱਲ ਦਾ ਵਿਧਾਨ ਸਭਾ ਚੋਣਾਂ 2017 ਤੇ ਫਿਰ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕੀਤਾ ਹੈ ਉਹ ਸਾਰੇ ਜੱਗਤ ਦੇ ਸਾਹਮਣੇ ਹੈ। ਸਿੱਖ ਪੰਥ ਸ੍ਰ. ਸੁਖਬੀਰ ਸਿੰਘ ਬਾਦਲ ਨੂੰ ਗੱਦੀ ਛੱਡਣ ਲਈ ਸ਼੍ਰੋਮਣੀ ਕਮੇਟੀ ਵਲੋਂ ਬਣਾਈ ਕਮੇਟੀ ਦੇ ਚੇਅਰਮੈਨ ਕਈ ਵਾਰ ਕਹਿ ਚੁੱਕੇ ਹਨ। ਪਰ ਸੁਖਬੀਰ ਸਿੰਘ ਬਾਦਲ ਇਤਨਾ ਢੀਠ ਬਣ ਚੁੱਕਾ ਹੈ ਕਿ ਗੱਦੀ ਛੱਡਣ ਦਾ ਨਾਂ ਨਹੀਂ ਲੈ ਰਿਹਾ ਹੈ ਬੜੀ ਢੀਠਤਾਈ ਨਾਲ ਪਾਰਟੀ ਦੀ ਬਰਬਾਦੀ ਕਰਾ ਕੇ ਵੀ ਗੱਦੀ ਨਾਲ ਚਿਪਕਿਆ ਹੋਇਆ ਹੈ। ਰੋਜਾਨਾ ਅਕਾਲੀ ਆਗੂ ਪਾਰਟੀ ਨੂੰ ਸਦਾ ਲਈ ਨਮਸਕਾਰ ਕਰਕੇ ਹੋਰ ਪਾਰਟੀਆਂ ਵਿੱਚ ਸ਼ਾਮਲ ਹੋ ਰਹੇ ਹਨ । ਸਿੱਖ ਜਗਤ ਪੂਰੀ ਤਰਾਂ ਜਾਗਰੂਕ ਹੋ ਗਿਆ ਹੈ ਉਹ ਇਹ ਵੀ ਜਾਣ ਗਿਆ ਹੈ ਕਿ ਇਨਾਂ ਬਾਦਲਾਂ ਦੀ ਅਗਵਾਈ ਵਿੱਚ ਨਾ ਤਾਂ ਪੰਜਾਬ ਦੇ ਮੱਸਲੇ ਹੱਲ ਕਰਵਾਏ ਜਾ ਸਕਦੇ ਹਨ ਨਾ ਹੀ ਇਹ ਪਾਰਟੀ ਪੰਜਾਬ ਨੂੰ ਖੇਤਰੀ ਪਾਰਟੀ ਦੇ ਯੋਗ ਬਣਾ ਸਕਦੀ ਹੈ ।ਇਸ ਲਈ ਸ਼੍ਰੋਮਣੀ ਅਕਾਲੀ ਦੱਲ ਨੂੰ ਨਵੀਂ ਨਿਰਸੁਆਰਥ ਤੇ ਕੁਰਬਾਨੀ ਵਾਲੀ ਲੀਡਰਸ਼ਿਪ ਦੀ ਜਰੂਰਤ ਹੈ ਜੋ ਪੰਜਾਬ ਦੀ ਯੋਗ ਅਗਵਾਈ ਕਰਕੇ ਪੰਜਾਬ ਨੂੰ ਬੁਲੰਦੀਆਂ ਤੇ ਪਹੁੰਚਾ ਸਕੇ। ਕੌਣ ਨਹੀਂ ਜਾਣਦਾ ਕਿ ਦੇਸ਼ ਨੂੰ ਅੰਗਰੇਜਾਂ ਤੋਂ ਅਜਾਦ ਕਰਾਉਣ ਵਾਲੇ ਵੀ ਬਹੁਤੇ ਪੰਜਾਬੀ ਹੀ ਸਨ ਜਿਨਾਂ ਨੇ 80% ਤੋਂ ਵਧੇਰੇ ਕੁਰਬਾਨੀਆਂ ਦੇ ਕੇ ਦੇਸ਼ ਨੂੰ ਅਜਾਦ ਵੀ ਕਰਵਾਇਆ ਸੀ ।ਅੱਜ ਸਮੇਂ ਦੀ ਮੰਗ ਕਿ ਪੰਜਾਬ ਦੇ ਸਾਰੇ ਅਕਾਲੀ ਦੱਲ ਆਪਣੇ ਸਾਰੇ ਵਖਰੇਵੇਂ ਛੱਡ ਕੇ ਪਜਾਬ ਦੇ ਮੱਸਲਿਆਂ ਤੇ ਇਕ ਮੁੱਠ ਹੋਣ ਇਸ ਦੇ ਨਾਲ ਪੰਜਾਬ ਨਾਲ ਸੁਹਿਰਦਤਾ ਰੱਖਣ ਵਾਲੀਆਂ ਦੂਸਰੀਆਂ ਪਾਰਟੀਆਂ ਦੇ ਨਿਰਸੁਅਰਥ ਆਗੂ ਇਕ ਮੰਚ ਤੇ ਇੱਕਠੇ ਹੋ ਕੇ ਪੰਜਾਬ ਨੂੰ ਆਪਣੇ ਪੈਰਾਂ ਤੇ ਖੜ੍ਹੇ ਕਰਨ ਲਈ ਪਹਿਲਕਦਮੀ ਕਰਨ ।ਪੰਜਾਬ ਦੇ ਲੋਕਾਂ ਬਾਰੇ ਕਿਹਾ ਜਾਂਦਾ ਹੈ ਕਿ 'ਪੰਜਾਬੀਆਂ ਨੂੰ ਨਿੱਤ ਮੁਹਿੰਮਾਂ' ਇਨਾਂ ਪੰਜਾਬੀਆਂ ਨੇ ਅਬਦਾਲੀਆਂ, ਨਾਦਰਾਂ, ਸਿਕੰਦਰਾਂ ਤੇ ਔਰਗਜੇਬ ਵਰਗੇ ਜਾਬਰਾਂ ਦੇ ਮੂੰਹ ਭੰਨੇ ਹੋਏ ਹਨ ।ਇਹ ਪੰਜਾਬ ਦੇ ਹੀ ਬਹਾਦਰ ਲੋਕ ਸਨ ਜਿਨਾਂ ਨੇ 17 ਵਾਰ ਦਿੱਲੀ ਤੇ ਕਬਜਾ ਕੀਤਾ ਸੀ ਤੇ ਬਾਅਦ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਪੰਜਾਬ ਦਾ ਪਹਿਲਾ ਸਿੱਖ ਬਾਦਸ਼ਾਹ ਬਣਿਆ ਸੀ ਜਿਸ ਨੇ ਮੁਜਾਰਿਆਂ ਨੂੰ ਜਮੀਨਾਂ ਦੇ ਕੇ ਮਾਲਕੀ ਹੱਕ ਦੇ ਕੇ ਮੁਜਾਰਿਆਂ ਤੋਂ ਮਾਲਕ ਬਣਾਇਆ ਸੀ ।ਜਿਸ ਦਾ ਉਹ ਹੁਣ ਤਕ ਅਨੰਦ ਮਾਣਦੇ ਆ ਰਹੇ ਹਨ। ਇਹਨਾਂ ਪੰਜਾਬੀਆਂ ਨੇ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿੱਚ 50 ਵਰ੍ਹੇ ਤਕ ਸ਼ਾਨਦਾਰ ਰਾਜ ਕੀਤਾ ਵੀ ਕਿਹਾ ਜਾਂਦਾ ਹੈ ਕੁਝ ਸਮਾ ਪਹਿਲਾਂ ਅੰਤਰ-ਿਸ਼ਟਰੀ ਪੱਧਰ ਉਤੇ 150 ਦੇ ਕਰੀਬ ਸੰਸਾਰ ਵਿੱਚ ਰਾਜ ਕਰ ਗਏ ਸ਼ਾਨਦਾਰ ਰਾਜਿਆਂ ਦੇ ਰਾਜ ਪ੍ਰਬੰਧ ਦਾ ਸਰਵੇਖਣ ਕਰਾਇਆ ਗਿਆ ਜਿਸ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਅੰਤਰਾਸ਼ਟਰੀ ਪੱਧਰ ਦਾ ਸਰਬੋਤਮ ਰਾਜ ਐਲਾਨਿਆ ਜਾ ਚੁੱਕਿਆ ਹੈ । ਜੋ ਕਿ ਸਮੂਹ ਪੰਜਾਬੀਆਂ ਲਈ ਮਾਣ ਵਾਲੀ ਗੱਲ ਹੈ। ਹਾਲੇ ਕੱਲ ਦੀ ਗੱਲ ਹੈ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਤਿੰਨ ਕਿਸਾਨ ਵਿਰੋਧੀ ਕਾਲੇ ਕਾਨੂੰਨਾਂ ਨੂੰ ਕਿਸਾਨਾਂ ਤੋਂ ਬਾਹਰੇ ਹੋ ਕੇ ਉਨਾਂ ਦੀ ਮਰਜੀ ਦੇ ਵਿਰੁੱਧ ਪਾਸ ਕੀਤੇ ਸਨ। ਜੇਕਰ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਸਾਰੇ ਦੇਸ਼ ਦੇ ਕਿਸਾਨਾਂ ਨੂੰ ਇਕੱਠੇ ਕਰਕੇ ਸਵਾ ਸਾਲ ਦਿੱਲੀ ਦੀਆਂ ਬਰੂਹਾਂ ਤੇ ਬੈਠ ਕੇ ਲਾਮਿਸਾਲ ਸੰਘਰਸ਼ ਲੜ੍ਹ ਕੇ ਉਸ ਜਾਬਰ ਬਣ ਬੈਠੇ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜਿਸ ਬਾਰੇ ਕਿਹਾ ਜਾਂਦਾ ਸੀ ਕਿ ਉਸ ਦੇ ਮੂੰਹ ਵਿੱਚੋਂ ਕਹੀ ਗੱਲ ਵਾਪਿਸ ਨਹੀਂ ਮੁੜਦੀ ਉਸੇ ਮੋਦੀ ਕੋਲੋਂ ਬਿਨਾ ਸ਼ਰਤ ਤਿੰਨੇ ਦੇ ਤਿੰਨੇ ਕਿਸਾਨ ਵਿਰੋਧੀ ਕਾਲੇ ਕਾਨੂੰਨ ਵਾਪਿਸ ਕਰਾ ਕੇ ਪੰਜਾਬ ਦੇ 100 ਸਾਲਾ ਇਤਿਹਾਸ ਨੂੰ ਦੁਹਰਾਇਆ ਸੀ। ਪੰਜਾਬੀ ਕੀ ਨਹੀਂ ਕਰ ਸਕਦਾ। ਜੇਕਰ ਉਹ ਠਾਣ ਲਵੇ ਤਾਂ ਅਸੰਭਵ ਨੂੰ ਵੀ ਸੰਭਵ ਕਰ ਸਕਣ ਦੀ ਸਮਰੱਥਾ ਰੱਖਦਾ ਹੈ। ਇਥੇ ਮੈਂ ਕਿਸਾਨ ਵੀਰਾਂ ਨੂੰ ਇਹ ਵੀ ਬੇਨਤੀ ਕਰਨਾ ਚਾਹਾਂਗਾ ਉਹ ਆਪਣੇ ਗੁੱਸੇ ਗਿੱਲੇ ਭੁੱਲਾ ਕੇ ਇਕ ਮਤ ਹੋਣ ਜਿਹੜੀ ਮੰਗਾਂ ਮੋਦੀ ਸਰਕਾਰ ਨੇ ਮੰਨੀਆਂ ਸਨ ਪਰ ਉਸ ਨੇ ਤੁਹਾਡੇ ਵਿੱਚ ਪਾੜਾ ਪੁਆ ਕੇ ਉਹਨਾਂ ਨੂੰ ਹਾਲੇ ਤਕ ਲਾਗੂ ਨਹੀਂ ਕੀਤਾ ।2024 ਦੀਆਂ ਚਲ ਰਹੀਆਂ ਲੋਕ ਸਭਾ ਚੋਣਾਂ ਸੰਕੇਤ ਦੇ ਰਹੀਆਂ ਹਨ ਕਿ ਭਾਜਪਾ ਦਾ ਭਵਿੱਖ ਖਤਰੇ ਵਿੱਚ ਹੈ ਉਨਾਂ ਵਲੋਂ ਕੇਂਦਰੀ ਸਰਕਾਰ ਬਣਾਉਣ ਦੇ ਅਸਾਰ ਬੜੇ ਮੱਧਮ ਹਨ। ਜਿਹੜੀ ਵੀ ਪਾਰਟੀ ਦੀ ਸਰਕਾਰ ਬਣੇ ਭਾਵੇਂ ਇਹ ਵੀ ਆ ਜਾਣ ਤੁਸੀ ਇਨਾਂ ਦੇ ਮੂੰਹ ਮੋੜਣ ਦੇ ਸਮਰੱਥ ਹੋ । ਜੇ ਕਰ ਪੰਜਾਬ ਦੀਆਂ ਪਾਰਟੀਆਂ ਦੇ ਆਗੂ ਆਪਣੇ ਤੌਰਤੇ ਇਕੱਠੇ ਨਹੀਂ ਹੁੰਦੇ ਤਾਂ ਤੁਸੀ ਕਿਸਾਨ ਜਥੇਬੰਦੀਆਂ ਵਾਲੇ ਹਿੰਮਤ ਮਾਰਕੇ ਇਨਾਂ ਸਾਰਿਆਂ ਨੂੰ ਇਕੱਠਿਆਂ ਕਰੋ ਜੇ ਕਰ ਕਿਸਾਨ ਜਥੇਬੰਦੀਆ ਨੂੰ ਵੀ ਇਸ ਵਿੱਚ ਆਪਣੀ ਵਿਸ਼ੇਸ਼ ਭੂਮਿਕਾ ਨਿਭਾਉਣ ਦੀ ਜਰੂਰਤ ਪੈਂਦੀ ਹੈ ਤਾਂ ਵੀ ਇਸ ਤੋਂ ਪਿਛੇ ਨਾ ਹਟਿਓ। ਜੇਕਰ ਪੰਜਾਬ ਵਿੱਚ ਤੁਹਾਡਾ ਮਜਬੂਤ ਏਕਾ ਉਸਰ ਗਿਆ ਤਾਂ ਉਹ ਦਿਨ ਵੀ ਦੂਰ ਨਹੀਂ ਹੋਣਗੇ ਜਦੋਂ ਪੰਜਾਬ ਦੇ ਲੋਕ ਇਕੱਠੇ ਹੋ ਕੇ ਛੇ ਦਹਾਕਿਆਂ ਤੋਂ ਲਟਕ ਰਹੇ ਪੰਜਾਬ ਦੇ ਮਸੱਲਿਆਂ ਨੂੰ ਸੁੱਚਜੀ ਲੀਡਰਸ਼ਿਪ ਦੀ ਅਗਵਾਈ ਵਿੱਚ ਹੱਲ ਨਾ ਕਰਾ ਸਕਣ। ਜਾਗੋ। ਜਾਗੋ।। ਇਹ ਵੇਲਾ ਲੰਮੀਆਂ ਤਾਣ ਕੇ ਸੌਣ ਦਾ ਨਹੀਂ ।ਬਲਕਿ ਕੁਝ ਕਰ ਗੁਜਰਣ ਦਾ ਹੈ। ਪੰਜਾਬੀਓ ਇਕੱਠੇ ਹੋਵੋ ।ਪੰਜਾਬ ਦੇ ਕਈ ਦਹਾਕਿਆਂ ਤੋਂ ਲਟਕ ਰਹੇ ਮੱਸਲਿਆਂ ਦਾ ਹੱਲ ਕਰਵਾ ਕੇ ਆਪਣੇ ਇਤਿਹਾਸ ਨੂੰ ਮੁੜ੍ਹ ਦੂਹਰਾ ਦਿਓ।

## ਸਰਕਾਰੀ ਸੈਕੰਡਰੀ ਸਕੂਲ ਅਲਾਚੌਰ ਵਿਖੇ ਕੈਰੀਅਰ ਟਾਕ ਆਯੋਜਿਤ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਡਿਪਟੀ ਕਮਿਸ਼ਨਰ ਸ੍ਰੀ ਨਵਜੋਤ ਪਾਲ ਸਿੰਘ ਰੰਧਾਵਾ, ਆਈ.ਏ.ਐਸ, ਸ਼ਹੀਦ ਭਗਤ ਸਿੰਘ ਨਗਰ ਦੀ ਯੋਗ ਅਗਵਾਈ ਤਹਿਤ ਜ਼ਿਲ੍ਹਾ ਬਿਊਰੋ—ਕਮ—ਮਾਡਲ ਕੈਰੀਅਰ ਸੈਂਟਰ, ਸ਼ਹੀਦ ਭਗਤ ਸਿੰਘ ਨਗਰ ਵੱਲੋਂ ਸਰਕਾਰੀ ਸੈਕੰਡਰੀ ਸਕੂਲ ਅਲਾਚੌਰ ਵਿਖੇ ਇੱਕ ਕੈਰੀਅਰ ਟਾਕ ਦਾ ਆਯੋਜਨ ਕੀਤਾ ਗਿਆ। ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਜਿਲ੍ਹਾ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਸੰਜੀਵ ਕੁਮਾਰ ਵੱਲੋਂ ਦੱਸਿਆ ਗਿਆ



ਕਿ ਇਸ ਕੈਰੀਅਰ ਟਾਕ ਵਿੱਚ ਯੰਗ ਪ੍ਰੋਫੈਸ਼ਨਲ ਸ਼੍ਰੀਮਤੀ ਹਿਨਾ ਭਾਟੀਆ ਨੇ ਵਿਦਿਆਰਥੀਆਂ ਨੂੰ ਮਾਡਲ ਕੈਰੀਅਰ ਸੈਂਟਰ ਦੁਆਰਾ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਅਤੇ ਨੈਸ਼ਨਲ ਕੈਰੀਅਰ ਪੋਰਟਲ ਰਾਹੀਂ ਪ੍ਰਦਾਨ ਕੀਤੀਆ ਜਾ ਰਹੀਆਂ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ ਗਈ।

ਡਾ. ਜਸਵੀਰ ਸਿੰਘ ਕੈਰੀਅਰ ਕਾਊਂਸਲਰ ਵੱਲੋਂ ਵਿਦਿਆਰਥੀਆਂ ਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਗਿਆ। ਵਿਦਿਆਰਥੀਆਂ ਨੂੰ ਰੋਜ਼ਗਾਰ ਦਫ਼ਤਰ ਵਿੱਚ ਆਪਣੀ ਰਜਿਸਟ੍ਰੇਸ਼ਨ ਕਰਵਾਉਣ ਅਤੇ ਦਸਵੀਂ/ਬਾਰ੍ਹਵੀਂ ਤੋਂ ਬਾਅਦ ਰੋਜ਼ਗਾਰ ਦੀਆਂ ਸੰਭਾਵਨਾਵਾਂ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਨਾਲ ਹੀ ਰੋਜ਼ਗਾਰ ਪੋਰਟਲ ਤੇ ਰਜਿਸਟ੍ਰੇਸ਼ਨ ਸਬੰਧੀ ਦੱਸਿਆ ਗਿਆ। ਸ਼੍ਰੀ ਰਾਕੇਸ਼ ਕੁਮਾਰ ਗਾਈਡੈਂਸ ਕਾਊਂਸਲਰ ਵੱਲੋਂ ਵਿਦਿਆਰਥੀਆਂ ਨੂੰ 10ਵੀਂ, ਬਾਰ੍ਹਵੀਂ ਤੋਂ ਬਾਅਦ ਕੋਰਸਾਂ ਅਤੇ ਸੰਸਥਾਵਾਂ ਬਾਰੇ ਜਾਣਕਾਰੀ ਦਿੱਤੀ ਗਈ। ਕੈਰੀਆਰ ਟਾਕ ਵਿੱਚ ਲਗਭਗ 59 ਵਿਦਿਆਰਥੀਆਂ ਨੇ ਭਾਗ ਲਿਆ। ਜਿਲ੍ਹਾ ਰੋਜ਼ਗਾਰ ਬਿਊਰੋ ਵਲੋਂ ਕੀਤੀ ਗਈ ਇਸ ਗਤੀਵਿਧੀ ਦੀ ਸਕੂਲ ਦੇ ਕਾਰਜਕਾਰੀ ਪ੍ਰਿੰਸੀਪਲ ਸ਼੍ਰੀ ਸੰਦੀਪ ਕੁਮਾਰ ਗਿੱਲ ਵਲੋਂ ਸ਼ਲਾਘਾ ਕੀਤੀ ਅਤੇ ਬਿਊਰੋ ਦੀ ਟੀਮ ਦਾ ਧੰਨਵਾਦ ਕੀਤਾ ਗਿਆ।

## ਜਿੱਥੇ ਸਿਰਫ਼ ਇੱਕ ਅਖ਼ਬਾਰ ਆਉਂਦਾ ਹੈ...!



ਡਾ: ਨਿਸ਼ਾਨ ਸਿੰਘ ਰਾਠੌਰ
90414-98009

ਫ਼ੌਜ ਵਿਚੋਂ ਕਦੇ ਛੇ ਮਹੀਨੇ ਮਗ਼ਰੋਂ ਘਰ ਜਾਣ ਦਾ ਸਬੱਬ ਬਣਦਾ ਹੈ ਅਤੇ ਪੰਜ ਮਹੀਨੇ ਮਗ਼ਰੋਂ। ਪਰ! ਹਰ ਵਾਰ ਕੁਝ 'ਨਵਾਂ' ਦੇਖਣ ਨੂੰ ਮਿਲਦਾ ਹੈ। ਖ਼ਾਲੀ ਪਲਾਟਾਂ ਵਿਚ ਹਰ ਵਾਰ ਕੋਈ ਨਾ ਕੋਈ ਨਵਾਂ ਮਕਾਨ ਬਣਿਆ ਹੁੰਦਾ ਹੈ। ਪਿੰਡ ਸਹਿਜੇ- ਸਹਿਜੇ ਸ਼ਹਿਰ ਦਾ ਰੂਪ ਧਾਰਨ ਕਰਦਾ ਜਾ ਰਿਹਾ ਹੈ। ਗਲੀ ਛੋਟੀ ਹੁੰਦੀ ਜਾ ਰਹੀ ਹੈ, ਦੁਕਾਨਾਂ ਦੀ ਗਿਣਤੀ ਵੱਧਦੀ ਜਾ ਰਹੀ ਹੈ ਅਤੇ ਆਵਾ-ਜਾਈ ਵੱਧਦੀ ਜਾਪਦੀ ਹੈ। ਇਹ ਵਰਤਾਰਾ ਹਰ ਵਾਰ ਇੱਕੋ ਜਿਹਾ ਹੀ ਹੁੰਦਾ ਹੈ। ਮੇਰਾ ਪਿੰਡ ਬਦਲਦਾ ਜਾ ਰਿਹਾ ਹੈ।

ਫ਼ੌਜੀਆਂ ਨੂੰ ਸਵੇਰੇ (ਸਾਜਰੇ) ਉੱਠਣ ਦੀ ਆਦਤ ਹੁੰਦੀ ਹੈ। ਮੈਂ ਵੀ ਛੇਤੀ ਉੱਠ ਕੇ ਬਾਹਰ ਨਿਕਲਦਾ ਹਾਂ। ਬਾਹਰ ਗਲੀ ਵਿਚ ਸਿਰਫ਼ ਬਜ਼ੁਰਗ ਹੀ ਘੁੰਮਦੇ ਨਜ਼ਰ ਆਉਂਦੇ ਹਨ। ਨੌਜਵਾਨ ਤਾਂ ਬਹੁਤ ਘੱਟ ਦਿਖਦੇ ਹਨ। ਸ਼ਾਇਦ! ਸਾਡਾ ਰਹਿਣ-ਸਹਿਣ, ਖ਼ਾਣ- ਪੀਣ ਬਦਲਦਾ ਜਾ ਰਿਹਾ ਹੈ। ਰਾਤੀਂ ਦੇਰ ਤੱਕ ਜਾਗਣਾ ਅਤੇ ਸਵੇਰੇ ਦੇਰ ਤੱਕ ਸੌਣਾ; ਸਾਡੀ ਆਦਤ ਵਿਚ ਸ਼ਾਮਿਲ ਹੋ ਗਿਆ ਹੈ। ਖ਼ੈਰ!

ਸੈਰ ਕਰਦਿਆਂ; ਹਾਕਰ (ਅਖ਼ਬਾਰ ਵੰਡਣ ਵਾਲਾ) ਮੁੰਡਾ ਟੱਕਰ ਜਾਂਦਾ ਹੈ।

'ਫ਼ੌਜੀ ਸਾਬ੍ਹ, ਜੈ ਹਿੰਦ।' ਆਖ ਉਹ ਮੇਰੇ ਕੋਲ ਆਪਣਾ ਸਾਇਕਲ ਰੋਕ ਲੈਂਦਾ ਹੈ।

'ਜੈ ਹਿੰਦ ਬਾਈ। ਕੰਮ ਕਿੱਦਾਂ ਚੱਲ ਰਿਹਾ?' ਮੈਂ ਪੁੱਛਿਆ।

ਅਖੇ; 'ਥੋੜ੍ਹਾ ਮੱਠਾ ਪੈ ਗਿਆ ਹੁਣ।'

'ਅੱਛਾ!'

'ਹਾਂ ਜੀ।' ਆਖ ਉਹ ਪੁੱਛਦਾ ਹੈ, 'ਕਿੰਨੀ ਛੁੱਟੀ ਆਏ?'

'ਇੱਕ ਮਹੀਨਾ।'

'ਠੀਕ ਹੈ ਜੀ।' ਆਖ ਉਹ ਜਾਣ ਲੱਗਾ ਤਾਂ ਮੈਂ ਪੁੱਛਿਆ, 'ਇੱਕ ਮਹੀਨੇ ਲਈ ਅਖ਼ਬਾਰ ਦੇ ਸਕਣੈਂ?'

'ਹਾਂ ਜੀ, ਕਿਉਂ ਨਹੀਂ?'

'ਫੇਰ ਇੱਕ 'ਪੰਜਾਬੀ ਅਖ਼ਬਾਰ' ਦੇ ਜਾਇਆ ਕਰ।'

'ਪੰਜਾਬੀ?' ਉਹ ਹੈਰਾਨ ਹੋ ਕੇ ਬੋਲਿਆ।

'ਕਿਉਂ ਪੰਜਾਬੀ ਅਖ਼ਬਾਰ ਨਹੀਂ ਆਉਂਦੀ ?'

'ਆਉਂਦੀ ਹੈ ਜੀ... ਪਰ! ਸਿਰਫ਼ 'ਇੱਕ'

'ਸਿਰਫ਼ ਇੱਕ?' ਮੈਨੂੰ ਹੈਰਾਨੀ ਹੋਈ ਕਿ ਇੰਨੇ ਵੱਡੇ 'ਪਿੰਡ' ਵਿਚ ਸਿਰਫ਼ ਇੱਕ ਹੀ ਪੰਜਾਬੀ ਅਖ਼ਬਾਰ ਆਉਂਦੀ ਹੈ।

ਉਹ ਕਹਿੰਦਾ, 'ਫ਼ੌਜੀ ਸਾਬ੍ਹ, ਪੰਜਾਬੀ ਹੀ ਪੰਜਾਬੀ ਨਹੀਂ ਪੜ੍ਹਦੇ। ਫੇਰ ਗ਼ੈਰ ਪੰਜਾਬੀਆਂ ਨੇ ਕਿੱਥੇ ਪੜ੍ਹਣੀ ਹੈ?'

ਮੈਂ ਕਿਹਾ, 'ਕਿੰਨੀ ਵੋਟ ਹੋਊ ਆਪਣੇ?'


ਅਖੇ, 'ਗਿਆਰਾਂ ਹਜ਼ਾਰ ਦੇ ਨੇੜੇ ਹੈ।'

ਅਫ਼ਸੋਸ! ਗਿਆਰਾਂ ਹਜ਼ਾਰ ਵਿਚੋਂ ਇੱਕ ਬੰਦਾ ਹੀ 'ਪੰਜਾਬੀ' ਪੜ੍ਹਦਾ ਹੈ। ਹਾਲਾਂਕਿ ਅੱਧੇ ਤੋਂ ਵੱਧ ਪਿੰਡ ਪੰਜਾਬੀਆਂ ਦਾ ਹੈ। ਖ਼ੈਰ!

'ਚੱਲ ਮੈਨੂੰ ਤਾਂ ਦੇ ਜਾਇਆ ਕਰ। ਬਾਕੀ ਰੱਬ ਭਲੀ ਕਰੂ।' ਮੈਂ ਉਦਾਸ ਮਨ ਨਾਲ ਕਿਹਾ। 'ਚੰਗਾ ਜੀ' ਆਖ ਉਹ ਅੱਗੇ ਲੰਘ ਗਿਆ। ਪਰ! ਮੈਨੂੰ ਮਹਿਸੂਸ ਹੋਇਆ ਕਿ ਅਸੀਂ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਕਿਹੜੇ ਗਰਤ ਵਿਚ ਧੱਕ ਰਹੇ ਹਾਂ? ਨਾ ਸਾਡਾ ਖ਼ਾਣਾ ਠੀਕ ਰਿਹਾ; ਨਾ ਸੌਣਾ ਅਤੇ ਨਾ ਹੀ ਪੜ੍ਹਣਾ। 'ਪੰਜਾਬੀ ਅਖ਼ਬਾਰਾਂ/ ਰਸਾਲਿਆਂ ਨੂੰ ਪੰਜਾਬੀ ਲੋਕ ਹੀ ਪੜ੍ਹਣਾ ਭੁੱਲਦੇ ਜਾ ਰਹੇ ਹਨ। ਪਤਾ ਨਹੀਂ ਕਿਉਂ?'

ਇਹ ਸੋਚਦਿਆਂ ਮੈਂ ਆਪਣੇ ਘਰ ਵੱਲ ਨੂੰ ਮੁੜ ਪਿਆ।

## ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਵਲੋਂ ਪੰਜਾਬੀ ਸਾਹਿਤ ਜਗਤ ਦੇ ਉੱਘੇ ਕਵੀ ਪਦਮਸ਼੍ਰੀ ਪ੍ਰਗਤੀਸ਼ੀਲ ਸਾਹਿਤਕਾਰ ਸੁਰਜੀਤ ਪਾਤਰ ਦੇ ਬੇਵਕਤ ਵਿਛੋੜੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ



**ਫਿਲੌਰ (ਜੱਸੀ)-**ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਸਕੱਤਰ ਗੁਰਬਿੰਦਰ ਸਿੰਘ ਸਸਕੌਰ, ਵਿੱਤ ਸਕੱਤਰ ਪ੍ਰਿੰਸੀਪਲ ਅਮਨਦੀਪ ਸ਼ਰਮਾਂ ਤੇ ਪ੍ਰੈਸ ਸਕੱਤਰ ਕਰਨੈਲ ਫਿਲੌਰ ਵਲੋਂ ਪੰਜਾਬੀ ਸਾਹਿਤ ਦੇ ਉੱਘੇ ਕਵੀ ਪਦਮਸ਼੍ਰੀ ਸੁਰਜੀਤ ਪਾਤਰ ਦੇ ਵਿਛੋੜੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਆਗੂਆਂ ਨੇ ਕਿਹਾ ਕਿ ਸੁਰਜੀਤ ਪਾਤਰ ਦੇ ਤੁਰ ਜਾਣ ਨਾਲ ਪੰਜਾਬੀ ਸਾਹਿਤ ਜਗਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ ਤੇ ਪੰਜਾਬੀ ਵਿਰਸੇ ਦੇ ਇੱਕ ਯੁਗ ਦਾ ਅੰਤ ਹੋ ਗਿਆ ਹੈ ਜਿਸਦੀ ਕਦੇ ਵੀ ਭਰਪਾਈ ਕਦੇ ਨਹੀਂ ਕੀਤੀ ਜਾ ਸਕਦੀ। ਉਹਨਾਂ ਦਾ ਰਚਿਆ ਹੋਇਆ ਲੋਕ ਪੱਖੀ ਸਾਹਿਤ ਲੋਕਾਂ ਦੇ ਮਨਾ ਵਿੱਚ ਸਦਾ ਹੀ ਅਮਰ ਰਹੇਗਾ ਜਿਸ ਕਰਕੇ ਹਮੇਸ਼ਾ ਹੀ ਉਨ੍ਹਾਂ ਨੂੰ ਯਾਦ ਰੱਖਿਆ ਜਾਵੇਗਾ।

## ਸੁਣ ਨੀ ਜਿੰਦੇ ਮੇਰੀਏ

ਆ ਸੁਣ ਨੀ ਜਿੰਦੇ ਮੇਰੀਏ ਮੈਂ ਤੇਰਾ ਤੂੰ ਮੇਰੀ,
ਕਿਓਂ ਉਡੀਕੇਂ ਬੈਠ ਫਿਰ ਹੋਰ ਸਜਨ ਦੀ ਫੇਰੀ।
ਸ਼ਾਹ ਮੁੱਕੇ ਸਾਂਝ ਟੁੱਟਣੀ ਤੇ ਹੋ ਜਾਣਾ ਏ ਢੇਰੀ,
ਆ ਸੁਣ ਨੀ ਜਿੰਦੇ ਮੇਰੀਏ ਮੈਂ ਤੇਰਾ ਤੂੰ ਮੇਰੀ ।

ਤੁਰਿਆ ਹਰ ਪੈਰ ਮੇਰਾ ਨਾਮ ਤੇਰੇ ਹੈ ਜਾਂਦਾ,
ਰੁਕ ਜਾਂਦਾ ਪੈਰ ਤੁਰਣੋ ਜੋ ਨਾ ਤੈਨੂੰ ਭਾਉਂਦਾ ।
ਤੂੰ ਤੇ ਮੈਂ ਕੱਟ ਜਾਣੀ ਜੀਵਨ ਦੀ ਵਾਟ ਲਮੇਰੀ,
ਆ ਸੁਣ ਨੀ ਜਿੰਦੇ ਮੇਰੀਏ ਮੈਂ ਤੇਰਾ ਤੂੰ ਮੇਰੀ ।

ਮੈਂ ਆਸਾਂ ਦੇ ਵਿੱਚ ਲੰਘਾਂ ਚਮਕ ਤੇਰੀ ਨੂੰ ਵੇਖ,
ਢੋਲ ਢਮੱਕੇ ਵੱਜਣ ਤਾਂ ਤੂੰ ਹੁੰਦੀ ਧਮਕ ਨੂੰ ਵੇਖ ।
ਨਾ ਹੁੰਦੀ ਜਰ ਮੈਥੋਂ ਦੁੱਖ 'ਚ ਆਹ ਵੀ ਤੇਰੀ,
ਆ ਸੁਣ ਨੀ ਜਿੰਦੇ ਮੇਰੀਏ ਮੈਂ ਤੇਰਾ ਤੂੰ ਮੇਰੀ ।

ਮੇਰੇ ਭੈਣ ਭਰਾ ਤੇ ਮੇਰੇ ਰਿਸ਼ਤੇਦਾਰ ਵੀ ਤੇਰੇ,
ਮੇਰੇ ਆਂਢ-ਗੁਆਂਢੀ ਤੇ ਮੇਰੇ ਯਾਰ ਵੀ ਤੇਰੇ ।
ਮੇਰੀ ਸਾਂਝ ਤੇ ਸਾਕ ਜੋ ਤੇਰੇ,ਰਹੇਂ ਵਿੱਚ ਘੇਰੀ,
ਆ ਸੁਣ ਨੀ ਜਿੰਦੇ ਮੇਰੀਏ ਮੈਂ ਤੇਰਾ ਤੂੰ ਮੇਰੀ ।

ਓਹੀ ਕਰਮ, ਧਰਮ ਨੇ ਤੇਰੇ ਜੋ ਮੈਂ ਹਾਂ ਕਰਦਾ,
ਓਹੀ ਦੁੱਖ, ਸੁੱਖ, ਸਾਹ ਨੇ ਤੇਰੇ ਜੋ ਮੈਂ ਹਾਂ ਭਰਦਾ ।
ਮੇਰੇ ਨਾਂ ਤੇ ਲਿਖ ਹੋਣਾ ਚੰਗੀ-ਭੈੜੀ ਜੋ ਨਿਬੇੜੀ,
ਆ ਸੁਣ ਨੀ ਜਿੰਦੇ ਮੇਰੀਏ ਮੈਂ ਤੇਰਾ ਤੂੰ ਮੇਰੀ ।

## ਮੈਂ ਵਕੀਲ ਬਣਨਾ

ਰੇ ਪਾਪਾ ਮੈਂ ਵਕੀਲ ਬਣਨਾ,
ਜਾ ਵਿਚ ਕਾਲਜ ਕਾਨੂੰਨ ਹੈ ਪੜ੍ਹਨਾ ।

ਸੰਵਿਧਾਨ ਦੇਸ਼ ਦਾ ਹੈ ਵੱਡਾ ਭਾਰਾ ,
ਚੱਲ ਰਿਹਾ ਪ੍ਰਬੰਧ ਫਿਰ ਵੀ ਮਾੜਾ।

ਝੂਠੇ ਬੇਈਮਾਨ ਇੱਥੇ ਚੌਧਰ ਕਰਦੇ,
ਭੋਲ਼ੇ ਭਾਲੇ ਲੋਕਾਂ ਨੂੰ ਡਰਾ-ਡਰਾ ਠੱਗਦੇ।

ਪੈਣਾ ਦੇਸ਼ ਦੀ ਖ਼ਾਤਰ ਲੜਣਾ ,
ਪਾਪਾ ਮੇਰੇ ਪਾਪਾ ਮੈਂ ਵਕੀਲ ਬਣਨਾ।

ਰਖਵਾਲੇ ਲੋਕਾਂ ਨੂੰ ਵੇਚੀ ਜਾਂਦੇ,
ਤੰਗ ਕਰ ਸੱਚਿਆਂ ਤੇ ਕੇਸ ਬਣਾਉਂਦੇ।

ਵਪਾਰੀ ਨੂੰ ਟੈਕਸਾਂ ਨੇ ਚੱਕਰਾਂ 'ਚ ਪਾਇਆ,
ਜੀ।ਐਸ਼।ਟੀ ਵੇਖ ਦਿਲ ਘਬਰਾਇਆ।

ਨੇਤਾਵਾਂ ਅਜਿਹਾ ਜੁਗਾੜ ਬਣਾਇਆ,
ਟੈਕਸ ਚੋਰੀ 'ਚ ਡਰਾ ਵਪਾਰੀ ਥੱਲੇ ਲਾਇਆ।

ਦੇਸ਼ ਬਚਾਉਣ ਲਈ ਪੈਣਾ ਖੜਣਾ,
ਪਾਪਾ ਮੇਰੇ ਪਾਪਾ ਮੈਂ ਵਕੀਲ ਬਣਨਾ।

ਮਹਿਕਮਿਆਂ ਵਿਚ ਫੈਲੀ ਰਿਸ਼ਵਤ-ਖੋਰੀ ,
ਕੰਮ ਵੀ ਰੋਕਣ ਤੇ ਵਰਤਨ ਸੀਨਾ-ਜ਼ੋਰੀ।

ਉਪਰਲੇ, ਥੱਲੇ ਰਲ ਮਿਲ ਖਾਂਦੇ,
ਫਾਇਲ ਕੇਸ ਦੀ ਗੋਲ ਘੁਮਾਉਂਦੇ।

ਆਮ ਬੰਦੇ ਨੂੰ ਕੁਝ ਸਮਝ ਨਾ ਆਉਂਦਾ ,
ਉਹ ਪੈਸੇ ਦੇ-ਦੇ ਕੰਮ ਕਢਵਾਉਂਦਾ।

ਨਿਜ਼ਾਮ ਸੁਧਾਰਨ ਲਈ ਪੈਣਾ ਅੜਣਾ,
ਪਾਪਾ ਮੇਰੇ ਪਾਪਾ ਮੈਂ ਵਕੀਲ ਬਣਨਾ।

ਵਕੀਲਾਂ ਅਜ਼ਾਦੀ ਵਿੱਚ ਹਿੱਸਾ ਪਾਇਆ,
ਸੰਵਿਧਾਨ ਦੇਸ਼ ਦਾ ਇਨ੍ਹਾਂ ਬਣਾਇਆ।

ਈ.ਡੀ, ਸੀ.ਬੀ.ਆਈ ਤੇ ਦਬਾਅ ਘਟਾਉਣਾ,
ਦੇਸ਼ ਦੇ ਲੋਕਤੰਤਰ ਨੂੰ ਹੁਣ ਪੈਣਾ ਬਚਾਉਣਾ।

ਸ਼ਹੀਦਾਂ ਦੇ ਸੁਪਨੇ ਅਜੇ ਅਧੂਰੇ,
ਵਕੀਲਾਂ ਦੇ ਲੋਕਾਂ ਦੇ ਸੰਗ ਰਹਿ ਹੋਣੇ ਪੂਰੇ।

ਇਕੱਠੇ ਹੋ ਸੰਘਰਸ਼ ਹੈ ਪੈਣਾ ਕਰਨਾ,
ਪਾਪਾ ਮੇਰੇ ਪਾਪਾ ਮੈਂ ਵਕੀਲ ਬਣਨਾ।



ਰਬਿੰਦਰ ਸ਼ਰਮਾ
+919814667682

# ਪਦਮਸ਼੍ਰੀ ਡਾ. ਸੁਰਜੀਤ ਪਾਤਰ ਜੀ ਦੇ ਬੇਵਕਤ ਮੌਤ ਕਾਰਨ ਸਾਹਿਤ ਸਭਾ (ਰਜਿ) ਜਲਾਲਾਬਾਦ 'ਚ ਸ਼ੋਕ ਦੀ ਲਹਿਰ

**ਕੈਨੇਡਾ/ ਵੈਨਕੂਵਰ (ਕੁਲਦੀਪ ਚੁੰਬਰ)-** ਸਾਹਿਤ ਸਭਾ (ਰਜਿ.)ਜਲਾਲਾਬਾਦ (ਪੱ) ਪਿਛਲੇ ਲੰਮੇ ਸਮੇਂ ਤੋਂ ਪੰਜਾਬੀ ਮਾਂ ਬੋਲੀ ਨੂੰ ਪਿਆਰ ਕਰਨ ਵਾਲੇ ਅਤੇ ਪੰਜਾਬੀ ਮਾਂ ਬੋਲੀ ਦੇ ਲੇਖਕਾਂ ਨੂੰ ਮਾਣ ਅਤੇ ਸਤਿਕਾਰ ਦਿੰਦੀ ਆ ਰਹੀ। ਜਿਵੇਂ ਹੀ ਸਾਹਿਤ ਸਭਾ ਜਲਾਲਾਬਾਦ (ਪੱ) ਦੇ ਮੈਂਬਰਜ ਨੂੰ ਪਦਮਸ਼੍ਰੀ ਡਾ।ਸੁਰਜੀਤ ਪਾਤਰ ਜੀ ਦੇ ਦੇਹਾਂਤ ਦਾ ਸਮਾਚਾਰ ਮਿਲਿਆ ਤਾਂ ਸਾਰੀ ਸਾਹਿਤ ਸਭਾ ਵਿੱਚ ਸ਼ੋਕ ਦੀ ਲਹਿਰ ਦੌੜ ਗਈ ਅਤੇ ਸਾਹਿਤ ਨੂੰ ਪਿਆਰ ਕਰਨ ਵਾਲੇ ਜਲਾਲਾਬਾਦ ਦੇ ਸਾਰੇ ਸਾਹਿਤਕਾਰਾਂ ਨੇ ਇਸ ਬੇਵਕਤੀ ਵਿਛੋੜੇ ਉੱਤੇ ਬਹੁਤ ਹੀ ਅਫਸੋਸ ਅਤੇ ਸ਼ੋਕ ਪ੍ਰਗਟਾਇਆ। ਸਾਹਿਤ ਸਭਾ ਦੀ ਹੋਈ ਮਹੀਨਾ ਵਾਰ ਮੀਟਿੰਗ ਵਿੱਚ ਵੀ ਸਾਰੇ ਲੇਖਕਾਂ ਦੁਆਰਾ ਖੜੇ ਹੋ ਕੇ ਦੋ ਮਿੰਟ ਦਾ ਮੋਨ ਰੱਖ ਕੇ ਡਾ. ਸੁਰਜੀਤ ਪਾਤਰ ਜੀ ਨੂੰ ਸ਼ਰਧਾਂਜਲੀ ਦਿੱਤੀ ਗਈ। ਇਸ ਮੌਕੇ ਸਾਹਿਤ ਸਭਾ ਦੇ ਲੇਖਕਾਂ ਦੁਆਰਾ ਡਾ. ਸੁਰਜੀਤ ਪਾਤਰ ਜੀ ਦੀਆਂ ਰਚਨਾਵਾਂ ਬੋਲੀਆਂ ਗਈਆਂ ਅਤੇ ਉਹਨਾਂ ਦੇ ਨਾਲ ਬਿਤਾਏ ਹੋਏ ਪਲਾਂ ਨੂੰ ਵੀ ਯਾਦ ਕੀਤਾ। ਸਭਾ ਦੇ ਲੇਖਕਾਂ ਨੇ ਕਿਹਾ ਕਿ ਡਾ. ਸੁਰਜੀਤ ਪਾਤਰ ਆਪਣੇ ਲਈ ਹੀ ਨਹੀਂ ਸਗੋਂ ਲੋਕਾਂ ਬਾਰੇ ਲਿਖਣ ਵਾਲੇ ਲੇਖਕ ਸਨ।ਉਨ੍ਹਾਂ ਨੇ ਸਾਰੀ ਉਮਰ ਪੰਜਾਬੀ ਮਾਂ ਬੋਲੀ ਦੀ ਸੇਵਾ ਕੀਤੀ ਅਤੇ ਪੰਜਾਬੀ ਮਾਂ ਬੋਲੀ ਦਾ ਮਾਣ ਸਤਿਕਾਰ ਪੂਰੀ ਦੁਨੀਆਂ ਵਿੱਚ ਵਧਾਇਆ।

ਉਹਨਾਂ ਨੇ ਪਦਮ ਸ਼੍ਰੀ, ਸਾਹਿਤ ਅਕੈਡਮੀ, ਸ਼੍ਰੋਮਣੀ ਪੰਜਾਬੀ ਕਵੀ ਅਤੇ ਹੋਰ ਅਨੇਕਾਂ ਸਾਹਿਤਕ ਅਵਾਰਡ ਪ੍ਰਾਪਤ ਕੀਤੇ। ਉਹ ਇਸ ਸਦੀ ਦੇ ਮਹਾਨ ਲੇਖਕਾਂ ਵਿੱਚੋਂ ਇੱਕ ਸਨ ।ਉਹਨਾਂ ਦੁਆਰਾ ਲਿਖੀਆਂ ਹੋਈਆਂ ਰਚਨਾਵਾਂ ਜਿਵੇਂ "ਮੈਂ ਰਾਹਾਂ ਤੇ ਨਹੀਂ ਤੁਰਦਾ ਮੈਂ ਤੁਰਦਾ ਹਾਂ ਤਾਂ ਰਾਹ ਬਣਦੇ "।ਇਹੋ ਜਿਹੇ ਲੇਖਕ ਦਾ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਿਹਾ ਜਾਣਾ ਪੂਰੇ ਸਾਹਿਤ ਜਗਤ ਲਈ ਬਹੁਤ ਵੱਡਾ ਘਾਟਾ ਹੈ। ਜਲਾਲਾਬਾਦ ਸਾਹਿਤ ਸਭਾ ਹਮੇਸ਼ਾ ਡਾ। ਸੁਰਜੀਤ ਪਾਤਰ ਜੀ ਦੀਆਂ ਲਿਖਤਾਂ ਨੂੰ ਸਿਜਦਾ ਕਰਦੀ ਰਹੇਗੀ ਅਤੇ ਡਾ।ਸੁਰਜੀਤ ਪਾਤਰ ਜੀ ਨੂੰ ਹਮੇਸ਼ਾ ਆਪਣੇ ਦਿਲਾਂ ਵਿੱਚ ਜਿਉਂਦਾ ਰੱਖੇਗੀ । ਇਸ ਮੌਕੇ ਸਾਹਿਤ ਸਭਾ ਦੇ ਪ੍ਰਧਾਨ ਸੰਤੋਖ ਸਿੰਘ ਬਰਾੜ,ਜਨਰਲ ਸੱਕਤਰ ਮੀਨਾ ਮਹਿਰੋਕ, ਖ਼ਜਾਨਚੀ ਨੀਰਜ ਛਾਬੜਾ, ਪ੍ਰਵੇਸ਼ ਖੰਨਾ, ਬਲਬੀਰ ਪਵਾਰ, ਬਲਬੀਰ ਸਿੰਘ ਰਹੇਜਾ, ਤਿਲਕ ਰਾਜ ਕਾਹਲ, ਅਮੀਰ ਚੰਦ ਨੰਬਰਦਾਰ ਰੋਸ਼ਨ ਲਾਲ ਅਸੀਜਾ, ਮਦਨ ਲਾਲ ਡੂਮੜਾ, ਨਰਿੰਦਰ ਸਿੰਘ, ਸੰਦੀਪ ਝਾਬ, ਪ੍ਰੀਤੀ ਬਬੂਟਾ, ਗੋਪਾਲ ਬਜਾਜ, ਜਸਵੰਤ ਸਿੰਘ, ਸੁਖਦੀਪ ਸਿੰਘ, ਅਰਚਨਾ ਗਾਬਾ, ਸੁਰੇਸ਼ ਗਾਬਾ, ਸੁਖਪ੍ਰੀਤ ਕੌਰ ਹਾਜ਼ਰ ਰਹੇ।



# ਨਾਮਜ਼ਦਗੀ ਲਈ ਇਕੱਤਰ ਹੋਏ ਇਕੱਠ ਤੋਂ ਪ੍ਰਭਾਵਿਤ ਹੋਈ ਸ਼੍ਰੀਮਤੀ ਅਨੀਤਾ ਸੋਮ ਪ੍ਰਕਾਸ਼ ਨੇ ਇਲਾਕੇ ਦੇ ਲੋਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਬੀਤੀ ਸ਼ਾਮ ਹੁਸ਼ਿਆਰਪੁਰ ਤੋਂ ਲੋਕ ਸਭਾ ਭਾਜਪਾ ਉਮੀਦਵਾਰ ਸ੍ਰੀਮਤੀ ਅਨੀਤਾ ਸੋਮ ਪ੍ਰਕਾਸ਼ ਨੇ ਆਪਣੇ ਨਾਮਜ਼ਦਗੀ ਪੱਤਰ ਦਾਖਲ ਕੀਤੇ। ਸਰਕਾਰੀ ਕਾਲਜ ਚੌਕ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਇਲਾਕਾ ਨਿਵਾਸੀਆਂ ਅਤੇ ਭਾਜਪਾ ਵਰਕਰਾਂ ਨੇ ਇਸ ਵਿੱਚ ਸ਼ਮੂਲੀਅਤ ਕੀਤੀ ਅਤੇ ਕਮਾਲਪੁਰ ਚੌਕ ਵਿੱਚ ਪੁੱਜ ਕੇ ਇਸ ਰੋਡ ਸ਼ੋਅ ਨੇ ਭਾਰੀ ਭੀੜ ਦਾ ਰੂਪ ਧਾਰਨ ਕਰ ਲਿਆ। ਘੰਟਾਘਰ ਤੋਂ ਸੈਸ਼ਨ ਚੌਕ ਰਾਹੀਂ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਸਿਟੀ ਸੈਂਟਰ ਪੁੱਜੇ। ਰਸਤੇ ਵਿਚ ਵੱਖ-ਵੱਖ ਥਾਵਾਂ 'ਤੇ ਲੋਕਾਂ ਨੇ ਹਾਰ ਪਾ ਕੇ, ਫੁੱਲਾਂ ਦੀ ਵਰਖਾ ਕਰਕੇ ਅਤੇ ਪਟਾਕੇ ਚਲਾ ਕੇ ਉਨ੍ਹਾਂ ਦਾ ਸਵਾਗਤ ਕੀਤਾ। ਸ੍ਰੀਮਤੀ ਅਨੀਤਾ ਸੋਮ ਪ੍ਰਕਾਸ਼ ਦੇ ਨਾਲ ਕੇਂਦਰੀ ਮੰਤਰੀ ਗਜੇਂਦਰ ਸ਼ੇਖਾਵਤ ਅਤੇ ਸੋਮ ਪ੍ਰਕਾਸ਼ ਅਤੇ ਸਾਬਕਾ ਮੰਤਰੀ ਤੀਕਸ਼ਨ ਸੂਦ, ਲੋਕ ਸਭਾ ਇੰਚਾਰਜ ਪਰਵੀਨ ਬਾਂਸਲ, ਸੁੰਦਰ ਸ਼ਾਮ ਅਰੋੜਾ, ਸੰਸਦ ਮੈਂਬਰ ਡਾ: ਮਨੋਜ ਰਿਜੋਰੀਆ, ਭਾਜਪਾ ਆਗੂ ਵਿਜੇ ਬੈਂਸਲਾ ਅਤੇ ਸਾਬਕਾ ਮੇਅਰ ਤੇ ਲੋਕ ਸਭਾ ਕਨਵੀਨਰ ਸ਼ਿਵ ਸੂਦ, ਜ਼ਿਲ੍ਹਾ ਪ੍ਰਧਾਨ ਨਿਪੁਨ ਸ਼ਰਮਾ, ਮੁਕੇਰੀਆਂ ਜ਼ਿਲ੍ਹਾ ਪ੍ਰਧਾਨ ਅਜੇ ਕੌਸ਼ਲ ਸੇਠੂ, ਕਪੂਰਥਲਾ ਜ਼ਿਲ੍ਹਾ ਪ੍ਰਧਾਨ ਸਰਦਾਰ ਰਣਜੀਤ ਸਿੰਘ ਦਿਓਲ, ਬਟਾਲਾ ਜ਼ਿਲ੍ਹਾ ਪ੍ਰਧਾਨ ਹਰਸਿਮਰਨ ਸਿੰਘ ਵਾਲੀਆ ਹਾਜ਼ਰ ਸਨ। ਸਿਟੀ ਸੈਂਟਰ ਪਹੁੰਚਣ ਤੇ ਰਾਜਸਥਾਨ ਦੇ ਮੁੱਖ ਮੰਤਰੀ ਭਜਨ ਲਾਲ ਸ਼ਰਮਾ,



ਗਜੇਂਦਰ ਸ਼ੇਖਾਵਤ, ਸ਼੍ਰੀਮਤੀ ਅਨੀਤਾ ਸੋਮ ਪ੍ਰਕਾਸ਼, ਤੀਕਸ਼ਣ ਸੂਦ, ਜੰਗੀ ਲਾਲ ਮਹਾਜਨ, ਬੀਬੀ ਮਹਿੰਦਰ ਕੌਰ ਜੋਸ਼, ਡਾ: ਦਿਲਬਾਗ ਰਾਏ, ਅਰੁਨੇਸ਼ ਸ਼ਾਕਰ ਆਦਿ ਨੇ ਵਿਸ਼ਾਲ ਸੰਬੋਧਨ ਕੀਤਾ। ਇਕੱਠ ਨੂੰ ਸੰਬੋਧਨ ਕਰਦਿਆ ਭਾਜਪਾ ਆਗੂਆਂ ਨੇ ਕਿਹਾ ਕਿ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਦੇ ਨਾਂ 'ਤੇ ਬਣੀ ਆਮ ਆਦਮੀ ਪਾਰਟੀ ਅੱਜ ਦੇਸ਼ ਦੀ ਸਭ ਤੋਂ ਵੱਡੀ ਭ੍ਰਿਸ਼ਟ ਪਾਰਟੀ ਬਣ ਕੇ ਉਭਰੀ ਹੈ। ਜਿਸ ਦੇ ਸੁਪਰੀਮ ਕੋਰਟ ਅਤੇ ਹੋਰ ਕਈ ਮੰਤਰੀ ਜੇਲ੍ਹ ਵਿੱਚ ਹਨ। ਅਦਾਲਤ ਨੇ ਕੇਜਰੀਵਾਲ ਨੂੰ 20 ਦਿਨਾਂ ਦੀ ਛੋਟ ਦਿੱਤੀ ਹੈ ਅਤੇ ਉਹ 2 ਜੂਨ ਨੂੰ ਦੁਬਾਰਾ ਸਲਾਖਾਂ ਪਿੱਛੇ ਹੋਣਗੇ। ਉਨ੍ਹਾਂ ਕਿਹਾ ਕਿ ਦੇਸ਼ ਅਤੇ ਆਮ ਲੋਕਾਂ ਦੀ ਸੁਰੱਖਿਆ ਦੀ ਗਰੰਟੀ ਸਿਰਫ਼ ਪ੍ਰਧਾਨ ਮੰਤਰੀ ਮੋਦੀ ਹੀ ਦੇ ਸਕਦੇ ਹਨ। ਜਿਸ ਤਰ੍ਹਾਂ ਪੂਰੇ ਦੇਸ਼ ਵਿੱਚ ਭਾਜਪਾ ਦੇ ਹੱਕ ਵਿੱਚ ਹਵਾ ਵਗ ਰਹੀ ਹੈ। ਜੋ ਕਿ ਆਪਣੇ ਆਪ ਵਿੱਚ ਇਸ ਗੱਲ ਦਾ ਸਬੂਤ ਹੈ ਕਿ ਹੁਸ਼ਿਆਰਪੁਰ ਦੇ ਲੋਕ ਸ੍ਰੀਮਤੀ ਅਨੀਤਾ ਸੋਮ ਪ੍ਰਕਾਸ਼ ਨੂੰ ਜਿਤਾ ਕੇ 400 ਦਾ ਅੰਕੜਾ ਪਾਰ ਕਰਕੇ ਤੀਜੀ ਵਾਰ ਮੋਦੀ ਸਰਕਾਰ ਬਣਾਉਣਗੇ। ਇਸ ਮੌਕੇ ਅਵਿਨਾਸ਼ ਰਾਏ ਖੰਨਾ, ਰਘੂਨਾਥ ਰਾਣਾ, ਬਲਜਿੰਦਰ ਸਿੰਘ ਦਕੋਹਾ, ਬਲਵਿੰਦਰ ਸਿੰਘ ਲਾਡੀ ਸਾਬਕਾ ਵਿਧਾਇਕ, ਰਮੇਸ਼ ਸ਼ਰਮਾਂਭੁਲਟ, ਗੋਰਾ ਗਿੱਲ, ਜਵਾਹਰ ਖੁਰਾਣਾ, ਵਿਜੇ ਪਠਾਨੀਆ, ਸਤੀਸ਼ ਬਾਵਾ, ਅਰੁਣ ਖੋਸਲਾ, ਰਾਜੀਵ ਪਾਹਵਾ, ਅਵਤਾਰ ਸਿੰਘ ਮੰਡ, ਰਾਕੇਸ਼ ਦੁਗਲ, ਸੁਸ਼ੀਲ ਪਿੰਕੀ, ਪਲਵਿੰਦਰ ਸਿੰਘ ਚੀਮਾ, ਜ਼ਿਲ੍ਹਾ ਜਨਰਲ ਸਕੱਤਰ ਸੁਰੇਸ਼ ਭਾਟੀਆ ਬਿੱਟੂ, ਪ੍ਰਸ਼ਾਂਤ ਕੈਂਥ, ਵਿਵੇਕ ਸ਼ਰਮਾ, ਰਾਕੇਸ਼ ਸੂਰੀ, ਵਿਨੋਦ ਪਰਮਾਰ, ਰਮੇਸ਼ ਠਾਕੁਰ, ਪਾਲ ਸਿੰਘ, ਜਰਨੈਲ ਸਿੰਘ, ਦੇਵਰਾਜ, ਕੌਂਸਲਰ ਸੁਰਿੰਦਰ ਸਿੰਘ ਭੱਟੀ, ਮਾਨ ਸਿੰਘ, ਸੁਧਾਨਾ ਰਾਏ, ਵਿਨੋਦ ਕੁਮਾਰ, ਰਜਿੰਦਰ ਓਹਰੀ, ਬਹਾਦਰ ਸਿੰਘ, ਸੁਸ਼ੀਲ ਦੱਤਾ ਆਦਿ ਮੌਜੂਦ ਸਨ।

# ਸੋਹਨ ਸਿੰਘ ਠੰਡਲ ਦੇ ਹੱਕ 'ਚ ਚੌਹਾਲ ਤੇ ਕੰਡੀ ਖੇਤਰ ਦੇ ਪਿੰਡਾਂ ਵਿੱਚ ਚੋਣ ਮੀਟਿੰਗਾਂ ਦਾ ਸਿਲਸਿਲਾ ਭਖਿਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਲੋਕ ਸਭਾ ਹਲਕਾ ਹੁਸ਼ਿਆਰਪੁਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਸੋਹਣ ਸਿੰਘ ਠੰਡਲ ਦੇ ਹੱਕ ਵਿੱਚ ਕੰਢੀ ਖੇਤਰ ਦੇ ਪਿੰਡਾਂ ਵਿੱਚ ਚੋਣ ਮੀਟਿੰਗਾਂ ਦਾ ਸਿਲਸਿਲਾ ਪੂਰੀ ਤਰ੍ਹਾਂ ਭਖਿਆ ਹੋਇਆ ਹੈ। ਵਿਧਾਨ ਸਭਾ ਹਲਕਾ ਹੁਸ਼ਿਆਰਪੁਰ ਦੇ ਇੰਚਾਰਜ ਜਤਿੰਦਰ ਸਿੰਘ ਨਾਲੀ ਬਾਜਵਾ ਕੌਮੀ ਸੀਨੀਅਰ ਮੀਤ ਪ੍ਰਧਾਨ ਅਤੇ ਸੰਜੀਵ ਤਲਵਾੜ ਕੌਮੀ ਮੀਤ ਪ੍ਰਧਾਨ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਵੱਲੋਂ ਚੌਹਾਲ ਅਤੇ ਨਜ਼ਦੀਕੀ ਪਿੰਡਾਂ ਵਿੱਚ ਚੋਣ ਮੀਟਿੰਗਾਂ ਵਿੱਚ ਮੁੱਖ ਤੌਰ ਤੇ ਲੋਕ ਸਭਾ ਹਲਕਾ ਹੁਸ਼ਿਆਰਪੁਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਸੋਹਣ ਸਿੰਘ ਠੰਡਲ, ਵਰਿੰਦਰ ਸਿੰਘ ਬਾਜਵਾ ਸਾਬਕਾ ਮੈਂਬਰ ਰਾਜ ਸਭਾ, ਕੌਮੀ ਸੀਨੀਅਰ ਮੀਤ ਪ੍ਰਧਾਨ ਜਤਿੰਦਰ ਸਿੰਘ ਲਾਲੀ ਬਾਜਵਾ ਇੰਚਾਰਜ ਵਿਧਾਨ ਸਭਾ ਹਲਕਾ ਹੁਸ਼ਿਆਰਪੁਰ, ਕੌਮੀ ਮੀਤ ਪ੍ਰਧਾਨ ਸੰਜੀਵ ਤਲਵਾੜ, ਇੰਦਰਜੀਤ ਸਿੰਘ ਕੰਗ ਜਿਲਾ ਪ੍ਰਧਾਨ ਯੂਥ ਵਿੰਗ ਦਿਹਾਤੀ, ਭਜਨ ਸਿੰਘ ਆਦਿ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਆਪਣੇ ਸੰਬੋਧਨ ਵਿੱਚ ਦੱਸਿਆ ਪੰਜਾਬ ਦੇ ਲੋਕਾਂ ਨੂੰ ਦਿੱਲੀ ਅਧਾਰਿਤ ਰਾਜਨੀਤਿਕ ਪਾਰਟੀਆਂ ਨੇ ਕੇਵਲ ਆਪਣੀ ਸਿਆਸੀ ਖਹਿਸ਼ਾਂ ਦੀ ਪੂਰਤੀ ਦੇ ਮਕਸਦ ਲਈ ਹੀ ਵਰਤਿਆ ਉਨ੍ਹਾਂ ਦਾ ਪੰਜਾਬ ਦੀ ਜਨਤਾ ਦੇ ਹਿੱਤਾਂ ਨਾਲ ਕੋਈ ਸਰੋਕਾਰ ਨਹੀਂ ਰਿਹਾ ਜਦਕਿ ਸ਼੍ਰੋਮਣੀ ਅਕਾਲੀ ਦਲ ਦਾ ਜਨਮ ਹੀ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਦੀ ਸੇਵਾ ਲਈ ਹੋਇਆ ਹੈ ਜਿਸ ਦੀ ਮਿਸਾਲ ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਰਾਜ ਵਿੱਚ ਲਾਗੂ ਹੋਈਆਂ ਵਿਕਾਸ ਮੁਖੀ ਯੋਜਨਾਵਾਂ ਸਬੂਤ ਹਨ। ਜਤਿੰਦਰ ਸਿੰਘ ਲਾਲੀ ਬਾਜਵਾ ਅਤੇ ਸੰਜੀਵ ਤਲਵਾੜ ਨੇ ਦੱਸਿਆ ਕਿ ਚੌਹਾਲ ਅਤੇ ਇਸਦੇ ਨਾਲ ਲੱਗਦੇ ਕੰਡੀ ਇਲਾਕਿਆਂ ਵਿੱਚ ਪੀਣ ਵਾਲੇ ਪਾਣੀ ਦੀ ਬਹੁਤ ਵੱਡੀ ਸਮੱਸਿਆ ਸੀ ਜਿਸ ਦਾ ਸਥਾਈ ਹੱਲ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਦੇ ਤਤਕਾਲੀ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਇੱਕ ਕਰੋੜ ਰੁਪਏ ਦੀ ਗ੍ਰਾਂਟ ਦੇ ਕੇ ਵਿਸ਼ੇਸ਼ ਪ੍ਰੋਜੈਕਟ ਰਾਹੀਂ ਕੀਤਾ।

# ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਢਾਹਾਂ ਕਲੇਰਾਂ ਦਾ 10+2 ਦਾ ਸ਼ਾਨਦਾਰ 100% ਫੀਸਦੀ ਨਤੀਜਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਸੀਬੀਐਸਈ. ਬੋਰਡ ਤੋਂ ਮਾਨਤਾ ਪ੍ਰਾਪਤ ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਢਾਹਾਂ-ਕਲੇਰਾਂ ਦੀ 10+2 ਕਲਾਸ (ਸ਼ੈਸ਼ਨ 2023-2024) ਦੇ ਆਰਟਸ, ਕਾਮਰਸ, ਨਾਨ ਮੈਡੀਕਲ ਅਤੇ ਮੈਡੀਕਲ ਗਰੁੱਪਾਂ ਦਾ ਨਤੀਜਾ ਸ਼ਾਨਦਾਰ 100% ਫੀਸਦੀ ਰਿਹਾ ਹੈ । ਕਾਮਰਸ ਗੁਰੱਪ ਦੀ ਵਿਦਿਆਰਥੀ ਕਰਮਨਜੀਤ ਕੌਰ ਨੇ 95.4% ਅੰਕ ਪ੍ਰਾਪਤ ਕਰਕੇ ਆਲ ਓਵਰ ਪਹਿਲਾ ਸਥਾਨ ਪ੍ਰਾਪਤ ਕੀਤਾ । ਇਹ ਜਾਣਕਾਰੀ ਸਕੂਲ ਦੇ ਡਾਇਰੈਕਟਰ ਪ੍ਰੋ: ਹਰਬੰਸ ਸਿੰਘ ਬੋਲੀਨਾ ਅਤੇ ਪ੍ਰਿੰਸੀਪਲ ਮੈਡਮ ਵਨੀਤਾ ਚੋਟ ਨੇ ਦਿੰਦੇ ਦੱਸਿਆ ਕਿ ਸਕੂਲ ਦੇ 10+2 ਮੈਡੀਕਲ ਗੁਰੱਪ ਵਿਚ ਸ਼੍ਰਿਸ਼ਟੀ ਕੌਰ ਨੇ 92।8% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਮਹਿਕ ਬੰਗੜ ਨੇ 90.4% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਕੀਤਾ। ਜਦ ਕਿ ਮੁਸਕਾਨ ਬੰਗੜ ਨੇ 89 % ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ।

ਨਾਨ-ਮੈਡੀਕਲ ਗੁਰੱਪ ਵਿਚ ਅਵਨੀਤ ਕੌਰ ਨੇ 92.6% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਰੀਤਕਾ ਬਾਲੂ ਨੇ 87।2% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਅਤੇ ਅਨੁਜ ਵਰਮਾ ਨੇ 84।6% ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ ।

ਕਾਮਰਸ ਗਰੁੱਪ ਵਿਚ ਕਰਮਨਜੀਤ ਕੌਰ ਨੇ 95.4% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਦੂਜਾ ਸਥਾਨ ਹਰਜੋਤ ਕੌਰ ਨੇ 94.6% ਅੰਕਾਂ ਨਾਲ ਤੇ ਤੀਜਾ ਸਥਾਨ ਪ੍ਰਭਜੋਤ ਕੌਰ ਨੇ 93।4 %ਅੰਕ ਪ੍ਰਾਪਤ ਕਰਕੇ ਕੀਤਾ। ਜਦ ਕਿ ਪਵਨੀਤ ਕੌਰ ਨੇ 92.4% ਅੰਕ ਪ੍ਰਾਪਤ ਕਰਕੇ ਚੌਥਾ ਸਥਾਨ, ਕੋਮਲਪ੍ਰੀਤ ਕੌਰ ਨੇ 91.8% ਅੰਕ ਪ੍ਰਾਪਤ ਕਰਕੇ ਪੰਜਵਾਂ ਅਤੇ ਮਹਿਕਦੀਪ ਕੌਰ ਨੇ 90% ਅੰਕ ਪ੍ਰਾਪਤ ਕਰਕੇ ਕਲਾਸ ਵਿਚੋ' ਛੇਵਾਂ ਸਥਾਨ ਪ੍ਰਾਪਤ ਕੀਤਾ ।

ਆਰਟਸ ਗੁਰੱਪ ਵਿਚੋਂ ਅਵਨੀਤ ਕੌਰ ਨੇ 94.4% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਸੁਖਮਨਵੀਰ ਸਿੰਘ ਨੇ 93.6% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਤੇ ਤੀਜਾ ਸਥਾਨ ਪ੍ਰਦੀਪ ਕੌਰ ਨੇ 93.4 % ਅੰਕ ਪ੍ਰਾਪਤ ਕਰਕੇ ਕੀਤਾ। ਇਸ ਮੌਕੇ ਸਕੂਲ ਪ੍ਰਬੰਧਕ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਕੁਲਵਿੰਦਰ ਸਿੰਘ ਢਾਹਾਂ ਨੇ ਸਮੂਹ ਟਰੱਸਟ ਮੈਬਰਾਂ ਵੱਲੋਂ 10+2 ਕਲਾਸ ਦੇ ਸਮੂਹ ਵਿਦਿਆਰਥੀਆਂ ਨੂੰ, ਕਲਾਸ ਇੰਚਾਰਜਾਂ, ਅਧਿਆਪਕਾਂ, ਸਕੂਲ ਪ੍ਰਿੰਸੀਪਲ ਅਤੇ ਸਿੱਖਿਆ ਡਾਇਰੈਕਟਰ ਸਾਹਿਬਾਨ ਨੂੰ ਸ਼ਾਨਦਾਰ ਨਤੀਜੇ ਦੀਆਂ ਵਧਾਈਆਂ ਦਿੱਤੀਆਂ। ਵਰਨਣਯੋਗ ਹੈ ਕਿ 10+2 ਕਲਾਸ ਦੇ 2023-24 ਸ਼ੈਸ਼ਨ ਵਿਚ 116 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ ਸੀ , ਜਿਹਨਾਂ ਵਿਚੋਂ 12 ਵਿਦਿਆਰਥੀ ਨੇ 90% ਤੋਂ ਵੱਧ ਅੰਕ, 14 ਵਿਦਿਆਰਥੀਆਂ ਨੇ 85 % ਤੋਂ ਵੱਧ ਅੰਕ ਅਤੇ 15 ਵਿਦਿਆਰਥੀਆਂ 80% ਤੋਂ ਵੱਧ ਅੰਕ ਹਾਸਲ ਕਰਕੇ ਨਵਾਂ ਰਿਕਾਰਡ ਕਾਇਮ ਕੀਤਾ ਹੈ।





ਅੰਮ੍ਰਿਤ ਪਵਾਰ

# ਪੰਜਾਬੀ ਫ਼ਿਲਮ ਦਰਪਣ



### ਗੁਗਲੀ ਗਿੱਲ– ਪਰੀ ਫਿਰ ਮੋਹ ਲਵੇਗੀ ਪਾਲੀਵੁੱਡ

ਅੱਖੀਆਂ ਦੇ ਡੋਰੇ ਦੇਖਣ ਵਾਲੇ ਨੂੰ ਖਿਚ ਲੈਂਦੇ ਨੇ ਤੇ ਲਮਕੜੇ ਜਿਹੇ ਉਸਦੇ ਮੂੰਹੋਂ ਇਹੀ ਬੋਲ ਸੁਣਨ ਨੂੰ ਮਿਲਦੇ ਨੇ ਕਿ ਰੱਬ ਦੀ ਬਣਾਈ ਧਰਤੀ ਏ ਤੇ ਗੱਲ ਗੁਗਲੀ ਗਿੱਲ ਦੀ ਹੀ ਹੋ ਰਹੀ ਹੈ। ਉੱਚੀ– ਲੰਮੀ ਗੁਗਲੀ ਗਿੱਲ 2024 'ਚ ਪਰਦੇ ਤੇ ਆ ਕਿ ਪਾਲੀਵੁੱਡ ਨੂੰ ਆਪਣਾ ਦਿਵਾਨਾ ਬਣਾਉਣ ਜਾ ਰਹੀ ਹੈ। ਦੇਵੀ ਸ਼ਰਮਾ ਦੀ ਪਾਰਖੂ ਅੱਖ ਨੇ ਗੁਗਲੀ ਗਿੱਲ ਨੂੰ ਉਜੱਟੀ ਪੰਦਰਾਂ ਮੁਰੱਬਿਆਂ ਵਾਲੀ'' ਦੀ ਨਾਇਕਾ ਬਣਾ ਕਿ ਜਲਦੀ ਦਰਸ਼ਕਾਂ ਨੂੰ ਦਿਖਾਉਣਾ ਹੈ। ਰੰਗ ਦੀ ਚਿੱਟੀ ਤੇ ਅਵਾਜ ਦੀ ਮਿੱਠੀ ਗੁਗਲੀ "ਜਗੀਰਾ'', "ਰੱਬ ਦੀਆਂ ਰੱਖਾਂ'' ਫ਼ਿਲਮਾਂ ਕਰ ਰਹੀ ਹੈ।

### ਸੁਸਾਨ ਹੇਵਾਰਡ ਖੇਤਰੀ ਸਿਨੇਮਾ ਦੀ ਹਕਦਾਰ ਸੀ



ਹਾਲੀਵੁੱਡ ਅਭਿਨੇਤਰੀ ਸੁਸਾਨ ਹੈਵਾਰਡ ਨਾਲ ਪੰਜਾਬੀ ਮੂਲ ਦੇ ਅਮਰੀਕਨ ਅਭਿਨੇਤਾ ਇੰਦਰ ਕੁਮਾਰ ਨੇ ਕੰਮ ਕੀਤਾ ਹੈ। "ਆਰੈਂਜ ਇਜ ਦਾ ਨਿਊ ਬਲੈਕ'' ਵਾਲੀ ਸੁਸਾਨ ਕੇ ਇੰਦਰ ਨੂੰ ਕਿਹਾ ਸੀ ਕਿ ਆਪਣੀ ਮਾਂ ਬੋਲੀ ਦੇ ਸਿਨੇਮਾ ਨਾਲ ਪਿਆਰ ਕਰੋ, ਉ ਹੈਲੋ ਟੁਮਾਰੋ'' ਸੁਸਾਨ ਦੀ ਸੀਰੀਜ ਇਸ ਸਮੇਂ ਆ ਰਹੀ ਹੈ। ਉਪਾਵਰਜ'' ਦੇ ਸੈੱਟ ਤੇ ਇੰਦਰ ਕੁਮਾਰ ਨੇ ਸੁਸਾਨ ਹੈਵਾਰਡ ਨੂੰ ਯਕੀਨ ਦਿਵਾਇਆ ਸੀ ਕਿ ਖੇਤਰੀ ਫ਼ਿਲਮਾਂ ਲਈ ਉਹ ਜਰੂਰ ਸਮਾਂ ਕੱਢੇਗਾ।

### ਸਰਬਜੀਤ ਫੁੱਲ– ਖੁਸ਼ਬੋ ਫ਼ਿਲਮੀ ਗਾਇਕੀ ਦੀ



ਜਿਸ ਗਾਇਕ ਨੇ ਸਾਬਰ ਕੋਟੀ ਦੀ ਸੰਗੀਤ ਸੰਗਤ ਕੀਤੀ ਹੋਏ ਤੇ ਘੰਟਿਆਂ ਬੱਧੀ ਸਾਬਰਕੋਟੀ ਨਾਲ ਵਿਆਜ ਤੇ ਸੰਗੀਤ ਦੇ ਗੁਰ ਜਾਣ ਲਏ ਹੋਣ ਉਹ ਗਾਇਕ ਸਰਬਜੀਤ ਫੁੱਲ ਗਾਇਕੀ 'ਚ ਨਵੇਂ ਮੁਕਾਮ ਪ੍ਰਾਪਤ ਕਰਸਾ ਹੈ। ਭੁਪਿੰਦਰ ਬਮਰਾਹ ਤੇ ਬੀ.ਐਮ.ਪੀ. ਫ਼ਿਓਮਪ;ਲਮਜ ਨੇ ਸਰਬਜੀਤ ਫੁੱਲ ਦੀ ਅਵਾਜ ਫ਼ਿਲਮੀ ਅਵਾਜ ਬਣਾਈ ਹੈ। "ਜਿੰਦਰਾ'', "ਸੌਂਹ ਮਿੱਟੀ ਦੀ'', "ਜੱਟ ਡੋਲੀ ਨਾ'', ਮਤਲਬ ਕਿ ਪੰਜਾਬੀ ਫ਼ਿਲਮਾਂ ਦਾ ਹਰਮਨ ਪਿਆਰਾ ਗਾਇਕ ਸਰਬਜੀਤ ਫੁੱਲ ਬਣਦਾ ਜਾ ਰਿਹਾ ਹੈ। ਭਵਿੱਖ ਲਈ ਸ਼ੁਭਨਾਵਾਂ।

### ਜੋੜੀਆਂ ਜੱਗ ਥੋੜੀਆਂ

"ਸ਼ੰਗਰਸ਼'', "ਨੇਕੀ ਵਾਂ'', "ਜਾਗੋ ਪੰਜਾਬ'' ਟੈਲੀ ਫ਼ਿਲਮਾਂ ਦੇ ਲੇਖਕ ਤੇ ਨਿਰਮਾਤਾ ਮਲਕੀਤ ਸਿੰਘ ਨੇ ਹੁਣ ਵੈਬ ਸੀਰੀਜ ਉਜੋੜੀਆਂ ਜੱਗ ਥੋੜੀਆਂ'' ਬਨਤਉਣ ਦੀ ਯੋਜਨਾ ਬਣਾਈ ਹੈ। ਇਸ ਸਰਿਜ 'ਚ ਗਾਇਕ ਸੱਭਿਆਚਾਰਕ ਹਸਤੀਆਂ, ਕਲਾਕਰ ਤੇ ਡਾਕਟਰ ਆਦਿ ਜੋੜੀਆਂ ਦੀ ਕਾਮਯਾਬੀ ਦੀ ਕਹਾਣੀ ਹੋਇਆ ਕਰੇਗੀ। ਮਲਕੀਤ ਦਿਉਲ ਦੀ ਧਰਮ–ਪਤੀ ਇਸ ਵੈਬ ਸੀਰੀਜ ਦੀ ਕਹਾਣੀ ਲਿਖੇਗੀ ਤੁ ਸੂਤਰਧਾਰ ਵੀ ਹੋਵੇਗੀ। ਮਲਕੀਤ ਦਿਉਲ ਦਾ ਮਕਸਦ ਇਸ ਵੈਬ ਸੀਰੀਜ ਨਾਲ ਸਮਾਜ ਦੇ ਟੁੱਟ ਰਹੇ ਰਿਸ਼ਤਿਆਂ ਨੂੰ ਜੋੜਨਾ ਹੈ।



### ਖ਼ੁਸ਼ਬੋ ਸ਼ਰਬਾ ਏ ਸਾਡੀ ਏਕਤਾ ਕਪੂਰ



ਚੁਸਤ, ਤੇਜ ਤਰਾਰ ਤੇ ਦਿਮਤਗ ਗਜਬ ਦਾ ਤਾਂ ਹੀ ਖ਼ੁਸ਼ਬੋ ਸ਼ਰਮਾ ਦੇਖਦੇ–ਦੇਖਦੇ ਹੀ ਕਾਮਯਾਬ ਫ਼ਿਲਮ ਲੇਖਿਕਾ ਬਣ ਉੱਤਰੀ ਹੈ ਤੇ ਹੁਣ ਤਾਂ ਨਿਰਦੇਸ਼ਕਾ ਬਣ ਵੀ ਆਪਣੀ ਪ੍ਰਤਿਭਾ ਨਿਖਾਰ ਰਹੀ ਹੈ। ਉਘੇ ਕੈਮਰਾਮੁਨ ਤੇ ਨਿਰਦੇਸ਼ਕ ਦੇਵੀ ਸ਼ਰਮਾ ਨੇ ਖ਼ੁਸ਼ਬੋ ਦੀ ਪ੍ਰਤਿਭਾ ਨੂੰ ਪਹਿਚਾਣ ਕਿ ਅਜਾਦ ਤੌਰ ਤੇ "ਦੁੱਲਾ ਵੈਲੀ'' ਤੇ ਹੁਣ "ਜੱਟੀ ਪੰਦਰਾਂ ਮੁਰੱਬਿਆ ਵਾਲੀ'' ਲਈ ਖ਼ੁਸ਼ਬੂ ਨੇ ਫੈਸਲੇ– ਮਸ਼ਵਰੇ ਤੇ ਸਲਾਹ ਲਾਗੂ ਕੀਤੀ ਹੈ। ਖ਼ੁਸ਼ਬੂ ਨੇ ਵੀ ਲਘੂ ਤੇ ਟੀਚਰ ਫ਼ਿਲਮਾਂ ਕਰ ਕਿ ਪਾਲੀਵੁੱਡ ਦੀ ਕਾਮਯਾਬ ਲੇਖਿਕਾ ਹੋਣ ਦਾ ਮਾਣ ਹਾਸਿਲ ਕਰ ਲਿਆ ਹੈ।


### ਕਰਮ ਕੌਰ ਦੇ ਨਾਲ ਗਾਏ ਪੰਮਾ ਮੱਲ੍ਹੀ



ਇਸ ਸਮੇਂ ਦੋਗਾਣਾ ਗਾਇਕੀ ਦਾ ਰਾਜਾ ਹੈ ਗਾਇਕ ਪੰਮਾ ਮੱਲ੍ਹੀ ਜਿਸ ਨਾਲ ਗੁਰਲੇਜ ਅਖਤਰ ਤੋਂ ਨੂਰ ਤੱਕ ਗਾਇਕਾਵਾਂ ਗਾ ਕਿ ਖੁਸ਼ ਹਨ ਪਰ ਉਦਰ ਪੰਮਾ ਮੱਲ੍ਹੀ ਦੇ ਸੰਗੀਤ ਪ੍ਰਬੰਧਕ ਲੇਹਲ ਦੀ ਫੀਅਟ ਤੇ ਸਾਥ ਹੋਵੇ ਤਾਂ ਦੋਗਾਣਾ ਬਹੁਤ ਜਚੇਗਾ ਕਿਉਂਕਿ ਕਰਮ ਕੌਰ ਦੀ ਅਦਾਕਾਰੀ ਤੇ ਅੰਦਾਜ ਬਿਲਕੁਲ ਪੰਮਾ ਮੱਲ੍ਹੀ ਦੀ ਗਾਇਕੀ ਨਾਲ ਮੇਲ ਖਾਂਦੇ ਹਨ। ਪੰਮਾ ਮੱਲ੍ਹੀ ਦਾ ਫਿਲਹਾਲ ਨਵਾਂ ਉਬਲਡ ਪ੍ਰੈਸ਼ਰ'' ਆਉਣ ਨੂੰ ਤਿਆਰ ਹੈ।

## ਪੰਜਾਬੀ ਫ਼ਿਲਮਾਂ ਲਈ ਰਫ਼ੀ ਸਾਹਿਬ, ਦਿਲਰਾਜ ਕੌਰ ਨਾਲ ਪਲੇ ਬੈਕ ਗੀਤ ਗਾਉਣ ਵਾਲਾ ਸਦਾਬਹਾਰ ਗਾਇਕ ਰਮੇਸ਼ ਲੁਧਿਆਣਵੀ

ਜਦ ਕੁਲਦੀਪ ਮਾਣਕ, ਸੁਰਿੰਦਰ ਛਿੰਦਾ ਤੇ ਮੋਹੰਮਦ ਸਦੀਕ ਲੁਧਿਆਣਾ ਮੰਡੀ ਗਾਇਕੀ ਦੀ ਦੇ ਰਾਜੇ ਤੇ ਪੰਜਾਬੀ ਗਾਇਕੀ ਦੇ ਸੁਪਰ ਸਟਾਰ ਗਾਇਕ ਸਨ ਤਦ ਲੁਧਿਆਣਾ ਦੇ ਹੀ ਜਵਾਹਰ ਨਗਰ ਕੈਂਪ ਆਮ ਜਿਹੇ ਇਲਾਕੇ ਵਿੱਚੋ ਮੁੱਛ ਫੁੱਟਦੀ ਵਿੱਚ ਗੱਭਰੂ ਗਾਇਕ ਨਿਕਲਿਆ ਸੀ ਪਰ ਉਸ ਦਾ ਗਾਇਕੀ ਟਰੈਕ ਅਲੱਗ ਸੀ।ਨਾਮ ਉਸ ਦਾ ਰਮੇਸ਼ ਲੁਧਿਆਣਵੀ ਤੇ ਤਦ ਬੰਬੇ ਜਾ ਕਿ ਓਹ ਫ਼ਿਲਮਾਂ ਲਈ ਗਾ ਰਿਹਾ ਸੀ। ਸ਼ਿੰਦਾ, ਸਦੀਕ ਮਾਣਕ ਬਾਅਦ ਵਿੱਚ ਫਿਲਮੀ ਗਾਇਕੀ ਵਿੱਚ ਆਏ ਤਦ ਤੱਕ ਰਮੇਸ਼ ਨੇ ਕਈ ਫ਼ਿਲਮਾਂ ਲਈ ਪਲੇਅ ਬੈਕ ਦੇ ਦਿੱਤਾ ਸੀ। ਲਾਲ ਚੰਦ ਯਮਲਾ ਜੱਟ ਦੇ ਭਤੀਜੇ ਲੱਗਦੇ ਰਮੇਸ਼ ਲੁਧਿਆਣਵੀ ਨੇ ਸੰਗੀਤ ਓਹਨਾਂ ਤੋਂ ਹੀ ਸਿੱਖਿਆ ਤੇ ਫਿਰ "ਸੋਹਣੀ ਮਹੀਂਵਾਲ "ਫਿਲਮ ਵਿੱਚ ਸਦਾਬਹਾਰ ਗਾਇਕ ਮੋਹਮੰਦ ਰਫ਼ੀ ਨਾਲ ਗਾਉਣ ਦਾ ਰਿਕਾਰਡ ਬਣਾ ਲਿਆ। ਇਧਰ ਪੰਜਾਬ ਆ ਕਿ ਕੈਸਟਾਂ ਤੇ ਸੀ ਡੀ ਵੀ ਉਸ ਦੀ ਆਵਾਜ਼ ਵਿੱਚ ਆਈਆਂ ਤੇ ਨਾਲ ਹੀ ਉਸ ਦੀ ਗਾਇਕੀ ਸੁਣ ਉਸ ਨੂੰ ਭਾਰਤੀ ਫ਼ੌਜ ਵਿੱਚ ਨੌਕਰੀ ਵੀ ਮਿਲੀ। ਇਹ ਅਹਿਮ ਪ੍ਰਾਪਤੀ ਸੀ ਤੇ ਫਿਰ "ਸ਼ਾਮੋ ਨਾਰ" ਦੇ ਕਿੱਸੇ ਤੋ "ਕਰਫਿਊ" ਤੱਕ ਰਮੇਸ਼ ਦੇ ਗਾਏ ਕਈ ਗੀਤ ਹਿੱਟ ਹੋਏ। ਫਿਰ ਉਸ ਨੇ "ਸੰਜੋਗੀ ਮੇਲੇ " ਤੋਂ "ਰੁੱਤ ਪਿਆਰ








ਦੀ" "ਵਿਸਫੋਟ " ਜੋਰਾ ਜੱਟ" ਫ਼ਿਲਮਾਂ ਲਈ ਗੀਤ ਗਾਏ।ਫਿਲਮੀ ਗਾਇਕਾ ਦਿਲਰਾਜ ਕੌਰ ਤੇ ਜਸਪਾਲ ਸਿੰਘ ਨਾਲ ਗਾਇਆ ਤੇ ਅਹਿਮ ਕਿ ਆਕਾਸ਼ਵਾਣੀ ਜਲੰਧਰ ਤੋਂ ਪਰਵਾਣਿਤ ਕਲਾਕਾਰ ਬਣ ਕਿ ਦੂਰਦਰਸ਼ਨ ਜਲੰਧਰ ਲਈ ਵੀ ਗਾਇਨ ਸ਼ੁਰੂ ਕੀਤਾ। ਦਿੱਲੀ ਦੂਰਦਰਸ਼ਨ, ਹਿਸਾਰ ਤੇ ਸ਼ਿਮਲਾ ਦੂਰਦਰਸ਼ਨ ਨੇ ਰਮੇਸ਼ ਦੇ ਗੀਤ ਪ੍ਰਸਾਰਿਤ ਕੀਤੇ । ਪਿਛਲੇ 36 ਸਾਲ ਤੋ ਓਹ ਰੇਡੀਓ ਟੀਵੀ ਤੇ ਗਾ ਰਿਹਾ ਹੈ। ਇਸ ਦੌਰਾਨ ਉਸ ਨੇ ਗੀਤ,ਲੋਕ ਗੀਤ ਤੇ ਦੋਗਾਣੇ ਵੀ ਗਾਏ ਤੇ ਵੱਡੀ ਗੱਲ ਕਿ ਰਾਜਕਪੂਰ ਦੀ ਹਾਜ਼ਰੀ ਵਿੱਚ ਮੁੰਬਈ ਵਿਖੇ ਆਪਣੀ ਗਾਇਕੀ ਦਾ ਜਾਦੂ ਬਿਖੇਰ ਕਿ ਮਜੂਦ ਰਿਸ਼ੀ ਕਪੂਰ,ਸ਼ਤਰੂਘਨ ਸਿਨ੍ਹਾ ਤੇ ਟੀਨਾ ਅੰਬਾਨੀ ਨੂੰ ਪ੍ਰਭਾਵਿਤ ਕੀਤਾ ਤਦ ਓਹ ਟੀਨਾ ਮੁਨੀਮ ਸੀ। ਰਮੇਸ਼ ਨੇ ਪੰਜਾਬੀ ਫਿਲਮ "ਜੱਟੀ ਜੰਮੇ ਸੂਰਮੇ"ਲਈ ਗੀਤ ਗਾਏ। ਡੋਗਰੀ ਤੇਂ"ਚੇਤਨਾ " ਨਾਮ ਦੀ ਫਿਲਮ ਲਈ ਵੀ ਗਾਇਆ।ਬਹੁਤ ਸਾਰੇ ਸਨਮਾਨ ਮਿਲੇ ਤੇ "ਰਾਜਕਪੂਰ ਐਵਾਰਡ " ਕਿਸ਼ੋਰ ਕੁਮਾਰ ਐਵਾਰਡ ਇਹਨਾਂ ਵਿੱਚ ਪ੍ਰਮੁੱਖ ਹਨ।ਰਮੇਸ਼ ਲੁਧਿਆਣਵੀ ਨੇ ਦੇਸ਼ ਹੀ ਨਹੀਂ ਵਿਦੇਸ਼ ਇੰਗਲੈਂਡ, ਸਿੰਗਾਪੁਰ ਵਿਖੇ ਵੀ ਸ਼ੋ ਕੀਤੇ ਹਨ ।ਕੁੱਝ ਫ਼ਿਲਮਜ਼ ਵਿੱਚ ਐਕਟਿੰਗ ਵੀ ਕੀਤੀ ਤੇ ਆ ਰਹੀ ਫਿਲਮ "ਇਸ਼ਕ ਮੁਹੱਬਤ" "ਮੈ ਤੇਰੀ ਤੂੰ ਮੇਰਾ " ਤੇ "ਜ਼ਮੀਰ" ਵਿੱਚ ਉਸ ਦੇ ਗਾਏ ਗੀਤ ਆਓਣ ਵਾਲੇ ਹਨ।ਰਮੇਸ਼ ਲੁਧਿਆਣਵੀ ਪਰਿਵਾਰ ਸਮੇਤ ਲੁਧਿਆਣਾ ਮਾਡਲ ਟਾਊਨ ਰਹਿ ਰਹੇ ਹਨ ਤੇ ਓਹਨਾਂ ਦਾ ਬੇਟਾ ਡੀ ਜੇ ਰੀਂਕਸ ਸੰਗੀਤਕਾਰ ਹੈ। ਰਮੇਸ਼ ਲੁਧਿਆਣਵੀ ਨੇ ਕਿਹਾ ਕਿ ਫਿਲਮੀ ਗਾਇਕ ਬਣ ਕਿ ਵਿਚਰਨਾ ਮਾਣ ਵਾਲੀ ਗੱਲ ਹੈ ।"ਕਿਸੇ ਦੀ ਨਾ ਟੂਟੇ ਰੱਬਾ ਜਿਵੇਂ ਸਾਡੀ ਟੁੱਟ ਗਈ " ਉਸ ਦਾ ਗਾਇਆ ਗੀਤ ਜਲਦੀ ਐਲਬਮ ਬਣ ਆ ਰਿਹਾ ਹੈ ।ਤਮੰਨਾ ਇਹੀ ਕਿ ਜ਼ਿੰਦਗੀ ਦੇ ਅੰਤਿਮ ਸਾਹ ਤੱਕ ਸੁਰ ਸਾਥ ਦਿੰਦੀ ਰਹੇ ਤੇ ਜ਼ਿੰਦਗੀ ਫਿਲਮੀ ਗਾਇਕੀ ਲੇਖੇ ਹੀ ਲੱਗੇ ਆਮੀਨ।

**ਤਰਤੀਬ ਤੇ ਪੇਸ਼ਕਸ਼– ਅੰਮ੍ਰਿਤ ਪਵਾਰ**

## 'ਸਦਾ ਖੁੱਲ੍ਹੇ ਦਰਵਾਜ਼ੇ ਸੱਜਣਾ ਤੇਰੇ ਲਈ' ਗੀਤ ਨਾਲ ਛਾ ਗਈ ਗਾਇਕਾ ਪ੍ਰੇਮ ਲਤਾ

### ਗੀਤਕਾਰ ਰੱਤੂ ਰੰਧਾਵਾ ਦੀ ਕਲਮ ਦਾ ਫਿਰ ਚੱਲਿਆ ਜਾਦੂ

**ਕਨੇਡਾ /ਵੈਨਕੂਵਰ (ਕੁਲਦੀਪ ਚੁੰਬਰ)–** ਸੋਸ਼ਲ ਮੀਡੀਆ ਦੇ ਯੁੱਗ ਵਿੱਚ ਕੋਈ ਵੀ ਗਤੀਵਿਧੀ ਜਦੋਂ ਸਿਖਰਾਂ ਛੂ ਜਾਂਦੀ ਹੈ ਤਾਂ ਸਮਝੋ ਉਸ ਦੀ ਪ੍ਰਸਿੱਧੀ ਅਤੇ ਮਕਬੂਲੀਅਤ ਦਾ ਸਿਖ਼ਰ ਹੋ ਗਿਆ। ਅੱਜਕੱਲ ਸੋਸ਼ਲ ਮੀਡੀਆ ਤੇ ਬਣਾਈਆਂ ਜਾ ਰਹੀਆਂ ਰੀਲਾਂ ਦੇ ਦੌਰ ਵਿੱਚ ਇੱਕ ਟਰੈਂਡਿੰਗ ਸੌਂਗ ਜਿਸਦੇ ਬੋਲ 'ਸਦਾ ਖੁੱਲ੍ਹੇ ਦਰਵਾਜ਼ੇ ਸੱਜਣਾ ਤੇਰੇ ਲਈ' ਜਿਸ ਨੂੰ ਬਹੁਤ ਹੀ ਖੂਬਸੂਰਤ ਅਤੇ ਮਾਖਿਓ ਮਿੱਠੀ ਆਵਾਜ਼ ਗਾਇਕਾ ਪ੍ਰੇਮ ਲਤਾ ਨੇ ਗਾਇਆ ਹੈ ,ਪੂਰੀ ਤਰ੍ਹਾਂ ਨਾਲ ਛਾਇਆ ਹੋਇਆ ਹੈ। ਜਿੱਥੇ ਜਿੱਥੇ ਵੀ ਦੇਸ਼ ਵਿਦੇਸ਼ ਵਿੱਚ ਪੰਜਾਬੀ ਵੱਸਦੇ ਹਨ, ਉਥੇ ਹੀ ਇਹ ਗੀਤ 'ਸੱਜਣਾ ਤੇਰੇ ਲਈ ਸਦਾ ਖੁੱਲ੍ਹੇ ਦਰਵਾਜ਼ੇ' ਇੱਕ ਆਮ ਲੋਕ ਕਹਾਵਤ ਬਣ ਕੇ ਲੋਕ ਦਿਲਾਂ ਤੱਕ ਪਹੁੰਚ ਚੁੱਕਾ ਹੈ। ਇਸ ਗੀਤ ਦੇ ਰਚੇਤਾ ਪੰਜਾਬ ਦੇ ਪ੍ਰਸਿੱਧ ਗੀਤਕਾਰ ਰੱਤੂ ਰੰਧਾਵਾ ਨਾਲ ਜਦੋਂ ਇਸ ਗੀਤ ਦੀ ਚੜ੍ਹਾਈ ਬਾਰੇ ਗੱਲ ਕੀਤੀ ਗਈ ਤਾਂ ਉਸ ਨੇ ਦੱਸਿਆ ਕਿ ਇਹ ਸਭ ਸਰੋਤਿਆਂ ਦੀ ਮਿਹਰ ਹੈ, ਜਿਨਾਂ ਨੇ ਉਸ ਦੀ ਕਲਮ ਚੋਂ ਨਿਕਲੇ ਇਸ ਗੀਤ ਦਾ ਜਾਦੂ ਫਿਰ ਦੁਬਾਰਾ ਪੰਜਾਬੀਆਂ ਵਿੱਚ ਚਲਾ ਕੇ ਦਿਖਾ ਦਿੱਤਾ ਹੈ। ਗੀਤਕਾਰ ਰੱਤੂ ਰੰਧਾਵਾ ਹਾਲ ਹੀ ਵਿੱਚ ਆਸਟਰੇਲੀਆ ਤੋਂ ਬਾਅਦ ਯੂਰਪ ਦੇ ਟੂਰ ਤੋਂ ਇੰਡੀਆ ਪੁੱਜੇ ਹਨ, ਜਿੱਥੇ ਉਨਾਂ ਦੀ ਖੁਸ਼ੀ ਦਾ ਕੋਈ ਹੱਦ ਬੰਨਾ ਇਸ ਗੀਤ ਨੂੰ ਸੁਣ ਕੇ ਨਾ ਰਿਹਾ। ਗੀਤਕਾਰ ਰੱਤੂ ਰੰਧਾਵਾ ਨੇ ਕਿਹਾ ਕਿ 'ਸੋਨੇ ਰੰਗੀਏ ਨੀ ਸੋਨਾ ਪਾਉਣ ਦੀ ਕੀ ਲੋੜ ਸੀ' ਜਿਸ ਨੂੰ ਬਖਸ਼ੀ ਬਿੱਲਾ ਨੇ ਗਾਇਆ ਸੀ, ਗੀਤ ਵੀ ਉਨਾਂ ਵਲੋਂ ਕਲਮਬੱਧ ਕੀਤਾ ਗਿਆ ਸੀ । ਜਿਸ ਨੂੰ ਲੋਕਾਂ ਨੇ ਅਥਾਹ ਮੁਹੱਬਤਾਂ ਦੇ ਕੇ ਨਿਵਾਜਿਆ। ਇਸ ਤੋਂ ਪਹਿਲਾਂ ਪ੍ਰਸਿੱਧ ਮਿਊਜਿਕ ਡਾਇਰੈਕਟਰ ਮਨੀ ਸੰਧੂ ਯੂਕੇ ਨੇ ਗਾਇਕ ਪ੍ਰੇਮ ਲਤਾ ਦਾ ਗੀਤ 'ਮੁੰਦਰੀ' ਵੀ ਰਿਕਾਰਡ ਕੀਤਾ ਸੀ, ਜਿਸ ਨੇ ਪੰਜਾਬੀ ਸੰਗੀਤ ਜਗਤ ਵਿੱਚ ਇੱਕ ਵਿਲੱਖਣ ਥਾਂ ਬਣਾਈ । ਮਨੀ ਸੰਧੂ ਸਮੇਤ ਉਹਨਾਂ ਦੀ ਪੂਰੀ ਟੀਮ ਆਉਣ ਵਾਲੇ ਸਮੇਂ ਵਿੱਚ ਅਜਿਹੇ ਤਕਰੀਬਨ ਇਕ ਦਰਜਨ ਤੋਂ ਵੱਧ ਗੀਤਾਂ ਦੀ ਝੜੀ ਵੱਖ–ਵੱਖ ਕਲਾਕਾਰਾਂ ਦੀਆਂ ਆਵਾਜ਼ਾਂ ਵਿੱਚ ਲਗਾ ਰਹੇ ਹਨ, ਜੋ ਸੰਗੀਤ ਜਗਤ ਲਈ ਇਕ ਬੇਹਤਰੀਨ ਤੋਹਫ਼ਾ ਹੋਵੇਗਾ।



ਜ਼ਿਕਰਯੋਗ ਹੈ ਕਿ ਗੀਤਕਾਰ ਰੱਤੂ ਰੰਧਾਵਾ ਪਿਛਲੇ ਲੰਬੇ ਸਮੇਂ ਤੋਂ ਪੰਜਾਬੀ, ਧਾਰਮਿਕ ਅਤੇ ਮਿਸ਼ਨਰੀ ਗੀਤਾਂ ਦੀ ਰਚਨਾ ਕਰਦੇ ਆ ਰਹੇ ਹਨ ਅਤੇ ਉਹ ਆਪਣੀ ਲੇਖਣੀ ਜਰੀਏ ਆਪਣਾ ਨਾਮ ਲੋਕ ਦਿਲਾਂ ਤੇ ਲਿਖਾ ਚੁੱਕੇ ਹਨ।

# ਪਹਿਲੀ ਸਿੱਖ ਜੰਗ



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮੁਗਲ ਬਾਦਸ਼ਾਹ ਜਹਾਂਗੀਰ ਨਾਲ ਸਬੰਧ ਬੜੀ ਪਰਖ-ਪ੍ਰਣਾਲੀ ਵਿਚੋਂ ਲੰਘੇ। ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਜਦੋਂ ਮੁਗਲ ਬਾਦਸ਼ਾਹ ਜਹਾਂਗੀਰ ਨੇ ਤਲਬ ਕੀਤਾ ਤਾਂ ਗੁਰਾਂ ਨੇ ਜਾਣ ਲਿਆ ਸੀ ਕਿ ਸਿੰਘਾਂ ਨੂੰ ਆਉਣ ਵਾਲੇ ਸਮੇਂ ਵਿਚ ਜ਼ੁਲਮ ਦੇ ਟਾਕਰੇ ਲਈ ਹਥਿਆਰ ਚੁੱਕਣੇ ਪੈਣਗੇ। ਉਹਨਾਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗੁਰਗੱਦੀ ਸੌਂਪਦਿਆਂ ਹਦਾਇਤ ਕੀਤੀ ਕਿ ਗੁਰਗੱਦੀ ਤੇ ਹਥਿਆਰਬੰਦ ਹੋ ਕੇ ਰਹਿਣਾ ਹੈ ਅਤੇ ਫੌਜ ਵੀ ਰੱਖਣੀ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਗੱਦੀ 'ਤੇ ਬੈਠਦਿਆਂ, ਦੋ ਤਲਵਾਰਾਂ ਧਾਰਨ ਕੀਤੀਆਂ। ਇਕ ਮੀਰੀ ਦੀ ਇਕ ਪੀਰੀ ਦੀ। ਇਕ ਆਤਮਕ ਅਗਵਾਈ ਦੂਸਰੀ ਸੰਸਾਰਕ ਅਗਵਾਈ ਵਾਸਤੇ। ਗੁਰੂ ਜੀ ਨੇ ਭੇਂਟਾ ਵਿਚ ਚੰਗੀ ਨਸਲ ਦੇ ਘੋੜੇ, ਚੰਗੇ ਸ਼ਸ਼ਤਰ ਅਤੇ ਸੁਡੌਲ ਜਵਾਨੀਆਂ ਦੀ ਮੰਗ ਰੱਖੀ। ਗੁਰਮੁਖਾਂ ਨੂੰ ਸਰੀਰਕ ਤੌਰ 'ਤੇ ਤੰਦਰੁਸਤ ਹੋ ਕੇ ਘੋੜ ਸਵਾਰੀ ਅਤੇ ਸ਼ਸ਼ਤਰ ਵਿਦਿਆ ਵਿਚ ਨਿਪੁੰਨ ਹੋਣ ਦਾ ਉਪਦੇਸ਼ ਦਿੱਤਾ। ਕੌਮ ਉਸਾਰੀ ਦੇ ਕਾਰਜਾਂ ਵਿਚ ਅੰਮ੍ਰਿਤਸਰ ਨਗਰ ਨੂੰ ਆਤਮ ਨਿਰਭਰ ਅਤੇ ਸਵੈ ਰੱਖਿਅਕ ਬਣਾਉਣ ਲਈ 'ਲੋਹਗੜ੍ਹ' ਕਿਲੇ ਦਾ ਨਿਰਮਾਣ ਕੀਤਾ। ਸੂਰਬੀਰਤਾ ਦਾ ਪ੍ਰਤੀਕ ਅਕਾਲ ਤਖਤ ਸਾਹਿਬ ਸਥਾਪਤ ਕੀਤਾ। ਧਾਰਮਿਕ ਗੁਰਮਤਿ ਉਪਦੇਸ਼ ਦੇ ਨਾਲ ਕੌਮ ਵਿਚ ਬੀਰ ਰਸ ਭਰਿਆ। ਗੁਰੂ ਜੀ ਨੇ ਸਾਂਝੀਵਾਲਤਾ ਨੂੰ ਇਕ ਸ਼ਕਤੀ ਮੰਨਿਆ। ਮਿਲ ਜੁਲ ਕੇ ਰਹਿਣ ਦਾ ਉਪਦੇਸ਼ ਦਿੱਤਾ। ਮਤਭੇਦ ਹੋ ਜਾਣ 'ਤੇ ਸੰਗਤਾਂ ਦੇ ਫੈਸਲੇ ਗੁਰੂ ਜੀ ਖੁਦ ਕਰਦੇ। ਗੁਰੂ ਜੀ ਨੇ 52 ਯੋਧਿਆਂ ਦੀ ਨਿੱਜੀ ਫੌਜ ਭਰਤੀ ਕਰ ਲਈ। ਬਕਾਇਦਾ ਤੌਰ ਤੇ ਫੌਜੀ ਖਾਲਸਾ ਹੋਣ ਦਾ ਐਲਾਨ ਕਰ ਦਿੱਤਾ। ਯੋਧੇ ਗੁਰੂ ਜੀ ਲਈ ਮਰ ਮਿਟਣ ਲਈ ਹਮੇਸ਼ਾ ਤਿਆਰ ਰਹਿਣ ਲੱਗੇ। ਫੌਜੀ ਸਿਖਲਾਈ ਨੇ ਕੌਮ ਵਿਚ ਸੂਰਬੀਰਤਾ ਦੀ ਨਵੀਂ ਜਾਨ ਭਰੀ।

ਮੁਗਲ ਬਾਦਸ਼ਾਹ ਜਹਾਂਗੀਰ ਦੇ ਈਰਖਾਲੂ, ਅਹਿਲਕਾਰਾਂ ਨੇ ਬਾਦਸ਼ਾਹ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ। ਕਿ ਗੁਰੂ ਜੀ ਨੇ ਫੌਜ ਰੱਖ ਲਈ ਹੈ। ਨਗਾਰੇ ਵੱਜਦੇ, ਨਿਸ਼ਾਨ ਸਾਹਿਬ ਝੂਲਦੇ, ਗੁਰੂ ਜੀ ਤਖਤ 'ਤੇ ਬੈਠਦੇ, ਸ਼ਿਕਾਰ ਖੇਡਦੇ, ਸੰਗਤਾਂ ਦੇ ਫੈਸਲੇ ਆਪ ਕਰਦੇ, ਫੌਜੀ ਦਸਤੇ ਮਿਸਾਲਾਂ ਬਾਲ ਕੇ ਰਾਤ ਨੂੰ ਸ਼ਹਿਰ ਵਿਚ ਗਸ਼ਤ ਕਰਦੇ। ਬਾਦਸ਼ਾਹਾਂ ਵਾਲੀ ਠਾਠ-ਬਾਠ ਬਣਾ ਲਈ ਹੈ। ਉਹ ਰਾਜਸੀ ਤੌਰ 'ਤੇ ਮਜਬੂਤ ਹੋ ਰਹੇ ਹਨ। ਉਹ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਦਾ ਬਦਲਾ ਲੈਣਗੇ। ਇਸ ਬਾਗੀ ਤਾਕਤ ਨੂੰ ਹੁਣੇ ਦਬਾਅ ਦੇਣਾ ਚਾਹੀਦਾ ਹੈ।

ਬਾਦਸ਼ਾਹ ਨੇ ਸਿੱਖਾਂ ਦੀ ਤਾਕਤ ਦਾ ਭੇਦ ਜਾਨਣ ਲਈ ਗੁਰੂ ਜੀ ਵੱਲ ਦੋਸਤੀ ਦਾ ਹੱਥ ਵਧਾਇਆ। ਗੁਰੂ ਜੀ ਨਾਲ ਨੇੜਤਾ ਹੋ ਜਾਣ ਤੇ ਉਸਨੇ ਜਾਣ ਲਿਆ ਕਿ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਨੇ ਸਿੱਖਾਂ ਨੂੰ ਭੈਅ-ਭੀਤ ਨਹੀਂ ਕੀਤਾ। ਉਹ ਤਾਂ ਹੋਰ ਵੀ ਮਜ਼ਬੂਤ ਇਰਾਦੇ ਵਾਲੇ ਹੋ ਰਹੇ ਹਨ। ਬਾਦਸ਼ਾਹ ਨੇ ਗੁਰੂ ਜੀ ਦੀ ਵਧਦੀ ਤਾਕਤ ਦੇਖ ਕੇ ਦਬਾਉਣ ਲਈ ਗੁਰੂ ਜੀ ਨੂੰ ਗਵਾਲੀਅਰ ਦੇ ਕਿਲੇ ਵਿਚ ਕੈਦ ਕਰ ਦਿੱਤਾ। ਉਥੇ ਪਹਿਲਾਂ ਵੀ 52 ਰਾਜੇ ਰਾਜਸੀ ਕੈਦੀ ਸਨ। ਉਹ ਬੜੀ ਮਾੜੀ ਹਾਲਤ ਵਿਚ ਜੀਵਨ ਬਿਤਾ ਰਹੇ ਸਨ। ਗੁਰੂ ਜੀ ਨੇ ਸ਼ਾਹੀ ਕੈਦੀ ਹੁੰਦਿਆਂ, ਉਹਨਾਂ ਦੀ ਚੰਗੀ ਖੁਰਾਕ ਤੇ ਪੁਸ਼ਾਕ ਦਾ ਪ੍ਰਬੰਧ ਕਰਵਾ ਲਿਆ। ਉਹ ਗੁਰੂ ਜੀ ਦੇ ਸਤਿਸੰਗੀ ਬਣ ਗਏ। ਗੁਰੂ ਜੀ ਦੀ ਕੈਦ ਲੰਮੇਰੀ ਹੁੰਦੀ ਵੇਖ ਕੇ ਸਿੰਘ ਰੋਹ ਵਿਚ ਆ ਗਏ। ਬਾਦਸ਼ਾਹ ਨੇ ਵਿਦਰੋਹ ਦੇ ਹਾਲਾਤ ਵੇਖ ਕੇ ਗੁਰੂ ਜੀ ਨੂੰ ਤੁਰੰਤ ਰਿਹਾਅ ਕਰਨ ਦਾ ਮਨ ਬਣਾਇਆ। ਪਰ ਗੁਰੂ ਜੀ ਨੇ ਕਿਹਾ ਕਿ ਸਾਡੇ ਨਾਲ 52 ਰਾਜੇ ਜੋ ਰਾਜਸੀ ਕੈਦੀ ਹਨ, ਪਹਿਲਾਂ ਹੀ ਲੰਮੀ ਸਜ਼ਾ ਭੁਗਤ ਚੁੱਕੇ ਹਨ, ਵੀ ਰਿਹਾਅ ਕੀਤੇ ਜਾਣ। ਬਾਦਸ਼ਾਹ ਨੇ 52 ਰਾਜਿਆਂ ਨੂੰ ਵੀ ਗੁਰੂ ਜੀ ਨਾਲ ਰਿਹਾਅ ਕਰ ਦਿੱਤਾ। ਰਿਹਾਈ ਤੋਂ ਬਾਅਦ ਗੁਰੂ ਜੀ ਅੰਮ੍ਰਿਤਸਰ ਪੁੱਜੇ ਤਾਂ ਸ਼ਹਿਰ ਨਿਵਾਸੀਆਂ ਨੇ ਦੀਪਮਾਲਾ ਕਰਕੇ ਗੁਰੂ ਜੀ ਦਾ ਸਵਾਗਤ ਕੀਤਾ। ਬੰਦੀ ਛੋੜ ਦਾਤਾ ਕਹਿਕੇ ਸਨਮਾਨ ਕੀਤਾ।

ਬਾਦਸ਼ਾਹ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ। ਬਾਦਸ਼ਾਹ ਨੂੰ ਨਿਸ਼ਚਾ ਹੋ ਗਿਆ ਕਿ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਲਈ ਉਸਨੂੰ ਗੁੰਮਰਾਹ ਕੀਤਾ ਗਿਆ ਹੈ। ਉਸਨੇ ਦੋਸ਼ੀਆਂ ਨੂੰ ਗੁਰੂ ਜੀ ਦੇ ਹਵਾਲੇ ਕਰ ਦਿੱਤਾ। ਸੰਗਤਾਂ ਨੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ। ਗੁਰੂ ਜੀ ਦੇ ਸਬੰਧ ਭੇਦਭਾਵ ਤੋਂ ਬਾਅਦ ਸੁਖਾਵੇਂ ਹੋ ਗਏ। ਗੁਰੂ ਜੀ ਨੇ ਮੌਕੇ ਵੇਖ ਕੇ ਗੁਰਮਤਿ ਪ੍ਰਚਾਰ ਜ਼ੋਰਾਂ ਨਾਲ ਕੀਤਾ। ਦੂਸਰੇ ਧਰਮਾਂ ਦੇ ਲੋਕ ਵੀ ਗੁਰੂ ਜੀ ਦੇ ਨਾਲ ਆਣ ਪੁੱਜੇ। ਗੁਰੂ ਜੀ ਨੇ ਕਈ ਨਗਰ ਵਸਾਏ। ਸਿੱਖ ਧਰਮ ਫੈਲਾਉਣ ਦੇ ਉਸਾਰੂ ਯਤਨ ਕੀਤੇ। ਨਵੰਬਰ 8, 1627 ਵਿਚ ਬਾਦਸ਼ਾਹ ਜਹਾਂਗੀਰ ਦੀ ਮੌਤ ਹੋ ਗਈ। ਉਸਦਾ ਪੁੱਤਰ ਸ਼ਾਹਜਹਾਨ 6 ਫਰਵਰੀ, 1628 ਤਖਤ 'ਤੇ ਬੈਠਾ।

ਉਸਨੇ ਬੜੀ ਸਖਤ ਧਾਰਮਿਕ ਨੀਤੀ ਅਪਣਾਈ। ਉਸਨੇ ਦੂਸਰੇ ਧਰਮਾਂ ਦੇ ਪ੍ਰਚਾਰ ਤੇ ਪਾਬੰਦੀ ਲਗਾ ਦਿੱਤੀ। ਉਸਨੂੰ ਇਸ ਗੱਲ ਦੀ ਈਰਖਾ ਸੀ ਕਿ ਮੁਸਲਮਾਨ ਵੀ ਸਿੱਖ ਧਰਮ ਵਿਚ ਜਾ ਰਹੇ ਹਨ। ਉਸਨੇ ਹਿੰਦੂਆਂ ਦੇ ਮੰਦਰ ਢਾਹ ਕੇ ਮਸਜਿਦਾਂ ਬਣਾ ਲਈਆਂ। ਦੂਸਰੇ ਧਰਮਾਂ ਦੇ ਨਵੇਂ ਅਸਥਾਨ ਬਣਾਉਣ ਦੀ ਮਨਾਹੀ ਕਰ ਦਿੱਤੀ। ਸਿੱਖ ਧਰਮ ਦੀ ਡੱਬੀ ਬਜ਼ਾਰ ਲਾਹੌਰ ਵਿਚ ਬਣੀ ਬਾਉਲੀ ਨੂੰ ਪੂਰ ਦਿੱਤਾ। ਲੰਗਰ ਦੀ ਥਾਂ ਮਸੀਤ ਬਣਾ ਲਈ। ਸਿੱਖਾਂ ਦਾ ਰੋਹ ਜਾਗਣਾ ਕੁਦਰਤੀ ਸੀ। ਮੁਗਲ ਹਕੂਮਤ ਵੀ ਸਿੱਖਾਂ ਨਾਲ ਜੰਗ ਦਾ ਬਹਾਨਾ ਲੱਭ ਰਹੀ ਸੀ।

ਜੰਗ ਉਦੋਂ ਸ਼ੁਰੂ ਹੋਈ ਕਿ ਸਿੱਖਾਂ ਦਾ ਜਥਾ ਸ਼ਿਕਾਰ ਖੇਡਦਾ ਉਸ ਅਸਥਾਨ 'ਤੇ ਪੁੱਜ ਗਿਆ, ਜਿੱਥੇ ਬਾਦਸ਼ਾਹ ਸ਼ਾਹਜਹਾਨ ਵੀ ਸ਼ਿਕਾਰ ਖੇਡ ਰਿਹਾ ਸੀ। ਸ਼ਾਹੀ ਬਾਜ਼ ਸਿੰਘਾਂ ਦੇ ਜਥੇ ਵਿਚ ਆ ਗਿਆ। ਬਾਦਸ਼ਾਹ ਦੀ ਸ਼ਿਕਾਰੀ ਟੋਲੀ ਬੜੇ ਰੋਅਬ ਨਾਲ ਸ਼ਾਹੀ ਸ਼ਹਿ ਤੇ ਬਾਜ਼ ਵਾਪਸ ਮੰਗਣ ਆਈ। ਸਿੰਘਾਂ ਨੇ ਕਿਹਾ ਕਿ ਬਾਜ਼ ਆਪ ਆਇਆ ਹੈ ਜੋ ਮੋੜਨਾ ਨਹੀਂ ਬਣਦਾ। ਨਾਲੇ ਅਸੀਂ ਤੁਹਾਨੂੰ ਜਾਣਦੇ ਨਹੀਂ ਕਿ ਇਹ ਬਾਜ਼ ਤੁਹਾਡਾ ਹੈ। ਬਾਦਸ਼ਾਹ ਦੇ ਸ਼ਿਕਾਰੀ ਟੋਲੇ ਨੇ ਇਸ ਬਾਰੇ ਲਾਹੌਰ ਦੇ ਗਵਰਨਰ ਕੁਲੀਜ ਖਾਨ ਕੋਲ ਜਾ ਕੇ ਸ਼ਿਕਾਇਤ ਕੀਤੀ। ਉਸਨੇ ਬਹਾਨੇ ਨਾਲ ਸਿੰਘਾਂ ਨੂੰ ਖਤਮ ਕਰਨ ਲਈ 7 ਹਜ਼ਾਰ ਦੀ ਫੌਜ ਅੰਮ੍ਰਿਤਸਰ 'ਤੇ ਹਮਲਾ ਕਰਨ ਲਈ ਭੇਜ ਦਿੱਤੀ।


15 ਮਈ, 1628 ਨੂੰ ਹਮਲੇ ਦੀ ਖਬਰ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਮਿਲੀ ਤਾਂ ਉਹਨਾਂ ਨੇ ਸਿੰਘਾਂ ਨੂੰ ਟਾਕਰਾ ਕਰਨ ਲਈ ਕਿਹਾ। ਤਿੰਨ ਦਿਨਾਂ ਬਾਅਦ ਗੁਰੂ ਜੀ ਦੀ ਸਪੁੱਤਰੀ ਬੀਬੀ ਵੀਰੋ ਦਾ ਵਿਆਹ ਅੰਮ੍ਰਿਤਸਰ ਵਿਖੇ ਹੋਣਾ ਤਹਿ ਸੀ। ਗੁਰੂ ਜੀ ਨੇ ਵਿਆਹ ਦੀ ਜਗ੍ਹਾ ਝਬਾਲ ਤੈਅ ਕਰਕੇ ਪਰਿਵਾਰ ਨੂੰ ਉਥੇ ਭੇਜ ਦਿੱਤਾ। ਸਿੱਖ ਮੁਗਲਾਂ ਦੀ ਇਹ ਪਹਿਲੀ ਜੰਗ ਪਿਪਲੀ ਸਾਹਿਬ ਹੁਣ ਖਾਲਸਾ ਕਾਲਜ ਅੰਮ੍ਰਿਤਸਰ ਦੇ ਸਥਾਨ 'ਤੇ ਹੋਈ। ਦੋਹਾਂ ਪਾਸਿਆਂ ਤੋਂ ਯੋਧਿਆਂ ਨੇ ਜੰਗੀ ਜੌਹਰ ਦਿਖਾਏ। ਸਿੰਘ ਯੋਧੇ ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ ਅਣਖ ਅਤੇ ਆਜ਼ਾਦੀ ਲਈ ਡਟ ਗਏ। ਇਕ ਖੋਖਲੀ ਲੱਕੜ ਦੀ ਬਣੀ ਤੋਪ ਦੀ ਵਰਤੋਂ ਕੀਤੀ ਗਈ। ਜੋ ਖੇਮਕਰਨ ਦੇ ਮੋਹਰੀ ਕਾਰੀਗਰ ਨੇ ਬਣਾਈ ਸੀ। ਦੁਸ਼ਮਣ ਵੱਲੋਂ ਮੁਖਲਿਸ ਖਾਂ ਬੜੇ ਜੋਸ਼ ਨਾਲ ਮੈਦਾਨ ਪੁੱਜਾ, ਉਸਨੂੰ ਸ਼ਾਹੀ ਫੌਜ ਤੇ ਬੜਾ ਮਾਣ ਸੀ। ਸਿੱਖਾਂ ਵੱਲੋਂ ਜੰਗ ਦੀ ਕਮਾਨ ਗੁਰੂ ਜੀ ਨੇ ਖੁਦ ਸੰਭਾਲ ਲਈ। ਉਹਨਾਂ ਦਾ ਸਾਥ ਦੇ ਰਹੇ ਸਨ ਸੂਰਬੀਰ ਯੋਧੇ ਭਾਈ ਬਿਧੀ ਸਿੰਘ, ਭਾਈ ਜੇਠਾ, ਪੈਂਦੇ ਖਾਂ ਆਦਿ। ਪਹਿਲੇ ਦਿਨ ਦੀ ਜੰਗ ਮੁਕਾਬਲੇ ਦੀ ਸੀ। ਦੂਸਰੇ ਦਿਨ ਮੁਕਾਬਲਾ ਹੋਰ ਸਖਤ ਹੋ ਗਿਆ। ਤੀਸਰੇ ਦਿਨ ਵੱਡੇ ਪੱਧਰ 'ਤੇ ਕਤਲੇਆਮ ਹੋਇਆ। ਜਿਸ ਵਿਚ ਵੈਰੀ ਦਾ ਵੱਡਾ ਨੁਕਸਾਨ ਹੋਇਆ। ਮੈਕਾਲਿਫ ਅਨੁਸਾਰ ਇਹ ਜੰਗ ਅੰਮ੍ਰਿਤਸਰ ਤੋਂ ਚਾਰ ਮੀਲ ਦੱਖਣ ਦੇ ਘੇਰੇ ਵਿਚ ਹੋਈ। ਜਿੱਤ ਦੀ ਯਾਦਗਾਰ ਵਿਚ ਗੁਰਦੁਆਰਾ ਸੰਗਰਾਣਾ ਸਾਹਿਬ ਹੈ। ਫੈਸਲਾਕੁੰਨ ਜੰਗ ਵਿਚ ਮੁਗਲ ਸੈਨਾ ਦੀ ਗਿਣਤੀ ਕਿਤੇ ਵੱਧ ਸੀ। ਅੰਤ ਵਿਚ ਗੁਰੂ ਜੀ ਦੇ ਖੰਡੇ ਨਾਲ ਮੁਖਲਿਸ ਖਾਂ ਟੋਟੇ ਟੋਟੇ ਹੋ ਗਿਆ। ਉਸਦੇ ਮਰਦਿਆਂ ਹੀ ਉਸਦੀ ਫੌਜ ਜੰਗ ਦੇ ਮੈਦਾਨ ਵਿਚੋਂ ਭੱਜ ਗਈ। ਮੁਗਲ ਫੌਜ ਨੇ ਸ਼ਹਿਰ ਨੂੰ ਲੁੱਟ ਲਿਆ। ਜੰਗ ਖਤਮ ਹੋਣ ਤੇ ਗੁਰੂ ਜੀ ਝਬਾਲ ਗਏ, ਜਿੱਥੇ ਬੀਬੀ ਵੀਰੋ ਜੀ ਦਾ ਵਿਆਹ ਚੌਧਰੀ ਭਾਈ ਲੰਗਾਹ ਦੇ ਘਰ ਹੋਇਆ।

ਇਹ ਸਿੱਖ ਮੁਗਲਾਂ ਦੀ ਪਹਿਲੀ ਜੰਗ ਵਜੋਂ ਇਤਿਹਾਸ ਵਿਚਦਰਜ ਹੋਈ, ਜਿਸ ਵਿਚ ਸਿੰਘਾਂ ਦੀ ਅਸਾਵੀਂ ਫੌਜ ਦੀ ਜਿੱਤ ਹੋਈ।

## ਚਾਰ ਲੋਕਾਂ ਦੀ ਮੌਤ ਦੇ ਜ਼ੁੰਮੇਵਾਰ ਪੰਜਾਬੀ ਨੂੰ ਅਮਰੀਕਾ ਵਿੱਚ ਮੌਤ ਦੀ ਸਜ਼ਾ



**ਫਰਿਜਨੋ (ਕੈਲੀਫੋਰਨੀਆਂ) (ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ)–** ਓਹਾਇਓ ਸਟੇਟ ਦੀ ਬਟਲਰ ਕਾਉਂਟੀ ਅਦਾਲਤ ਨੇ ਚਾਰ ਲੋਕਾਂ ਦੀ ਮੌਤ ਵਿੱਚ ਦੋਸ਼ੀ ਪਾਏ ਗਏ, ਗੁਰਪ੍ਰੀਤ ਸਿੰਘ (41) ਨੂੰ ਤਿੰਨ ਜੱਜਾਂ ਦੇ ਪੈਨਲ ਨੇ ਮੌਤ ਦੀ ਸਜ਼ਾ ਸੁਣਾਈ ਹੈ। 2019 ਵਿੱਚ ਓਹਾਇਓ



ਸਟੇਟ ਦੇ ਸ਼ਹਿਰ ਵਿੱਸਚ ਚਿਸਟਰ ਵਿੱਚ ਟਰੱਕ ਡਰਾਈਵਰ ਗੁਰਪ੍ਰੀਤ ਸਿੰਘ ਨੂੰ ਉਸਦੀ ਪਤਨੀ ਸ਼ਲਿੰਦਰ ਕੌਰ, ਸੌਹਰਾ ਹਕੀਕਤ ਸਿੰਘ ਪਨਾਗ, ਸੱਸ ਪ੍ਰਮਜੀਤ ਕੌਰ ਪਨਾਗ, ਪਤਨੀ ਦੀ ਮਾਸੀ ਅਮਰਜੀਤ ਕੌਰ ਨੂੰ ਆਪਣੇ ਅਪਾਰਟਮੈਂਟ ਵਿੱਚ ਗੋਲੀਆਂ ਮਾਰਕੇ ਮਾਰ ਮੁਕਾਉਣ ਦੇ ਦੋਸ਼ ਹੇਠ ਮੌਤ ਦੀ ਸਜ਼ਾ ਸੁਣਾਈ ਗਈ ਹੈ।

ਸਰਕਾਰੀ ਵਕੀਲ ਵਕੀਲ ਮਾਈਕ ਗਮੋਸਰ ਨੇ ਕਿਹਾ ਕਿ ਗੁਰਪ੍ਰੀਤ ਸਿੰਘ ਦਾ ਕਿਸੇ ਹੋਰ ਜਨਾਨੀ ਨਾਲ ਇੰਡੀਅਨਐਪਲ ਵਿੱਚ ਅਫੇਅਰ ਚੱਲ ਰਿਹਾ ਸੀ, ਜਿਸ ਦੇ ਚੱਲਦਿਆਂ ਘਰ ਵਿੱਚ ਲੜਾਈ ਝਗੜਾ ਚੱਲ ਰਿਹਾ ਸੀ। ਗੁਰਪ੍ਰੀਤ ਨੇ ਇੱਕ ਸ਼ਾਜਿਸ਼ ਦੇ ਅਧੀਨ ਆਪਣੇ ਰਸਤੇ ਦੇ ਕੰਡੇ ਸਾਫ ਕਰਨ ਲਈ ਇਸ ਸੰਗੀਨ ਜ਼ੁਰਮ ਨੂੰ ਇੰਜਾਮ ਦਿੱਤਾ ਗਿਆ। ਇਸ ਪੂਰੇ ਟ੍ਰਾਇਲ ਦੌਰਾਨ ਗੁਰਪ੍ਰੀਤ ਆਪਣੇ ਆਪ ਨੂੰ ਨਿਰਦੋਸ਼ ਦੱਸਦਾ ਰਿਹਾ ਹੈ, ਪਰ ਸਾਰੇ ਸਬੂਤ ਇਹ ਦੱਸਦੇ ਹਨ ਕਿ ਗੁਰਪ੍ਰੀਤ ਸਿੰਘ ਕਤਲ ਦੀ ਵਾਰਦਾਤ ਮੌਕੇ ਆਪਣੇ ਅਪਾਰਟਮੈਂਟ ਵਿੱਚ ਵਾਰਦਾਤ ਵਾਲੀ ਜਗ੍ਹਾ ਤੇ ਮਜੂਦ ਸੀ। ਸਰਕਾਰੀ ਵਕੀਲ ਨੇ ਕਿਹਾ ਕਿ ਅਗਰ ਦੋਸ਼ੀ ਆਪਣਾ ਜ਼ੁਲਮ ਕਬੂਲ ਕਰ ਲੈਂਦਾ ਤਾਂ ਉਸਨੂੰ ਉਮਰ ਕੈਦ ਹੋਣੀ ਸੀ, ਪਰ ਹੁਣ ਸਬੂਤਾਂ ਕਰਕੇ ਉਸਨੂੰ ਦੋਸ਼ੀ ਸਾਬਤ ਕੀਤਾ ਗਿਆ ਹੈ ਅਤੇ ਇਸਦੀ ਸਜ਼ਾ ਮੌਤ ਹੀ ਬਣਦੀ ਹੈ। ਇਸ ਮੌਕੇ ਓਹਾਇਓ ਸਟੇਟ ਵਿੱਚ 121 ਦੋਸ਼ੀ ਲੀਥਲ ਇੰਜੈਕਸ਼ਨ ਨਾਲ ਮਰਨ ਲਈ ਆਪਣੀ ਵਾਰੀ ਦੀ ਉਡੀਕ ਕਰ ਰਹੇ ਹਨ, ਗੁਰਪ੍ਰੀਤ ਸਿੰਘ ਡਿੱਥ ਰੋਅ ਵਿੱਚ ਸਜ਼ਾ ਪਾਉਣ ਵਾਲਾ ਅਗਲਾ ਵਿਅਕਤੀ ਲਾਇਨ ਵਿੱਚ ਲੱਗ ਗਿਆ ਹੈ।

## ਪੰਜਾਬ 'ਚ ਨਾਮਜ਼ਦਗੀਆਂ ਦਾ ਕੰਮ ਮੁਕੰਮਲ ਹੋਇਆ

### ਇਸ ਵਾਰ 226 ਉਮੀਦਵਾਰ ਮੈਦਾਨ ਵਿਚ ਡਟੇ

**ਚੰਡੀਗੜ੍ਹ (ਬਿਊਰੋ)–** ਪੰਜਾਬ 'ਚ ਲੋਕ ਸਭਾ ਚੋਣਾਂ ਲਈ 13 ਸੀਟਾਂ 'ਤੇ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਦਾ ਕੰਮ ਮੁਕੰਮਲ ਹੋ ਗਿਆ ਹੈ। ਹੁਣ ਪੰਜਾਬ ਵਿਚ ਚੋਣ ਪ੍ਰਚਾਰ ਵੀ ਜੋਰ ਪਕੜਨ ਲੱਗਿਆ ਹੈ। ਅੱਜ ਬੁੱਧਵਾਰ ਨੂੰ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਆਰੰਭ ਹੋ ਗਈ। ਲੋਕ ਸਭਾ ਚੋਣਾਂ ਲਈ ਨਾਮਜ਼ਦਗੀਆਂ ਭਰਨ ਦੇ ਆਖ਼ਰੀ



ਦਿਨ 13 ਸੀਟਾਂ ਲਈ 226 ਨਾਮਜ਼ਦਗੀ ਪੱਤਰ ਦਾਖਲ ਕੀਤੇ ਗਏ ਹਨ। ਕਾਗ਼ਜ਼ ਦਾਖ਼ਲ ਕਰਨ ਦਾ ਕੰਮ 7 ਮਈ ਤੋਂ ਸ਼ੁਰੂ ਹੋਇਆ ਸੀ ਅਤੇ ਅੱਜ ਤੱਕ ਸੂਬੇ ਵਿਚ ਕੁੱਲ 598 ਨਾਮਜ਼ਦਗੀ ਪੱਤਰ ਦਾਖਲ ਹੋਏ ਹਨ। ਅਖੀਰਲੇ ਦਿਨ ਅੱਜ 226 ਨਾਮਜ਼ਦਗੀਆਂ ਹੋਈਆਂ ਹਨ। ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ। ਨੇ ਦੱਸਿਆ ਹੈ ਕਿ ਨਾਮਜ਼ਦਗੀ ਪੱਤਰਾਂ ਦੀ ਪੜਤਾਲ 15 ਮਈ ਨੂੰ ਹੋਵੇਗੀ ਜਦੋਂ ਕਿ 17 ਮਈ ਤੱਕ ਕਾਗ਼ਜ਼ ਵਾਪਸ ਲਏ ਜਾ ਸਕਣਗੇ। ਅਖੀਰਲੇ ਦਿਨ ਕਾਗ਼ਜ਼ ਦਾਖਲ ਕਰਨ ਵਾਲਿਆਂ ਵਿਚ ਬਹੁਗਿਣਤੀ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਉਮੀਦਵਾਰਾਂ ਅਤੇ ਆਜ਼ਾਦ ਉਮੀਦਵਾਰਾਂ ਦੀ ਹੈ। ਪੰਜਾਬ ਵਿਚ ਸਭ ਤੋਂ ਜ਼ਿਆਦਾ ਲੁਧਿਆਣਾ ਤੋਂ ਕਰੀਬ ਕੁੱਲ 70 ਨਾਮਜ਼ਦਗੀਆਂ ਹੋਈਆਂ ਹਨ ਜਦੋਂ ਕਿ ਦੂਜੇ ਨੰਬਰ 'ਤੇ ਗੁਰਦਾਸਪੁਰ ਤੋਂ ਕਰੀਬ ਕੁੱਲ 60 ਨਾਮਜ਼ਦ-ਗੀਆਂ ਹੋਈਆਂ ਹਨ। ਸਭ ਤੋਂ ਘੱਟ ਨਾਮਜ਼ਦਗੀਆਂ ਹੁਸ਼ਿਆਰਪੁਰ ਸੀਟ ਤੋਂ 27 ਹੋਈਆਂ ਹਨ।

ਇਸੇ ਤਰ੍ਹਾਂ ਪਟਿਆਲਾ ਤੋਂ ਕੁੱਲ 49, ਆਨੰਦਪੁਰ ਸਾਹਿਬ ਤੋਂ 56, ਅੰਮ੍ਰਿਤਸਰ ਕਰੀਬ 53, ਸੰਗਰੂਰ 37, ਬਠਿੰਡਾ 40, ਫ਼ਿਰੋਜ਼ਪੁਰ 48, ਫ਼ਰੀਦਕੋਟ 41, ਜਲੰਧਰ 35, ਖਡੂਰ ਸਾਹਿਬ 43 ਅਤੇ ਫ਼ਤਿਹਗੜ੍ਹ ਸਾਹਿਬ ਤੋਂ ਕੁੱਲ 33 ਨਾਮਜ਼ਦਗੀਆਂ ਹੋਈਆਂ ਹਨ।

ਕਾਗ਼ਜ਼ ਦਾਖਲ ਕਰਨ ਵਾਲੇ ਉਮੀਦਵਾਰਾਂ ਵਿਚ ਫ਼ਰੀਦਕੋਟ ਹਲਕੇ ਤੋਂ 'ਆਪ' ਉਮੀਦਵਾਰ ਕਰਮਜੀਤ ਅਨਮੋਲ ਨੇ ਰੋਡ ਸ਼ੋਅ ਕੱਢਣ ਮਗਰੋਂ ਜ਼ਿਲ੍ਹਾ ਚੋਣ ਅਫ਼ਸਰ ਕੋਲ ਨਾਮਜ਼ਦਗੀ ਪੱਤਰ ਦਾਖਲ ਕੀਤੇ। ਉਨ੍ਹਾਂ ਨਾਲ ਗਿੱਪੀ ਗਰੇਵਾਲ, ਬੀਨੂੰ ਢਿੱਲੋਂ, ਮਲਕੀਤ ਰੌਣੀ ਤੋਂ ਇਲਾਵਾ 'ਆਪ' ਵਿਧਾਇਕ ਵੀ ਸਨ। ਫ਼ਤਿਹਗੜ੍ਹ ਸਾਹਿਬ ਤੋਂ ਕਾਂਗਰਸ ਦੇ ਉਮੀਦਵਾਰ ਡਾ। ਅਮਰ ਸਿੰਘ ਅਤੇ ਭਾਜਪਾ ਦੇ ਗੇਜਾ ਰਾਮ ਨੇ ਕਾਗ਼ਜ਼ ਦਾਖਲ ਕੀਤੇ ਜਦੋਂ ਕਿ ਅਨੰਦਪੁਰ ਸਾਹਿਬ ਤੋਂ ਭਾਜਪਾ ਦੇ ਉਮੀਦਵਾਰ ਸੁਭਾਸ਼ ਸ਼ਰਮਾ ਨੇ ਕਾਗ਼ਜ਼ ਦਾਖਲ ਕੀਤੇ। ਅੰਮ੍ਰਿਤਸਰ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਉਮੀਦਵਾਰ ਇਮਾਨ ਸਿੰਘ ਮਾਨ ਜੋ ਕਿ ਸਿਮਰਨਜੀਤ ਸਿੰਘ ਮਾਨ ਦੇ ਪੁੱਤਰ ਹਨ, ਨੇ ਕਾਗ਼ਜ਼ ਦਾਖਲ ਕੀਤੇ।

ਨਾਮਜ਼ਦਗੀ ਪੱਤਰਾਂ ਦਾ ਕੰਮ ਮੁਕੰਮਲ ਹੋਣ ਦੇ ਨਾਲ ਚੋਣ ਪ੍ਰਚਾਰ ਤੇਜ਼ ਹੋਵੇਗਾ। ਗੁਰਦਾਸਪੁਰ ਤੋਂ ਅੱਜ 15 ਨਾਮਜ਼ਦਗੀ ਪੱਤਰ ਦਾਖਲ ਕੀਤੇ ਗਏ ਹਨ, ਜਿਨ੍ਹਾਂ ਵਿੱਚ ਜ਼ਿਆਦਾ ਆਜ਼ਾਦ ਹਨ ਅਤੇ ਅੰਮ੍ਰਿਤਸਰ ਤੋਂ 18 ਨਾਮਜ਼ਦਗੀ ਪੱਤਰ ਦਾਖਲ ਕੀਤੇ ਗਏ ਹਨ। ਖਡੂਰ ਸਾਹਿਬ ਤੋਂ 15 ਨਾਮਜ਼ਦਗੀ ਪੱਤਰ ਦਾਖਲ ਕੀਤੇ ਗਏ ਹਨ, ਜਿਨ੍ਹਾਂ ਵਿੱਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਹਰਪਾਲ ਸਿੰਘ ਦਾ ਨਾਂ ਸ਼ਾਮਲ ਹੈ। ਜਲੰਧਰ ਤੋਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਸਰਬਜੀਤ ਸਿੰਘ ਸਮੇਤ ਅੱਜ 18 ਨਾਮਜ਼ਦਗੀ ਪੱਤਰ ਦਾਖਲ ਹੋਏ ਹਨ। ਹੁਸ਼ਿਆਰਪੁਰ ਤੋਂ ਅੱਜ 10 ਨਾਮਜ਼ਦਗੀ ਪੱਤਰ ਦਾਖਲ ਕੀਤੇ ਹਨ। ਇਨ੍ਹਾਂ ਵਿੱਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਤੋਂ ਜਸਵੰਤ ਸਿੰਘ ਦਾ ਨਾਂ ਸ਼ਾਮਲ ਹੈ। ਆਨੰਦਪੁਰ ਸਾਹਿਬ ਤੋਂ ਅੱਜ 23, ਲੁਧਿਆਣਾ 31, ਫ਼ਤਿਹਗੜ੍ਹ ਸਾਹਿਬ 17, ਫ਼ਰੀਦਕੋਟ 16, ਫ਼ਿਰੋਜ਼ਪੁਰ 19, ਬਠਿੰਡਾ 17, ਸੰਗਰੂਰ 15 ਅਤੇ ਪਟਿਆਲਾ ਤੋਂ 12 ਨਾਮਜ਼ਦਗੀ ਪੱਤਰ ਦਾਖਲ ਕੀਤੇ ਗਏ ਹਨ। ਪਿਛਲੀ ਲੋਕ ਸਭਾ ਚੋਣ 'ਤੇ ਨਜ਼ਰ ਮਾਰੀਏ ਤਾਂ 2019 ਵਿਚ ਕੁੱਲ 363 ਉਮੀਦਵਾਰਾਂ ਨੇ ਕਾਗ਼ਜ਼ ਦਾਖਲ ਕੀਤੇ ਸਨ ਜਿਨ੍ਹਾਂ 'ਚੋਂ 315 ਪੁਰਸ਼ ਅਤੇ 48 ਔਰਤਾਂ ਸਨ। ਇਸੇ ਤਰ੍ਹਾਂ 2014 ਲੋਕ ਸਭਾ ਚੋਣਾਂ 'ਚ ਕੁੱਲ 364 ਉਮੀਦਵਾਰਾਂ ਨੇ ਨਾਮਜ਼ਦਗੀ ਪੱਤਰ ਭਰੇ ਸਨ, ਜਿਨ੍ਹਾਂ 'ਚੋਂ 325 ਪੁਰਸ਼ ਅਤੇ 39 ਔਰਤਾਂ ਸਨ। ਉਸ ਤੋਂ ਪਹਿਲਾਂ ਸਾਲ 2009 ਦੀਆਂ ਚੋਣਾਂ ਮੌਕੇ ਕੁੱਲ 321 ਉਮੀਦਵਾਰਾਂ ਨੇ ਨਾਮਜ਼ਦਗੀ ਪੱਤਰ ਦਾਖਲ ਕੀਤੇ ਸਨ ਜਿਨ੍ਹਾਂ ਚੋਂ 285 ਪੁਰਸ਼ ਅਤੇ 36 ਔਰਤਾਂ ਸਨ।



# ਡਾ. ਬੀ. ਆਰ. ਅੰਬੇਡਕਰ ਐਜੂਕੇਸ਼ਨਲ ਏਡ ਸੁਸਾਇਟੀ ਫਰੀਮਾਂਟ ਨੇ ਮਨਾਇਆ ਡਾ. ਅੰਬੇਡਕਰ ਜੀ ਦਾ 133ਵਾਂ ਜਨਮ ਦਿਨ













ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)















# ਡਾ. ਬੀ. ਆਰ. ਅੰਬੇਡਕਰ ਐਜੂਕੇਸ਼ਨਲ ਏਡ ਸੁਸਾਇਟੀ ਫਰੀਮਾਂਟ ਨੇ ਮਨਾਇਆ ਡਾ. ਅੰਬੇਡਕਰ ਜੀ ਦਾ 133ਵਾਂ ਜਨਮ ਦਿਨ




















ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)




# ਡਾ. ਬੀ. ਆਰ. ਅੰਬੇਡਕਰ ਐਜੂਕੇਸ਼ਨਲ ਏਡ ਸੁਸਾਇਟੀ ਫਰੀਮਾਂਟ ਨੇ ਮਨਾਇਆ ਡਾ. ਅੰਬੇਡਕਰ ਜੀ ਦਾ 133ਵਾਂ ਜਨਮ ਦਿਨ












ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)












HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


L.A. MERCHANDISE
Whole Sale +Retail
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
500 N. Palora Ave. Yuba City, CA 95991
Loose Fabrics, Groceries, Blankets, Vegetables
ਕੈਰੀ ਬੈਗ ਵਧੀਆ ਤੇ ਸਸਤੇ ਰੇਟਾਂ 'ਤੇ ਉਪਲਬਧ ਹਨ
New folding bed verities
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 42.99+Tax
ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ
ਇੱਥੇ ਤਾਜ਼ਾ ਸਬਜ਼ੀਆਂ ਅਤੇ ਆਰਗੈਨਿਕ ਦਾਲਾਂ ਵੀ ਮਿਲਦੀਆਂ ਹਨ।
ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ
Baksho Kaur Bisla Hardev Singh Bisla
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ
530-671-0439, Fax 530-822-0439 Cell- 530-844-3250


Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
Follow us on Twitter
rajasweetsandcatering
rajasweets


Kash
FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138